ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 35 | 03 September 2021 to 9 September 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਇਤਿਹਾਸਿਕ ਤੂਫ਼ਾਨੀ ਹੜ੍ਹ ਈਡਾ ਨੇ ਮਚਾਈ ਨਿਊ ਜਰਸੀ ਅਤੇ ਨਿਊਯਾਰਕ ਵਿਚ ਭਾਰੀ ਤਬਾਹੀ'

## ✪ ਅਮਰੀਕਾ ਦੇ ਇਤਿਹਾਸ ਵਿਚ ਪਹਿਲਾ ਤੂਫ਼ਾਨੀ ਹੜ੍ਹ ✪ ਬੁਨਿਆਦੀ ਢਾਂਚੇ ਨੂੰ ਲੈ ਕੇ ਉੱਠੇ ਸਵਾਲ ✪ ਜਲਵਾਯੂ ਵਿੱਚ ਬਦਲਾਅ ਆਉਣ ਦੇ ਕਾਰਨ ਆਇਆ ਈਡਾ ਤੂਫ਼ਾਨ : ਰਾਸ਼ਟਰਪਤੀ ਜੋਅ ਬਾਈਡੇਨ

ਕੈਲੇਫੋਰਨੀਆ : ਅਮਰੀਕਾ ਦੇ ਉੱਤਰੀ ਪੂਰਬੀ ਅਤੇ ਮੱਧ ਐਟਲਾਂਟਿਕ ਖੇਤਰ ਵਿਚ ਬੁੱਧਵਾਰ ਅਤੇ ਵੀਰਵਾਰ ਨੂੰ ਤੂਫਾਨੀ ਹੜ੍ਹ ਈਡਾ ਨੇ ਦਸਤਕ ਦਿੱਤੀ । ਸ਼ੁੱਕਰਵਾਰ ਸਵੇਰ ਤੱਕ ਅਧਿਕਾਰਿਕ ਰਿਪੋਰਟਾਂ ਅਨੁਸਾਰ ਇਸ ਤੂਫ਼ਾਨੀ ਹੜ੍ਹ ਨੇ ਪੂਰੇ ਖੇਤਰ ਵਿਚ ਘੱਟੋ ਘੱਟ 48 ਲੋਕਾਂ ਦੀ ਜਾਨ ਲੈ ਲਈ । ਸਰਵੇ ਅਨੁਸਾਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਤੂਫਾਨ ਦੇ ਕਰਨ ਨਿਊ ਜਰਸੀ ਵਿੱਚ 25, ਨਿਊਯਾਰਕ ਸਿਟੀ ਵਿਚ 13, ਨਿਊਯਾਰਕ ਦੇ ਵੈਸਟ ਚੈਸਟਰ ਕਾਉਂਟੀ ਵਿਚ 3, ਪੈਨਸਿਲਵੇਨੀਆ ਵਿਚ 5, ਅਤੇ ਕਨੈਕਟੀਕਟ ਅਤੇ ਮੈਰੀਲੈਂਡ ਵਿਚ ਇਕ ਇਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਸਾਹਮਣੇ ਆਈ ਹੈ ।

ਹੜ੍ਹ ਤੋਂ ਬਾਅਦ ਨਿਊਯਾਰਕ ਦੇ ਮੇਅਰ ਬਿਲ ਡੀ ਬਲਾਸੀਓ ਨੇ ਕਿਹਾ, "ਅਸੀਂ ਪੂਰੀ ਤਰ੍ਹਾਂ ਵੱਖਰੀ ਦੁਨੀਆ ਵਿੱਚ ਹਾਂ। "ਇਹ ਇੱਕ ਵੱਖਰੀ ਚੁਣੌਤੀ ਹੈ." ਮੀਂਹ ਦੇ ਇਸ ਰਿਕਾਰਡ ਨੇ ਗਲੀਆਂ ਨੂੰ ਨਦੀਆਂ ਵਿਚ ਤਬਦੀਲ ਕਰ ਕੇ ਰੱਖ ਦਿੱਤਾ ਹੈ ਅਤੇ ਟਰੈਕਾਂ ਉੱਤੇ ਪਾਣੀ ਵਹਿ ਜਾਣ ਕਾਰਨ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ ।ਬੇਸਮੈਂਟ ਅਪਾਰਟਮੈਂਟਸ ਵਿੱਚ ਪਾਣੀ ਭਰ ਜਾਣ ਕਾਰਨ ਕਰੀਬ ਇੱਕ ਦਰਜਨ ਲੋਕ ਡੁੱਬ ਗਏ।

ਜੋਨਾਥਨ ਬੋਵਲੇਸ ਨੇ ਕਿਹਾ, ਕਿ ਸ਼ਹਿਰ ਦੇ ਬੁਨਿਆਦੀ ਢਾਂਚੇ ਨੇ ਪਿਛਲੇ ਕੁਝ ਦਹਾਕਿਆਂ ਵਿਚ ਨਿਊਯਾਰਕ ਦੀ ਆਬਾਦੀ ਦੇ ਲਗਾਤਾਰ ਵਾਧੇ ਅਤੇ ਜਲਵਾਯੂ ਤਬਦੀਲੀ ਰਾਹੀਂ ਆਈ ਸਮੁੰਦਰੀ ਪਾਣੀ ਦਾ ਪੱਧਰ ਨੇ ਹੀ ਇਸ ਤੂਫਾਨ ਦੀ ਗਤੀ ਵਿਚ ਵਾਧਾ ਕੀਤਾ ਹੈ । ਇਸ ਦੇ ਨਾਲ ਹੀ ਸਾਡੀ ਕਮਜ਼ੋਰੀ ਇਹ ਰਹੀ ਹੈ ਕਿ ਅਸੀਂ ਵੱਡੇ ਪ੍ਰੋਜੈਕਟਾਂ – ਰੇਲਵੇ ਸਟੇਸ਼ਨਾਂ, ਹਵਾਈ ਅੱਡਿਆਂ, ਨਵੇਂ ਪੁਲਾਂ ਵਿੱਚ ਬਹੁਤ ਜ਼ਿਆਦਾ ਨਿਵੇਸ਼ ਕੀਤਾ ਹੈ । ਇਨ੍ਹਾਂ ਪ੍ਰਾਜੈਕਟਾਂ ਵਿਚ ਵੱਧ ਨਿਵੇਸ਼ ਕਰਨ ਦੇ ਨਾਲ ਅਸੀਂ ਸੀਵਰੇਜ ਲਾਈਨਾਂ ਅਤੇ ਪਾਣੀ ਦੇ ਨਿਕਾਸ ਲਈ



ਬਣਾਏ ਪ੍ਰੋਜੈਕਟਾਂ ਨੂੰ ਘੱਟ ਫੰਡ ਦਿੱਤਾ ਹੈ ।

ਨਿਊਯਾਰਕ, ਨਿਊ ਜਰਸੀ ਅਤੇ ਪੈਨਸਿਲਵੇਨੀਆ ਤੂਫਾਨੀ ਹੜ੍ਹ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ । ਇਸ ਈਡਾ ਤੂਫਾਨ ਨੇ ਉੱਤਰ ਪੂਰਬ ਵਿੱਚ ਹਫ਼ਤੇ ਦੇ ਸ਼ੁਰੂ ਵਿਚ ਦੱਖਣੀ ਰਾਜ ਲੁਈਸਿਆਨਾ ਅਤੇ ਖਾੜੀ ਤੱਟ ਨੂੰ ਤਬਾਹ ਕਰਕੇ ਰੱਖ ਦਿੱਤਾ ਸੀ ।

ਰਾਸ਼ਟਰਪਤੀ ਜੋਅ ਬਾਇਡੇਨ ਨੇ ਇਸ ਤੂਫ਼ਾਨੀ ਹੜ੍ਹ ਨੂੰ ਜਲਵਾਯੂ ਪਰਿਵਰਤਨ ਕਿਹਾ, ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ 2005 ਵਿੱਚ ਘਾਤਕ ਤੂਫ਼ਾਨ ਕੈਟਰੀਨਾ ਦੇ ਬਾਅਦ ਇਹ ਈਡਾ ਤੂਫ਼ਾਨੀ ਹੜ੍ਹ ਹੈ ਜਿਸ ਨੇ ਅਮਰੀਕਾ ਵਿਚ ਸਭ ਤੋਂ ਵੱਧ ਤਬਾਹੀ ਮਚਾਈ । ਇਸ ਜਲਵਾਯੂ ਪਰਿਵਰਤਨਸ਼ੀਲ ਬੁਨਿਆਦੀ ਢਾਂਚੇ ਨੂੰ ਸਿਰਫ਼ ਮੁੜ ਨਿਰਮਾਣ ਦੀ ਬਜਾਏ ਨਵੇਂ ਆਦਰਸ਼ਾਂ ਨੂੰ ਵੀ ਬਣਾਉਣਾ ਪਵੇਗਾ ਤਾਂ ਜੋ ਭਵਿੱਖ ਵਿੱਚ ਅਜਿਹੀ ਕੁਦਰਤੀ ਕਰੋਪੀ ਨਾਲ ਸਾਹਮਣਾ ਕੀਤਾ ਜਾ ਸਕੇ ।

ਜੋ ਬਾਈਡਨ ਨੇ ਅੱਗੇ ਕਿਹਾ ਕਿ, ਕਾਂਗਰਸ ਵਿਚ ਬੁਨਿਆਦੀ ਢਾਂਚੇ ਲਈ 3.5 ਟ੍ਰਿਲੀਅਨ ਡਾਲਰ ਬਿੱਲ ਪਾਸ ਕਰਵਾਉਣ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ । ਜਿਨ੍ਹਾਂ ਰਾਜਾਂ ਵਿਚ ਇਸ ਤੂਫ਼ਾਨੀ ਹੜ੍ਹ ਨੇ ਸਭ ਤੋਂ ਵੱਧ ਨੁਕਸਾਨ ਕੀਤਾ ਹੈ ਉਨ੍ਹਾਂ ਵਿਚ ਨਿਊ ਜਰਸੀ ਪਹਿਲੇ ਨੰਬਰ ਉੱਤੇ ਹੈ । ਇਸ ਤੂਫ਼ਾਨੀ ਹੜ੍ਹ ਨੂੰ ਲੈ ਕੇ ਨਿਊ ਜਰਸੀ ਦੇ ਗਵਰਨਰ ਫਿਲ ਮਰਫੀ ਨੇ ਕਿਹਾ, ਤੂਫਾਨ ਈਡਾ ਦੇ ਕਾਰਨ ਉਸ ਦੇ ਰਾਜ ਵਿੱਚ 25 ਲੋਕਾਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਵਿੱਚੋਂ ਬਹੁਤ ਸਾਰੇ "ਉਹ ਵਿਅਕਤੀ ਸਨ ਜੋ ਆਪਣੇ ਵਾਹਨਾਂ ਵਿੱਚ ਫਸ ਗਏ ਸਨ।

ਨਿਊਯਾਰਕ ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਦੀ ਮੌਤ ਹੋਈ ਹੈ ਉਹ ਆਪਣੀਆਂ ਬੇਸਮੈਂਟਾਂ ਵਿੱਚ ਸੀ ਜਿੱਥੋਂ ਉਹ ਨਿਕਲ ਨਾ ਸਕੇ ।

ਮੈਟੋਡੀਜਾ ਮਿਹਾਜਲੋਵ ਪ੍ਰਭਾਵਿਤ ਖੇਤਰ ਨਾਲ ਸਬੰਧਿਤ ਵਿਅਕਤੀ ਨੇ ਕਿਹਾ "ਮੈਂ 50 ਸਾਲਾਂ ਦਾ ਹਾਂ ਅਤੇ ਮੈਂ ਕਦੇ ਇੰਨੀ ਬਾਰਸ਼ ਨਹੀਂ ਵੇਖੀ," ਜਿਸਦਾ ਮੈਨਹਟਨ ਰੈਸਟੋਰੈਂਟ ਬੇਸਮੈਂਟ ਤਿੰਨ ਇੰਚ ਪਾਣੀ ਨਾਲ ਭਰ ਗਿਆ।

ਨਿਊਯਾਰਕ ਦੇ ਸੈਂਟਰਲ ਪਾਰਕ ਵਿਚ ਸਿਰਫ਼ ਇਕ ਘੰਟੇ ਵਿਚ ਹੀ 3.15 ਇੰਚ ਮੀਂਹ ਦਰਜ ਕੀਤਾ ਗਿਆ ਜੋ ਪਿਛਲੇ ਮਹੀਨੇ ਤੂਫਾਨ ਹੈਨਰੀ ਦੇ ਦੌਰਾਨ ਇੱਕ ਰਿਕਾਰਡ ਕਾਇਮ ਕੀਤਾ ਹੈ। ਅਜਿਹੇ ਤੂਫਾਨਾਂ ਲਈ ਅਮਰੀਕਾ ਦੇ ਉੱਤਰ –ਪੂਰਬੀ ਸਮੁੰਦਰੀ ਤੱਟ 'ਤੇ ਕੁਦਰਤੀ ਆਫਤਾਂ ਦੁਆਰਾ ਹਮਲਾ ਕਰਨਾ ਬਹੁਤ ਘੱਟ ਹੁੰਦਾ ਹੈ ਪਰ ਜਲਵਾਯੂ ਤਬਦੀਲੀ ਦੇ ਕਾਰਨ ਸਮੁੰਦਰਾਂ ਦੀ ਸਤਹ ਤਹਿ ਗਰਮ ਹੋਣ ਦੇ ਕਾਰਨ ਇਹ ਉਛਾਲ ਆਉਂਦਾ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਤਪਸ਼ ਕਾਰਨ ਚੱਕਰਵਾਤੀ ਤੂਫਾਨ ਵਧੇਰੇ ਸ਼ਕਤੀਸ਼ਾਲੀ ਹੋ ਰਹੇ ਹਨ ਅਤੇ ਵਧੇਰੇ ਪਾਣੀ ਲੈ ਆਉਂਦੇ ਹਨ ਜੋ ਵਿਸ਼ਵ ਦੇ ਤੱਟਵਰਤੀ ਭਾਈਚਾਰਿਆਂ ਲਈ ਵਧੇਰੇ ਖ਼ਤਰਾ ਪੈਦਾ ਕਰਦੇ ਹਨ ।

ਨਿਯੂ ਯੌਰਕ ਸੈਨੇਟਰ ਚੱਕ ਸਚੁਮਰ ਨੇ ਕਿਹਾ ਕਿ, "ਗਲੋਬਲ ਵਾਰਮਿੰਗ ਸਾਡੇ ਉੱਤੇ ਹੈ ਅਤੇ ਜਦੋਂ ਤੱਕ ਅਸੀਂ ਇਸ ਬਾਰੇ ਕੁਝ ਨਹੀਂ ਕਰਦੇ, ਉਦੋਂ ਤਕ ਅਜਿਹੇ ਹਾਲਾਤ ਬਣਦੇ ਰਹਿਣਗੇ ਅਤੇ ਕੁਦਰਤੀ ਆਫ਼ਤਾਂ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਰਹੇਗਾ ਸਾਨੂੰ ਸਭ ਨੂੰ ਇਸ ਸੰਬੰਧੀ ਸੋਚਣ ਦੀ ਲੋੜ ਹੈ ।

ਇਸ ਤੂਫ਼ਾਨੀ ਹੜ੍ਹ ਨੇ ਅਮਰੀਕਾ ਦੀ ਆਰਥਿਕ ਸਥਿਤੀ ਉੱਤੇ ਭਾਰੀ ਹਮਲਾ ਕੀਤਾ ਹੈ । ਕਰੋਨਾ ਦੇ ਕਾਰਨ ਪਹਿਲਾਂ ਹੀ ਅਮਰੀਕਾ ਵਿਚ ਮਨੁੱਖੀ ਤਬਾਹੀ ਹੋਈ ਹੈ ,ਅਜੇ ਇਸ ਤਬਾਹੀ ਤੋਂ ਨਿਕਲ ਹੀ ਰਿਹਾ ਸੀ ਕਿ ਇਸ ਤੂਫ਼ਾਨੀ ਹੜ੍ਹ ਨੇ ਇਸ ਦੇ ਬੁਨਿਆਦੀ ਢਾਂਚੇ ਨੂੰ ਮਲੀਆਮੇਟ ਕਰ ਦਿੱਤਾ ਹੈ । ਅਮਰੀਕਾ ਵਿੱਚ ਵਧ ਰਹੀ ਲਗਾਤਾਰ ਕੁਦਰਤੀ ਕਰੋਪੀ ਇਸ ਗੱਲ ਦਾ ਸੰਦੇਸ਼ ਦੇ ਰਹੀ ਹੈ ਕਿ ਬੇਸ਼ੱਕ ਦੇਸ਼ ਜਿੰਨਾ ਮਰਜ਼ੀ ਤਾਕਤਵਰ ਹੋਵੇ ਪਰ ਉਸ ਕੁਦਰਤ ਦੇ ਅੱਗੇ ਉਹ ਵੀ ਬੌਣਾ ਸਿੱਧ ਹੁੰਦਾ ਹੈ ।

# ਕਿਸਾਨਾਂ ਵਲੋਂ ਸੁਖਬੀਰ ਬਾਦਲ ਦਾ ਭਾਰੀ ਵਿਰੋਧ

## ✪ ਵਰਕਰਾਂ ਦੀਆਂ ਝੰਡੀਆਂ ਤੱਕ ਉਤਾਰ ਦਿੱਤੀਆਂ ਗਈਆਂ, ਮਾਹੌਲ ਤਣਾਅਪੂਰਨ ✪ ਕਿਸਾਨਾਂ ਅਤੇ ਅਕਾਲੀ ਦਲ ਦੇ ਵਰਕਰਾਂ ਵਿਚਾਲੇ ਝੜਪ ✪ ਚਾਰ ਗੱਡੀਆਂ ਨੁਕਸਾਨੀਆਂ, ਸੁਖਬੀਰ ਕਿਸਾਨਾਂ ਤੋਂ ਔਖੇ






**ਮਾਛੀਵਾੜਾ ਸਾਹਿਬ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਸੁਪਰੀਮੋ ਸੁਖਬੀਰ ਬਾਦਲ ਨੂੰ ਮਾਛੀਵਾੜਾ ਦੌਰੇ ਦੀ ਸ਼ੁਰੂਆਤ 'ਚ ਹੀ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਨਹਿਰ ਸਰਹਿੰਦ ਦੇ ਗੜੀ ਦੇ ਪੁਲ਼ ਉੱਪਰ ਜਿਵੇਂ ਹੀ ਬਾਦਲ ਦਾ ਕਾਫ਼ਲਾ ਪਹੁੰਚਿਆ ਕਿਸਾਨ ਯੂਨੀਅਨ ਕਾਦੀਆਂ, ਕਿਸਾਨ ਯੂਨੀਅਨ ਉਗਰਾਹਾਂ, ਜਲ ਸਪਲਾਈ ਕੱਚੇ ਵਰਕਰਾਂ ਦਾ ਸਾਂਝੀ ਯੂਨੀਅਨ ਦੇ ਮੈਂਬਰਾਂ ਵੱਲੋਂ ਭਾਰੀ ਵਿਰੋਧ ਕਰਦੇ ਹੋਏ ਨਾਅਰੇਬਾਜ਼ੀ ਤੇ ਕਾਲੀਆਂ ਝੰਡੀਆਂ ਦਿਖਾਉਣ ਦਾ ਕੰਮ ਸ਼ੁਰੂ ਹੋ ਗਿਆ। ਪੁਲਿਸ ਪ੍ਰਸ਼ਾਸਨ ਨੇ ਭਾਰੀ ਪੁਲਿਸ ਫੋਰਸ ਦੇ ਨਾਲ ਛੋਟੇ ਬੱਦਲ ਦਾ ਰੂਟ ਡਾਇਵਰਟ ਕਰਦੇ ਹੋਏ ਉਨਾਂ ਪਹਿਲਾਂ ਗੁਰਦਆਰਾ ਸ੍ਰੀ ਚਰਨ ਕੰਵਲ ਸਾਹਿਬ ਤੇ ਫਿਰ ਦੂਜੀ ਮੀਟਿੰਗ ਵਾਲੀ ਜਗਾ ਪਿੰਡ ਲੱਖੋਵਾਲ ਪਹੁੰਚਾਇਆ। ਖ਼ਬਰ ਲਿਖੇ ਜਾਣ ਤਕ ਮਾਛੀਵਾੜਾ ਸ਼ਹਿਰ ਦੇ ਮੁੱਖ ਸਮਾਗਮ ਸਥਾਨ ਨਾਗਰਾ ਪੈਲੇਸ ਦੇ ਬਾਹਰ ਭਾਰੀ ਤਦਾਦ 'ਚ ਕਿਸਾਨ ਯੂਨੀਅਨ ਉਗਰਾਹਾਂ ਤੇ ਕਾਦੀਆਂ ਦੇ ਵਰਕਰ ਕਾਲੇ ਝੰਡੇ ਲੈ ਕੇ ਜੰਮੇ ਹੋਏ ਸਨ। ਜਿੱਥੇ ਵਿਰੋਧ ਜਤਾਉਣ ਵਾਲਿਆਂ 'ਚ ਜ਼ਿਆਦਾਤਰ ਨੌਜਵਾਨ ਵਰਗ ਸੀ ਉੱਥੇ ਹੀ ਯੋਜਨਾਬੱਧ ਢੰਗ ਨਾਲ ਮਾਛੀਵਾੜਾ ਦੇ ਗੜੀ ਦੇ ਪੁਲ਼, ਗਨੀ ਖਾਂ ਨਵੀ ਖਾਂ ਚੌਕ, ਮੁੱਖ ਚੌਕ ਤੇ ਚਰਨ ਕੰਵਲ ਚੌਕ ਅਤੇ ਨਾਗਰਾ ਪੈਲੇਸ ਦੇ ਬਾਹਰ ਇਕੱਠੇ ਹੋ ਗਏ ਤੇ ਵੱਡੇ-ਵੱਡੇ ਵਾਹਨਾਂ ਤੇ ਟਰਾਲੀਆਂ ਦੀ ਥਾਂ ਛੋਟੇ-ਛੋਟੇ ਸਮੂਹਾਂ 'ਚ ਇਕ-ਇਕ ਦੋ-ਦੋ ਕਰ ਕੇ ਵਿਰੋਧ ਜਤਾਉਣ ਵਾਲਿਆਂ ਦਾ ਵੱਡਾ ਸਮੂਹ ਬਣ ਕੇ ਤਿਆਰ ਹੋ ਗਿਆ ਜੋ ਕਿ ਪੁਲਿਸ ਪ੍ਰਸ਼ਾਸਨ ਲਈ ਸਿਰਦਰਦ ਬਣ ਗਿਆ।

ਮੁੱਖ ਚੌਕ ਵਿਚ ਪ੍ਰਦਰਸ਼ਨਕਾਰੀਆਂ ਨੇ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦੀਆਂ ਮੋਟਰਸਾਈਕਲ 'ਤੇ ਲੱਗੀਆਂ ਪਾਰਟੀ ਵਾਲੀਆਂ ਝੰਡੀਆਂ ਉਤਾਰ ਦਿੱਤੀਆਂ ਗਈਆਂ। ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਨਿਸ਼ਾਨ ਵਾਲੀਆਂ ਝੰਡੀਆਂ ਲੱਗੀਆਂ ਗੱਡੀਆਂ ਨੂੰ ਰੋਕ ਕੇ ਉਨਾਂ 'ਤੇ ਲੱਗੇ ਅਕਾਲੀ ਦਲ ਦੇ ਚੋਣ ਨਿਸ਼ਾਨ ਵਾਲੇ ਝੰਡੇ ਉਤਾਰ ਕੇ ਸੁੱਟ ਦਿੱਤੇ ਗਏ। ਕਈ ਥਾਵਾਂ 'ਤੇ ਤਕਰਾਰ ਹੁੰਦੇ-ਹੁੰਦੇ ਬਚੀ। ਪੁਲਿਸ ਨੇ ਰੂਟ ਬਦਲ ਕੇ ਬਾਦਲ ਦੇ ਕਾਫ਼ਲੇ ਤੇ ਵਿਰੋਧ ਜਤਾਉਣ ਵਾਲਿਆਂ ਦਾ ਆਹਮੋ-ਸਾਹਮਣੇ ਨਹੀਂ ਹੋਣ ਦਿੱਤਾ। ਖ਼ਬਰ ਲਿਖੇ ਜਾਣ ਤਕ ਗਨੀ ਖਾਂ ਨਵੀਂ ਖਾਂ ਗੇਟ ਤੋਂ ਪੈਲੇਸ ਤਕ ਸੜਕ ਦੇ ਦੋਵੇਂ ਪਾਸੇ ਖੜੇ ਕਿਸਾਨ ਸੁਖਬੀਰ ਬਾਦਲ ਨੂੰ ਕਾਲੀਆਂ ਝੰਡੀਆਂ ਦਿਖਾਉਣ ਦੇ ਇੰਤਜ਼ਾਰ 'ਚ ਸਨ। ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰ ਸਮਾਗਮ ਵਾਲੀ ਥਾਂ 'ਤੇ ਅਕਾਲੀ ਦਲ ਦੀਆਂ ਲੱਗੀਆਂ ਝੰਡੀਆਂ ਉਤਾਰ ਕੇ ਹੀ ਜਾਣਾ ਪਿਆ। ਸ਼ਹਿਰ 'ਚ ਕਈ ਥਾਵਾਂ 'ਤੇ ਲੱਗੇ ਅਤੇ ਬਾਦਲ ਦੇ ਆਉਣ ਵਾਲੇ ਰਸਤੇ ਵਿਚ ਲੱਗੇ ਅਕਾਲੀ ਦਲ ਦੇ ਸਾਇਨ ਬੋਰਡ ਵੀ ਪਾੜ ਦਿੱਤੇ ਗਏ।

**ਕਿਸਾਨਾਂ ਅਤੇ ਅਕਾਲੀ ਦਲ ਦੇ ਵਰਕਰਾਂ ਵਿਚਾਲੇ ਝੜਪ**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਕਿਸਾਨਾਂ ਦੇ ਵਿਰੋਧ ਕਾਰਨ ਮਾਛੀਵਾੜਾ ਦੇ ਪੈਲੇਸ ਵਿੱਚ ਰੱਖੀ ਰੈਲੀ ਨੂੰ ਰੱਦ ਕਰਨਾ ਪੈ ਗਿਆ। ਉਧਰ ਸਮਰਾਲਾ ਚੌਕ ਅਤੇ ਪਿੰਡ ਮਾਣਕੀ ਵਿਚ ਵੀ ਕਿਸਾਨਾਂ ਨੇ ਸੁਖਬੀਰ ਬਾਦਲ ਦਾ ਡਟਵਾਂ ਵਿਰੋਧ ਕਰਦਿਆਂ ਉਨਾਂ ਨੂੰ ਕਾਲੀਆਂ ਝੰਡੀਆਂ ਵਿਖਾਈਆਂ। ਕਿਸਾਨਾਂ ਨੇ ਮਾਛੀਵਾੜਾ 'ਚ ਪੈਲੇਸ ਨੂੰ ਘੇਰ ਕੇ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਕੀਤਾ। ਪੈਲੇਸ ਨੇੜੇ ਹੀ ਅਕਾਲੀ ਵਰਕਰਾਂ ਅਤੇ ਕਿਸਾਨਾਂ ਵਿਚਾਲੇ ਹਲਕੀ ਝੜਪ ਵੀ ਹੋਈ, ਜਿਸ ਵਿੱਚ ਚਾਰ ਗੱਡੀਆਂ ਨੁਕਸਾਨੀਆਂ ਗਈਆਂ। ਸੁਖਬੀਰ ਬਾਦਲ ਨੂੰ ਕਿਸਾਨਾਂ ਦੇ ਵੱਡੀ ਗਿਣਤੀ 'ਚ ਇਕੱਤਰ ਹੋਣ ਦੀ ਖ਼ਬਰ ਮਿਲਣ 'ਤੇ ਉਹ ਸ਼ਹਿਰ ਦੇ ਬਾਹਰੋਂ ਹੀ ਵਾਪਸ ਚਲੇ ਗਏ। ਇਸ ਮਗਰੋਂ ਰੈਲੀ ਰੱਦ ਕਰ ਦਿੱਤੀ ਗਈ। ਕਿਸਾਨ ਆਗੂਆਂ ਨੇ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਇਹ ਰੈਲੀ ਰੱਦ ਕਰਵਾਉਣ ਨਾਲ ਸੰਯੁਕਤ ਕਿਸਾਨ ਮੋਰਚੇ ਦੀ ਇੱਕ ਹੋਰ ਜਿੱਤ ਹੋਈ ਹੈ। ਉਨਾਂ ਕਿਹਾ ਕਿ ਉਹ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਪਿੰਡਾਂ 'ਚ ਦਾਖ਼ਲ ਹੋਣ ਦਾ ਵਿਰੋਧ ਜਾਰੀ ਰਖਣਗੇ।

ਸਮਰਾਲਾ 'ਚ ਬੀਕੇਯੂ ਕਾਦੀਆਂ ਦੇ ਜ਼ਿਲਾ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਨੇ ਦੱਸਿਆ ਕਿ ਉਹ ਸਿਰਫ ਸੁਖਬੀਰ ਬਾਦਲ ਨੂੰ ਕੁਝ ਸਵਾਲ ਪੁੱਛਣਾ ਚਾਹੁੰਦੇ ਸਨ, ਪਰ ਬਾਦਲ ਨੇ ਉਨਾਂ ਨੂੰ ਮਿਲਣ ਦੀ ਕੋਈ ਪਹਿਲ ਨਹੀਂ ਕੀਤੀ। ਪੁਲੀਸ ਪ੍ਰਸ਼ਾਸ਼ਨ ਨੇ ਕਿਸਾਨਾਂ ਨੂੰ ਡੱਕ ਕੇ ਸੁਖਬੀਰ ਬਾਦਲ ਦੇ ਸਾਰੇ ਰੂਟ ਸਮੇਂ-ਸਮੇਂ 'ਤੇ ਤਬਦੀਲ ਕਰ ਦਿੱਤੇ **ਬਾਕੀ ਸਫ਼ਾ 30 'ਤੇ**


ਕੈਲੀਫੋਰਨੀਆ ਗੁਬਰਨੇਟੋਰਿਅਲ ਮੁੜ ਚੋਣ
14 ਸਤੰਬਰ
ਆਪਣੇ ਮੇਲਬਾਕਸ ਵਿੱਚ ਦੇਖੋ ! ਬੈਲਟ ਭੇਜੇ ਜਾ ਚੁੱਕੇ ਹਨ !
ਤੁਸੀਂ ਪ੍ਰੀਪੇਡ ਡਾਕ ਦੇ ਨਾਲ ਡਾਕ ਰਾਹੀਂ, ਇੱਕ ਸੁਰੱਖਿਅਤ ਡ੍ਰੌਪ ਬਾਕਸ ਤੇ, ਜਾਂ ਵਿਅਕਤੀਗਤ ਰੂਪ ਵਿੱਚ ਬੈਲਟ ਵਾਪਸ ਕਰ ਸਕਦੇ ਹੋ।
ਤੁਹਾਡਾ ਵੋਟ ਤੁਹਾਡੀ ਅਵਾਜ਼ ਹੈ!
VOTE SAFE CALIFORNIA
A CALIFORNIA SECRETARY OF STATE CAMPAIGN
ਮੇਲਬੌਕਸ
ਤੁਹਾਨੂੰ ਹੋਰ ਕੀ ਜਾਣਨ ਦੀ ਜ਼ਰੂਰਤ ਹੈ ਬਾਰੇ ਅੱਜ ਹੀ ਪਤਾ ਕਰੋ!
vote.ca.gov/


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
TOGETHER WE SAVE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# 'ਝਿਲਮਿਲਤਾਰਿਆਂ' ਨੇ ਲਾਈ ਰੂਹਾਨੀ ਸੰਗੀਤ ਦੀ ਛਹਿਬਰ

## ਪੰਜਾਬੀ ਰੇਡੀਓ ਯੂ.ਐੱਸ. ਏ. ਤੇ ਪੰਜਾਬੀ ਕਲਚਰਲ ਸੈਂਟਰ ਯੂ.ਐੱਸ. ਏ. ਵਲੋਂ ਕਰਵਾਏ ਗਏ ਬਾਲ ਕੀਰਤਨ ਦਰਬਾਰ ਨੂੰ ਭਰਵਾਂ ਹੁੰਗਾਰਾ



**ਸੈਨਹੋਜ਼ੇ/ਏ.ਟੀ.ਨਿਊਜ਼** : ਪੰਜਾਬੀ ਰੇਡੀਓ ਯੂ.ਐੱਸ. ਏ. ਅਤੇ ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਵਲੋਂ ਸ਼ਨਿਚਰਵਾਰ 28 ਅਗਸਤ, 2021 ਨੂੰ ਕਰਵਾਏ ਗਏ ਬਾਲ ਕੀਰਤਨ ਦਰਬਾਰ ਲਈ ਬੱਚਿਆਂ ਦਾ ਹੁੰਗਾਰਾ ਲਾਮਿਸਾਲ ਸੀ। ਪੰਜਾਬੀ ਰੇਡੀਓ ਯੂ.ਐੱਸ.ਏ. ਤੋਂ ਹਰ ਸ਼ਨਿਚਰਵਾਰ ਕੀਤੇ ਜਾਂਦੇ ਹਫਤਾਵਾਰੀ ਪ੍ਰੋਗਰਾਮ 'ਝਿਲਮਿਲਤਾਰੇ' ਦੌਰਾਨ ਕੀਤੇ ਇਸ ਬਾਲ ਕੀਰਤਨ ਦਰਬਾਰ 'ਚ 20 ਬੱਚਿਆਂ ਨੇ ਮਨੋਹਰ ਕੀਰਤਨ ਕੀਤਾ। 70 ਦੇ ਕਰੀਬ ਲੋਕਾਂ, ਜਿਨਾਂ ਵਿੱਚ ਬੱਚਿਆਂ ਦੇ ਮਾਪੇ ਵੀ ਸ਼ਾਮਲ ਸਨ, ਦੀ ਹਾਜ਼ਰੀ ਵਿਚ ਇਸ ਬਾਲ ਕੀਰਤਨ ਦਰਬਾਰ ਦਾ ਅਮਰੀਕਾ ਤੋਂ ਇਲਾਵਾ ਹੋਰਨਾਂ ਮੁਲਕਾਂ ਵਿੱਚ ਪੰਜਾਬੀ ਰੇਡੀਓ ਯੂ.ਐੱਸ. ਏ. ਦੇ ਹਜ਼ਾਰਾਂ ਸਰੋਤਿਆਂ/ਦਰਸ਼ਕਾਂ ਨੇ ਆਨੰਦ ਮਾਣਿਆ। ਬੱਚਿਆਂ ਦੀ ਭਰਵੀਂ ਸ਼ਮੂਲੀਅਤ ਤੇ ਸਰੋਤਿਆਂ ਦੀ ਉਤਸੁਕਤਾ ਨੂੰ ਧਿਆਨ ਵਿੱਚ ਰਖਦਿਆਂ ਝਿਲਮਿਲਤਾਰੇ ਪ੍ਰੋਗਰਾਮ ਨਿਰਧਾਰਤ ਇੱਕ ਘੰਟੇ ਦੀ ਬਜਾਏ ਤਿੰਨ ਘੰਟਿਆਂ ਤੱਕ ਚੱਲਿਆ।

ਪੰਜਾਬੀ ਰੇਡੀਓ ਯੂ.ਐੱਸ. ਏ. ਦੇ ਸੈਨਹੋਜ਼ੇ ਸਟੂਡੀਓ ਵਿੱਚ ਕਰਵਾਏ ਗਏ ਇਸ ਬਾਲ ਕੀਰਤਨ ਦਰਬਾਰ ਵਿੱਚ ਭਾਗ ਲੈਣ ਵਾਲੇ ਬੱਚਿਆਂ ਵਿੱਚ ਸਿਮਰਪ੍ਰੀਤ ਕੌਰ, ਅਸੀਮ ਕੌਰ ਪੁੰਨੂ, ਜਸਲੀਨ ਕੌਰ ਅਤੇ ਅਮੋਲਿਕਾ ਕੌਰ ਨਾਰੰਗ, ਜਸਲੀਨ ਕੌਰ, ਹਰਨੂਰ ਕੌਰ ਸੇਠੀ, ਸਤਨਾਮ ਕੌਰ ਤੇ ਜੋਤ ਕੌਰ ਤੇ ਸਿਮਰਨ ਕੌਰ, ਐਂਜਲੀਨ ਕੌਰ ਬਡਵਾਲ, ਰਮਨੀਕ ਧਾਮੀ ਤੇ ਤਕਦੀਰ ਧਾਮੀ, ਅੰਮ੍ਰਿਤ ਕੌਰ ਰੈਨਾ, ਜਸਤੇਜ ਸਿੰਘ ਤੇ ਜਸ ਸਿੰਘ, ਹਰਜੀਤ ਕੌਰ ਤੇ ਪਰਤੀਤ ਕੌਰ ਅਤੇ ਹਰਜੀਤ ਸਿੰਘ ਸ਼ਾਮਲ ਸਨ।

ਇਸ ਰੂਹਾਨੀ ਸੰਗੀਤਮਈ ਸਮਾਗਮ ਨੂੰ ਸੋਮਵਾਰ ਤੋਂ ਸ਼ੁਕਰਵਾਰ ਹਰ ਰੋਜ਼ ਆਤਮਿਕਆਨੰਦ ਪ੍ਰੋਗਰਾਮ ਪੇਸ਼ ਵਾਲੇ ਜਾਣੇ ਪਛਾਣੇ ਹੋਸਟ ਤੇ ਅਧਿਆਪਕ ਨਿਰਮਲ ਸਿੰਘ ਨੂਰਾ ਨੇ ਸੂਤਰਬੱਧ ਕਰਦਿਆਂ ਬਾਖ਼ੂਬੀ ਪੇਸ਼ ਕੀਤਾ।

ਬਾਲ ਕੀਰਤਨ ਦਰਬਾਰ ਦੀ ਸਮਾਪਤੀ ਤੋਂ ਬਾਅਦ ਨੌਜਵਾਨ ਚਿੱਤਰਕਾਰ ਪਰਮ ਸਿੰਘ ਨੇ ਬੱਚਿਆਂ ਨੂੰ ਇਨਾਮ ਵੰਡਣ ਮੌਕੇ ਬੋਲਦਿਆਂ ਬਾਲ ਕੀਰਤਨੀਆਂ ਦੀ ਲਗਨ ਅਤੇ ਮਿਹਨਤ ਦੀ ਭਰਵੀਂ ਸਰਾਹਨਾ ਕੀਤੀ। ਵਰਨਣਯੋਗ ਹੈ ਕਿ ਪਰਮਜੀਤ ਸਿੰਘ ਪੰਜਾਬੀ ਰੇਡੀਓ ਯੂ.ਐੱਸ. ਏ. ਤੇ ਪੰਜਾਬੀ ਕਲਚਰਲ ਸੈਂਟਰ ਯੂ.ਐੱਸ. ਏ. ਦੇ ਸੱਦੇ ਉੱਤੇ ਪਿਛਲੇ ਲਗਭਗ ਇੱਕ ਮਹੀਨੇ ਤੋਂ ਕੈਲੀਫੋਰਨੀਆਂ 'ਚ ਹਨ। ਜੁਲਾਈ ਮਹੀਨੇ ਦੇ ਅਖ਼ੀਰ ਵਿੱਚ ਪੰਜਾਬੀ ਕਲਚਰਲ ਸੈਂਟਰ ਯੂ.ਐੱਸ. ਏ. ਫਰਿਜ਼ਨੋ ਵਿਖੇ ਸਿੱਖ ਇਤਿਹਾਸ ਸਬੰਧੀ ਆਪਣੀਆਂ ਕਲਾ ਕਿਰਤਾਂ ਦੀ ਪ੍ਰਦਰਸ਼ਨੀ ਬੱਚਿਆਂ ਨੂੰ ਚਿੱਤਰਕਾਰੀ ਸਿਖਾਉਣ ਸਬੰਧੀ ਕੈਂਪ ਲਾਉਣ ਤੋਂ ਇਲਾਵਾ ਉਹ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਵੀ ਕਲਾ ਪ੍ਰਦਰਸ਼ਨੀ ਤੇ ਚਿੱਤਰਕਾਰੀ ਕੈਂਪ ਲਗਾ ਚੁੱਕੇ ਹਨ।

# ਕੈਲੀਫੋਰਨੀਆ ਵਿੱਚ ਅਨੂਪਮ ਖੇਰ ਵਿਰੁੱਧ ਮੁਜ਼ਾਹਰਾ




**ਕੈਲੀਫੋਰਨੀਆ/ਏ.ਟੀ.ਨਿਊਜ਼** : ਹਾਲ ਹੀ ਵਿੱਚ ਅਨੂਪਮ ਖੇਰ ਵੱਲੋਂ ਦਿੱਤੇ ਗਏ ਕਿਸਾਨ ਵਿਰੋਧੀ ਬਿਆਨ ਜਿਸ ਵਿੱਚ ਉਨਾਂ ਨੇ ਭਾਰਤੀ ਲੋਕਾਂ ਨੂੰ ਹੀ ਜ਼ਿੰਮੇਵਾਰ ਠਹਿਰਾਉਂਦੇ ਹੋਏ ਕਿਹਾ ਕਿ ਲੋਕ ਭਾਰਤ ਦੀ ਸੰਸਕ੍ਰਿਤੀ ਨੂੰ ਸੱਟ ਮਾਰ ਰਹੇ ਹਨ ਅਤੇ ਪੜੇ ਲਿਖੇ ਲੋਕ ਹੀ ਦੇਸ਼ ਦਾ ਵਿਕਾਸ ਨਹੀਂ ਚਾਹੁੰਦੇ । ਬਾਲੀਵੁੱਡ ਹਸਤੀਆਂ ਦੇ ਅਜਿਹੇ ਬਿਆਨ ਜੋ ਦੇਸ਼ ਤੋਂ ਬਾਹਰ ਜਾ ਕੇ ਦਿੱਤੇ ਜਾ ਰਹੇ ਹਨ ਇਹ ਵੀ ਕਿਸਾਨੀ ਸੰਘਰਸ਼ ਨੂੰ ਢਾਹ ਲਾ ਰਹੇ ਹਨ। ਅਨੂਪਮ ਖੇਰ ਵੱਲੋਂ ਬੀ ਜੇ ਪੀ ਦੀ ਬੇਲੋੜੀ ਤੂਤੀ ਵਜਾਉਣ ਕਰਕੇ ਅਮਰੀਕਾ ਦੇ ਸਿੱਖਾਂ ਨੇ ਉਸ ਵਿਰੁੱਧ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਦੌਰਾਨ ਸਿੱਖਾਂ ਵੱਲੋਂ ਕਿਸਾਨੀ ਸੰਘਰਸ਼ ਦਾ ਹੱਕ ਪੂਰਦੇ ਹੋਏ ਇਹ ਵੀ ਕਿਹਾ ਕਿ ਜੇਕਰ ਕਿਸਾਨ ਨਹੀਂ ਰਹੇਗਾ ਤਾਂ ਆਮ ਲੋਕਾਂ ਨੂੰ ਭੋਜਨ ਵੀ ਨਹੀਂ ਮਿਲੇਗਾ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਭਾਰਤ ਦੇ ਹਰਿਆਣਾ ਰਾਜ ਵਿਚ ਕਿਸਾਨਾਂ ਉਤੇ ਹੋਇਆ ਲਾਠੀਚਾਰਜ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਭਾਰਤੀ ਬੀ ਜੇ ਪੀ ਸਰਕਾਰ ਦਮਨਕਾਰੀ ਨੀਤੀ ਅਪਣਾਵੇਗੀ । ਅਨੂਪਮ ਖੇਰ ਜਿਹੇ ਅਭਿਨੇਤਾ ਜੇਕਰ ਸਰਕਾਰ ਦੀਆਂ ਗਲਤ ਨੀਤੀਆਂ ਦਾ ਪੱਖ ਪੂਰਨਗੇ ਤਾਂ ਆਉਣ ਵਾਲੇ ਸਮੇਂ ਵਿਚ ਸਿੱਖ ਕੌਮ ਦੁਆਰਾ ਇਨਾਂ ਦਾ ਬਾਈਕਾਟ ਕੀਤਾ ਜਾਵੇਗਾ ।

## ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

# ਤਿੰਨ ਡੇਰਾ ਪ੍ਰੇਮੀਆਂ ਦੀ ਜਾਇਦਾਦ ਕੁਰਕ ਕਰਨ ਬਾਰੇ ਕਾਰਵਾਈ 20 ਸਤੰਬਰ ਤੱਕ ਮੁਲਤਵੀ

**ਫਰੀਦਕੋਟ/ਏ.ਟੀ.ਨਿਊਜ਼** : ਬੇਅਦਬੀ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਆਈਜੀ ਐੱਸਪੀਐੱਸ ਪਰਮਾਰ ਤੇ ਏਆਈਜੀ ਰਜਿੰਦਰ ਸਿੰਘ ਸੋਹਲ ਨੇ ਕਿਹਾ ਕਿ ਬੇਅਦਬੀ ਮਾਮਲੇ ਵਿੱਚ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਤਿੰਨ ਡੇਰਾ ਪ੍ਰੇਮੀਆਂ ਦੀ ਜਾਇਦਾਦ ਅਤੇ ਬੈਂਕ ਖਾਤਿਆਂ ਨੂੰ ਸੀਲ ਕਰਵਾਉਣ ਦੀ ਕਾਰਵਾਈ 20 ਸਤੰਬਰ ਲਈ ਟਲ ਗਈ ਹੈ।

ਜਾਣਕਾਰੀ ਦੇ ਅਨੁਸਾਰ ਜਾਂਚ ਟੀਮ ਨੇ ਜੁਡੀਸ਼ੀਅਲ ਮੈਜਿਸਟਰੇਟ ਮੈਡਮ ਤਰਜਨੀ ਦੀ ਅਦਾਲਤ ਵਿੱਚ ਅਰਜ਼ੀ ਦੇ ਕੇ ਖਦਸ਼ਾ ਜਾਹਿਰ ਕੀਤਾ ਸੀ ਕਿ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਚੋਰੀ ਕਰਨ ਅਤੇ ਫਿਰ ਬੇਅਦਬੀ ਦੀ ਸਾਜਿਸ਼ ਰਚਣ ਵਾਲੇ ਦੇ ਮਾਮਲੇ ਵਿੱਚ ਨਾਮਜ਼ਦ ਡੇਰਾ ਸਿਰਸਾ ਦੇ ਕੌਮੀ ਕਮੇਟੀ ਦੇ ਤਿੰਨ ਮੈਂਬਰ ਦੋਸ਼ੀਆਂ ਸੰਦੀਪ ਬਰੇਟਾ, ਹਰਸ਼ ਧੂਰੀ ਅਤੇ ਪ੍ਰਦੀਪ ਕਲੇਰ ਨੂੰ ਭਗੌੜਾ ਕਰਾਰ ਦਿੱਤੇ ਜਾਣ ਉਪਰੰਤ ਇਨਾਂ ਨਾਲ ਸਬੰਧਤ ਜਾਇਦਾਦਾਂ ਕੁਰਕ ਕੀਤੀਆਂ ਜਾਣ ਜਿਸ 'ਤੇ ਅਦਾਲਤ ਨੇ ਥਾਣਾ ਬਾਜਾਖਾਨਾ ਦੇ ਐਸਐਚਓ ਇਕਬਾਲ ਹੁਸੈਨ ਨੂੰ ਹਦਾਇਤ ਕੀਤੀ ਸੀ ਕਿ ਉਹ 2 ਸਤੰਬਰ ਤੱਕ ਇਨਾਂ ਦਾ ਬੈਂਕ ਖਾਤਾ ਅਤੇ ਜਾਇਦਾਦ ਦਾ ਵੇਰਵਾ ਅਦਾਲਤ ਵਿੱਚ ਪੇਸ਼ ਕਰਨ। ਪ੍ਰੰਤੂ ਉਹ ਅਦਾਲਤ ਵਿੱਚ ਸੰਦੀਪ ਬਰੇਟਾ, ਹਰਸ਼ ਧੂਰੀ ਅਤੇ ਪ੍ਰਦੀਪ ਕਲੇਰ ਦਾ ਕੋਈ ਵੀ ਬੈਂਕ ਖਾਤਾ ਅਤੇ ਇਨਾਂ ਨਾਲ ਸਬੰਧਤ ਜਾਇਦਾਦ ਦੇ ਦਸਤਾਵੇਜ ਪੇਸ਼ ਨਹੀਂ ਕਰ ਸਕੇ ਅਤੇ ਅਦਾਲਤ ਨੂੰ ਹੋਰ ਸਮਾਂ ਦੇਣ ਦੀ ਬੇਨਤੀ ਕੀਤੀ ਗਈ। ਅਦਾਲਤ ਨੇ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਅਗਲੀ ਤਾਰੀਕ 20 ਸਤੰਬਰ ਲਈ ਮੁਲਤਵੀ ਕਰ ਦਿੱਤੀ।

# ਅਮਰੀਕਨ ਨੇਵੀ 'ਚ ਪੰਜਾਬੀ ਕੁੜੀ ਬਣੀ ਲੈਫ਼ਟੀਨੈਂਟ



**ਸਾਨ ਫਰਾਂਸਿਸਕੋ/ਏ.ਟੀ.ਨਿਊਜ਼** : ਲੁਧਿਆਣਾ ਜ਼ਿਲੇ ਦੇ ਪਿੰਡ ਸਿੱਧਵਾਂ ਖੁਰਦ ਦੇ ਫਰਿਜ਼ਨੋ (ਕੈਲੀਫੋਰਨੀਆ) ਵਸਦੇ ਕਰਨੈਲ ਸਿੰਘ ਸਿੱਧੂ ਤੇ ਬੀਬੀ ਮਨਜੀਤ ਕੌਰ ਸਿੱਧੂ ਦੀ ਬੇਟੀ ਰਮਨ ਕੌਰ ਸਿੱਧੂ ਦੇ ਅਮਰੀਕਨ ਨੇਵੀ ਵਿਚ ਬਤੌਰ ਲੈਫਟੀਨੈਂਟ ਨਿਯੁਕਤ ਹੋਣ 'ਤੇ ਪੰਜਾਬੀ ਭਾਈਚਾਰੇ ਵਿਚ ਖ਼ੁਸ਼ੀ ਦੀ ਲਹਿਰ ਹੈ। ਭਾਈਚਾਰੇ ਦੇ ਆਗੂਆਂ ਦਾ ਕਹਿਣਾ ਕਿ ਸਾਡੀਆਂ ਧੀਆਂ ਇਸ ਮੁਲਕ ਵਿਚ ਉੱਚੇ ਅਹੁਦਿਆਂ 'ਤੇ ਪਹੁੰਚ ਕੇ ਪੰਜਾਬ ਤੇ ਪੰਜਾਬੀਅਤ ਦਾ ਮਾਣ ਵਧਾ ਰਹੀਆਂ ਹਨ। ਰਮਨ ਕੌਰ ਸਿੱਧੂ 6 ਸਾਲ ਨੇਵੀ ਅਕੈਡਮੀ ਤੋਂ ਟਰੇਨਿੰਗ ਲੈਣ ਉਪਰੰਤ ਸਿੱਧੇ ਤੌਰ 'ਤੇ ਨੇਵੀ ਵਚ ਭਰਤੀ ਹੋਈ ਅਤੇ ਉਸ ਨੂੰ ਲੈਫਟੀਨੈਂਟ ਰੈਂਕ ਦਿੱਤਾ ਗਿਆ। ਨਿਯੁਕਤੀ ਉਪਰੰਤ ਰਮਨ ਸਿੱਧੂ ਦਾ ਕਹਿਣਾ ਹੈ ਕਿ ਉਹ ਆਪਣੇ ਇਸ ਅਹੁਦੇ ਦੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣ ਦੀ ਹਰ ਸੰਭਵ ਕੋਸ਼ਿਸ਼ ਕਰੇਗੀ। ਰਮਨ ਕੌਰ ਮੂਲ ਤੌਰ 'ਤੇ ਲੁਧਿਆਣਾ ਜ਼ਿਲੇ ਦੇ ਪਿੰਡ ਸਿੱਧਵਾਂ ਖ਼ੁਰਦ ਦੇ ਰਹਿਣ ਵਾਲੇ ਫਰਿਜ਼ਨੋ (ਕੈਲੀਫ਼ੋਰਨੀਆ) ਵਾਸੀ ਕਰਨੈਲ ਸਿੰਘ ਸਿੱਧੂ ਤੇ ਬੀਬੀ ਮਨਜੀਤ ਕੌਰ ਸਿੱਧੂ ਦੀ ਧੀ। ਰਮਨ ਕੌਰ ਦੀ ਇਸ ਬੇਮਿਸਾਲ ਪ੍ਰਾਪਤੀ 'ਤੇ ਉਸ ਦੇ ਮਾਪਿਆਂ ਕਰਨੈਲ ਸਿੰਘ ਸਿੱਧੂ ਅਤੇ ਮਨਜੀਤ ਕੌਰ ਸਿੱਧੂ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ ਹੈ ਅਤੇ ਹਰ ਪਾਸਿਓਂ ਉਨਾਂ ਨੂੰ ਵਧਾਈਆਂ ਮਿਲ ਰਹੀਆਂ ਹਨ।

ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਰਮਨ ਕੌਰ ਸਿੱਧੂ ਦੀ ਇਸ ਪ੍ਰਾਪਤੀ ਲਈ ਅਮਰੀਕਾ ਦਾ ਪੰਜਾਬੀ ਭਾਈਚਾਰਾ ਮਾਣ ਮਹਿਸੂਸ ਕਰ ਰਿਹਾ ਹੈ। ਪੰਜਾਬ ਦੀਆਂ ਧੀਆਂ ਵਿਦੇਸ਼ਾਂ ਵਿੱਚ ਉੱਚੇ ਅਹੁਦਿਆਂ 'ਤੇ ਪਹੁੰਚ ਕੇ ਪੰਥ, ਪੰਜਾਬ ਅਤੇ ਪੰਜਾਬੀਅਤ ਦਾ ਨਾਂ ਰੌਸ਼ਨ ਕਰ ਰਹੀਆਂ ਹਨ।

# ਡੀਸੀ ਦਫ਼ਤਰ ਦੇ ਗੇਟ 'ਤੇ ਖਾਲਿਸਤਾਨੀ ਝੰਡੇ ਲੱਗੇ

**ਸੰਗਰੂਰ/ਏ.ਟੀ.ਨਿਊਜ਼** : ਸੋਸ਼ਲ ਮੀਡੀਆ ਦੇ ਇੱਕ ਅਕਾਊਂਟ ਤੋਂ ਸਥਾਨਕ ਡੀਸੀ ਦਫ਼ਤਰ ਦੇ ਇੱਕ ਗੇਟ 'ਤੇ 'ਖਾਲਿਸਤਾਨ' ਤੇ 'ਪੰਜਾਬ ਰੈਂਫਰੈਂਡਮ-2020' ਦੇ ਝੰਡੇ ਲੱਗੇ ਹੋਣ ਦੀ ਵੀਡੀਓ ਵਾਇਰਲ ਹੋਈ ਹੈ। ਕੁੱਝ ਸਕਿੰਟਾਂ ਦੀ ਇਹ ਵੀਡੀਓ ਰਾਤ ਵੇਲੇ ਬਣਾਈ ਗਈ ਹੈ। ਵੀਡੀਓ ਬਾਰੇ ਸੂਚਨਾ ਮਿਲਦੇ ਹੀ ਪੁਲਿਸ ਜਾਂਚ ਵਿੱਚ ਜੁੱਟ ਗਈ। ਇਹ ਵੀਡੀਓ ਇੱਕ ਟਵਿੱਟਰ ਅਕਾਊਂਟ ਤੋਂ ਪਾਈ ਦੱਸੀ ਗਈ ਹੈ। ਦੋਵੇਂ ਝੰਡਿਆਂ 'ਤੇ ਖੰਡੇ ਦੇ ਨਿਸ਼ਾਨ ਵੀ ਬਣੇ ਹੋਏ ਹਨ। ਥਾਣਾ ਸਿਟੀ ਦੇ ਇੰਚਾਰਜ ਇੰਸਪੈਕਟਰ ਗੁਰਬੀਰ ਸਿੰਘ ਨੇ ਕਿਹਾ ਕਿ ਵਾਇਰਲ ਹੋਈ ਵੀਡੀਓ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਮਗਰੋਂ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

# ਖਾਲਿਸਤਾਨ ਟਾਈਗਰ ਫੋਰਸ ਦੇ ਮੈਂਬਰ ਦਾ ਭਰਾ ਕਾਬੂ

**ਮੋਗਾ/ਏ.ਟੀ.ਨਿਊਜ਼** : ਕੈਨੇਡਾ ਆਧਾਰਤ ਖਾਲਿਸਤਾਨ ਟਾਈਗਰ ਫੋਰਸ (ਕੇਟੀਐੱਫ) ਕਾਰਕੁਨ ਅਰਸ਼ਦੀਪ ਉਰਫ਼ ਅਰਸ਼ ਪਿੰਡ ਡਾਲਾ ਦੇ ਭਰਾ ਬਲਦੀਪ ਸਿੰਘ ਨੂੰ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੌਰਾਨ ਪੁਲਿਸ ਨੇ ਪਾਕਿ ਸਰਹੱਦ ਤੋਂ ਹਥਿਆਰਾਂ ਦਾ ਜ਼ਖ਼ੀਰਾ ਵੀ ਬਰਾਮਦ ਕੀਤਾ ਹੈ। ਜ਼ਿਲਾ ਪੁਲਿਸ ਮੁਖੀ ਧਰੂਮਨ ਐੱਚ ਨਿੰਬਾਲੇ ਤੇ ਐੱਸਪੀ (ਆਈ) ਜਗਤਪ੍ਰੀਤ ਸਿੰਘ ਤੇ ਡੀਐੱਸਪੀ (ਸਿਟੀ) ਜਸਨਦੀਪ ਸਿੰਘ ਗਿੱਲ ਨੇ ਦੱਸਿਆ ਕਿ ਇਥੇ ਸ਼ਹਿਰ 'ਚ ਕਾਰੋਬਾਰੀਆਂ ਨੂੰ ਫ਼ਿਰੌਤੀ ਲਈ ਧਮਕਾਉਣ ਅਤੇ ਫ਼ਿਰੌਤੀ ਨਾ ਦੇਣ 'ਤੇ ਹੱਤਿਆ ਕਰਨ ਸਬੰਧੀ ਕੇਸਾਂ ਵਿੱਚ ਕੈਨੇਡਾ ਆਧਾਰਤ ਕੇਟੀਐੱਫ ਕਾਰਕੁੰਨ ਅਰਸ਼ਦੀਪ ਉਰਫ਼ ਅਰਸ਼ ਨਾਮਜ਼ਦ ਹੈ। ਪੁਲਿਸ ਨੇ ਉਸ ਦੇ ਭਰਾ ਬਲਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਪਰ ਉਹ ਜ਼ਮਾਨਤ ਮਿਲਣ ਮਗਰੋਂ ਬਾਹਰ ਆ ਗਿਆ ਸੀ। ਇਸ ਮਗਰੋਂ ਅਦਾਲਤ 'ਚੋਂ ਗ਼ੈਰਹਾਜ਼ਰ ਰਹਿਣ ਕਾਰਨ ਉਸ ਖ਼ਿਲਾਫ਼ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਹੋਏ ਸਨ। ਐੱਸਐੱਸਪੀ ਨੇ ਕਿਹਾ ਕਿ ਡੀਐੱਸਪੀ ਸਿਟੀ ਜਸ਼ਨਦੀਪ ਸਿੰਘ ਗਿੱਲ ਤੇ ਥਾਣਾ ਸਿਟੀ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਟੀਮ ਨੇ ਬੀਐੱਸਐੱਫ ਨਾਲ ਸਾਂਝਾ ਅਪਰੇਸ਼ਨ ਕਰਕੇ ਸਰਚ ਕੀਤੀ ਤਾਂ 4 ਕੌਮਾਂਤਰੀ ਪਿਸਤੌਲ (ਤਿੰਨ .30 ਬੋਰ ਅਤੇ ਇੱਕ .9 ਐਮ.ਐਮ), 4 ਮੈਗਜ਼ੀਨ, 8 ਕਾਰਤੂਸ ਤੇ ਛੋਟੇ ਬੈਗ ਭਾਰਤ ਤੇ ਪਾਕਿਸਤਾਨ ਦੇ ਕੌਮਾਂਤਰੀ ਬਾਰਡਰ ਦੀ ਜ਼ੀਰੋ ਲਾਈਨ ਤੋਂ ਬਰਾਮਦ ਕੀਤੇ ਗਏ ਹਨ।

# ਸਿੱਖ ਫ਼ੌਜੀ ਦਾ ਆਸਟ੍ਰੇਲੀਆ 'ਚ ਪਹਿਲੀ ਵਾਰ ਲੱਗੇਗਾ 'ਬੁੱਤ'



**ਮੈਲਬੌਰਨ/ਸਿਡਨੀ/ਏ.ਟੀ.ਨਿਊਜ਼** :- ਪਹਿਲੀ ਅਤੇ ਦੂਸਰੀ ਸੰਸਾਰ ਜੰਗ ਵਿੱਚ ਲੱਖਾਂ ਹੀ ਭਾਰਤੀਆਂ ਵੱਲੋਂ ਹਿੱਸਾ ਲਿਆ ਗਿਆ ਸੀ ਪਰ ਅੱਜ ਤੱਕ ਉਨਾਂ ਫ਼ੌਜੀਆਂ ਦਾ ਬਣਦਾ ਮਾਣ-ਸਨਮਾਨ ਨਹੀਂ ਕੀਤਾ ਗਿਆ। ਸਿਰਫ ਇਤਿਹਾਸ ਦੀਆਂ ਕਿਤਾਬਾਂ ਵਿੱਚ ਉਹਨਾਂ ਦੀ ਸ਼ਹਾਦਤ ਅਤੇ ਸਨਮਾਨ ਵੀ ਗੁੰਮ ਹੋ ਕੇ ਰਹਿ ਗਏ। ਹੁਣ ਆਸਟ੍ਰੇਲੀਆ ਦੇ ਸਿਡਨੀ ਸ਼ਹਿਰ ਵਿੱਚ ਸਿੱਖ ਫ਼ੌਜੀ ਦਾ 'ਬੁੱਤ' ਲੱਗਣ ਜਾ ਰਿਹਾ ਹੈ। ਸਿੱਖ ਫ਼ੌਜੀ ਦੇ ਇਸ ਬੁੱਤ ਨੂੰ ਲਗਵਾਉਣ ਦੀ ਮਨਜ਼ੂਰੀ ਵੀ ਮਿਲ ਗਈ ਹੈ।

ਇਸ ਬਾਬਤ ਜਾਣਕਾਰੀ ਦਿੰਦਿਆਂ ਹਰਕੀਰਤ ਸੰਧਰ ਅਤੇ ਅਮਰਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਸਿੱਖ ਫ਼ੌਜੀਆਂ ਨੂੰ ਸਮਰਪਿਤ ਬੁੱਤ ਸਿਡਨੀ ਸ਼ਹਿਰ ਦੇ ਬਲੈਕਟਾਊਨ ਕੌਂਸਲ ਦੇ ਇਲਾਕੇ ਗਲੇਨਵੁੱਡ ਵਿਖੇ ਲਗਾਇਆ ਜਾਵੇਗਾ। ਉਨਾਂ ਕਿਹਾ ਕਿ ਪਿਛਲੇ ਚਾਰ ਸਾਲ ਤੋਂ ਫ਼ਤਿਹ ਫਾਊਂਡੇਸ਼ਨ ਵੱਲੋਂ ਕੀਤੀ ਜਾ ਰਹੀ ਮਿਹਨਤ ਨੂੰ ਬੂਰ ਪਿਆ ਹੈ ਅਤੇ ਜਿਸ ਦਾ ਨਤੀਜਾ ਕਿ ਬੁੱਤ ਨੂੰ ਮਨਜ਼ੂਰੀ ਮਿਲ ਗਈ। ਸੰਸਾਰ ਜੰਗਾਂ ਵਿੱਚ ਸਿੱਖਾਂ ਦਾ ਯੋਗਦਾਨ ਨਾ ਭੁੱਲਣਯੋਗ ਰਿਹਾ ਹੈ ਪਰ ਪਤਾ ਨਹੀਂ ਇਸ ਨੂੰ ਫਿਰ ਵੀ ਕਿਉਂ ਅਣਗੌਲਿਆ ਕੀਤਾ ਗਿਆ। ਇਹ ਯਾਦਗਾਰੀ ਬੁੱਤ ਜਿੱਥੇ ਨਵੀਂ ਪੀੜੀ ਲਈ ਮਾਰਗ ਦਰਸ਼ਕ ਬਣੇਗਾ, ਉੱਥੇ ਸਿੱਖਾਂ ਦੇ ਪਹਿਲੀ ਅਤੇ ਦੂਸਰੀ ਸੰਸਾਰ ਜੰਗ ਵਿੱਚ ਪਾਏ ਯੋਗਦਾਨ ਦੀ ਯਾਦ ਵੀ ਦਿਵਾਉਂਦਾ ਰਹੇਗਾ।

# ਕਾਬੁਲ ਹਵਾਈ ਅੱਡੇ ਉਪਰ ਫਿਰ ਹੋ ਸਕਦਾ ਹੈ ਛੇਤੀ ਹਮਲਾ : ਬਾਈਡਨ

## ਧਮਾਕਿਆਂ ਵਿਚ ਮਾਰੇ ਗਏ ਅਮਰੀਕੀ ਫੌਜੀਆਂ ਦੀ ਹੋਈ ਪਛਾਣ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ:- ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਚਿਤਾਵਨੀ ਦਿੱਤੀ ਹੈ ਕਿ ਕਾਬੁਲ ਹਵਾਈ ਅੱਡੇ ਉਪਰ ਬਹੁਤ ਛੇਤੀ ਹਮਲਾ ਹੋਣ ਦੀ ਸੰਭਾਵਨਾ ਹੈ। ਉਨਾਂ ਕਿਹਾ ਕਿ ਅਗਲੇ ਕੁਝ ਘੰਟਿਆਂ ਵਿਚ ਕਾਬੁਲ ਹਵਾਈ ਅੱਡੇ ਨੂੰ ਨਿਸ਼ਾਨ ਬਣਾਇਆ ਜਾ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਵੱਲੋਂ ਇਹ ਚਿਤਾਵਨੀ ਪੈਂਟਾਗਨ ਦੁਆਰਾ ਕਾਬੁਲ ਹਵਾਈ ਅੱਡੇ ਉਪਰ ਮਾਰੇ ਗਏ ੧੩ ਅਮਰੀਕੀ ਸੈਨਿਕਾਂ ਦੀ ਸ਼ਨਾਖਤ ਕਰ ਲੈਣ ਦੇ ਬਿਆਨ ਉਪਰੰਤ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਇਕ ਬਿਆਨ ਵਿਚ ਰਾਸ਼ਟਰਪਤੀ ਨੇ ਕਿਹਾ ਸੀ ਕਿ ਕਾਬੁਲ ਹਵਾਈ ਅੱਡੇ ਉਪਰ ਹਮਲੇ ਲਈ ਜਿੰਮੇਵਾਰ ਆਈ ਐਸ ਆਈ ਐਸ-ਕੇ ਵਿਰੁੱਧ ਜਵਾਬੀ ਕਾਰਵਾਈ ਕਰਦਿਆਂ ਅਮਰੀਕੀ ਕਮਾਂਡਰਾਂ ਵੱਲੋਂ ਕੀਤੇ ਡਰੋਨ ਹਮਲੇ ਵਿਚ ਆਈ ਐਸ ਆਈ ਐਸ-ਕੇ ਦਾ ਇਕ ਮੈਂਬਰ ਮਾਰਿਆ ਗਿਆ ਹੈ ਤੇ ਇਕ ਜ਼ਖਮੀ ਹੋ ਗਿਆ ਹੈ। ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਇਸ ਹਮਲੇ ਵਿਚ ਕਿਸੇ ਵੀ ਆਮ ਨਾਗਰਿਕ ਨੂੰ ਕੋਈ ਨੁਕਸਾਨ ਨਹੀਂ ਪੁੱਜਾ। ਰਾਸ਼ਟਰਪਤੀ ਨੇ ਕਿਹਾ ਕਿ ਆਈ ਐਸ ਆਈ ਐਸ-ਕੇ ਵਿਰੁੱਧ ਹੋਰ ਹਮਲੇ ਕੀਤੇ ਜਾਣਗੇ। ਉਨਾਂ ਨੇ ਕੌਮੀ ਸੁਰੱਖਿਆ ਟੀਮ ਨਾਲ ਮੀਟਿੰਗ ਉਪਰੰਤ ਕਿਹਾ 'ਇਹ ਹਮਲਾ ਆਖਰੀ ਨਹੀਂ ਹੈ। ਕਾਬੁਲ ਹਵਾਈ ਅੱਡੇ ਉਪਰ ਹੋਏ ਘਿਣਾਉਣੇ ਹਮਲੇ ਵਿੱਚ ਸ਼ਾਮਲ ਹਰ ਵਿਅਕਤੀ ਨੂੰ ਲੱਭਿਆ ਜਾਵੇਗਾ ਤੇ ਉਸ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ।' ਰਾਸ਼ਟਰਪਤੀ ਨੇ ਕਿਹਾ ਕਿ ਅਫ਼ਗਾਨਿਸਤਾਨ ਵਿਚ ਹਾਲਾਤ ਬਹੁਤ ਖਤਰਨਾਕ ਹਨ ਤੇ ਮਿਲਟਰੀ ਕਮਾਂਡਰਾਂ ਨੇ ਮੈਨੂੰ ਦਸਿਆ ਹੈ ਕਿ ਅਗਲੇ 24 ਤੋਂ 36 ਘੰਟਿਆਂ ਵਿਚ ਹਵਾਈ ਅੱਡੇ ਉਪਰ ਹੋਰ ਹਮਲਾ ਹੋ ਸਕਦਾ ਹੈ। ਉਨਾਂ ਕਿਹਾ ਕਿ ਕਾਬੁਲ ਵਿਚ ਮਾੜੇ ਹਾਲਾਤ ਦੇ ਬਾਵਜੂਦ ਅਸੀਂ ਅਮਰੀਕੀ ਨਾਗਰਿਕਾਂ ਤੇ ਹੋਰ ਲੋਕਾਂ ਨੂੰ ਉਥੋਂ ਕੱਢਣਾ ਜਾਰੀ ਰਖਾਂਗੇ। ਬੀਤੇ ਦਿਨ ਅਮਰੀਕੀ ਹਵਾਈ ਜਹਾਜ਼ 6800 ਲੋਕਾਂ ਨੂੰ ਕਾਬੁਲ ਵਿਚੋਂ ਕੱਢ ਕੇ ਲਿਆਏ ਹਨ।



*ਹਮਲੇ ਤੋਂ ਇਕ ਹਫਤਾ ਪਹਿਲਾਂ ਕਾਬੁਲ ਦੇ ਹਾਮਿਦ ਕਰਜ਼ਈ ਕੌਮਾਂਤਰੀ ਹਵਾਈ ਅੱਡੇ ਉਪਰ ਇਕ ਬੱਚਾ ਚੁੱਕੀ ਨਜ਼ਰ ਆ ਰਹੀ ਸਾਰਜੈਂਟ ਨਿਕੋਲ ਜੀ।*

**ਸੈਕਰਾਮੈਂਟੋ ਦੀ ਫੌਜਣ ਵੀ ਸ਼ਹੀਦਾਂ ਵਿਚ ਸ਼ਾਮਿਲ**

ਕਾਬੁਲ ਹਵਾਈ ਅੱਡੇ ਉਪਰ ਹੋਏ ਧਮਾਕਿਆਂ ਵਿਚ ਸ਼ਹੀਦ ਹੋਣ ਵਾਲੇ ਅਮਰੀਕੀ ਫੌਜੀਆਂ ਵਿਚ ਸੈਕਰਾਮੈਂਟੋ, ਕੈਲੀਫੋਰਨੀਆ ਦੀ ਰਹਿਣ ਵਾਲੀ ਸਾਰਜੈਂਟ ਨਿਕੋਲ ਜੀ ਵੀ ਸ਼ਾਮਿਲ ਹੈ। ਇਕ ਹਫਤਾ ਪਹਿਲਾਂ 23 ਸਾਲਾ ਜੀ ਨੇ ਇੰਸਟਾਗਰਾਮ ਉਪਰ ਆਪਣੀ ਇਕ ਫੋਟੋ ਪਾਈ ਸੀ ਜਿਸ ਵਿਚ ਉਹ ਕਾਬੁਲ ਹਵਾਈ ਅੱਡੇ ਉਪਰ ਇਕ ਬੱਚਾ ਚੁੱਕੀ ਹੋਈ ਨਜ਼ਰ ਆ ਰਹੀ ਹੈ। ਉਸ ਨੇ ਲਿਖਿਆ ਸੀ 'ਮੈਂ ਆਪਣੀ ਨੌਕਰੀ ਨੂੰ ਪਿਆਰ ਕਰਦੀ ਹਾਂ।' ਜੀ ਉਤਰੀ ਕੈਰੋਲੀਨਾ ਵਿਚ ਲੇਜੇਉਨ ਕੈਂਪ ਵਿਖੇ 24ਵੀਂ ਮੈਰੀਨ ਐਕਸਪੀਡੀਸ਼ਨਰੀ ਯੁਨਿਟ ਵਿਚ ਟੈਕਨੀਸ਼ੀਅਨ ਵਜੋਂ ਵੀ ਤਾਇਨਾਤ ਰਹੀ ਹੈ। ਕੈਲੀਫੋਰਨੀਆ ਦੇ ਘੱਟੋ ਘੱਟ 3 ਹੋਰ ਫੌਜੀ ਕਾਬੁਲ ਦੇ ਹਵਾਈ ਅੱਡੇ ਉਪਰ ਹੋਏ ਹਮਲੇ ਵਿਚ ਸ਼ਹੀਦ ਹੋਏ ਹਨ।

# ਕਾਬੁਲ ਹਵਾਈ ਅੱਡੇ ਦੇ ਬਾਹਰ ਹੋਏ ਧਮਾਕਿਆਂ ਵਿਚ ਮਾਰੇ ਗਏ 13 ਅਮਰੀਕੀ ਫੌਜੀਆਂ ਦੇ ਨਾਂ ਨਹੀਂ ਹੋਏ ਨਸ਼ਰ

## ਮ੍ਰਿਤਕਾਂ ਇਕ 20 ਸਾਲਾ ਨੌਜਵਾਨ ਫੌਜੀ ਸ਼ਾਮਿਲ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ**:- ਪੈਂਟਾਗਨ ਨੇ ਅਫ਼ਗਾਨਿਸਤਾਨ ਵਿਚ ਕਾਬੁਲ ਹਵਾਈ ਅੱਡੇ ਦੇ ਬਾਹਰਵਾਰ ਹੋਏ ਆਤਮਘਾਤੀ ਬੰਬ ਧਮਾਕਿਆਂ ਤੇ ਗੋਲੀਬਾਰੀ ਵਿਚ ਮਾਰੇ ਗਏ 13 ਅਮਰੀਕੀ ਫੌਜੀਆਂ ਦੇ ਨਾਂ ਜਨਤਿਕ ਤੌਰ 'ਤੇ ਨਸ਼ਰ ਨਹੀਂ ਕੀਤੇ ਹਨ ਤੇ ਨਾ ਹੀ ਜ਼ਖਮੀ ਹੋਏ ਫੌਜੀਆਂ ਬਾਰੇ ਕੋਈ ਵੇਰਵਾ ਨਸ਼ਰ ਕੀਤਾ ਹੈ ਪ੍ਰੰਤੂ ਜਿਨਾਂ ਪਰਿਵਾਰਾਂ ਦੇ ਫੌਜੀ ਸ਼ਹੀਦ ਹੋਏ ਹਨ, ਉਹ ਖੁਦ ਅੱਗੇ ਆ ਕੇ ਆਪਣਿਆਂ ਨਾਲ ਜੋ ਬੀਤੀ ਉਸ ਦਾ ਖੁਲਾਸਾ ਕਰ ਰਹੇ ਹਨ। ਇਨਾਂ ਸ਼ਹੀਦਾਂ ਵਿਚ ਇਕ 20 ਸਾਲ ਦਾ ਨੌਜਵਾਨ ਫੌਜੀ ਰਾਇਲੀ ਮੈਕਕੋਲਮ ਸ਼ਾਮਿਲ ਹੈ । ਉਸ ਦੀ ਵੱਡੀ ਭੈਣ ਰਾਇਸ ਮੈਕਕੋਲਮ ਨੇ ਆਪਣੇ ਭਰਾ ਦੇ ਅਫਗਾਨਿਸਤਾਨ ਵਿਚ ਮਾਰੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਹ ਇਕ ਪੁੱਤਰ, ਇਕ ਭਰਾ ਤੇ ਇਕ ਪਤੀ ਸੀ ।



*ਰਾਇਲੀ ਮੈਕਕੋਲਮ ਦੀ ਪੁਰਾਣੀ ਤਸਵੀਰ*

ਉਹ ਕੁਝ ਦਿਨਾਂ ਵਿਚ ਇਕ ਬੱਚੇ ਦਾ ਬਾਪ ਬਣਨ ਵਾਲਾ ਸੀ। ਉਸ ਨੇ ਦੱਸਿਆ ਕਿ ਅਫ਼ਗਾਨਿਸਤਾਨ ਵਿਚੋਂ ਅਮਰੀਕੀ ਨਾਗਰਿਕਾਂ ਨੂੰ ਸੁਰੱਖਿਅਤ ਕੱਢਕੇ ਲਿਆਉਣ ਦਾ ਅਮਲ ਸ਼ੁਰੂ ਹੋਣ ਸਮੇਂ ਰਾਇਲੀ ਨੂੰ ਕਾਬੁਲ ਭੇਜਿਆ ਗਿਆ ਸੀ। ਉਹ ਇਕ ਨਾਕੇ ਉਪਰ ਤਾਇਨਾਤ ਸੀ ਜਦੋਂ ਆਤਮਘਾਤੀ ਹਮਲਾਵਰ ਨੇ ਧਮਾਕਾ ਕਰ ਦਿੱਤਾ ਤੇ ਉਸ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਮਿਲਿਆ। ਰਾਇਸ ਮੈਕਕੋਲਮ ਨੇ ਇਕ ਬਿਆਨ ਵਿਚ ਕਿਹਾ ਕਿ 'ਰਾਇਲੀ ਫੌਜ ਵਿਚ ਸੇਵਾ ਕਰਨ ਉਪਰੰਤ ਇਤਿਹਾਸ ਦਾ ਅਧਿਆਪਕ ਤੇ ਰੈਸਲਿੰਗ ਕੋਚ ਬਣਨਾ ਚਾਹੁੰਦਾ ਸੀ। ਉਹ ਇਕ ਹੀਰੋ ਵਾਂਗ ਵਿਚਰਦਾ ਸੀ ਤੇ ਜੋ ਵੀ ਉਸ ਨੂੰ ਮਿਲਦਾ ਉਹ ਉਸ ਦਾ ਹੀ ਹੋ ਕੇ ਰਹਿ ਜਾਂਦਾ ਸੀ। ਉਹ ਆਪਣੇ ਦੇਸ਼ ਤੋਂ ਕੁਰਬਾਨ ਹੋਇਆ ਹੈ, ਉਹ ਹਮੇਸ਼ਾ ਸਾਡੇ ਚੇਤਿਆਂ ਵਿਚ ਰਹੇਗਾ।'

# ਪੰਜਾਬੀ ਸਿੱਖ ਪੁਲਿਸ ਅਫਸਰ ਹਰਮਿੰਦਰ ਗਰੇਵਾਲ ਦੀ ਸੜਕ ਦੁਰਘਟਨਾ ਤੋਂ ਬਾਅਦ ਹਸਪਤਾਲ ਵਿਚ ਮੌਤ, ਦੂਜਾ ਜ਼ਖ਼ਮੀ

## ਦੂਸਰੇ ਪਾਸੇ ਤੋਂ ਗੱਡੀ ਮਾਰਨ ਵਾਲੇ ਪੰਜਾਬੀ ਦੀ ਵੀ ਮੌਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ** :-ਸੈਕਰਾਮੈਂਟੋ ਲਾਗੇ ਪੈਂਦੇ ਸ਼ਹਿਰ ਗਾਲਟ ਦੇ ਪੰਜਾਬੀ ਸਿੱਖ ਅਫਸਰ ਹਰਮਿੰਦਰ ਗਰੇਵਾਲ ਜੋ ਸੈਕਰਾਮੈਂਟੋ ਨੇੜੇ ਲੱਗੀ ਅੱਗ ਦਾ ਜਾਇਜ਼ਾ ਲੈਣ ਲਈ ਗਰਾਂਟ ਲਾਈਨ ਪਾਸ ਜਾ ਰਿਹਾ ਸੀ ਪਰ ਦੂਜੇ ਪਾਸੇ ਤੋਂ ਆਉਂਦੇ ਟਰੱਕ ਨੇ ਸੜਕ ਨੂੰ ਪਾਰ ਕਰਕੇ ਉੱਕਤ ਅਫਸਰ ਦੀ ਗੱਡੀ ਨੂੰ ਟੱਕਰ ਮਾਰ ਦਿੱਤੀ ਜਿਸ ਕਾਰਨ ਪੁਲਿਸ ਅਫ਼ਸਰ ਹਰਮਿੰਦਰ ਗਰੇਵਾਲ ਗੰਭੀਰ ਜਖਮੀ ਹੋ ਗਏ ਤੇ ਉਨਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਪਰ ਦੂਸਰੇ ਦਿਨ ਉਨਾਂ ਦੀ ਹਸਪਤਾਲ ਵਿੱਚ ਹੀ ਮੌਤ ਹੋ ਗਈ। ਇਸ ਦੌਰਾਨ ਇੱਕ ਹੋਰ ਲੇਡੀ ਅਫ਼ਸਰ ਕੇਪੀ ਹਰੇਰਾ ਜੋ ਅਫਸਰ ਹਰਮਿੰਦਰ ਗਰੇਵਾਲ ਨਾਲ ਜਾ ਰਹੀ ਸੀ ਵੀ ਗੰਭੀਰ ਜਖਮੀ ਹੋ ਗਈ ਜੋ ਯੂ ਸੀ ਡੇਵਿਸ ਵਿੱਚ ਜੇਰੇ ਇਲਾਜ ਹੈ। ਪੁਲਿਸ ਦੀ ਗੱਡੀ ਵਿਚ ਵੱਜਣ ਵਾਲੇ ਪਿੱਕਅਪ ਦਾ ਡਰਾਇਵਰ ਵੀ ਪੰਜਾਬੀ ਹੈ ਜਿਸ ਦਾ ਨਾਂ ਮਨਜੋਤ ਸਿੰਘ ਥਿੰਦ ਹੈ ਜੋ ਮਨਟੀਕਾ ਸ਼ਹਿਰ ਦਾ ਦੱਸਿਆ ਗਿਆ



ਹੈ। ਉਸ ਨਾਲ ਦੋ ਹੋਰ ਵਿਅਕਤੀ ਸਨ ਜੋ ਡਬਲਨ ਤੇ ਟਰਲੱਕ ਸ਼ਹਿਰ ਦੇ ਦੱਸੇ ਜਾਂਦੇ ਹਨ, ਉਹ ਵੀ ਜਖਮੀ ਹੋ ਗਏ। ਪੰਜਾਬੀ ਮਨਜੋਤ ਸਿੰਘ ਥਿੰਦ ਦਾ ਪਿਛਲਾ ਪਿੰਡ ਰਾਏਕੋਟ ਲੁਧਿਆਣਾ ਦੱਸਿਆ ਜਾਂਦਾ ਹੈ। ਪੰਜਾਬੀ ਸਿੱਖ ਅਫਸਰ ਹਰਮਿੰਦਰ ਗਰੇਵਾਲ ਦਾ ਪਿੰਡ ਗਾਲਬ, ਲੁਧਿਆਣਾ ਦਾ ਦੱਸਿਆ ਜਾਂਦਾ ਹੈ ਤੇ ਇਥੇ ਗਾਲਟ ਵਿੱਚ ਉਹ ਆਪਣੇ ਮਾਂ ਬਾਪ ਤੇ ਭਰਾ ਨਾਲ ਰਹਿ ਰਿਹਾ ਸੀ। ਗਾਲਟ ਸ਼ਹਿਰ ਦੇ ਮੇਅਰ ਸ. ਪ੍ਰਗਟ ਸਿੰਘ ਸੰਧੂ ਨੇ ਦੱਖ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬੀ ਸਿੱਖ ਭਾਈਚਾਰੇ ਲਈ ਇਹ ਅਸਹਿ ਸਦਮਾ ਹੈ। ਹਰਮਿੰਦਰ ਗਰੇਵਾਲ 2019 ਦੇ ਅਰੰਭ ਵਿੱਚ ਗਾਲਟ ਪੁਲਿਸ ਵਿਭਾਗ ਵਿੱਚ ਸ਼ਾਮਲ ਹੋਇਆ ਸੀ। ਉਸ ਨੂੰ ਪੁਲਿਸ ਵਿਭਾਗ ਵਲੋਂ ਹਾਲ ਹੀ ਦੇ ਕੁਝ ਮਿਲੇ ਪੁਰਸਕਾਰਾਂ ਵਿੱਚ ਜ਼ਿਆਦਾਤਰ ਡੀਯੂਆਈ ਗ੍ਰਿਫਤਾਰੀ, ਜੀਵਨ ਬਚਾਉਣ ਵਾਲੇ ਪੁਰਸਕਾਰ ਸ਼ਾਮਲ ਹਨ ਅਤੇ ਉਸ ਨੂੰ ਸਾਲ 2020 ਦਾ ਬੈਸਟ ਅਧਿਕਾਰੀ ਵੀ ਚੁਣਿਆ ਗਿਆ ਸੀ।

# ਪੰਜਾਬੀ ਗਾਇਕ ਐਮੀ ਵਿਰਕ ਗਾਣੇ ਵਿਚ ਵਰਤੇ 'ਰਸੂਲ' ਸ਼ਬਦ ਨੂੰ ਲੈ ਕੇ ਘਿਰਿਆ

## ਮੁਸਲਿਮ ਭਾਈਚਾਰੇ ਨੇ ਗ੍ਰਿਫ਼ਤਾਰੀ ਦੀ ਕੀਤੀ ਮੰਗ



**ਲੁਧਿਆਣਾ/ਏ.ਟੀ.ਨਿਊਜ਼** : ਇਤਿਹਾਸਿਕ ਜਾਮਾ ਮਸਜਿਦ ਤੋਂ ਨਾਇਬ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਪੰਜਾਬੀ ਗਾਇਕ ਐਮੀ ਵਿਰਕ ਵੱਲੋਂ ਆਪਣੇ ਗੀਤ 'ਚ ਰਸੂਲ ਸ਼ਬਦ ਦੀ ਬੇਅਦਬੀ ਕਰਨ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਦੇ ਹੋਏ ਸਰਕਾਰ ਤੋਂ ਐਮੀ ਵਿਰਕ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਉਨਾਂ ਕਿਹਾ ਕਿ ਇਸਲਾਮ ਧਰਮ 'ਚ ਅੱਲਾ ਤਾਲਾ ਦੇ ਆਖਰੀ ਰਸੂਲ ਹਜ਼ਰਤ ਮੁਹੰਮਦ ਸਲਲਲਾਹੂ ਅਲੈਹੀ ਵਸਲਮ ਨੂੰ ਸਭ ਤੋਂ ਵੱਡਾ ਦਰਜਾ ਦਿੱਤਾ ਗਿਆ ਹੈ। ਉਹ ਅੱਲਾ ਦੇ ਆਖਰੀ ਰਸੂਲ ਹਨ। ਉਨਾਂ ਕਿਹਾ ਕਿ ਦੁਨੀਆ 'ਚ ਜਦੋਂ ਕਿਤੇ ਵੀ ਰਸੂਲ ਦਾ ਸ਼ਬਦ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਉਸ ਦਾ ਮਤਲਬ ਇਹ ਹੁੰਦਾ ਹੈ ਕਿ ਹਜ਼ਰਤ ਮੁਹੰਮਦ ਰਸੂਲੱਲਾਹ ਦਾ ਫ਼ਰਮਾਨ ਹੈ।

ਉਨਾਂ ਕਿਹਾ ਕਿ ਮਲੇਰਕੋਟਲਾ ਦੀ ਇਕ ਮੁਸਲਮਾਨ ਭੈਣ ਵੱਲੋਂ ਇਸ ਪਾਸੇ ਧਿਆਨ ਦਿਵਾਇਆ ਗਿਆ ਤੇ ਫਿਰ ਵੀਡੀਓ ਦੇਖਣ 'ਤੇ ਇਹ ਗੱਲ ਯਕੀਨੀ ਹੋ ਗਈ ਕਿ ਐਮੀ ਵਿਰਕ ਨੇ ਇਸਲਾਮੀ ਸ਼ਬਦਾਂ ਦਾ ਇਸਤੇਮਾਲ ਆਪਣੀ ਤਸਵੀਰ ਦੇ ਨਾਲ ਕਰਕੇ ਨਾ ਕਾਬਿਲ-ਏ-ਬਰਦਾਸ਼ਤ ਗੁਸਤਾਖ਼ੀ ਕੀਤੀ ਹੈ। ਐਮੀ ਵਿਰਕ ਨੇ ਇਹ ਗੀਤ ਫਿਲਮ ਸੁਫ਼ਨਾ 'ਚ ਗਾਇਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਨਿਊਯਾਰਕ ਤੇ 5 ਹੋਰ ਰਾਜਾਂ ਵਿਚ ਤੂਫਾਨ ਨੇ ਮਚਾਈ ਭਾਰੀ ਤਬਾਹੀ, 45 ਮੌਤਾਂ

## ✪ ਸੜਕਾਂ ਬਣੀਆਂ ਦਰਿਆ ਤੇ ਇਮਰਾਤਾਂ ਆਈਆਂ ਪਾਣੀ ਦੀ ਮਾਰ ਹੇਠ ✪ ਸੈਂਕੜੇ ਗੱਡੀਆਂ ਅਤੇ ਉਡਾਣਾਂ ਰੱਦ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਨਿਊਯਾਰਕ ਤੇ ਨਿਊਜਰਸੀ ਸਮੇਤ ਅਮਰੀਕਾ ਦੇ 6 ਰਾਜਾਂ ਵਿਚ ਲਿਡਾ ਤੂਫਾਨ ਨੇ ਭਾਰੀ ਤਬਾਹੀ ਮਚਾਈ ਹੈ ਤੇ ਤੇਜ਼ ਪੈ ਰਹੀ ਬਾਰਿਸ਼ ਨੇ ਹਾਲਾਤ ਹੋਰ ਮੁਸ਼ਿਕਲ ਬਣਾ ਦਿੱਤੇ ਹਨ। ਜਿਨਾਂ 4 ਹੋਰ ਰਾਜਾਂ ਵਿਚ ਤੂਫਾਨ ਨੇ ਭਾਰੀ ਤਬਾਹੀ ਮਚਾਈ ਹੈ ਉਨਾਂ ਵਿਚ ਪੈਨਸਿਲਵੇਨੀਆ, ਮੈਰੀਲੈਂਡ, ਕੋਨੈਕਟੀਕਟ ਤੇ ਵਰਜੀਨੀਆ ਸ਼ਾਮਿਲ ਹਨ। ਤੂਫਾਨ ਦੀ ਲਪੇਟ ਵਿਚ ਆਉਣ ਨਾਲ ਪਿਛਲੇ ਦੋ ਦਿਨਾਂ ਦੌਰਾਨ 45 ਵਿਅਕਤੀ ਮਾਰੇ ਜਾ ਚੁੱਕੇ ਹਨ। ਸਭ ਤੋਂ ਵੱਧ ਮੌਤਾਂ ਨਿਊਜਰਸੀ ਵਿਚ ਹੋਈਆਂ ਜਿੱਥੇ 23 ਲੋਕਾਂ ਦੀ ਮੌਤ ਹੋਈ ਹੈ। ਨਿਊਯਾਰਕ ਵਿਚ 15, ਪੈਨਸਿਲਵੇਨੀਆ ਵਿਚ 5, ਮੈਰੀਲੈਂਡ ਤੇ ਕੋਨੈਕਟੀਕਟ ਵਿਚ 1-1 ਵਿਅਕਤੀ ਤੂਫਾਨ ਦੀ ਮਾਰ ਹੇਠ ਆ ਕੇ ਮਾਰਿਆ ਗਿਆ ਹੈ। ਨਿਊਯਾਰਕ ਦੇ ਹੇਠਲੇ ਖੇਤਰ ਦੀਆਂ ਸੜਕਾਂ ਦਰਿਆ ਦਾ ਰੂਪ ਧਾਰਨ ਕਰ ਗਈਆਂ ਤੇ ਇਮਾਰਤਾਂ ਦੇ ਤਹਿਖਾਨਿਆਂ ਵਿਚ ਪਾਣੀ ਭਰਨ ਦੇ ਨਾਲ-ਨਾਲ ਪਹਿਲੀ ਮੰਜਿਲ ਵੀ ਹੜ ਦੇ ਪਾਣੀ ਦੀ ਮਾਰ ਹੇਠ ਆ ਗਈ। ਨਿਊਯਾਰਕ ਦੇ ਮੌਸਮ ਸੇਵਾ ਦਫਤਰ ਨੇ ਹੰਗਾਮੀ ਸਥਿਤੀ ਦਾ ਐਲਾਨ ਕਰ ਦਿੱਤਾ ਹੈ। ਹੰਗਾਮੀ ਸਥਿਤੀ ਉਸ ਵੇਲੇ ਐਲਾਨੀ ਜਾਂਦੀ ਹੈ ਜਦੋਂ ਮਨੁੱਖੀ ਜੀਵਨ ਨੂੰ ਗੰਭੀਰ ਖਤਰਾ ਪੈਦਾ ਹੋ ਜਾਵੇ ਤੇ ਭਾਰੀ ਤਬਾਹੀ ਦੀ ਸੰਭਾਵਨਾ ਹੋਵੇ।



ਸੈਂਕੜੇ ਹਵਾਈ ਉਡਾਨਾਂ ਤੇ ਗੱਡੀਆਂ ਰੱਦ ਕਰ ਦਿੱਤੀਆਂ ਗਈਆਂ ਹਨ।

ਲੰਘੇ ਐਤਵਾਰ ਲੂਸਿਆਨਾ ਵਿਚ ਤੂਫਾਨ ਨੇ ਰਫਤਾਰ ਫੜ ਲਈ ਸੀ ਤੇ 150 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਹਵਾਵਾਂ ਚੱਲੀਆਂ। ਲੂਸਿਆਨਾ, ਮਿਸੀਸਿਪੀ ਤੇ ਅਲਾਬਾਮਾ ਵਿਚ ਹੜ ਤੇ ਕਾਰਬਨ ਮੋਨੋਆਕਸਾਈਡ ਗੈਸ ਚੜਨ ਨਾਲ 9 ਮੌਤਾਂ ਹੋਈਆਂ ਹਨ। ਨਿਊਜਰਸੀ ਦੇ ਗਵਰਨਰ ਫਿਲ ਮਰਫੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰਾਜ ਵਿਚ ਤੂਫਾਨ ਨਾਲ 23 ਮੌਤਾਂ ਹੋਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਜ਼ਿਆਦਾਤਰ ਮੌਤਾਂ ਉਨਾਂ ਲੋਕਾਂ ਦੀਆਂ ਹੋਈਆਂ ਹਨ ਜੋ ਆਪਣੇ ਵਾਹਨਾਂ ਵਿਚ ਫਸ ਗਏ ਤੇ ਹੜ ਦਾ ਪਾਣੀ ਉਨਾਂ ਨੂੰ ਵਹਾਅ ਕੇ ਲੈ ਗਿਆ ਜਾਂ ਵਾਹਨ ਉਲਟ ਗਏ। ਮਰਫੀ ਨੇ ਪੀੜਤ ਪਰਿਵਾਰਾਂ ਲਈ ਪ੍ਰਾਰਥਨਾ ਕਰਨ ਲਈ ਕਿਹਾ ਤੇ ਆਸ ਪ੍ਰਗਟਾਈ ਕਿ ਹੋਰ ਜਾਨੀ ਨੁਕਸਾਨ ਨਹੀਂ ਹੋਵੇਗਾ। ਇਸ ਦੇ ਨਾਲ ਹੀ ਉਨਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਸੜਕ ਰਸਤੇ ਸਫਰ ਕਰਨ ਤੋਂ ਗੁਰੇਜ ਕਰਨ ਕਿਉਂਕਿ ਅਜੇ ਤੂਫਾਨ ਖਤਮ ਨਹੀਂ ਹੋਇਆ। ਗਵਰਨਰ ਦੇ ਨਾਲ ਮੌਜੂਦ ਨਿਊਜਰਸੀ ਦੇ ਪ੍ਰਤੀਨਿੰਧ ਟਾਮ ਮਾਲਿਨੋਂਵਸਕੀ ਨੇ ਕਿਹਾ ਕਿ ਇਹ ਤਬਾਹੀ ਸਾਡੇ ਲਈ ਜਾਗ ਜਾਣ ਦਾ ਸੱਦਾ ਹੈ। ਉਨਾਂ ਕਿਹਾ ਕਿ 'ਜੇਕਰ ਕੋਈ ਸੋਚਦਾ ਹੈ ਕਿ ਵਾਤਾਵਰਣ ਤਬਦੀਲੀ ਨੂੰ ਰੋਕਣ ਉਪਰ ਬਹੁਤ ਖਰਚ ਹੋਵੇਗਾ ਤਾਂ ਉਸ ਦੀਆਂ ਅੱਖਾਂ ਖੁਲ ਜਾਣੀਆਂ ਚਾਹੀਦੀਆਂ ਹਨ। ਅਸੀਂ ਅਜਿਹੀਆਂ ਤਬਾਹੀਆਂ ਨਹੀਂ ਝਲ ਸਕਦੇ।'

# ਗੱਤਕਾ ਐਸੋਸੀਏਸ਼ਨ ਪੰਜਾਬ ਉਤੇ ਦਾਗੀ ਪੁਲਿਸ ਅਫਸਰਾਂ ਦਾ ਕਬਜਾ

## ਖੇਡ ਕੋਡ ਮੁਤਾਬਕ ਸਜ਼ਾ ਯਾਫਤਾ ਅਧਿਕਾਰੀ ਖੇਡ ਸੰਸਥਾ ਨਹੀਂ ਚਲਾ ਸਕਦਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ਗੱਤਕਾ ਐਸੋਸੀਏਸ਼ਨ ਜੋ ਖਾਲਸੇ ਦੀ ਖੇਡ ਗੱਤਕਾ ਨੂੰ ਪੰਜਾਬ ਅਤੇ ਪੰਜਾਬ ਤੋਂ ਬਾਹਰ ਉਸਾਰਨ ਅਤੇ ਪ੍ਰਸਾਰਨ ਲਈ ਜਥੇਬੰਦ ਕੀਤੀ ਗਈ ਸੀ ਨੂੰ ਹੁਣ ਇੱਕ ਦਾਗੀ ਪੁਲਿਸ ਅਧਿਕਾਰੀ ਦੇ ਸਪੁਰਦ ਕਰ ਦਿੱਤਾ ਗਿਆ ਹੈ। ਇਸ ਸਬੰਧੀ ਵੱਖ ਵੱਖ ਪੰਥਕ ਜਥੇਬੰਦੀਆਂ ਵਿੱਚ ਰੋਸ ਪਾਇਆ ਜਾ ਰਿਹਾ ਹੈ।

ਦੱਸਿਆ ਜਾਂਦਾ ਹੈ ਕਿ ਪੰਜਾਬ ਗੱਤਕਾ ਐਸੋਸੀਏਸ਼ਨ ਦਾ ਜਿਸ ਸ਼ਖਸ ਨੂੰ ਪ੍ਰਧਾਨ ਥਾਪਿਆ ਗਿਆ ਹੈ ਉਸ ਨੂੰ ਪੰਜਾਬ ਦੀ ਇੱਕ ਅਦਾਲਤ ਵੱਲੋਂ ਦੋਸ਼ੀ ਕਰਾਰ ਦੇ ਕੇ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਹੋਈ ਹੈ। ਉਸ ਉੱਤੇ ਦੋਸ਼ ਹੈ ਕਿ ਉਸ ਪੁਲਿਸ ਅਧਿਕਾਰੀ ਨੇ ਕਿਸੇ ਸਿੱਖ ਨੌਜਵਾਨ ਨੂੰ ਅਗਵਾ ਕਰਕੇ ਉਸ ਦਾ ਝੂਠਾ ਮੁਕਾਬਲਾ ਬਣਾ ਦਿੱਤਾ ਸੀ।



ਭਾਰਤ ਦੇ ਖੇਡ ਕੋਡ ਮੁਤਾਬਕ ਕੋਈ ਸਜ਼ਾ ਯਾਫਤਾ ਅਧਿਕਾਰੀ ਖੇਡ ਸੰਸਥਾ ਦਾ ਕੋਈ ਅਹੁਦੇਦਾਰ ਨਹੀ ਬਣ ਸਕਦਾ ਕਿਉਂਕਿ ਇਸਦਾ ਸਬੰਧ ਸਮਾਜ ਦੇ ਬਹੁਪੱਖੀ ਵਿਕਾਸ ਨਾਲ ਹੁੰਦਾ ਹੈ। ਜਿਹੜਾ ਸ਼ਖਸ ਪਹਿਲਾਂ ਹੀ ਅਪਰਾਧੀ ਐਲਾਨਿਆ ਜਾ ਚੁੱਕਾ ਹੋਵੇ ਉਹ ਸਮਾਜ ਨੂੰ ਕੀ ਸੇਧ ਦੇ ਸਕਦਾ ਹੈ।

ਬਹੁਤ ਸਾਰੀਆਂ ਸਿੱਖ ਸੰਸਥਾਵਾਂ ਨੇ ਮੰਗ ਕੀਤੀ ਹੈ ਕਿ ਪੰਜਾਬ ਗੱਤਕਾ ਐਸੋਸੀਏਸ਼ਨ ਦੀ ਵਾਗਡੋਰ ਕਿਸੇ ਯੋਗ ਸ਼ਖ਼ਸੀਅਤ ਨੂੰ ਸੌਂਪੀ ਜਾਵੇ।

# ਭਾਰਤ ਜਾਣ ਵਾਲੇ ਪ੍ਰਵਾਸੀ ਪੰਜਾਬੀ ਸਾਵਧਾਨ

## ✪ ਅਕਤੂਬਰ-ਨਵੰਬਰ ਵਿਚ ਸਿਖਰ 'ਤੇ ਹੋ ਸਕਦੀ ਹੈ ਤੀਜੀ ਲਹਿਰ ✪ ਭਾਰਤੀ ਵਿਗਿਆਨੀ ਵਲੋਂ ਕਰੋਨਾ ਵਾਇਰਸ ਬਾਰੇ ਦਾਅਵਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਭਾਰਤ ਵਿਚ ਕੋਰੋਨਾ ਦੀ ਤੀਜੀ ਲਹਿਰ ਅਕਤੂਬਰ ਤੇ ਨਵੰਬਰ ਵਿਚ ਸਿਖਰ 'ਤੇ ਹੋ ਸਕਦੀ ਹੈ ਪਰ ਇਸਦੀ ਤੀਬਰਤਾ ਦੂਜੀ ਲਹਿਰ ਦੇ ਮੁਕਾਬਲੇ ਕਾਫ਼ੀ ਘੱਟ ਹੋਵੇਗੀ। ਮਹਾਂਮਾਰੀ ਦੇ ਗਣਿਤ ਦੇ ਸੂਤਰ ਨਾਲ ਸਮੀਖਿਆ ਵਿਚ ਸ਼ਾਮਲ ਇਕ ਵਿਗਿਆਨੀ ਨੇ ਇਹ ਗੱਲ ਕਹੀ।

ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈਆਈਟੀ), ਕਾਨਪੁਰ ਦੇ ਵਿਗਿਆਨੀ ਮਣੀਂਦਰ ਅਗਰਵਾਲ ਨੇ ਕਿਹਾ ਕਿ ਜੇਕਰ ਕੋਈ ਨਵਾਂ ਸਰੂਪ ਨਹੀਂ ਆਉਂਦਾ ਤਾਂ ਸਥਿਤੀ ਵਿਚ ਬਦਲਾਅ ਦੀ ਸੰਭਾਵਨਾ ਨਹੀਂ ਹੈ। ਉਹ ਤਿੰਨ ਮੈਂਬਰੀ ਮਾਹਿਰ ਟੀਮ ਦਾ ਹਿੱਸਾ ਹਨ ਜਿਸ ਨੂੰ ਇਨਫੈਕਸ਼ਨ ਵਚ ਵਾਧੇ ਦਾ ਅਨੁਮਾਨ ਲਗਾਉਣ ਦਾ ਕੰਮ ਦਿੱਤਾ ਗਿਆ ਹੈ।

ਜੇਕਰ ਤੀਜੀ ਲਹਿਰ ਆਉਂਦੀ ਹੈ ਤਾਂ ਭਾਰਤ ਵਿਚ ਹਰ ਰੋਜ਼ ਇਕ ਲੱਖ ਮਾਮਲੇ ਸਾਹਮਣੇ ਆਉਣਗੇ, ਜਦਕਿ ਮਈ 'ਚ ਦੂਜੀ ਲਹਿਰ ਦੇ ਸਿਖਰ 'ਤੇ ਰਹਿਣ ਦੌਰਾਨ ਹਰ ਰੋਜ਼ ਚਾਰ ਲੱਖ



ਮਾਮਲੇ ਸਾਹਮਣੇ ਆ ਰਹੇ ਸਨ। ਦੂਜੀ ਲਹਿਰ ਵਿਚ ਹਜ਼ਾਰਾਂ ਲੋਕਾਂ ਦੀ ਮੌਤ ਹੋ ਗਈ ਤੇ ਕਈ ਲੱਖ ਲੋਕ ਇਨਫੈਕਟਿਡ ਹੋ ਗਏ ਸਨ।

ਅਗਰਵਾਲ ਨੇ ਟਵੀਟ ਕੀਤਾ, 'ਜੇਕਰ ਨਵਾਂ ਮਿਊਟੈਂਟ ਨਹੀਂ ਹੁੰਦਾ ਤਾਂ ਜਿਉਂ ਦੀ ਤਿਉਂ ਸਥਿਤੀ ਬਣੀ ਰਹੇਗੀ ਤੇ ਸਤੰਬਰ ਤਕ ਜੇਕਰ 50 ਫੀਸਦੀ ਜ਼ਿਆਦਾ ਇਨਫੈਕਟਿਡ ਮਿਊਟੈਂਟ ਸਾਹਮਣੇ ਆਉਂਦਾ ਹੈ ਤਾਂ ਨਵਾਂ ਵੇਰੀਐਂਟ ਸਾਹਮਣੇ ਆਏਗਾ। ਤੁਸੀਂ ਦੇਖ ਸਕਦੇ ਹੋ ਕਿ ਨਵੇਂ ਸਰੂਪ ਨਾਲ ਹੀ ਤੀਜੀ ਲਹਿਰ ਆਏਗੀ ਤੇ ਉਸ ਸਥਿਤੀ ਵਿਚ ਨਵੇਂ ਮਾਮਲੇ ਵੱਧ ਕੇ ਹਰ ਰੋਜ਼ ਇਕ ਲੱਖ ਹੋ ਜਾਣਗੇ।'

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਗਣਿਤੀ ਮਾਡਲ ਦੇ ਆਧਾਰ 'ਤੇ ਪਿਛਲੇ ਮਹੀਨੇ ਕਿਹਾ ਗਿਆ ਸੀ ਕਿ ਤੀਜੀ ਲਹਿਰ ਅਕਤੂਬਰ ਤੇ ਨਵੰਬਰ ਵਿਚ ਸਿਖਰ 'ਤੇ ਹੋਵੇਗੀ ਤੇ ਰੋਜ਼ਾਨਾ ਮਾਮਲੇ ਡੇਢ ਲੱਖ ਤੋਂ ਦੋ ਲੱਖ ਤੱਕ ਹੋਣਗੇ। ਇਹ ਸਥਿਤੀ ਤਦੋਂ ਆਏਗੀ ਜਦੋਂ ਸਾਰਸ-ਕੋਵ-2 ਦਾ ਜ਼ਿਆਦਾ ਇਨਫੈਕਟਿਡ ਮਿਊਟੈਂਟ ਸਾਹਮਣੇ ਆਉਂਦਾ ਹੈ। ਹਾਲੇ ਤੱਕ ਡੈਲਟਾ ਤੋਂ ਜ਼ਿਆਦਾ ਇਨਫੈਕਟਿਡ ਮਿਊਟੈਂਟ ਯਾਨੀ ਵਾਇਰਸ ਦਾ ਬਦਲਿਆ ਸਰੂਪ ਸਾਹਮਣੇ ਨਹੀਂ ਆਇਆ। ਪਰ ਭਾਰਤ ਜਾਣ ਵਾਲੇ ਪ੍ਰਵਾਸੀ ਪੰਜਾਬੀਆਂ ਨੂੰ ਸਾਵਧਾਨ ਹੋਣਾ ਚਾਹੀਦਾ ਹੈ। ਯਾਤਰਾ ਤੋਂ ਬਚਣਾ ਚਾਹੀਦਾ ਹੈ।

## ਮਾਮਲਾ ਜੇਲ ਵਿਭਾਗ ਨੇ ਹੁਕਮਾਂ ਦੀ ਉਲੰਘਣਾ ਦਾ

# ਭਾਈ ਖੇੜਾ ਤੇ ਪ੍ਰੋ: ਭੁੱਲਰ ਸਮੇਤ ਬੰਦੀ ਸਿੰਘਾਂ ਦੀ ਕੋਵਿਡ ਛੁੱਟੀ ਰੱਦ ਕੀਤੀ

## ਜਥੇਦਾਰ ਹਵਾਰਾ ਕਮੇਟੀ ਨੇ ਉਠਾਇਆ ਮਸਲਾ





**ਅੰਮ੍ਰਿਤਸਰ/ਏ.ਟੀ.ਨਿਊਜ਼ :** ਸਰਬੱਤ ਖ਼ਾਲਸਾ ਵਲੋਂ ਨਿਯੁਕਤ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਗਠਿਤ ਹਵਾਰਾ ਕਮੇਟੀ ਦੇ ਆਗੂਆਂ ਨੇ ਪੰਜਾਬ ਸਰਕਾਰ ਦੇ ਜੇਲ ਵਿਭਾਗ ਵਲੋਂ ਕੋਵਿਡ ਮਹਾਂਮਾਰੀ ਦੌਰਾਨ ਛੁੱਟੀ 'ਤੇ ਆਏ ਭਾਈ ਗੁਰਦੀਪ ਸਿੰਘ ਖੇੜਾ ਤੇ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਸਮੇਤ ਸਿਆਸੀ ਬੰਦੀ ਸਿੰਘਾਂ ਅਤੇ ਹੋਰ ਬੰਦੀਆਂ ਦੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੇ ਉਲਟ ਛੁੱਟੀ ਰੱਦ ਕਰਕੇ ਵਿਤਕਰਾ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਹੈ ਕਿ ਇਸ ਵਿਰੁੱਧ ਕਮੇਟੀ ਦੇ ਕਾਨੂੰਨੀ ਸੈੱਲ ਵਲੋਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।ਕਮੇਟੀ ਦੇ ਆਗੂਆਂ ਐਡਵੋਕੇਟ ਅਮਰ ਸਿੰਘ ਚਾਹਲ, ਪ੍ਰੋ. ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ, ਐਡਵੋਕੇਟ ਦਿਲਸ਼ੇਰ ਸਿੰਘ ਜੰਡਿਆਲਾ ਅਤੇ ਮਹਾਂਬੀਰ ਸਿੰਘ ਸੁਲਤਾਨਵਿੰਡ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਮਿਤੀ 16 ਜੁਲਾਈ ਦੇ ਹੁਕਮ ਰਾਹੀਂ ਸੂਬਾ ਸਰਕਾਰਾਂ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ ਦੀ ਉੱਚ ਪੱਧਰੀ ਕਮੇਟੀ ਨੂੰ ਸਖ਼ਤ ਹਦਾਇਤ ਕੀਤੀ ਸੀ ਕਿ ਕੋਵਿਡ ਦੌਰਾਨ ਛੁੱਟੀ 'ਤੇ ਗਏ ਬੰਦੀਆਂ ਨੂੰ ਵਿਚਾਰ ਅਧੀਨ ਪਟੀਸ਼ਨ ਦੇ ਨਿਪਟਾਰੇ ਤੱਕ ਵਾਪਸ ਨਾ ਬੁਲਾਇਆ ਜਾਵੇ।

## ਮਾਮਲਾ ਸੰਦੀਪ ਸਿੰਘ ਦੀ ਤਸਵੀਰ ਅਜਾਇਬਘਰ 'ਚ ਲਾਉਣ ਦਾ

# ਕਿਰਨਜੋਤ ਕੌਰ ਨੇ ਕੀਤਾ ਇਤਰਾਜ਼

## ਕਿਹਾ : ਸ਼੍ਰੋਮਣੀ ਕਮੇਟੀ ਦਾ ਸਿਧਾਂਤਹੀਣ ਫੈਸਲਾ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 23 ਅਗਸਤ ਨੂੰ ਅੰਤ੍ਰਿਗ ਕਮੇਟੀ ਦੀ ਇਕੱਤਰਤਾ 'ਚ ਸੰਦੀਪ ਸਿੰਘ ਧਾਲੀਵਾਲ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ 'ਚ ਲਗਾਉਣ ਦੇ ਫੈਸਲੇ 'ਤੇ ਬੀਬੀ ਕਿਰਨਜੋਤ ਕੌਰ ਨੇ ਇਤਰਾਜ਼ ਪ੍ਰਗਟਾਇਆ ਹੈ। ਬੀਬੀ ਕਿਰਨਜੋਤ ਕੌਰ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਤੇ ਅੰਤ੍ਰਿੰਗ ਕਮੇਟੀ ਨੂੰ ਲਿਖੇ ਪੱਤਰ 'ਚ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢਲਾ ਕਾਰਜ ਸਿੱਖ ਰਹਿਤ ਮਰਿਆਦਾ ਅਨੁਸਾਰ ਗੁਰਦੁਆਰਿਆਂ ਦਾ ਪ੍ਰਬੰਧ ਤੇ ਸਿੱਖ ਪ੍ਰਚਾਰ ਕਰਨਾ ਹੈ। ਅਫ਼ਸੋਸ ਸ਼੍ਰੋਮਣੀ ਕਮੇਟੀ ਦੀ 23 ਅਗਸਤ ਨੂੰ ਅੰਤ੍ਰਿਗ ਕਮੇਟੀ ਦੀ ਹੋਈ ਮੀਟਿੰਗ 'ਚ ਇਸ ਜ਼ਿੰਮੇਵਾਰੀ ਵਿਚ ਕੁਤਾਹੀ ਕੀਤੀ ਗਈ ਹੈ।

ਬਜਰ ਕੁਤਾਹੀ ਕਰਨ ਵਾਲੇ ਸਿੱਖ ਦੀ ਫੋਟੋ ਅਜਾਇਬਘਰ ਵਿਚ ਲਾਉਣ ਤੇ ਦੱਸ ਲੱਖ ਰੁਪਏ ਯਾਦਗਾਰ ਸਥਾਪਤ ਕਰਨ ਲਈ ਦੇਣ ਦਾ ਸਿਧਾਂਤਹੀਣ ਫੈਸਲਾ ਕੀਤਾ ਗਿਆ ਹੈ। ਉਨਾਂ ਕਿਹਾ ਕਿ ਮਰਹੂਮ ਸੰਦੀਪ ਸਿੰਘ ਧਾਲੀਵਾਲ ਦੇ ਅਮਰੀਕੀ ਪੁਲਿਸ ਵਰਦੀ 'ਚ ਦਸਤਾਰ ਸ਼ਾਮਲ ਕਰਾਉਣ ਦੇ ਉੱਦਮ ਦੀ ਦਿਲੋਂ ਕਦਰ ਤੇ ਸ਼ਲਾਘਾ ਕਰਦੇ ਹਨ ਪਰ ਯਾਦ ਰਹੇ ਅਜਾਇਬਘਰ 'ਚ ਉਨਾਂ ਗੁਰਸਿੱਖਾਂ ਦੀ ਤਸਵੀਰ ਲਗਾਈ ਜਾਂਦੀ ਹੈ ਜੋ ਕੌਮ ਲਈ ਸਿੱਖੀ 'ਚ ਪ੍ਰੇਰਨਾ ਸਰੋਤ ਹੋਣ। ਉਨਾਂ ਕਿਹਾ ਕਿ ਆਸ ਹੈ, ਕਿ ਸ਼੍ਰੋਮਣੀ ਕਮੇਟੀ ਮਤਾ ਤੁਰੰਤ ਖਾਰਜ ਕਰਕੇ ਆਪਣੀ ਪੰਥਕ ਜ਼ਿੰਮੇਵਾਰੀ ਨਿਭਾਉਗੇ।

ਦੱਸਣਯੋਗ ਹੈ ਕਿ 23 ਅਗਸਤ ਨੂੰ ਨੂੰ ਅਮਰੀਕਾ ਵਿਚ ਡਿਊਟੀ ਦੌਰਾਨ ਸ਼ਹੀਦ ਹੋਏ ਸਿੱਖ ਪੁਲਿਸ ਅਫ਼ਸਰ ਸੰਦੀਪ ਸਿੰਘ ਧਾਲੀਵਾਲ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਲਗਾਉਣ ਦਾ ਵੀ ਫੈਸਲਾ ਕੀਤਾ ਗਿਆ ਸੀ। ਇਸ ਦੇ ਨਾਲ ਹੀ ਸੰਦੀਪ ਸਿੰਘ ਦੇ ਨਗਰ ਵਿਚ ਯਾਦਗਾਰ ਲਈ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ 10 ਲੱਖ ਰੁਪਏ ਦਿੱਤੇ ਜਾ ਚੁੱਕੇ ਹਨ ਅਤੇ ਹੁਣ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਲਗਾਉਣ ਦੀ ਤਿਆਰੀ ਸੀ। ਸੰਦੀਪ ਸਿੰਘ ਨੇ ਅਮਰੀਕਾ ਪੁਲਿਸ 'ਚ ਦਸਤਾਰ ਸਮੇਤ ਡਿਊਟੀ ਕਰਨ ਲਈ ਕਰੀਬ 6 ਸਾਲ ਲੜਾਈ ਲੜੀ ਸੀ, ਜਿਸ ਕਰਕੇ ਸਿੱਖਾਂ ਨੂੰ ਸੇਵਾ ਦੌਰਾਨ ਦਸਤਾਰ ਦੀ ਛੋਟ ਮਿਲੀ ਹੈ।

# ਬਲਾਤਕਾਰੀ ਸਾਧ ਆਸਾਰਾਮ ਬਾਪੂ ਨੂੰ ਜ਼ਮਾਨਤ ਦੇਣ ਤੋਂ ਸੁਪਰੀਮ ਕੋਰਟ ਦੀ ਨਾਂਹ



**ਨਵੀਂ ਦਿੱਲੀ/ਏ.ਟੀ.ਨਿਊਜ਼ :-** ਕੁਕਰਮ ਮਾਮਲੇ ਵਿੱਚ ਸਜ਼ਾ ਕੱਟ ਰਹੇ ਆਸਾਰਾਮ ਬਾਪੂ ਨੂੰ ਸੁਪਰੀਮ ਕੋਰਟ ਵਲੋਂ ਵੱਡਾ ਝਟਕਾ ਲੱਗਾ ਹੈ। ਸੁਪਰੀਮ ਕੋਰਟ ਨੇ ਆਸਾਰਾਮ ਬਾਪੂ ਨੂੰ ਮੈਡੀਕਲ ਆਧਾਰ 'ਤੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਆਸਾਰਾਮ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਖਲ ਕਰਕੇ ਮੈਡੀਕਲ ਆਧਾਰ 'ਤੇ 6 ਹਫਤੇ ਦੀ ਜ਼ਮਾਨਤ ਮੰਗੀ ਸੀ, ਜਿਸ ਨਾਲ ਉਹ ਆਯੁਰਵੇਦ ਦੇ ਸਹਾਰੇ ਆਪਣਾ ਇਲਾਜ ਕਰਵਾ ਸਕਣ। ਉਥੇ ਹੀ, ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ, ਤੁਸੀਂ ਜੋ ਕੀਤਾ ਉਹ ਸਧਾਰਣ ਦੋਸ਼ ਨਹੀਂ ਹੈ। ਤੁਸੀਂ ਜੇਲ ਵਿੱਚ ਰਹਿ ਕੇ ਇਲਾਜ ਕਰਵਾਓ।

ਅੰਮ੍ਰਿਤਸਰ ਟਾਈਮਜ ਅਨੁਸਾਰ ਆਸਾਰਾਮ ਨੂੰ 2018 ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇੱਕ ਅਦਾਲਤ ਨੇ 2013 ਵਿੱਚ ਉਨਾਂ ਨੂੰ ਆਪਣੇ ਆਸ਼ਰਮ ਦੀ ਕੁੜੀ ਨਾਲ ਬਲਾਤਕਾਰ ਦਾ ਦੋਸ਼ੀ ਪਾਇਆ ਸੀ। ਕੁੜੀ ਨਬਾਲਿਗ ਸੀ। ਨਾਬਾਲਿਗਾ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਸੀ ਕਿ ਆਸਾਰਾਮ ਨੇ ਉਸ ਨੂੰ ਜੋਧਪੁਰ ਦੇ ਕੋਲ ਮਣਾਈ ਇਲਾਕੇ ਵਿੱਚ ਆਪਣੇ ਆਸ਼ਰਮ ਵਿੱਚ ਬੁਲਾਇਆ ਸੀ ਅਤੇ 15 ਅਗਸਤ 2013 ਦੀ ਰਾਤ ਉਸ ਨਾਲ ਬਲਾਤਕਾਰ ਕੀਤਾ। ਇਸ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਉਚਿਤ ਹੈ।

# ਕੈਪਟਨ ਨੇ ਕਿਹਾ ਟਿਫਿਨ-ਬੰਬ ਦਾ ਉਦੇਸ਼ ਕਿਸਾਨਾਂ ਦੇ ਵਿਰੋਧ ਵਿਚ ਨਹੀਂ

## ✪ ਤਰਨ ਤਾਰਨ ਨੇੜਿਓਂ ਦੋ ਹੱਥਗੋਲਿਆਂ ਸਮੇਤ ਸ਼ੱਕੀ ਕਾਬੂ ✪ ਮੁੱਖ ਮੰਤਰੀ ਨੂੰ ਮਾਰਨ ਦੀ ਧਮਕੀ ਦੇਣ ਵਾਲੇ ਗੁਰਪਤਵੰਤ ਪੰਨੂ ਖਿਲਾਫ਼ ਕੇਸ ਦਰਜ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਪੁਲਿਸ ਵੱਲੋਂ ਟਿਫਿਨ-ਬੰਬ ਹਮਲੇ ਦੀ ਸੰਭਾਵਨਾ ਨੂੰ ਲੈ ਕੇ ਸੂਬੇ ਵਿੱਚ ਅਲਰਟ ਜਾਰੀ ਕੀਤੇ ਜਾਣ ਦੇ ਬਾਅਦ, ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਧਮਕੀ ਦੇ ਪਿੱਛੇ ਦੇ ਉਦੇਸ਼ ਦਾ ਅਜੇ ਪਤਾ ਨਹੀਂ ਹੈ।

ਕੈਪਟਨ ਨੇ ਕਿਹਾ, 'ਅਸੀਂ ਇਸਦੇ ਪਿੱਛੇ ਦੇ ਉਦੇਸ਼ ਨੂੰ ਨਹੀਂ ਜਾਣਦੇ। ਇਹ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ 'ਤੇ ਕੇਂਦਰਤ ਨਹੀਂ ਸੀ। ਪਰ ਪਿਛਲੇ 1.5 ਸਾਲਾਂ ਵਿੱਚ ਜਿਸ ਤਰੀਕੇ ਦੇ ਨਾਲ ਹਥਿਆਰ ਆ ਰਹੇ ਹਨ, ਮੈਂ ਆਪਣੀ ਜ਼ਿੰਦਗੀ ਵਿੱਚ ਅਜਿਹਾ ਕਦੇ ਨਹੀਂ ਵੇਖਿਆ।'

ਡਰੋਨ ਰਾਹੀਂ ਕਥਿਤ ਤੌਰ 'ਤੇ ਦਿੱਤੇ ਗਏ ਟਿਫਿਨ ਬੰਬ ਹਮਲੇ ਦੀ ਸੰਭਾਵਨਾ ਨੂੰ ਲੈ ਕੇ ਬੀਤੇ ਸੋਮਵਾਰ ਨੂੰ ਜਨਮ ਅਸ਼ਟਮੀ ਦੇ ਮੌਕੇ 'ਤੇ ਲੁਧਿਆਣਾ ਦੇ ਮੰਦਰਾਂ ਅਤੇ ਹੋਰ ਧਾਰਮਿਕ ਸਥਾਨਾਂ ਦੇ ਬਾਹਰ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਸੀ।

ਇਸ ਮਹੀਨੇ ਦੇ ਸ਼ੁਰੂ ਵਿੱਚ ਵੀ, ਪੰਜਾਬ ਵਿੱਚ ਇੱਕ ਟਿਫਿਨ ਬਾਕਸ, ਇੱਕ ਵਿਸਫੋਟਕ ਉਪਕਰਣ (ਆਈਈਡੀ) ਵਿੱਚ ਬਣਾਏ ਗਏ ਹੈਂਡ ਗ੍ਰੇਨੇਡ ਅਤੇ 9 ਐਮਐਮ ਪਿਸਤੌਲ ਦੇ 100 ਗੋਲਿਆਂ ਦੇ ਬਰਾਮਦ ਹੋਣ ਤੋਂ ਬਾਅਦ ਹਾਈ ਅਲਰਟ ਜਾਰੀ ਕੀਤਾ ਗਿਆ ਸੀ।ਇਹ ਭਾਰਤ-ਪਾਕਿਸਤਾਨ ਸਰਹੱਦ ਦੇ ਨੇੜੇ ਅੰਮ੍ਰਿਤਸਰ ਤੋਂ ਬਰਾਮਦ ਕੀਤੇ ਗਏ ਸਨ।

ਇਸ ਖੇਤਰ ਵਿੱਚ ਡਰੋਨ ਗਤੀਵਿਧੀਆਂ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ, ਪੁਲਿਸ ਨੇ ਇੱਕ ਵਿਸ਼ਾਲ ਤਾਲਮੇਲ ਕਾਰਵਾਈ ਦੇ ਬਾਅਦ ਬੰਬ ਅਤੇ ਗੋਲਾ ਬਾਰੂਦ ਬਰਾਮਦ ਕੀਤਾ। ਤਲਾਸ਼ੀ ਮੁਹਿੰਮ ਦੇ ਦੌਰਾਨ, ਪੁਲਿਸ ਟੀਮ ਨੇ ਇੱਕ ਬੈਗ ਬਰਾਮਦ ਕੀਤਾ ਜਿਸ ਵਿੱਚ ਇੱਕ ਡਬਲ-ਡੇਕਰ ਬੱਚਿਆਂ ਦੇ ਦੁਪਹਿਰ ਦੇ ਖਾਣੇ ਦਾ ਡੱਬਾ ਅਤੇ ਹੋਰ ਗੋਲਾ ਬਾਰੂਦ ਬਹੁਤ ਸਾਵਧਾਨੀ ਨਾਲ ਨਰਮ ਫੋਮ ਪਾਊਚਾਂ ਵਿੱਚ ਪੈਕ ਕੀਤਾ ਗਿਆ ਸੀ।ਹੁਣੇ ਜਿਹੇ ਥਾਣਾ ਸਿਟੀ ਪੁਲਿਸ ਨੇ ਬੀਤੇ ਦਿਨੀਂ ਪਿੰਡ ਜੌਹਲ ਢਾਏਵਾਲਾ ਦੇ ਵਸਨੀਕ ਸਰੂਪ ਸਿੰਘ (36) ਨੂੰ ਕਾਬੂ ਕਰ ਕੇ ਉਸ ਕੋਲੋਂ ਦੋ ਹੱਥਗੋਲੇ ਬਰਾਮਦ ਕੀਤੇ ਹਨ। ਉਸ ਦਾ ਸਬੰਧ ਗੁਰਪਤਵੰਤ ਸਿੰਘ ਪੰਨੂ ਦੀ ਅਗਵਾਈ ਵਾਲੀ ਸਿੱਖਸ ਫਾਰ ਜਸਟਿਸ ਨਾਲ ਹੋਣ ਦਾ ਦਾਅਵਾ ਕੀਤਾ ਗਿਆ ਹੈ। ਪੁਲੀਸ ਅਨੁਸਾਰ ਸਰੂਪ ਸਿੰਘ ਨੂੰ ਕਾਬੂ ਕੀਤੇ ਜਾਣ ਨਾਲ ਸਰਹੱਦੀ ਸੂਬੇ 'ਚ ਸੰਭਾਵੀ ਹਮਲੇ ਨੂੰ ਨਾਕਾਮ ਕਰ ਦਿੱਤਾ ਗਿਆ ਹੈ। ਪੰਜਾਬ ਦੇ ਡੀਜੀਪੀ ਦਿਨਕਰ ਗੁਪਤਾ ਦੇ ਅਨੁਸਾਰ ਸਰੂਪ ਸਿੰਘ ਕੋਲੋਂ ਚੀਨ ਦੇ ਬਣੇ ਪੀ-86 ਮਾਰਕੇ ਦੇ 2 ਹੱਥਗੋਲੇ ਬਰਾਮਦ ਕੀਤੇ ਗਏ ਹਨ। ਇਸ ਤੋਂ ਇਲਾਵਾ ਉਸ ਕੋਲੋਂ ਦੋ ਸਿੰਮਾਂ ਵਾਲਾ ਇਕ ਮੋਬਾਈਲ, 1300 ਰੁਪਏ ਦੀ ਭਾਰਤੀ ਕਰੰਸੀ, ਆਧਾਰ ਕਾਰਡ ਅਤੇ ਡਰਾਈਵਿੰਗ ਲਾਇਸੈਂਸ ਵੀ ਬਰਾਮਦ



ਕੀਤਾ ਗਿਆ ਹੈ। ਉਹ ਤਰਨ ਤਾਰਨ ਸ਼ਹਿਰ ਨੇੜਲੇ ਪਿੰਡ ਕੱਕਾ ਕੰਡਿਆਲਾ ਨੇੜੇ ਮੋਟਰਸਾਈਕਲ 'ਤੇ ਕਿੱਧਰੇ ਜਾ ਰਿਹਾ ਸੀ ਅਤੇ ਪੁਲਿਸ ਦੇ ਕਾਬੂ ਆ ਗਿਆ।ਸੂਬੇ ਦੀ ਪੁਲੀਸ ਨੇ ਇਸ ਤੋਂ ਪਹਿਲਾਂ ਵੀ ਵੱਖ-ਵੱਖ ਥਾਵਾਂ ਤੋਂ ਹੱਥਗੋਲੇ ਅਤੇ ਆਰਡੀਐਕਸ ਨਾਲ ਭਰੇ ਟਿਫਿਨ ਬਾਕਸਾਂ ਤੋਂ ਇਲਾਵਾ ਹੋਰ ਹਥਿਆਰ ਤੇ ਗੋਲੀ-ਸਿੱਕਾ ਬਰਾਮਦ ਕੀਤਾ ਹੈ। ਪੁਲਿਸ ਇਸ ਨੂੰ ਸਰਹੱਦੀ ਸੂਬੇ ਦੀ ਸ਼ਾਂਤੀ ਨੂੰ ਭੰਗ ਕਰਨ ਦੀਆਂ ਵੱਡੀਆਂ ਕੋਸ਼ਿਸ਼ਾਂ ਵਜੋਂ ਦੇਖ ਰਹੀ ਹੈ।

ਮੁਢਲੀ ਪੜਤਾਲ ਦੌਰਾਨ ਸਰੂਪ ਸਿੰਘ ਨੇ ਖੁਲਾਸਾ ਕੀਤਾ ਹੈ ਕਿ ਉਹ ਸੋਸ਼ਲ ਮੀਡੀਆ ਰਾਹੀਂ ਵਿਦੇਸ਼ ਬੈਠੇ ਗੁਰਪਤਵੰਤ ਸਿੰਘ ਪੰਨੂ ਦੇ ਨੇੜਲਿਆਂ ਦੇ ਸੰਪਰਕ ਵਿੱਚ ਆਇਆ ਸੀ ਅਤੇ ਜਿਨਾਂ ਨੇ ਉਸ ਨੂੰ ਖਾੜਕੂ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਪ੍ਰੇਰਿਆ। ਪੁਲਿਸ ਨੇ ਦੱਸਿਆ ਕਿ ਵਿਦੇਸ਼ੀ ਸੰਚਾਲਕਾਂ ਨੇ ਸਰੂਪ ਸਿੰਘ ਲਈ 2 ਹੱਥਗੋਲਿਆਂ ਦੀ ਖੇਪ ਦਾ ਪ੍ਰਬੰਧ ਕੀਤਾ। ਉਹ ਪਹਿਲਾਂ ਹੀ ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ ਕੁਝ ਸੰਵੇਦਨਸ਼ੀਲ ਨਿਸ਼ਾਨਿਆਂ ਦੀ ਰੇਕੀ ਕਰ ਚੁੱਕਾ ਸੀ। ਉਨਾਂ ਦੱਸਿਆ ਕਿ ਮੁਲਜ਼ਮ ਦੇ ਮੋਬਾਈਲ ਫੋਨ ਵਿੱਚੋਂ ਇਕ ਸਿਖਲਾਈ ਵੀਡੀਓ ਵੀ ਮਿਲੀ ਹੈ, ਜਿਸ ਵਿੱਚ ਵਿਦੇਸ਼ੀ ਸੰਚਾਲਕ ਉਸ ਨੂੰ ਹੱਥਗੋਲੇ ਨੂੰ ਸਫ਼ਲਤਾਪੂਰਵਕ ਵਿਸਫੋਟ ਕਰਨ ਬਾਰੇ ਦੱਸ ਰਹੇ ਹਨ। ਪੁਲਿਸ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਹ ਸਾਰੀਆਂ ਖੇਪਾਂ ਸਰਹੱਦ ਪਾਰੋਂ ਵੱਖ-ਵੱਖ ਖਾੜਕੂ ਸੰਗਠਨਾਂ ਵੱਲੋਂ ਪੰਜਾਬ ਵਿੱਚ ਹਿੰਸਕ ਹਮਲਿਆਂ ਨੂੰ ਅੰਜਾਮ ਦੇਣ ਲਈ ਭੇਜੀਆਂ ਜਾ ਰਹੀਆਂ ਹਨ। ਸਥਾਨਕ ਥਾਣਾ ਸਿਟੀ ਪੁਲਿਸ ਨੇ ਵਿਸਫੋਟਕ ਪਦਾਰਥ (ਸੋਧ) ਐਕਟ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਸਰੂਪ ਸਿੰਘ ਅਜੇ ਕੁੰਵਾਰਾ ਹੈ ਤੇ ਉਸ ਦੇ ਪਿਤਾ ਦੀ ਕਈ ਸਾਲ ਪਹਿਲਾਂ ਮੌਤ ਹੋ ਚੁੱਕੀ ਹੈ। ਉਸ ਕੋਲ ਢਾਈ ਕਨਾਲ ਜ਼ਮੀਨ ਹੈ। ਉਹ ਗੁਜਰਾਤ ਜਾਂ ਕਿਸੇ ਹੋਰ ਸੂਬੇ ਅੰਦਰ ਡਰਾਈਵਰੀ ਕਰਦਾ ਸੀ ਅਤੇ ਤਿੰਨ ਕੁ ਦਿਨ ਪਹਿਲਾਂ ਹੀ ਇਲਾਕੇ ਅੰਦਰ ਆਇਆ ਸੀ। ਉਸ ਦੀ ਬਿਰਧ ਮਾਤਾ ਆਪਣੇ ਲੜਕੇ ਦੇ ਕਿਸੇ ਵੀ ਅਪਰਾਧ ਤੋਂ ਅਨਜਾਣ ਹੈ।ਇਸਤੋਂ ਪਹਿਲਾਂ ਟਿਫਨ ਬੰਬ ਕੇਸ ਵਿਚ ਸਿੰਘ ਸਾਹਿਬ ਜਸਵੀਰ ਸਿੰਘ ਰੋਡੇ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ (ਖਾਲਸਾ) ਰੋਡੇ ਦੇ ਸਪੁੱਤਰ ਗੁਰਮੁੱਖ ਸਿੰਘ ਬਰਾੜ ਦੀ ਗ੍ਰਿਫਤਾਰੀ ਦੇ ਵਿਰੋਧ 'ਚ ਪੰਥਕ ਧਿਰਾਂ, ਰਾਜਸੀ ਪਾਰਟੀਆਂ, ਸਮਾਜ ਸੇਵੀ ਜਥੇਬੰਦੀਆਂ, ਕਿਸਾਨ ਯੂਨੀਅਨਾਂ ਤੇ ਹੋਰ ਸੰਸਥਾਵਾਂ ਦੀ ਭਰਵੀਂ ਇਕੱਤਰਤਾ ਸਥਾਨਕ ਗੁਰਦੁਆਰਾ ਪਾਤਸ਼ਾਹੀ ਨੌਵੀਂ ਗੁਰੂ ਤੇਗ ਬਹਾਦਰ ਨਗਰ ਵਿਖੇ ਕਰਕੇ ਗੁਰਮੁੱਖ ਸਿੰਘ ਬਰਾੜ ਸਮੇਤ ਜੇਲਾਂ ਵਿਚ ਬੰਦ ਹੋਰ ਸਿੱਖ ਨੌਜਵਾਨਾਂ ਦੀ ਰਿਹਾਈ, ਕਿਸਾਨੀ ਸੰਘਰਸ਼, ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਤੇ ਹੋਰਨਾਂ ਪੰਥਕ ਮਸਲਿਆਂ ਦੇ ਹੱਲ ਲਈ ਸਮੂਹ ਪੰਥਕ ਧਿਰਾਂ ਨੂੰ ਇਕ ਝੰਡੇ ਥੱਲੇ ਇਕੱਠੇ ਹੋਣ ਦਾ ਸੱਦਾ ਦਿੱਤਾ ਸੀ। ਇਸ ਮੌਕੇ ਜਥੇਬੰਦੀਆਂ ਵਿਚ ਤਾਲਮੇਲ ਬਿਠਾਉਣ ਲਈ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲਿਆਂ ਦੀ ਅਗਵਾਈ ਹੇਠ ਇਕ ਤਿੰਨ ਮੈਂਬਰੀ ਕਮੇਟੀ ਦਾ ਵੀ ਗਠਨ ਕੀਤਾ ਗਿਆ, ਜਿਸ ਵਿਚ ਭਾਈ ਜਸਬੀਰ ਸਿੰਘ ਰੋਡੇ ਅਤੇ ਬਾਬਾ ਅਵਤਾਰ ਸਿੰਘ ਧੂੜਕੋਟ ਵਾਲੇ ਸ਼ਾਮਿਲ ਹਨ ।

**ਖ਼ਾਲਿਸਤਾਨ ਪੱਖੀ ਪੰਨੂ ਖ਼ਿਲਾਫ਼ ਕੇਸ ਦਰਜ**

ਪੰਜਾਬ ਪੁਲਿਸ ਨੇ ਸੂਬੇ ਦੇ ਮੁੱਖ ਮੰਤਰੀ ਨੂੰ ਮਾਰਨ ਦੀ ਧਮਕੀ ਦੇਣ 'ਤੇ ਖ਼ਾਲਿਸਤਾਨ ਪੱਖੀ ਗੁਰਪਤਵੰਤ ਸਿੰਘ ਪੰਨੂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੰਜਾਬ ਦੇ ਡੀਜੀਪੀ ਦਿਨਕਰ ਗੁਪਤਾ ਨੇ ਦੱਸਿਆ ਕਿ ਪੰਨੂ ਤੇ ਉਸ ਦੇ ਸਾਥੀਆਂ ਅਤੇ ਸਿੱਖਸ ਫਾਰ ਜਸਟਿਸ ਮੈਂਬਰਾਂ ਖਿਲਾਫ ਗ਼ੈਰਕਾਨੂੰਨੀ ਸਰਗਰਮੀਆਂ (ਰੋਕੂ) ਐਕਟ ਤੇ ਆਈਪੀਸੀ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਮੁਹਾਲੀ ਦੇ ਸਟੇਟ ਸਾਈਬਰ ਕਰਾਈਮ ਪੁਲਿਸ ਸਟੇਸ਼ਨ ਵਿੱਚ ਕੇਸ ਦਰਜ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਗੁਰਪਤਵੰਤ ਪੰਨੂ ਨੂੰ ਹਿੰਸਕ ਦਹਿਸ਼ਤੀ ਕਾਰਵਾਈਆਂ ਨੂੰ ਭੜਕਾਉਣ ਤੇ ਸੰਵਿਧਾਨ ਅਨੁਸਾਰ ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਨੂੰ ਮਾਰਨ ਦੀ ਧਮਕੀ ਦੇਣ ਦੇ ਦੋਸ਼ ਵਿੱਚ ਦੋਸ਼ੀ ਪਾਇਆ ਗਿਆ ਹੈ। ਉਨਾਂ ਦੱਸਿਆ ਕਿ 28 ਅਗਸਤ ਨੂੰ ਪੋਸਟ ਕੀਤੀ ਗਈ ਵੀਡੀਓ ਦੀ ਮੁੱਢਲੀ ਜਾਂਚ ਦਾ ਹਵਾਲਾ ਦਿੰਦਿਆਂ ਡੀਜੀਪੀ ਨੇ ਕਿਹਾ ਕਿ ਉਕਤ ਵੀਡੀਓ ਤੋਂ ਮੁੱਖ ਮੰਤਰੀ ਦੇ ਵਿਰੁੱਧ ਇੱਕ ਅਪਰਾਧਿਕ ਸਾਜ਼ਿਸ਼ ਦਾ ਸਪੱਸ਼ਟ ਤੌਰ 'ਤੇ ਪਤਾ ਚਲਦਾ ਹੈ। ਉਨਾਂ ਕਿਹਾ ਕਿ ਪੂਰੀ ਸਾਜ਼ਿਸ਼ ਤੋਂ ਪਰਦਾ ਚੁੱਕਣ ਲਈ ਅਗਲੇਰੀ ਜਾਂਚ ਜਾਰੀ ਹੈ। ਡੀਜੀਪੀ ਨੇ ਕਿਹਾ ਕਿ ਐੱਸਐੱਫਜੇ ਨੇ ਜੁਲਾਈ ਵਿੱਚ ਹਿਮਾਚਲ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਵਿਰੁੱਧ ਧਮਕੀ ਦਿੱਤੀ ਸੀ। ਧਮਕੀ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਜਥੇਬੰਦੀ ਹਿਮਾਚਲ ਦੇ ਮੁੱਖ ਮੰਤਰੀ ਨੂੰ ਅਜ਼ਾਦੀ ਦਿਹਾੜੇ 'ਤੇ ਕੌਮੀ ਝੰਡਾ ਲਹਿਰਾਉਣ ਦੀ ਇਜਾਜ਼ਤ ਨਹੀਂ ਦੇਵੇਗੀ। ਹਿਮਾਚਲ ਪੁਲਿਸ ਨੇ ਉਦੋਂ ਪੰਨੂ ਖਿਲਾਫ਼ ਕੇਸ ਦਰਜ ਕੀਤਾ ਸੀ। ਪੁਲਿਸ ਮੁਖੀ ਨੇ ਕਿਹਾ ਕਿ ਅਮਰੀਕਾ ਅਧਾਰਿਤ ਖਾਲਿਸਤਾਨ ਪੱਖੀ ਜਥੇਬੰਦੀ ਸਿੱਖਸ ਫਾਰ ਜਸਟਿਸ ਨੂੰ ਭਾਰਤ ਸਰਕਾਰ ਨੇ ਯੂਏਪੀਏ ਦੀਆਂ ਵੱਖ ਵੱਖ ਧਾਰਾਵਾਂ ਤਹਿਤ 10 ਜੁਲਾਈ 2019 ਨੂੰ ਜਾਰੀ ਨੋਟੀਫਿਕੇਸ਼ਨ ਰਾਹੀਂ 'ਗੈਰਕਾਨੂੰਨੀ ਜਥੇਬੰਦੀ' ਐਲਾਨਿਆ ਸੀ। ਉਨਾਂ ਦੱਸਿਆ ਕਿ ਇਸ ਜਥੇਬੰਦੀ ਨੂੰ ਭਾਰਤ ਸੰਘ ਦੇ ਖੇਤਰ ਤੋਂ ਬਾਹਰ, ਖਾਲਿਸਤਾਨ ਨਾਮੀ ਦੇਸ਼ ਬਣਾਉਣ ਲਈ ਸ਼ਾਂਤਮਈ ਮੁਹਿੰਮ ਦੀ ਆੜ ਵਿੱਚ ਪੰਜਾਬ ਅਤੇ ਹੋਰਨਾਂ ਥਾਵਾਂ 'ਤੇ ਦੇਸ਼ ਵਿਰੋਧੀ ਅਤੇ ਵਿਨਾਸ਼ਕਾਰੀ ਗਤੀਵਿਧੀਆਂ ਵਿੱਚ ਸ਼ਾਮਲ ਪਾਇਆ ਗਿਆ ਸੀ। ਇਸ ਪਾਬੰਦੀਸ਼ੁਦਾ ਜਥੇਬੰਦੀ ਦੇ ਖਾੜਕੂ ਸੰਗਠਨਾਂ ਦੇ ਮੈਂਬਰਾਂ ਅਤੇ ਕੱਟੜਪੰਥੀ ਸੰਗਠਨਾਂ ਦੇ ਮੈਂਬਰਾਂ/ਪੰਜਾਬ ਵਿੱਚ ਗੜਬੜੀ ਪੈਦਾ ਕਰਨ ਦੀਆਂ ਕਾਰਵਾਈਆਂ ਵਿੱਚ ਸ਼ਾਮਲ ਅਨਸਰਾਂ ਨਾਲ ਨੇੜਲੇ ਸੰਪਰਕ ਸਾਹਮਣੇ ਆਏ ਹਨ।

# ਕੈਪਟਨ ਤੇ ਸਿੱਧੂ ਦਾ ਝਗੜਾ ਬਰਕਰਾਰ

## ਹਰੀਸ਼ ਰਾਵਤ ਨੇ ਮੰਨਿਆ, ਪੰਜਾਬ ਕਾਂਗਰਸ ਦੇ ਹਾਲਾਤ ਸੁਖਾਵੇਂ ਨਹੀਂ, ਕਿਹਾ-ਬਹੁਤ ਸਾਰੇ ਮਸਲੇ ਹਨ ਜਿਨਾਂ ਨੂੰ ਹੱਲ ਕੀਤਾ ਜਾਣਾ ਹੈ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਮੰਨਿਆ ਕਿ ਪੰਜਾਬ ਕਾਂਗਰਸ 'ਚ ਆਲ ਇਜ਼ ਵੈੱਲ ਨਹੀਂ ਹੈ। ਉਨਾਂ ਦਾ ਕਹਿਣਾ ਹੈ ਕਿ ਬਹੁਤ ਸਾਰੇ ਮਸਲੇ ਹਨ ਜਿਨਾਂ ਨੂੰ ਹੱਲ ਕੀਤਾ ਜਾਣਾ ਹੈ। ਰਾਵਤ ਦਾ ਇਹ ਬਿਆਨ ਉਦੋਂ ਆਇਆ, ਜਦੋਂ ਉਹ ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਨੂੰ ਖਤਮ ਕਰਨ ਲਈ ਚੰਡੀਗੜ 'ਚ ਦੋ ਦਿਨਾਂ ਦੀ ਯਾਤਰਾ ਤੋਂ ਬਾਅਦ ਵਾਪਸ ਜਾਣ ਦੀ ਤਿਆਰੀ ਕਰ ਰਹੇ ਸਨ। ਇਸ ਦੌਰਾਨ ਰਾਵਤ ਨੇ ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਵੱਖ-ਵੱਖ ਬੈਠਕਾਂ ਕੀਤੀਆਂ।

ਅਹਿਮ ਗੱਲ ਇਹ ਹੈ ਕਿ ਆਪਣੇ ਦੋ ਦਿਨਾਂ ਦੀ ਯਾਤਰਾ ਦੌਰਾਨ ਰਾਵਤ ਨੇ ਕੈਪਟਨ ਅਤੇ ਸਿੱਧੂ ਦੋਵਾਂ ਨੂੰ ਹੀ ਯਕੀਨ ਦਿਵਾਉਣ ਦੀ ਕੋਸ਼ਿਸ ਕੀਤੀ। ਉਨਾਂ ਨੇ ਸਿੱਧੂ ਨੂੰ ਅਨੁਸ਼ਾਸਨ ਦਾ ਪਾਠ ਪੜਾਇਆ ਅਤੇ ਪੰਜਾਬ ਸਰਕਾਰ ਦੇ ਕੰਮਕਾਜ ਨੂੰ ਸਲਾਹਿਆ। ਰਾਵਤ ਨੇ ਕਿਹਾ, ਪੰਜਾਬ 'ਚ ਕੁਝ ਅਜਿਹੇ ਕੰਮ ਹੋਏ ਜਿਨਾਂ ਦੀ ਪ੍ਰਸ਼ੰਸਾ ਹੋਣੀ ਚਾਹੀਦੀ ਸੀ। ਬਰਗਾੜੀ ਕਾਂਡ ਅਤੇ ਨਸ਼ੇ ਵਰਗੇ ਮਾਮਲਿਆਂ 'ਚ ਸੀਨੀਅਰ ਅਧਿਕਾਰੀਆਂ 'ਤੇ ਵੀ ਕਾਰਵਾਈ ਹੋਈ। ਅਜਿਹੀ ਕਾਰਵਾਈ ਦੇਸ਼ ਦੇ ਹੋਰ ਹਿੱਸਿਆਂ 'ਚ ਵਿਖਾਈ ਨਹੀਂ ਦਿੰਦੀ।

ਪੰਜਾਬ ਕਾਂਗਰਸ ਇੰਚਾਰਜ ਹਰੀਸ਼ ਰਾਵਤ ਨੇ ਕਿਹਾ ਕਿ ਪੰਜਾਬ ਸਰਕਾਰ ਸੀਬੀਆਈ ਦੇ ਜੁਬਾੜੇ 'ਚੋਂ ਕੇਸ (ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ) ਵਾਪਸ ਲੈ ਕੇ ਆਈ ਹੈ। ਅਜਿਹਾ ਕਦੇ ਵੀ ਵੇਖਣ ਨੂੰ ਨਹੀਂ ਮਿਲਿਆ। ਰਾਵਤ ਦਾ ਇਹ ਬਿਆਨ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਨਵਜੋਤ ਸਿੰਘ ਸਿੱਧੂ ਬੇਅਦਬੀ ਦੇ ਮਾਮਲਿਆਂ ਨੂੰ ਲੈ ਕੇ ਕੈਪਟਨ ਨੂੰ ਘੇਰਦੇ ਰਹੇ ਹਨ।

ਮੁੱਖ ਮੰਤਰੀ ਕੈਪਟਨ 'ਤੇ ਬੇਭਰੋਸਾ ਪ੍ਰਗਟ ਕਰਨ ਵਾਲੇ ਚਾਰ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਤੇ ਚਰਨਜੀਤ ਸਿੰਘ ਚੰਨੀ ਦੇ ਚੰਡੀਗੜ ਦੌਰੇ ਦੌਰਾਨ ਉਨਾਂ ਨਾਲ ਮੁਲਾਕਾਤ ਨਾ ਕਰਨ ਨੂੰ ਲੈ ਕੇ ਰਾਵਤ ਨੇ ਕਿਹਾ, ਚੰਗਾ ਹੀ ਹੋਇਆ ਕਿ ਇਹ ਮੰਤਰੀ ਮੈਨੂੰ ਮਿਲਣ ਨਹੀਂ ਆਏ। ਜੇਕਰ ਉਹ ਮੇਰੇ ਕੋਲ ਆਉਂਦੇ ਤਾਂ ਮੇਰਾ ਦੌਰਾ ਉਨਾਂ ਦੇ ਨਾਲ ਹੀ ਜੋੜ ਦਿੱਤਾ ਜਾਂਦਾ। ਇੱਥੇ ਜ਼ਿਕਰਯੋਗ ਹੈ ਕਿ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਮੁਖੀ ਹਰੀਸ਼ ਰਾਵਤ ਨੇ ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ ਤੇ ਪੰਜਾਬ ਵਾਸੀਆਂ ਨੂੰ ਬਿਜਲੀ ਦੀਆਂ ਦਰਾਂ ਵਿੱਚ ਰਾਹਤ ਦੇਣ ਲਈ ਕਿਹਾ। ਜ਼ਿਕਰਯੋਗ ਹੈ ਕਿ ਪੰਜਾਬ ਕਾਂਗਰਸ ਦੇ ਮੁਖੀ ਨਵਜੋਤ ਸਿੰਘ ਸਿੱਧੂ ਵੀ ਬਿਜਲੀ ਦਰਾਂ ਘਟਾਉਣ 'ਤੇ ਜ਼ੋਰ ਦੇ ਰਹੇ ਹਨ।

**ਪੰਜਾਬ ਕਾਂਗਰਸ ਦਾ ਸੰਕਟ**

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜਿਉਂ ਜਿਉਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਤਿਉਂ ਤਿਉਂ ਰਾਜ ਕਰ ਰਹੀ ਕਾਂਗਰਸ ਪਾਰਟੀ ਦਾ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। 5 ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਾਸੀਆਂ ਨਾਲ ਬਹੁਤ ਸਾਰੇ ਵਾਅਦੇ ਕਰਕੇ ਸੱਤਾ ਦੇ ਸਿੰਗਾਂ ਨੂੰ ਹੱਥ ਪਾ ਲਿਆ ਸੀ। ਉਸ ਵੇਲੇ ਉਨਾਂ ਨੇ ਭੋਲੇ ਭਾਲੇ ਪੰਜਾਬੀਆਂ ਨੂੰ ਵੱਡੇ ਸਬਜ਼ਬਾਗ ਦਿਖਾਕੇ ਸੱਤਾ ਹਥਿਆ ਲਈ ਸੀ, ਜਿਹੜੇ ਵਾਅਦੇ ਉਨਾਂ ਕੀਤੇ ਸਨ ਉਨਾਂ ਨੂੰ ਪੂਰਾ ਕਰਨ ਦੀ ਕੈਪਟਨ ਅਮਰਿੰਦਰ ਸਿੰਘ ਵਿੱਚ ਸਮਰਥਾ ਨਹੀਂ ਸੀ। ਉਸ ਵੇਲੇ ਪੰਜਾਬ ਦੇ ਲੋਕ ਅਕਾਲੀ ਦਲ ਦੀ ਰਾਜਨੀਤੀ ਤੋਂ ਤੰਗ ਆਏ ਹੋਏ ਸਨ ਇਸ ਲਈ ਉਨਾਂ ਆਮ ਆਦਮੀ ਪਾਰਟੀ ਨਾਲੋਂ ਕੈਪਟਨ ਦੇ ਵਾਅਦੇ ਉੱਤੇ ਯਕੀਨ ਕਰਕੇ ਇਸ ਨੂੰ ਮੁੱਖ ਮੰਤਰੀ ਬਣਾ ਦਿੱਤਾ ਸੀ। ਪਰ ਹੁਣ 5 ਸਾਲ ਬਾਅਦ ਸਥਿਤੀ ਤਬਦੀਲ ਹੁੰਦੀ ਨਜ਼ਰ ਆ ਰਹੀ ਹੈ। ਕੈਪਟਨ ਦੇ ਕੈਬਨਿਟ ਮੰਤਰੀ ਇਸ ਵੇਲੇ ਬਗਾਵਤ ਦਾ ਝੰਡਾ ਚੁੱਕੀ ਫਿਰਦੇ ਹਨ। ਉਨਾਂ ਦਾ ਕਹਿਣਾ ਹੈ ਕਿ ਕੈਪਟਨ 5



ਸਾਲ ਪਹਿਲਾਂ ਕੀਤੇ ਮੁੱਖ ਵਾਅਦਿਆਂ ਵਿੱਚੋਂ ਕੋਈ ਵੀ ਪੂਰਾ ਕਰਨ ਦੇ ਸਮਰੱਥ ਨਹੀਂ ਰਿਹਾ ਇਸ ਲਈ ਸਾਡੇ ਵਾਸਤੇ ਮੁੜ ਪੰਜਾਬ ਦੇ ਲੋਕਾਂ ਸਾਹਮਣੇ ਜਾਣਾ ਮੁਸ਼ਕਲ ਹੋ ਰਿਹਾ ਹੈ। ਹੌਲੀ ਹੌਲੀ ਕੈਪਟਨ ਦਾ ਵਿਰੋਧ ਕਰਨ ਤੋਂ ਬਾਅਦ ਹੁਣ ਇਨਾਂ ਕਾਂਗਰਸੀਆਂ ਨੇ ਕੈਪਟਨ ਨੂੰ ਗੱਦੀ ਤੋਂ ਲਾਹ ਕੇ ਕਿਸੇ ਸੀਨੀਅਰ ਕਾਂਗਰਸੀ ਨੂੰ ਮੁੱਖ ਮੰਤਰੀ ਬਣਾਉਣ ਦੀ ਗੱਲ ਚਲਾ ਲਈ ਹੈ। ਉਨਾਂ ਦਾ ਕਹਿਣਾ ਹੈ ਕਿ ਕੈਪਟਨ ਨਾ ਤਾਂ ਬੇਅਦਬੀ ਦੇ ਮਾਮਲੇ ਤੇ ਇਨਸਾਫ ਦਿਵਾ ਸਕਿਆ ਹੈ ਅਤੇ ਨਾ ਹੀ ਨਸ਼ਿਆਂ ਨੂੰ ਠੱਲ ਪਾ ਸਕਿਆ ਹੈ। ਨਸ਼ਿਆਂ ਦੇ ਵੱਡੇ ਸੌਦਾਗਰ ਹਾਲੇ ਵੀ ਦਨਦਨਾਉਂਦੇ ਫਿਰਦੇ ਹਨ। ਦੋਸ਼ੀ ਪੁਲਿਸ ਅਫਸਰਾਂ ਦੇ ਘਰਾਂ ਦੀਆਂ ਕੰਧਾਂ ਤੇ ਪੁਲਿਸ ਲਾਠੀਆਂ ਮਾਰਕੇ ਵਾਪਸ ਆ ਜਾਂਦੀ ਹੈ ਅਤੇ ਗ੍ਰਿਫਤਾਰ ਨਹੀਂ ਕਰ ਪਾਉਂਦੀ।

ਅਸੀਂ ਸਮਝਦੇ ਹਾਂ ਕਿ ਪੰਜਾਬ ਦੇ ਕਾਂਗਰਸੀਆਂ ਦੇ ਇਹ ਗਿਲੇ ਜਾਇਜ਼ ਹਨ। ਕੈਪਟਨ ਅਮਰਿੰਦਰ ਸਿੰਘ ਪਿਛਲੇ 5 ਸਾਲਾਂ ਦੌਰਾਨ ਅਸਫਲ ਮੁੱਖ ਮੰਤਰੀ ਸਾਬਤ ਹੋਏ ਹਨ। ਨਾ ਤਾਂ ਉਹ ਪੰਜਾਬ ਸਿਰ ਚੜਿਆ ਕਰਜਾ ਘਟਾਉਣ ਵਿੱਚ ਕਾਮਯਾਬ ਹੋਏ ਹਨ ਅਤੇ ਨਾ ਹੀ ਉਹ ਵਾਅਦੇ ਪੂਰੇ ਕਰਨ ਵਿੱਚ ਸਫਲ ਹੋਏ ਹਨ ਜਿਹੜੇ ਉਨਾਂ 2017 ਵਿੱਚ ਕੀਤੇ ਸਨ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਕੈਪਟਨ ਨੇ ਪਿਛਲੇ 5 ਸਾਲਾਂ ਦੌਰਾਨ ਪੰਜਾਬ ਵੱਲ ਧਿਆਨ ਨਹੀਂ ਦਿੱਤਾ। ਉਹ ਤਾਂ ਆਪਣੀ ਪਾਰਟੀ ਦੇ ਵਿਧਾਇਕਾਂ ਨੂੰ ਵੀ ਨਹੀਂ ਸੀ ਮਿਲਦੇ।

ਕਾਂਗਰਸ ਪਾਰਟੀ ਦੇ ਕੁਝ ਵਿਧਾਇਕ ਕੈਪਟਨ ਅਮਰਿੰਦਰ ਸਿੰਘ ਨੂੰ ਗੱਦੀ ਤੋਂ ਲਾਹੁਣ ਦੀ ਤਿਆਰੀ ਵਿੱਚ ਹਨ। ਕੈਪਟਨ ਵਿਰੋਧੀ ਖੇਮੇ ਦਾ ਮੰਨਣਾ ਹੈ ਕਿ ਪਿਛਲੇ 5 ਸਾਲਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀਆਂ ਨਾਲ ਮਿਲਕੇ ਖੇਡ ਖੇਡੀ ਹੈ ਨਹੀਂ ਤਾਂ ਮੁੱਖ ਮੰਤਰੀ ਬਣਦੇ ਸਾਰ ਹੀ ਪਹਿਲਾ ਕੰਮ ਅਕਾਲੀਆਂ ਦੀ ਨਿੱਜੀ ਟਰਾਂਸਪੋਰਟ ਨੂੰ ਬੰਦ ਕਰਵਾਉਣ ਅਤੇ ਕੇਬਲ ਵਪਾਰ ਨੂੰ ਬੰਦ ਕਰਵਾਉਣ ਦਾ ਹੋਣਾ ਚਾਹੀਦਾ ਸੀ। ਪੰਜਾਬ ਦੇ ਕਿਸੇ ਵੀ ਗਵਾਂਢੀ ਰਾਜ ਵਿੱਚ ਨਿੱਜੀ ਟਰਾਂਸਪੋਰਟ ਏਨੀ ਮਜਬੂਤ ਨਹੀਂ ਹੈ ਕਿ ਉਹ ਮਾਫੀਆ ਦਾ ਰੂਪ ਧਾਰ ਲਵੇ। ਹਰਿਆਣਾ, ਹਿਮਾਚਲ, ਰਾਜਸਥਾਨ, ਦਿੱਲੀ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਤੱਕ ਸਾਰੇ ਪਾਸੇ ਸਰਕਾਰੀ ਟਰਾਂਸਪੋਰਟ ਮਜਬੂਤੀ ਨਾਲ ਚੱਲ ਰਹੀ ਹੈ ਪਰ ਸਿਰਫ ਪੰਜਾਬ ਵਿੱਚ ਅਕਾਲੀਆਂ ਨੇ ਇਸਦਾ ਭੱਠਾ ਬਿਠਾ ਦਿੱਤਾ ਹੈ। ਸਹੀ ਟਰਾਂਸਪੋਰਟ, ਸ਼ਰਾਬ ਨੀਤੀ, ਕੇਬਲ ਨੀਤੀ, ਰੇਤਾ-ਬਜਰੀ ਨੀਤੀ, ਮੀਡੀਆ ਨੀਤੀ ਆਦਿ ਨਾਲ ਪੰਜਾਬ ਦਾ ਖਜਾਨਾ ਭਰਕੇ, ਸਿਰ ਚੜਿਆ ਕਰਜਾ ਮੋੜਿਆ ਜਾ ਸਕਦਾ ਹੈ ਅਤੇ ਆਉਣ ਵਾਲੀਆਂ ਪੀੜੀਆਂ ਦਾ ਭਵਿੱਖ ਸੁਰਖਰੂ ਕੀਤਾ ਜਾ ਸਕਦਾ ਹੈ।

## ਮਾਮਲਾ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ

# ਮੁਤਵਾਜ਼ੀ ਜਥੇਦਾਰ ਮੰਡ ਨੇ ਕੀਤਾ ਕੈਪਟਨ ਤਲਬ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਬਰਗਾੜੀ ਬੇਅਦਬੀ ਮਾਮਲੇ ਵਿੱਚ ਹੁਣ ਤੱਕ ਇਨਸਾਫ ਨਾ ਦੇਣ ਦੇ ਦੋਸ਼ ਹੇਠ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 20 ਸਤੰਬਰ ਨੂੰ ਸਪੱਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਹੈ।



ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਣ ਮਗਰੋਂ ਭਾਈ ਮੰਡ ਨੇ ਦੱਸਿਆ ਕਿ ਪਿਛਲੀ ਵਾਰ 20 ਅਗਸਤ ਨੂੰ ਪੰਜਾਬ ਸਰਕਾਰ ਦੇ ਪੰਜ ਨੁਮਾਇੰਦਿਆਂ ਵੱਲੋਂ ਸਪੱਸ਼ਟੀਕਰਨ ਦਿੱਤਾ ਗਿਆ ਸੀ ਜਿਸ ਵਿੱਚ ਉਨਾਂ ਨੇ ਹੁਣ ਤੱਕ ਕਾਰਵਾਈ ਨਾ ਹੋਣ ਲਈ ਮੁੱਖ ਮੰਤਰੀ ਕੈਪਟਨ ਨੂੰ ਜ਼ਿੰਮੇਵਾਰ ਦੱਸਿਆ ਸੀ। ਇਸ ਸਪੱਸ਼ਟੀਕਰਨ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਸਪੱਸ਼ਟੀਕਰਨ ਲਿਆ ਜਾਵੇਗਾ। ਉਨਾਂ ਕਿਹਾ ਕਿ ਕੈਪਟਨ 20 ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਉਨਾਂ ਦੇ ਨੁਮਾਇੰਦਿਆਂ ਵੱਲੋਂ ਲਗਾਏ ਗਏ ਦੋਸ਼ਾਂ ਬਾਰੇ ਆਪਣਾ ਸਪੱਸ਼ਟੀਕਰਨ ਦੇਣ।

ਇਸ ਤੋਂ ਪਹਿਲਾਂ ਮੁਤਵਾਜ਼ੀ ਜਥੇਦਾਰ ਵੱਲੋਂ ਪੰਜਾਬ ਦੇ ਦੋ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਤਿੰਨ ਵਿਧਾਇਕਾਂ ਹਰਮਿੰਦਰ ਸਿੰਘ ਗਿੱਲ, ਕੁਸ਼ਲਦੀਪ ਸਿੰਘ ਢਿੱਲੋਂ ਅਤੇ ਕੁਲਬੀਰ ਸਿੰਘ ਜ਼ੀਰਾ ਨੂੰ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ। ਇਨਾਂ 'ਚੋਂ ਤਿੰਨ ਨੁਮਾਇੰਦੇ 20 ਅਗਸਤ ਨੂੰ ਪੇਸ਼ ਹੋਏ ਸਨ ਅਤੇ ਉਨਾਂ ਨੇ ਆਪਣੇ ਸਪੱਸ਼ਟੀਕਰਨ ਵਜੋਂ ਇਕ ਪੱਤਰ ਮੁਤਵਾਜ਼ੀ ਜਥੇਦਾਰ ਨੂੰ ਸੌਂਪਿਆ ਸੀ। ਇਹ ਪੱਤਰ ਕਾਂਗਰਸ ਸਰਕਾਰ ਦੇ ਉਕਤ ਦੋ ਮੰਤਰੀਆਂ ਅਤੇ ਤਿੰਨ ਵਿਧਾਇਕਾਂ ਵੱਲੋਂ ਸਾਂਝੇ ਤੌਰ 'ਤੇ ਦਿੱਤਾ ਗਿਆ ਸੀ। ਇਸ ਪੱਤਰ ਵਿਚ ਕਾਂਗਰਸੀ ਨੁਮਾਇੰਦਿਆਂ ਨੇ ਭਾਈ ਮੰਡ ਨੂੰ ਮੁਤਵਾਜ਼ੀ ਜਥੇਦਾਰ ਦੀ ਜਗਾ ਬਰਗਾੜੀ ਮੋਰਚੇ ਦੇ ਸਾਬਕਾ ਸੰਚਾਲਕ ਵਜੋਂ ਸੰਬੋਧਨ ਕੀਤਾ ਹੈ। ਉਨਾਂ ਸਪੱਸ਼ਟੀਕਰਨ ਵਿੱਚ ਦੱਸਿਆ ਕਿ ਬਰਗਾੜੀ ਮੋਰਚਾ ਖ਼ਤਮ ਕਰਨ ਵੇਲੇ ਉਨਾਂ ਸਿਰਫ ਏਲਚੀ ਦਾ ਰੋਲ ਨਿਭਾਇਆ ਸੀ ਅਤੇ ਜੋ ਵੀ ਭਰੋਸਾ ਦਿੱਤਾ ਸੀ, ਉਹ ਭਰੋਸਾ ਮੁੱਖ ਮੰਤਰੀ ਵੱਲੋਂ ਹੀ ਦਿੱਤਾ ਗਿਆ ਸੀ। ਉਨਾਂ ਲਿਖਿਆ ਕਿ ਬੇਅਦਬੀ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਕਰਵਾ ਕੇ ਮੁਲਜ਼ਮਾਂ ਨੂੰ ਸਜ਼ਾਵਾਂ ਦੇਣ ਦਾ ਕੰਮ ਵੀ ਸਰਕਾਰ ਦੇ ਗ੍ਰਹਿ ਵਿਭਾਗ ਅਤੇ ਪੁਲੀਸ ਵਿਭਾਗ ਦਾ ਸੀ ਜੋ ਕਿ ਮੁੱਖ ਮੰਤਰੀ ਦੇ ਅਧੀਨ ਹੈ, ਇਸ ਲਈ ਇਨਾਂ ਮਾਮਲਿਆਂ ਬਾਰੇ ਸਮੁੱਚੀ ਜਾਣਕਾਰੀ ਮੁੱਖ ਮੰਤਰੀ ਹੀ ਦੇ ਸਕਦੇ ਹਨ।

ਮੁਤਵਾਜ਼ੀ ਜਥੇਦਾਰ ਨੇ ਆਖਿਆ ਕਿ ਪੰਜ ਨੁਮਾਇੰਦਿਆਂ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਸਬੰਧੀ ਫੈਸਲਾ ਹਾਲ ਦੀ ਘੜੀ ਰਾਖਵਾਂ ਰੱਖਿਆ ਗਿਆ ਹੈ। ਇਸ ਮੌਕੇ ਪੰਜ ਪਿਆਰਿਆਂ ਵਜੋਂ ਉਨਾਂ ਦੇ ਨਾਲ ਬਾਬਾ ਹਰਬੰਸ ਸਿੰਘ, ਬਾਬਾ ਬੂਟਾ ਸਿੰਘ, ਬਾਬਾ ਨਛੱਤਰ ਸਿੰਘ ਅਤੇ ਬਾਬਾ ਹਿੰਮਤ ਸਿੰਘ ਵੀ ਹਾਜ਼ਰ ਸਨ।

## ਮਾਮਲਾ ਝੂਠੇ ਪੁਲਿਸ ਮੁਕਾਬਲੇ 'ਚ ਮਾਰੇ 2 ਸਿੱਖਾਂ ਦਾ

# ਜੁਰਮਾਨੇ ਵਜੋਂ ਦੋਸ਼ੀਆਂ ਵਲੋਂ ਜਮਾਂ ਕਰਵਾਏ 4 ਲੱਖ ਰੁਪਏ ਅਦਾਲਤ ਨੇ ਵਿਧਵਾਵਾਂ ਨੂੰ ਸੌਂਪੇ

**ਐੱਸ.ਏ.ਐੱਸ. ਨਗਰ/ਏ.ਟੀ.ਨਿਊਜ਼ :** ਫਰਵਰੀ 1993 'ਚ ਝੂਠੇ ਪੁਲਿਸ ਮੁਕਾਬਲੇ ਦੌਰਾਨ ਕੁਲਦੀਪ ਸਿੰਘ ਤੇ ਗੁਰਮੇਲ ਸਿੰਘ ਦੀ ਹੋਈ ਮੌਤ ਦੇ ਮਾਮਲੇ ਵਿਚ ਸੀ.ਬੀ.ਆਈ. ਅਦਾਲਤ ਵਲੋਂ ਪੁਲਿਸ ਅਧਿਕਾਰੀ ਹਰਜਿੰਦਰਪਾਲ ਸਿੰਘ ਨੂੰ ਉਮਰ ਕੈਦ ਤੇ ਤਤਕਾਲੀ ਡੀਐਸਪੀ ਅਵਤਾਰ ਸਿੰਘ ਤੇ ਸਬ-ਇੰਸਪੈਕਟਰ ਬਚਨ ਦਾਸ ਨੂੰ ਗ਼ਲਤ ਰਿਕਾਰਡ ਤਿਆਰ ਕਰਨ ਦੇ ਦੋਸ਼ ਵਿਚ ਸੁਣਾਈ ਗਈ 2-2 ਸਾਲਾਂ ਦੀ ਕੈਦ ਤੇ 5 ਲੱਖ 5 ਹਜ਼ਾਰ ਰੁ. ਜੁਰਮਾਨੇ ਸਬੰਧੀ ਸੀਬੀਆਈ ਅਦਾਲਤ ਦੇ ਵਿਸ਼ੇਸ਼ ਜੱਜ ਹਰਿੰਦਰ ਕੌਰ ਸਿੱਧੂ ਦੀ ਅਦਾਲਤ ਨੇ ਦੋਸ਼ੀਆਂ ਵਲੋਂ ਜਮਾਂ ਕਰਵਾਏ ਗਏ 2-2 ਲੱਖ ਰੁ. ਵਿਚੋਂ ਮ੍ਰਿਤਕ ਕੁਲਦੀਪ ਸਿੰਘ ਦੀ ਵਿਧਵਾ ਕੁਲਵੀਰ ਕੌਰ ਨੂੰ 2 ਲੱਖ ਰੁ. ਤੇ ਗੁਰਮੇਲ ਸਿੰਘ ਦੀ ਵਿਧਵਾ ਨੂੰ 2 ਲੱਖ ਰੁ. ਮੁਆਵਜੇ ਵਜੋਂ ਸੌਂਪ ਦਿੱਤੇ। ਇਸ ਮਾਮਲੇ ਵਿਚ ਦੋਸ਼ੀਆਂ ਨੂੰ 27 ਫਰਵਰੀ 2019 ਨੂੰ ਸਜ਼ਾ ਤੇ ਜ਼ੁਰਮਾਨਾ ਕੀਤੇ ਜਾਣ ਤੋਂ ਬਾਅਦ ਦੋਸ਼ੀ ਪੁਲਿਸ ਅਫ਼ਸਰਾਂ ਵਲੋਂ ਹਾਈਕੋਰਟ ਵਿਚ ਅਪੀਲ ਦਾਇਰ ਕਰਕੇ ਜੁਰਮਾਨੇ 'ਤੇ ਸਟੇਅ ਲਗਾਉਣ ਦੀ ਗੁਹਾਰ ਲਗਾਈ ਗਈ ਸੀ। ਹਾਈਕੋਰਟ ਵਲੋਂ ਉਕਤ ਅਪੀਲ 'ਤੇ ਸੁਣਵਾਈ ਕਰਦਿਆਂ ਸਿਰਫ਼ 1 ਲੱਖ 5 ਹਜ਼ਾਰ ਰੁਪਏ 'ਤੇ ਸਟੇਅ ਲਗਾਈ ਗਈ ਸੀ। ਹਾਈਕੋਰਟ ਦੇ ਫ਼ੈਸਲੇ ਤੋਂ ਬਾਅਦ ਮ੍ਰਿਤਕਾਂ ਦੇ ਵਾਰਸਾਂ ਵਲੋਂ ਮੁੜ ਮੁਹਾਲੀ ਵਿਚਲੀ ਸੀਬੀਆਈ ਅਦਾਲਤ ਵਿਚ ਮੁਆਵਜ਼ਾ ਦੇਣ ਸਬੰਧੀ ਦਰਖ਼ਾਸਤ ਦਾਇਰ ਕੀਤੀ ਗਈ ਸੀ ਤੇ ਅਦਾਲਤ ਵਲੋਂ ਉਕਤ ਦਰਖ਼ਾਸਤ ਦਾ ਨਿਬੇੜਾ ਕਰਦਿਆਂ ਦੋਸ਼ੀਆਂ ਨੂੰ 4 ਲੱਖ ਜ਼ੁਰਮਾਨੇ ਦੀ ਰਕਮ ਅਦਾਲਤ 'ਚ ਜਮਾਂ ਕਰਵਾਉਣ ਦੇ ਹੁਕਮ ਦਿੱਤੇ ਸਨ।

# ਕਿਸਾਨਾਂ 'ਤੇ ਲਾਠੀਚਾਰਜ ਦਾ ਹੁਕਮ ਦੇਣ ਵਾਲੇ ਐਸਡੀਐਮ ਦੀ ਹੋਈ ਬਦਲੀ

**ਚੰਡੀਗੜ/ਏ.ਟੀ.ਨਿਊਜ਼ :** ਕਰਨਾਲ ਵਿਚ ਬੀਤੇ ਦਿਨੀਂ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਪੁਲਿਸ ਨੂੰ ਲਾਠੀਚਾਰਜ ਕਰਨ ਦਾ ਆਦੇਸ਼ ਦੇਣ ਵਾਲੇ ਕਰਨਾਲ ਦੇ ਐਸ.ਡੀ.ਐਮ. ਆਯੂਸ਼ ਸਿਨਹਾ ਦਾ ਹਰਿਆਣਾ ਸਰਕਾਰ ਨੇ ਤਬਾਦਲਾ ਕਰ ਦਿੱਤਾ ਹੈ। ਇਸ ਤੋਂ ਇਲਾਵਾ 18 ਹੋਰ ਆਈ.ਏ.ਐਸ. ਅਧਿਕਾਰੀਆਂ ਦੇ ਤਬਾਦਲੇ ਵੀ ਕੀਤੇ ਗਏ ਹਨ। ਇਕ ਸਰਕਾਰੀ ਹੁਕਮ ਮੁਤਾਬਿਕ ਸਿਨਹਾ ਹੁਣ ਨਾਗਰਿਕ ਸਰੋਤ ਜਾਣਕਾਰੀ ਵਿਭਾਗ ਦੇ ਵਧੀਕ ਸਕੱਤਰ ਹੋਣਗੇ। ਉਨਾਂ ਨੂੰ ਇਕ ਖਾਲੀ ਅਹੁਦੇ 'ਤੇ ਤਬਦੀਲ ਕੀਤਾ ਗਿਆ ਹੈ।ਦੱਸਣਯੋਗ ਹੈ ਕਿ 2018 ਬੈਚ ਦੇ ਆਈਏਐਸ ਅਧਿਕਾਰੀ ਆਯੂਸ਼ ਸਿਨਹਾ ਇਕ ਵੀਡੀਓ ਵਿਚ ਪੁਲਿਸ ਮੁਲਾਜ਼ਮਾਂ ਨੂੰ ਕਿਸਾਨਾਂ ਦਾ ਸਿਰ ਪਾੜ ਦੇਣ ਦੀ ਗੱਲ ਕਹਿੰਦੇ ਸੁਣਾਈ ਦਿੱਤੇ ਸਨ।













# ਆਰਥਿਕ ਸੰਕਟ ਵਿਚ ਡੁੱਬੀ ਸ਼੍ਰੋਮਣੀ ਕਮੇਟੀ



ਤਲਵਿੰਦਰ ਸਿੰਘ ਬੁੱਟਰ

ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ ਵਾਲੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਲਾਨਾ ਬਜਟ ਲੁਧਿਆਣਾ ਵਰਗੇ ਸ਼ਹਿਰ ਦੀ ਨਗਰ ਨਿਗਮ ਦੇ ਬਜਟ ਤੋਂ ਵੀ ਘੱਟ ਹੋਣ ਦੇ ਬਾਵਜੂਦ ਮਿੱਥ ਬਣੀ ਹੋਈ ਹੈ ਕਿ ਗੁਰਦੁਆਰਾ ਕਮੇਟੀ ਪੰਜਾਬ ਸਰਕਾਰ ਦੇ ਬਰਾਬਰ ਵਿੱਤੀ ਸਮਰੱਥਾ ਰੱਖਦੀ ਹੈ। ਇਸੇ ਕਾਰਨ ਅਕਸਰ ਆਮ ਸਿੱਖ ਉਸ ਕੋਲੋਂ ਜਿੰਨੀ ਆਸ ਰੱਖਦੇ ਹਨ, ਉਸ 'ਤੇ ਪੂਰਾ ਨਾ ਉਤਰਨ ਕਾਰਨ ਸ਼੍ਰੋਮਣੀ ਕਮੇਟੀ ਆਲੋਚਨਾ ਦਾ ਸ਼ਿਕਾਰ ਬਣਦੀ ਹੈ।

ਪਿਛਲੇ ਸਾਲ ਤੋਂ ਇਹ ਇਕ ਅਦ੍ਰਿਸ਼ ਵਿੱਤੀ ਸੰਕਟ 'ਚੋਂ ਗੁਜ਼ਰ ਰਹੀ ਹੈ ਜਿਸ ਪਾਸੇ ਕਿਸੇ ਦਾ ਧਿਆਨ ਨਹੀਂ ਜਾ ਰਿਹਾ। ਸ਼੍ਰੋਮਣੀ ਕਮੇਟੀ ਗੁਰਦੁਆਰਾ ਸੇਵਾ-ਸੰਭਾਲ ਵਾਲੀ ਕਿਸੇ ਧਰਮ ਦੀ ਇੱਕੋ-ਇਕ ਅਜਿਹੀ ਸੰਵਿਧਾਨਕ ਸੰਸਥਾ ਹੈ ਜੋ ਪੰਜਾਬ, ਹਰਿਆਣਾ ਅਤੇ ਹਿਮਾਚਲ ਵਿਚ ਆਪਣੇ ਸਿੱਧੇ ਪ੍ਰਬੰਧ ਹੇਠਲੇ 78 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ, ਸਰਬੱਤ ਦੇ ਭਲੇ ਦੇ ਕਾਰਜਾਂ, ਸਿਹਤ, ਸਿੱਖਿਆ ਸੰਸਥਾਵਾਂ ਅਤੇ ਸਿੱਖ ਇਤਿਹਾਸ ਤੇ ਵਿਰਾਸਤ ਦੀ ਸੰਭਾਲ ਦੇ ਨਾਲ-ਨਾਲ ਲਗਭਗ 20 ਹਜ਼ਾਰ ਮੁਲਾਜ਼ਮਾਂ ਨੂੰ ਰੁਜ਼ਗਾਰ ਵੀ ਮੁਹੱਈਆ ਕਰਵਾ ਰਹੀ ਹੈ ਜਿਨਾਂ ਦੀ ਮਾਸਿਕ ਤਨਖ਼ਾਹ ਹੀ ਤਕਰੀਬਨ 46 ਕਰੋੜ ਰੁਪਏ ਤੋਂ ਵੱਧ ਬਣਦੀ ਹੈ। ਇਸ ਦੇ ਉਲਟ ਸ਼੍ਰੋਮਣੀ ਕਮੇਟੀ ਕੋਲ ਆਮਦਨ ਦਾ ਮੁੱਖ ਵਸੀਲਾ ਗੁਰਦੁਆਰਿਆਂ ਵਿਚ ਚੜ੍ਹਾਈ ਜਾਂਦੀ ਮਾਇਆ ਹੈ। ਇਨਾਂ ਵਿਚੋਂ ਵੀ ਮੁੱਖ ਤੌਰ 'ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਚੜ੍ਹਾਵਾ ਹੈ ਜੋ ਕਿ ਲਗਭਗ 9 ਕਰੋੜ ਮਹੀਨਾ ਬਣਦਾ ਹੈ। ਬੀਤੇ ਸਾਲ ਕੋਰੋਨਾ ਵਾਇਰਸ ਕਾਰਨ ਪੈਦਾ ਹੋਏ ਹਾਲਾਤ ਦੌਰਾਨ ਚਾਰ-ਪੰਜ ਮਹੀਨੇ ਤਾਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਚੜ੍ਹਾਵਾ ਸਿਰਫ਼ ਪੰਜ ਫ਼ੀਸਦੀ ਰਹਿ ਗਿਆ ਸੀ। ਹੁਣ ਤਕ ਵੀ ਸ੍ਰੀ ਦਰਬਾਰ ਸਾਹਿਬ ਦੇ ਚੜ੍ਹਾਵੇ ਦਾ ਅੰਕੜਾ 50 ਫ਼ੀਸਦੀ ਤੋਂ ਵੱਧ ਨਹੀਂ ਸਕਿਆ। ਇਸ ਤੋਂ ਇਲਾਵਾ ਚੜ੍ਹਤ ਰਾਸ਼ਨ, ਜ਼ਮੀਨਾਂ ਦੇ ਠੇਕੇ ਅਤੇ ਦੁਕਾਨਾਂ ਦੇ ਕਿਰਾਏ ਆਦਿ ਸ਼੍ਰੋਮਣੀ ਕਮੇਟੀ ਦੀ ਆਮਦਨ ਦੇ ਦੂਜੇ ਸਰੋਤ ਹਨ। ਕੋਰੋਨਾ ਕਾਲ ਕਾਰਨ ਸ਼੍ਰੋਮਣੀ ਕਮੇਟੀ



ਦੀ ਸਮੁੱਚੀ ਆਮਦਨ ਦੇ ਅਸਾਸੇ ਬੁਰੀ ਤਰਾਂ ਪ੍ਰਭਾਵਿਤ ਹੋਏ ਹਨ। ਜਿੱਥੋਂ ਤਕ ਗੱਲ ਹੈ ਸ਼੍ਰੋਮਣੀ ਕਮੇਟੀ ਦਾ ਬਜਟ ਪੰਜਾਬ ਸਰਕਾਰ ਦੇ ਬਰਾਬਰ ਹੋਣ ਸਬੰਧੀ ਬਣੀ ਮਿੱਥ ਦੀ ਤਾਂ ਪੰਜਾਬ ਸਰਕਾਰ ਦਾ ਸਾਲ 2021-22 ਦਾ ਸਾਲਾਨਾ ਬਜਟ 1 ਲੱਖ 68 ਹਜ਼ਾਰ 15 ਕਰੋੜ ਹੈ। ਜਦੋਂਕਿ ਸ਼੍ਰੋਮਣੀ ਕਮੇਟੀ ਦਾ ਇਸ ਚਾਲੂ ਵਿੱਤੀ ਵਰ੍ਹੇ ਦਾ ਬਜਟ 912 ਕਰੋੜ 59 ਲੱਖ ਦੇ ਲਗਭਗ ਬਣਦਾ ਹੈ। ਇਹ ਤਾਂ ਸੂਬੇ ਦੀ ਸਭ ਤੋਂ ਵੱਡੀ ਨਗਰ ਨਿਗਮ ਲੁਧਿਆਣਾ ਦੇ 2021-22 ਲਈ ਪਾਸ ਹੋਏ 1064 ਕਰੋੜ ਰੁਪਏ ਦੇ ਸਾਲਾਨਾ ਬਜਟ ਤੋਂ ਵੀ ਘੱਟ ਹੈ।

**ਪੰਥਕ ਮਸਲਾ**

ਪੰਜਾਬ ਸਰਕਾਰ ਦੇ ਮੁਕਾਬਲੇ ਤਾਂ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਮਸਾਂ .50 (ਅੱਧਾ ਫ਼ੀਸਦੀ) ਹੀ ਬਣਦਾ ਹੈ। ਪੰਜਾਬ ਸਰਕਾਰ ਦਾ ਬਜਟ ਤਾਂ ਉਸ ਦੀ ਆਮਦਨ ਦੇ ਵਸੀਲਿਆਂ, ਟੈਕਸਾਂ ਦੀ ਆਮਦਨ ਨੂੰ ਮਿਲਾ ਕੇ ਤਿਆਰ ਹੁੰਦਾ ਹੈ। ਇਸ ਦੇ ਉਲਟ ਸ਼੍ਰੋਮਣੀ ਕਮੇਟੀ ਦਾ ਬਜਟ ਹਰੇਕ ਗੁਰਦੁਆਰੇ ਵੱਲੋਂ ਆਪਣੀ ਸਾਲਾਨਾ ਆਮਦਨ ਦੇ ਹਿਸਾਬ ਨਾਲ ਬਣਾ ਕੇ ਸ਼੍ਰੋਮਣੀ ਕਮੇਟੀ ਦਫ਼ਤਰ ਨੂੰ ਭੇਜੇ ਜਾਂਦੇ ਬਜਟ ਮੁਤਾਬਕ ਤੈਅ ਹੁੰਦਾ ਹੈ। ਜਿਸ 'ਚੋਂ ਵੀ 65 ਫ਼ੀਸਦੀ ਤਾਂ ਗੁਰਦੁਆਰੇ ਦੇ ਸਾਰੇ ਖ਼ਰਚਿਆਂ ਲਈ ਰਾਖਵਾਂ ਹੁੰਦਾ ਅਤੇ 35 ਫ਼ੀਸਦੀ ਸ਼੍ਰੋਮਣੀ ਕਮੇਟੀ ਨੂੰ ਦਿੱਤਾ ਜਾਂਦਾ ਹੈ। ਪਿਛਲੇ ਸਾਲ ਦੀ ਆਮਦਨ ਦੇ ਹਿਸਾਬ ਨਾਲ ਅਗਲੇ ਸਾਲ ਦਾ ਅਨੁਮਾਨਿਤ ਬਜਟ ਪੇਸ਼ ਕੀਤਾ ਜਾਂਦਾ ਹੈ ਜਿਸ ਦੇ ਸੰਭਾਵੀ ਚੜ੍ਹਾਵੇ ਦੇ ਵਧਣ-ਘਟਣ ਅਨੁਸਾਰ ਘਾਟੇ-ਵਾਧੇ 'ਚ ਜਾਣ ਦੀ ਸੰਭਾਵਨਾ ਤੈਅ ਹੁੰਦੀ ਹੈ। ਇਸ ਤਰਾਂ ਅਸਲੀਅਤ ਵਿਚ ਅਗਲੇ ਸਾਲ ਤਿਆਰ ਕੀਤੇ ਜਾਣ ਵਾਲੇ ਬਜਟ ਵਿਚ ਪਿਛਲੇ ਸਾਲ ਦਾ ਸਪਲੀਮੈਂਟਰੀ ਬਜਟ ਪਾਸ ਹੁੰਦਾ ਹੈ। ਸ਼੍ਰੋਮਣੀ ਕਮੇਟੀ ਨੇ ਕੋਰੋਨਾ ਕਾਰਨ ਲੱਗੀ ਤਾਲਾਬੰਦੀ ਦਾ ਸਾਹਮਣਾ ਕਰ ਰਹੇ ਗ਼ਰੀਬ ਕਿਰਤੀ ਲੋਕਾਂ ਨੂੰ ਲੰਗਰ ਮੁਹੱਈਆ ਕਰਵਾਉਣ 'ਚ ਜੋ ਭੂਮਿਕਾ ਨਿਭਾਈ ਹੈ, ਉਹ ਸਭ ਨੇ ਵੇਖੀ ਹੈ। ਇਸ ਦੇ ਉਲਟ ਗੁਰਦੁਆਰਿਆਂ 'ਚ ਜੋ ਪਹਿਲਾਂ ਨਿਰੰਤਰ ਚੜ੍ਹਾਵਾ ਚੜ੍ਹਦਾ ਸੀ, ਉਹ ਕੋਰੋਨਾ ਕਾਲ ਦੌਰਾਨ ਬਿਲਕੁਲ ਨਾਮਾਤਰ ਰਹਿ ਗਿਆ। ਹਾਲਾਤ ਇਹ ਬਣ ਗਏ ਹਨ ਕਿ ਸ਼੍ਰੋਮਣੀ ਕਮੇਟੀ ਦੀਆਂ ਵਿੱਦਿਅਕ ਸੰਸਥਾਵਾਂ ਦੇ ਮੁਲਾਜ਼ਮਾਂ ਨੂੰ ਕਈ-ਕਈ ਮਹੀਨੇ ਤੋਂ ਤਨਖਾਹਾਂ ਨਹੀਂ ਮਿਲੀਆਂ। ਗੁਰਦੁਆਰਾ ਮੁਲਾਜ਼ਮਾਂ ਨੂੰ ਵੀ ਪਿਛਲੇ ਦੋ ਸਾਲਾਂ ਤੋਂ ਤਨਖ਼ਾਹ ਵਿਚ ਕੋਈ ਸਾਲਾਨਾ ਵਾਧਾ ਨਹੀਂ ਮਿਲ ਸਕਿਆ।

ਅਠਾਰਵੀਂ ਸਦੀ 'ਚ ਮਿਸਲ ਰਾਜ ਵੇਲੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਵੇਲੇ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਅਤੇ ਪੰਗਤ-ਸੰਗਤ ਦੀ ਮਰਿਆਦਾ ਦੇ ਨਿਰਬਾਹ ਨੂੰ ਮੁੱਖ ਰੱਖਦਿਆਂ ਗੁਰਦੁਆਰਿਆਂ ਦੇ ਨਾਂ 'ਤੇ ਜ਼ਮੀਨਾਂ ਅਤੇ ਖ਼ਰਚੇ ਲਈ ਜਾਗੀਰਾਂ ਲਾਈਆਂ ਗਈਆਂ ਸਨ। ਸਿੱਖ ਰਾਜ ਦੇ ਅੰਤ ਤੋਂ ਬਾਅਦ ਜਾਗੀਰਾਂ ਤਾਂ ਬੰਦ ਹੋ ਗਈਆਂ ਪਰ ਗੁਰਦੁਆਰਿਆਂ ਦੇ ਨਾਂ 'ਤੇ ਲੱਗੀਆਂ ਜ਼ਮੀਨਾਂ ਨੂੰ ਮਹੰਤ ਆਪਣੀ ਐਸ਼ਪ੍ਰਸਤੀ ਲਈ ਵਰਤਣ ਲੱਗੇ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਗਿਆ ਤਾਂ ਗੁਰਦੁਆਰਿਆਂ ਦੀਆਂ ਜ਼ਮੀਨਾਂ ਵੀ ਛੁਡਵਾ ਕੇ ਪੰਥਕ ਪ੍ਰਬੰਧ ਹਵਾਲੇ ਕੀਤੀਆਂ ਗਈਆਂ। ਇਸ ਵੇਲੇ ਸ਼੍ਰੋਮਣੀ ਕਮੇਟੀ ਕੋਲ 14 ਹਜ਼ਾਰ ਏਕੜ ਤੋਂ ਵੱਧ ਖੇਤੀਬਾੜੀ ਵਾਲੀ ਜ਼ਮੀਨ ਹੈ ਜਿਸ 'ਚੋਂ 3 ਹਜ਼ਾਰ ਏਕੜ ਦੇ ਲਗਭਗ ਜ਼ਮੀਨ'ਚ ਹੀ ਸ਼੍ਰੋਮਣੀ ਕਮੇਟੀ ਖ਼ੁਦ ਕਾਸ਼ਤ ਕਰ ਰਹੀ ਹੈ ਜਦੋਂਕਿ 8 ਹਜ਼ਾਰ ਏਕੜ ਤੋਂ ਜ਼ਿਆਦਾ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਹੈ।

ਬਾਕੀ ਸਫ਼ਾ 30 'ਤੇ

# ਪੰਜਾਬ ਦੀ ਆਰਥਿਕਤਾ ਮਜ਼ਬੂਤ ਕਿਵੇਂ ਹੋਵੇ

ਡਾ. ਕੇਸਰ ਸਿੰਘ ਭੰਗੂ

ਪੰਜਾਬ ਵਿਚ 2022 ਵਾਲੀਆਂ ਅਸੈਂਬਲੀ ਚੋਣਾਂ ਦਾ ਬਿਗੁਲ ਵੱਜ ਚੁੱਕਾ ਹੈ। ਸਿਆਸੀ ਪਾਰਟੀਆਂ ਨੇ ਵੋਟਰਾਂ ਨੂੰ ਮੁਫ਼ਤ ਬਿਜਲੀ, ਵੱਖ ਵੱਖ ਤਰਾਂ ਦੀਆਂ ਹੋਰ ਮੁਫ਼ਤ ਸਹੂਲਤਾਂ ਦੇ ਵਾਅਦੇ ਅਤੇ ਗਰੰਟੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ ਪਰ ਕਿਸੇ ਵੀ ਸਿਆਸੀ ਪਾਰਟੀ ਨੇ ਸੂਬੇ ਦੀ ਨਿੱਘਰ ਚੁੱਕੀ ਆਰਥਿਕਤਾ ਨੂੰ ਸੁਰਜੀਤ ਕਰਨ ਲਈ ਨਾ ਤਾਂ ਕੋਈ ਏਜੰਡਾ/ਪ੍ਰੋਗਰਾਮ ਵੋਟਰਾਂ ਸਾਹਮਣੇ ਰੱਖਿਆ ਹੈ, ਨਾ ਹੀ ਇਸ ਕਿਸਮ ਦੀ ਉਮੀਦ ਕੀਤੀ ਜਾ ਸਕਦੀ ਹੈ, ਕਿਉਂਕਿ ਸਾਰੀਆਂ ਸਿਆਸੀ ਪਾਰਟੀਆਂ ਕਿਸੇ ਵੀ ਢੰਗ ਨਾਲ ਸੱਤਾ ਹਥਿਆਉਣਾ ਚਾਹੁੰਦੀਆਂ ਹਨ। ਜੇ ਤਾਜ਼ਾ ਅਤੀਤ, ਭਾਵ ਉਦਾਰੀਕਰਨ ਤੋਂ ਬਾਅਦ ਦੇ ਸਮੇਂ ਤੇ ਪੰਛੀ ਝਾਤ ਮਾਰੀ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਵੱਖ ਵੱਖ ਸਿਆਸੀ ਪਾਰਟੀਆਂ ਦੀਆਂ ਛੇ ਸਰਕਾਰਾਂ ਦੌਰਾਨ ਸੂਬੇ ਦਾ ਆਰਥਿਕ ਵਿਕਾਸ ਬਹੁਤ ਮੱਠਾ ਰਿਹਾ ਹੈ। ਇਸ ਸਮੇਂ ਦੌਰਾਨ ਪੰਜਾਬ ਨੇ ਕੇਵਲ ਆਰਥਿਕ ਸਰਦਾਰੀ ਹੀ ਨਹੀਂ ਗੁਆਈ ਸਗੋਂ ਪ੍ਰਤੀ ਵਿਅਕਤੀ ਆਮਦਨ ਵਿਚ ਇਹ ਪਹਿਲੇ ਸਥਾਨ ਤੋਂ ਪਛੜ ਕੇ ਸੱਤਵੇਂ/ਅੱਠਵੇਂ ਸਥਾਨ 'ਤੇ ਪੁੱਜ ਗਿਆ ਹੈ।

ਸੂਬੇ ਦੀ ਰਾਜਕੋਸ਼ੀ ਨੀਤੀ ਦੇ ਲੜਖੜਾਉਣ ਕਾਰਨ ਰਾਜ ਵਿਚ ਪੂੰਜੀ ਨਿਵੇਸ਼ ਦਾ ਇਕ ਤਰਾਂ ਨਾਲ ਅਕਾਲ ਪੈ ਗਿਆ ਹੈ। ਆਰਥਿਕ ਸ਼ਾਸਨ ਦੀਆਂ ਸੰਸਥਾਵਾਂ ਜਿਵੇਂ ਸਟੇਟ ਪਲਾਨਿੰਗ ਬੋਰਡ ਚਿੱਟੇ ਹਾਥੀ ਬਣ ਕੇ ਰਹਿ ਗਈਆਂ ਹਨ। ਨਤੀਜੇ ਵਜੋਂ ਪੰਜਾਬ ਸਰਕਾਰ ਕਰਜ਼ਾ ਲੈ ਕੇ ਡੰਗ ਟਪਾ ਰਹੀ ਹੈ ਅਤੇ ਸੂਬੇ ਸਿਰ ਤਿੰਨ ਲੱਖ ਕਰੋੜ ਰੁਪਏ ਦੇ ਨੇੜੇ ਕਰਜ਼ਾ ਚੜ੍ਹ ਗਿਆ ਹੈ।

ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਬੁਨਿਆਦੀ ਢਾਂਚੇ ਵਿਚ ਪੂੰਜੀ ਨਿਰਮਾਣ ਲਈ ਨਿਵੇਸ਼ ਦੀ ਅਤਿਅੰਤ ਘਾਟ ਝੱਲ ਰਿਹਾ ਹੈ। ਸੂਬੇ ਵਿਚ ਨਿਵੇਸ਼-ਘਰੇਲੂ ਉਤਪਾਦ ਦਾ ਅਨੁਪਾਤ 20 ਫ਼ੀਸਦ ਤੋਂ ਘੱਟ ਹੈ ਜੋ ਮੁਲਕ ਦੇ ਮੁੱਖ ਸੂਬਿਆ ਮੁਕਾਬਲੇ ਸਭ ਤੋਂ ਘੱਟ ਹੈ ਅਤੇ ਕੌਮੀ ਅਨੁਪਾਤ ਤੋਂ ਲਗਭਗ 15 ਫ਼ੀਸਦ ਘੱਟ ਹੈ। ਪੰਜਾਬ ਨੂੰ ਭਾਰਤ ਦੇ ਪੱਧਰ ਦਾ ਪੂੰਜੀ ਨਿਰਮਾਣ ਕਰਨ ਲਈ ਸਾਲਾਨਾ 10,000 ਕਰੋੜ ਰੁਪਏ ਤੋਂ ਵਧੇਰੇ ਦੇ ਵਾਧੂ ਨਿਵੇਸ਼ ਦੀ ਤੁਰੰਤ ਜ਼ਰੂਰਤ ਹੈ। ਇਸ ਤੋਂ ਵੀ ਅੱਗੇ, ਪੰਜਾਬ ਦੇ ਖੇਤੀ ਖੇਤਰ ਵਿਚ ਵੀ ਪੂੰਜੀ ਨਿਵੇਸ਼ ਦੀ ਮਾਤਰਾ ਜੋ ਨਿਵੇਸ਼-ਘਰੇਲੂ ਖੇਤੀ ਉਤਪਾਦ ਦੀ ਅਨੁਪਾਤ ਹੈ, ਲਗਾਤਾਰ ਘਟ ਰਹੀ ਹੈ ਜਿਹੜੀ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ 8-9 ਫ਼ੀਸਦ ਤੇ ਪਹੁੰਚ ਗਈ ਹੈ। ਅਜਿਹਾ ਰਾਜ ਸਰਕਾਰ ਦੀ ਆਰਥਿਕ ਪ੍ਰਸ਼ਾਸਨ ਨੂੰ ਅਣਗੌਲਿਆ ਕਰਨ ਅਤੇ ਰਾਜਕੋਸ਼ੀ ਨੀਤੀ ਦੀ ਅਸਫਲਤਾ ਕਾਰਨ ਹੋਇਆ ਹੈ। ਜੇ ਪੰਜਾਬ ਆਪਣਾ ਆਰਥਿਕ ਮਾਣ-ਸਨਮਾਨ ਦੁਬਾਰਾ ਹਾਸਲ ਕਰਨਾ ਚਾਹੁੰਦਾ ਹੈ ਤਾਂ ਤੁਰੰਤ ਰਾਜਕੋਸ਼ੀ ਨੀਤੀ ਵਿਚ ਲੋੜੀਂਦੇ ਸੁਧਾਰ ਕਰਨੇ ਚਾਹੀਦੇ ਹਨ। ਇਸ ਲਈ ਪੰਜਾਬ ਸਰਕਾਰ ਨੂੰ ਟੈਕਸ-ਘਰੇਲੂ ਉਤਪਾਦ ਦੇ ਅਨੁਪਾਤ ਨੂੰ ਮੌਜੂਦਾ 7-8 ਫ਼ੀਸਦ ਤੋਂ ਵਧਾ ਕੇ 12-13 ਫ਼ੀਸਦ ਕਰਨਾ ਚਾਹੀਦਾ ਹੈ। ਅਜਿਹਾ ਕਰਾਂ ਦੀ ਵਸੂਲੀ ਵਧਾ ਕੇ, ਚੋਰੀ ਖਤਮ ਕਰ ਕੇ ਅਤੇ ਨਵੇਂ ਕਰ ਲਗਾ ਕੇ ਸੰਭਵ ਹੈ। ਸਰਕਾਰ ਨੂੰ ਤੁਰੰਤ ਹੀ ਸਾਰੀਆਂ ਸਬਸਿਡੀਆਂ ਨੂੰ ਸਮਾਜਿਕ ਨਿਆਂ ਦੇ ਸਿਧਾਂਤ ਅਨੁਸਾਰ ਤਰਕਸੰਗਤ ਬਣਾਉਣਾ ਚਾਹੀਦਾ ਹੈ ਅਤੇ ਹਰ ਇਕ ਨੂੰ ਸਬਸਿਡੀ ਦੇਣ ਵਾਲੀ ਪਹੁੰਚ ਨੂੰ ਤੁਰੰਤ ਤਿਆਗਣਾ ਚਾਹੀਦਾ ਹੈ। ਸਬਸਿਡੀਆਂ ਨੂੰ ਸੀਮਤ ਸਮੇਂ ਲਈ ਸਮਾਜ ਦੇ ਦੱਬੇ-ਕੁਚਲੇ ਅਤੇ ਕਮਜ਼ੋਰ ਤਬਕਿਆਂ ਦੀ ਸਮਰੱਥਾ ਵਧਾਉਣ ਲਈ ਵਰਤਿਆ ਜਾਣਾ ਚਾਹੀਦਾ ਹੈ। ਇਉਂ ਤੇਜ਼ ਆਰਥਿਕ ਤਰੱਕੀ ਲਈ ਲੋੜੀਂਦੇ ਫੰਡ ਵੀ ਮੁਹੱਈਆ ਕਰਵਾਏ ਜਾ ਸਕਦੇ ਹਨ। ਮਨਮਰਜ਼ੀ ਨਾਲ ਫੰਡਾਂ ਨੂੰ ਵੰਡਣ ਦੀਆਂ ਸਕੀਮਾਂ ਬਰਾਬਰੀ ਅਤੇ ਜਵਾਬਦੇਹੀ ਦੇ ਸਿਧਾਂਤ ਨੂੰ ਖੋਰਾ ਲਾਉਣ ਦੇ ਨਾਲ ਨਾਲ ਅਫਸਰਸ਼ਾਹੀ ਨੂੰ ਨਿਰਉਤਸ਼ਾਹਤ ਅਤੇ ਲੋਕ-ਪੱਖੀ ਸੰਸਥਾਵਾਂ ਨੂੰ ਨਕਾਰਾ ਬਣਾਉਂਦੀਆਂ ਹਨ। ਦੁਨੀਆ ਦੀ ਕਿਸੇ ਵੀ ਆਰਥਿਕਤਾ ਨੇ ਮਜ਼ਬੂਤ, ਯੋਜਨਾਬਧ ਅਤੇ ਅਸਰਦਾਇਕ ਸੰਸਥਾਈ ਢਾਂਚੇ ਤੋਂ ਬਿਨਾ ਆਰਥਿਕ ਵਿਕਾਸ ਨਹੀਂ ਕੀਤਾ।

**ਖਾਸ ਟਿੱਪਣੀ**

ਸੂਬੇ ਦੀ ਰਾਜ਼ਕੋਸ਼ੀ ਨੀਤੀ ਨੂੰ ਕਾਰਗਰ ਬਣਾਉਣ ਹਿੱਤ, ਸਰਕਾਰ ਨੂੰ ਮਾਲ ਮੰਤਰਾਲਾ, ਜਿਹੜਾ ਕਿ ਸੂਬੇ ਦੀਆਂ ਆਮਦਨ ਸਬੰਧੀ ਲੋੜਾਂ ਨੂੰ ਦੇਖਦਾ ਹੈ, ਨੂੰ ਵਿੱਤ ਮੰਤਰਾਲੇ ਵਿਚ ਮਿਲਾ ਦੇਣਾ ਚਾਹੀਦਾ ਹੈ। ਇਸ ਸਮੇਂ ਪੰਜਾਬ ਸਰਕਾਰ ਦਾ ਵਿੱਤ ਮੰਤਰਾਲਾ ਅਸਲ ਵਿਚ ਕੇਵਲ ਖਰਚ ਸਬੰਧੀ ਫੈਸਲੇ ਲੈ ਰਿਹਾ ਹੈ। ਅਸਰਦਾਇਕਤਾ/ਚੰਗੀ ਕਾਰਜ਼ਕੁਸ਼ਲਤਾ ਦਾ ਸਿਧਾਂਤ ਅਨੁਸਾਰ ਆਮਦਨ ਪੈਦਾ ਕਰਨ ਅਤੇ ਖਰਚ ਕਰਨ ਦੇ ਕੰਮ ਇਕ ਹੀ ਵਿਭਾਗ ਕੋਲ ਹੋਣੇ ਚਾਹੀਦੇ ਹਨ ਤਾਂ ਕਿ ਆਮਦਨ ਅਤੇ ਖਰਚ ਵਿਚ ਲੋੜੀਂਦਾ ਤਾਲਮੇਲ ਕਰਕੇ ਰਾਜ਼ਕੋਸ਼ੀ ਨੀਤੀ ਨੂੰ ਕਾਰਗਰ ਬਣਾਇਆ ਜਾ ਸਕੇ। ਰਾਜ ਦੇ ਆਰਥਿਕ ਪ੍ਰਸਾਸ਼ਨ ਨੂੰ ਹੋਰ ਚੁਸਤਦਰੁਸਤ ਅਤੇ ਸੰਚਾਰੂ ਬਣਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਨੂੰ ਸਲਾਹ ਦੇਣ ਲਈ ਆਰਥਿਕ ਸਲਾਹਕਾਰ ਕੌਂਸਲ ਬਣਾਉਣੀ ਚਾਹੀਦੀ ਹੈ ਜਿਵੇਂ ਤਾਮਿਲਨਾਡੂ ਨੇ ਬਣਾਈ ਹੈ। ਪੰਜਾਬ ਦੇ ਵਿੱਤ ਵਿਭਾਗ ਨੂੰ ਸੂਬੇ ਦੀ ਮਾੜੀ ਆਰਥਿਕਤਾ ਨੂੰ ਦੇਖਦੇ ਹੋਏ ਤੁਰੰਤ ਕੇਂਦਰ ਦੇ ਵਿੱਤ ਵਿਭਾਗ ਨਾਲ ਤਾਲਮੇਲ ਜ਼ਰੀਏ ਨਵੇਂ ਢੰਗਾਂ ਨਾਲ ਕਰਾਂ ਅਤੇ ਗੈਰ-ਕਰਾਂ ਦੇ ਆਮਦਨ ਵਧਾਉਣ ਵਾਲੇ ਵਸੀਲੇ ਲੱਭਣੇ ਚਾਹੀਦੇ ਹਨ। ਇਸ ਕੰਮ ਲਈ ਸਰਕਾਰ ਨੂੰ ਮੌਕੇ ਅਨੁਸਾਰ ਵਿਸ਼ੇਸ਼ਗਾਂ ਦੀ ਠੀਕ ਸਲਾਹ ਦੀ ਜ਼ਰੂਰਤ ਹੋਵੇਗੀ, ਇਸ ਲਈ ਪੰਜਾਬ ਸਰਕਾਰ ਵੀ ਕੇਂਦਰ ਦੀ ਤਰਾਂ ਸੂਬੇ ਦੇ ਵਿੱਤ ਮੰਤਰਾਲੇ ਵਿਚ ਇਕ ਆਰਥਿਕ ਨੀਤੀਆਂ ਦੇ ਮਾਹਿਰ ਨੂੰ ਮੁੱਖ ਆਰਥਿਕ ਸਲਾਹਕਾਰ ਨਿਯੁਕਤ ਕਰਨਾ ਚਾਹੀਦਾ ਹੈ।

ਸੂਬੇ ਵਿਚ ਆਰਥਿਕ ਪ੍ਰਸ਼ਾਸਕੀ ਸੁਧਾਰਾਂ ਦੀ ਤੁਰੰਤ ਜ਼ਰੂਰਤ ਹੈ ਕਿਉਂਕਿ ਇਸ ਸਮੇਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦਾ ਕੰਮ ਇਕ ਹੀ ਅਥਾਰਟੀ (ਅਫਸਰਸ਼ਾਹੀ) ਕੋਲ ਹੈ। ਇਹ ਕੰਮ ਦੋ ਅਲੱਗ ਅਲੱਗ ਮਾਹਿਰਾਂ ਨੇ ਲੋਕ-ਪੱਖੀ ਅਤੇ ਜਵਾਬਦੇਹੀ ਦੇ ਸਿਧਾਂਤ ਨੂੰ ਸਾਹਮਣੇ ਰੱਖ ਕੇ ਕਰਨੇ ਹੁੰਦੇ ਹਨ। ਅਫਸਰਸ਼ਾਹੀ ਦਾ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦੇ ਕੰਮਾਂ ਵਿਚ ਇਜਾਰੇਦਾਰੀ ਹੋਣ ਕਾਰਨ ਭ੍ਰਿਸ਼ਟਾਚਾਰ ਅਤੇ ਵਿਕਾਸ ਵਿਰੋਧੀ ਰੁਝਾਨ ਨੂੰ ਬਲ ਮਿਲ ਰਿਹਾ ਹੈ। ਇਸ ਲਈ ਸੂਬਾ ਸਰਕਾਰ ਨੂੰ ਨੀਤੀ ਬਣਾਉਣ ਅਤੇ ਲਾਗੂ ਕਰਨ ਦੇ ਕੰਮਾਂ ਨੂੰ ਵੱਖ ਵੱਖ ਕਰਨਾ ਚਾਹੀਦਾ ਅਤੇ ਨੀਤੀਆਂ ਦੀ ਪੜਚੋਲ ਲਈ ਮਾਹਿਰਾਂ ਦੀ ਵੱਖਰੀ ਅਤੇ ਆਜ਼ਾਦਾਨਾ ਅਥਾਰਟੀ ਬਣਾਉਣੀ ਚਾਹੀਦੀ ਹੈ ਤਾਂ ਕਿ ਨੀਤੀਆਂ ਲਾਗੂ ਕਰਨ ਵਾਲਿਆਂ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ। ਅਜਿਹੇ ਆਰਥਿਕ ਸੁਧਾਰ ਸੂਬੇ ਵਿਚ ਆਰਥਿਕ ਨੀਤੀਆਂ ਰਾਹੀਂ ਆਮਦਨ ਸਰੋਤਾਂ ਦੀ ਬਰਾਬਰ ਵੰਡ ਅਤੇ ਬਿਹਤਰ ਆਰਥਿਕ ਅਨੁਸ਼ਾਸਨ ਮੁਹੱਈਆ ਕਰਨਗੇ।

ਖੇਤੀ ਖੇਤਰ ਪੰਜਾਬ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹੈ ਪਰ ਉਦਾਰੀਕਰਨ ਦੀਆਂ ਨੀਤੀਆਂ ਨੇ ਖੇਤੀ ਖੇਤਰ ਨੂੰ ਬਹੁਪੱਖੀ ਸੰਕਟ ਵਿਚ ਫਸਾ ਦਿੱਤਾ ਹੈ। ਖੇਤੀ ਦੀਆਂ ਲਗਾਤਾਰ ਵਧ ਰਹੀਆਂ ਲਾਗਤਾਂ, ਘਟਦੀ ਆਮਦਨ ਅਤੇ ਛੋਟੀ ਤੇ ਸੀਮਾਂਤ ਕਿਸਾਨੀ ਉਪਰ ਕਰਜ਼ੇ ਦੇ ਮੱਕੜਜਾਲ ਨੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਪਾ ਦਿੱਤਾ ਹੈ। ਖੇਤੀ ਸੰਕਟ ਦੀ ਬਹੁਤੀ ਮਾਰ ਛੋਟੀ ਤੇ ਸੀਮਾਂਤ ਕਿਸਾਨੀ ਅਤੇ ਖੇਤ ਮਜ਼ਦੂਰਾਂ ਤੇ ਪਈ ਹੈ, ਇਨਾਂ ਤਬਕਿਆਂ ਵਿਚੋਂ ਹੀ ਵਧੇਰੇ ਖੁਦਕੁਸ਼ੀਆਂ ਹੋਈਆਂ ਹਨ। ਖੁਦਕੁਸ਼ੀਆਂ ਵਾਲੇ ਪਰਿਵਾਰਾਂ ਦੇ ਜੀਅ ਸਮਾਜਿਕ ਅਤੇ ਆਰਥਿਕ ਸਦਮੇ ਦਾ ਸ਼ਿਕਾਰ ਹੋ ਜਾਂਦੇ ਹਨ ਜਿਨਾਂ ਨੂੰ ਤੁਰੰਤ ਮੁੜ ਵਸੇਬੇ ਦੀ ਲੋੜ ਹੈ। ਖੇਤੀ ਸੰਕਟ ਦੇ ਲੰਮੇ ਸਮੇਂ ਦਾ ਹੱਲ ਲੱਭਣ ਲਈ ਸਰਕਾਰ ਨੂੰ ਖੇਤੀ ਆਧਾਰਿਤ ਸਨਅਤਾਂ ਲਾ ਕੇ ਪੇਂਡੂ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਨੀਤੀ ਲਾਗੂ ਕਰਨੀ ਚਾਹੀਦੀ ਹੈ। ਕਾਰਪੋਰੇਟ ਸੈਕਟਰ/ਮੈਗਾ ਪ੍ਰਾਜੈਕਟਾਂ ਨੂੰ ਮਿਲਣ ਵਾਲੀਆਂ ਸਬਸਿਡੀਆਂ ਅਤੇ ਟੈਕਸ ਛੋਟਾਂ ਉਨਾਂ ਉਦਮੀਆਂ ਨੂੰ ਵੀ ਦੇਣੀਆਂ ਚਾਹੀਦੀਆ ਹਨ ਜਿਹੜੇ ਖੇਤੀ ਆਧਾਰਿਤ ਸਨਅਤਾਂ ਪਿੰਡਾਂ ਵਿਚ ਲਗਾਉਣ ਅਤੇ ਲੋਕਲ ਕੱਚਾ ਮਾਲ ਵਰਤਣ ਲਈ ਪਹਿਲ ਕਰਨ। ਪੰਜਾਬ ਅਰਥਚਾਰੇ ਵਿਚ ਲੰਮੇ ਸਮੇਂ 'ਚ ਆਰਥਿਕ ਵਿਕਾਸ ਲਈ ਪੇਂਡੂ ਖੇਤਰਾਂ ਵਿਚ ਆਰਥਿਕ ਤਬਦੀਲੀਆਂ ਲਿਆਉਣਾ ਮੁੱਖ ਮਨੋਰਥ ਹੋਣਾ ਚਾਹੀਦਾ ਹੈ। ਅਜਿਹੀ ਤਬਦੀਲੀ ਖੇਤੀ ਦੇ ਮੁਢਲੇ ਉਤਪਾਦਕਾਂ ਨੂੰ ਮੰਡੀਕਰਨ ਅਤੇ ਸਨਅਤੀਕਰਨ ਪ੍ਰਕਿਰਿਆਵਾਂ ਵਿਚ ਆਪਸੀ ਤਾਲਮੇਲ ਬਿਠਾ ਕੇ ਵਧੇਰੇ ਲਾਭ ਲਈ ਪ੍ਰੇਰਨਾ ਚਾਹੀਦਾ ਹੈ।

ਆਰਥਿਕ ਵਿਕਾਸ ਦੀ ਸੁਰਜੀਤੀ ਦੀ ਪ੍ਰਕਿਰਿਆ ਦੀ ਜ਼ਿੰਮੇਵਾਰੀ ਮੁੱਖ ਤੌਰ 'ਤੇ ਸੂਬਾ ਸਰਕਾਰ ਦੀ ਹੈ ਪਰ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਅਤੇ ਗਤੀਸ਼ੀਲ ਨੀਤੀਗਤ ਸਾਧਨ ਕੇਂਦਰੀ ਸਰਕਾਰ ਦੇ ਕੰਟਰੋਲ ਵਿਚ ਹਨ। ਉਦਾਰਵਾਦੀ ਨੀਤੀਆਂ ਅਧੀਨ ਕੇਂਦਰੀ ਸਰਕਾਰ ਨੇ ਕੌਮਾਂਤਰੀ ਖੇਤਰ, ਕੀਮਤਾਂ ਤੇ ਕੰਟਰੋਲ ਹਟਾਉਣਾ, ਟੈਕਸਾਂ ਵਿਚ ਸੋਧਾਂ ਅਤੇ ਕਈ ਹੋਰ ਫੈਸਲਿਆਂ ਨੇ ਸੂਬੇ ਦੇ ਆਰਥਿਕ ਵਿਕਾਸ ਨੂੰ ਢਾਹ ਲਾਈ ਹੈ।

ਬਾਕੀ ਸਫ਼ਾ 30 'ਤੇ

# ਚਿਰਾਗ ਹਮ ਨੇ ਜਲਾਏ, ਹਵਾ ਕੇ ਹੋਤੇ ਹੂਏ

## ਭਾਈ ਦਿਲਾਵਰ ਸਿੰਘ ਬਹੁਤ ਯਾਦ ਆਏ ✪ ਅਕਾਲ ਤਖ਼ਤ ’ਤੇ ਮਨਾਈ ਬਰਸੀ, ਦਿਲਾਵਰ ਸਿੰਘ ਦੇ ਭਰਾ ਤੇ ਭਰਜਾਈ ਦਾ ਸਨਮਾਨ ਹੋਇਆ

**ਕਰਮਜੀਤ ਸਿੰਘ ਚੰਡੀਗੜ੍ਹ**
**੯੯੧੫੦੯੧੦੬੩**

ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਨੁੱਖੀ ਬੰਬ ਬਣ ਕੇ ਮਾਰਨ ਵਾਲੇ ਬੱਬਰ ਖਾਲਸਾ ਜਥੇਬੰਦੀ ਦੇ ਦਿਲਾਵਰ ਸਿੰਘ ਬੱਬਰ ਦੀ ੨੬ਵੀਂ ਬਰਸੀ ਅੱਜ ਇੱਥੇ ਹਰਿਮੰਦਰ ਸਾਹਿਬ ਸਮੂਹ ਵਿੱਚ ਮਨਾਈ ਗਈ। ਅਕਾਲ ਤਖ਼ਤ ਦੀ ਉੱਪਰਲੀ ਮੰਜ਼ਿਲ ’ਤੇ ਇਸ ਸਬੰਧੀ ਰੱਖੇ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਕੀਰਤਨ ਮਗਰੋਂ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਹਿੰਦਰ ਸਿੰਘ ਨੇ ਦਿਲਾਵਰ ਸਿੰਘ ਦੇ ਭਰਾ ਚਮਕੌਰ ਸਿੰਘ ਤੇ ਉਸ ਦੀ ਪਤਨੀ ਚਰਨਜੀਤ ਕੌਰ ਤੇ ਹੋਰਨਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਬੱਬਰ ਖਾਲਸਾ ਦੇ ਆਗੂ ਭਾਈ ਵਧਾਵਾ ਸਿੰਘ ਬੱਬਰ ਤੇ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਅਕਾਲ ਤਖ਼ਤ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਵੀ ਪੜ੍ਹਿਆ ਗਿਆ। ਹਵਾਰਾ ਕਮੇਟੀ ਦੇ ਮੈਂਬਰ ਬਾਪੂ ਗੁਰਚਰਨ ਸਿੰਘ ਨੇ ਦੋਵੇਂ ਸੰਦੇਸ਼ ਪੜ੍ਹੇ। ਸੰਦੇਸ਼ ਵਿੱਚ ਭਾਈ ਹਵਾਰਾ ਨੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਕੌਮੀ ਸ਼ਹੀਦ ਦੀ ਤਸਵੀਰ ਲਾਉਣ ਦੀ ਮੰਗ ਕਰਦਿਆਂ ਸਿੱਖ ਕੌਮ ਨੂੰ ਸਵੈ-ਮੰਥਨ ਕਰਨ ਲਈ ਆਖਿਆ। ਇਸ ਮੌਕੇ ‘ਖਾਲਿਸਤਾਨ ਜ਼ਿੰਦਾਬਾਦ’ ਦੇ ਨਾਅਰੇ ਵੀ ਲੱਗੇ। ਗੁਰਦੁਆਰਾ ਸ਼ਹੀਦ ਗੰਜ ਬੀ-ਬਲਾਕ ਵਿੱਚ ਵੀ ਇਸ ਸਬੰਧੀ ਸਮਾਗਮ ਕੀਤਾ ਗਿਆ। ਇਸ ਮੌਕੇ ਪੰਥਕ ਜਥੇਬੰਦੀਆਂ ਅਖੰਡ ਕੀਰਤਨੀ ਜਥਾ, ਹਵਾਰਾ ਕਮੇਟੀ, ਅਕਾਲ ਫੈੱਡਰੇਸ਼ਨ, ਅਕਾਲ ਯੂਥ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਕਾਲੀ ਦਲ ਸੰਯੁਕਤ, ਤਰਨਾ ਦਲ ਬਾਬਾ ਬਕਾਲਾ, ਦਲ ਖਾਲਸਾ, ਸਿੱਖ ਯੂਥ ਫੈੱਡਰੇਸ਼ਨ ਭਿੰਡਰਾਂਵਾਲੇ, ਜਥਾ ਸਿਰਲੱਥ ਤੇ ਸਤਿਕਾਰ ਕਮੇਟੀ ਦੇ ਪ੍ਰਤੀਨਿਧ ਸ਼ਾਮਲ ਸਨ। 31 ਅਗਸਤ ਵਾਲੇ ਦਿਨ ਭਾਈ ਦਿਲਾਵਰ ਸਿੰਘ ਬੱਬਰ ਬਹੁਤ ਯਾਦ ਆਏ।ਪਰ ਨਾਲ ਹੀ ਉਸ ਥਾਂ ਦੀ ਯਾਦ ਵੀ ਆਈ ਜਿੱਥੇ ਹਰ ਸਾਲ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਬਰਸੀ ਮਨਾਈ ਜਾਂਦੀ ਹੈ। ਇਹ ਅਣਗਿਣਤ ਸਿੰਘਾਂ ਦਾ ਕਾਤਲ ਉਹੋ ਬੇਅੰਤ ਸਿੰਘ ਹੈ ਜਿਸ ਨੂੰ ਭਾਈ ਦਿਲਾਵਰ ਸਿੰਘ ਨੇ ਆਪਣੇ ਜਿਸਮ ਦਾ ਤੂੰਬਾ ਤੂੰਬਾ ਉਡਾ ਕੇ ਸੋਧਿਆ ਅਤੇ ਸਿੱਖ ਇਤਿਹਾਸ ਵਿਚ ਸ਼ਹਾਦਤ ਦਾ ਨਵਾਂ ਆਯਾਮ ਸਥਾਪਿਤ ਕੀਤਾ ਸੀ।

ਜਿਸ ਥਾਂ ਉੱਤੇ ਬੇਅੰਤ ਸਿੰਘ ਦੀ ਬਰਸੀ ਮਨਾਈ ਜਾਂਦੀ ਹੈ, ਉਸ ਦੇ ਨਾਲ ਹੀ ਬਨਾਵਟੀ ਝੀਲ ਵੀ ਲੱਗਦੀ ਹੈ, ਜਿੱਥੇ ਮੈਂ ਅਕਸਰ ਹੀ ਸੈਰ ਕਰਦਾ ਸੀ, ਕਿਉਂਕਿ ਮੇਰਾ ਘਰ ਇਸ ਲੇਕ ਦੇ ਨੇੜੇ ਹੀ ਸੀ।

ਮੇਰਾ ਇੱਕ ਦੋਸਤ ਬਰਸੀ ਵਾਲੀ ਥਾਂ ਨੂੰ ਮੜੀ ਆਖਦਾ ਹੁੰਦੈ। ਇਸ ਮੜੀ ਦੀ ਰਾਖੀ ਲਈ ਸਾਰਾ ਸਾਲ ਪੁਲੀਸ ਦੇ ਪੱਕੇ ਟੈਂਟ ਲੱਗੇ ਰਹਿੰਦੇ ਹਨ ਅਤੇ ‘ਓਧਰ’ ਵੱਲ ਨੂੰ ਜਾਂਦਿਆਂ ਤੁਸੀਂ ਬਕਾਇਦਾ ਉਨਾਂ ਦੀਆਂ ਨਜ਼ਰਾਂ ਵਿਚ ਹੁੰਦੇ ਹੋ।

ਮੇਰਾ ਇਹ ਦੋਸਤ ਜੋ ਇਤਿਹਾਸ ਦਾ ਚੇਤੰਨ ਵਿਦਿਆਰਥੀ ਹੈ, ਸੈਰ ਕਰਦਿਆਂ ਇਕ ਦਿਨ ਉਸ ਨੇ ਭਵਿੱਖਬਾਣੀ ਕੀਤੀ ਕਿ ਉਹ ਸਮਾਂ ਦੂਰ ਨਹੀਂ ਜਦੋਂ ‘ਢਾਹੁਣ ਵਾਲੇ ਆਉਣਗੇ’ ਤੇ ਇਸ ਮੜੀ ਨੂੰ ਢਾਹ ਕੇ ਇਸ ਥਾਂ ਨੂੰ ਭਾਈ ਦਿਲਾਵਰ ਸਿੰਘ ਦੀ ਯਾਦ ਵਿੱਚ ਪਲਟ ਦੇਣਗੇ। ਉਸ ਦੀ ਭਵਿੱਖਬਾਣੀ ਨਾਲ ਸਿੱਖ ਇਤਿਹਾਸ ਸਮੇਤ ਸੰਸਾਰ ਭਰ ਦੇ ਸ਼ਹੀਦਾਂ ਦੀਆਂ ਲੰਮੀਆਂ ਕਤਾਰਾਂ ਮੇਰੇ ਜ਼ਿਹਨ ਵਿਚ ਉਤਰ ਆਈਆਂ- ਜਿਨਾਂ ਸ਼ਹੀਦਾਂ ਨੂੰ ਆਰੰਭ ਵਿੱਚ ਕਦੇ ਮਾਨਤਾ ਨਹੀਂ ਸੀ ਮਿਲੀ ਪਰ ਲੋਕਾਂ ਦੇ ਦਿਲਾਂ ਦੇ ਹਾਣੀ ਤਾਂ ਉਹੋ ਹੀ ਸਨ। ਭਲਾ ਡਾਇਰ ਨੂੰ ਕੌਣ ਯਾਦ ਕਰਦਾ ਹੈ। ਕੇਪੀਐਸ ਗਿੱਲ ਦੀ ਅੰਤਮ ਅਰਦਾਸ ਲਈ ਰਾਗੀ ਪਾਠੀ ਲੱਭਣੇ ਮੁਸ਼ਕਲ ਹੋ ਜਾਂਦੇ ਹਨ।

ਪਰ ਕੱਲ ਇਸ ਮੜੀ ’ਤੇ ਨਜ਼ਾਰੇ ਦੇਖਣ ਹੀ ਵਾਲੇ ਸਨ। ਮੜੀ ਨੂੰ ਪੂਰੀ ਤਰਾਂ ਸ਼ਿੰਗਾਰਿਆ ਹੋਇਆ ਸੀ। ਸਾਰੇ ਦ੍ਰਿਸ਼ ਲਾਈਵ ਹੋ ਰਹੇ ਸਨ ਤੇ ਮੈਂ ਸਿਰਫ਼ ਦੋ ਚੈਨਲਾਂ ਪ੍ਰੋ- ਪੰਜਾਬ ਟੀ.ਵੀ. ਤੇ ਬਾਬੂਸ਼ਾਹੀ ਚੈਨਲ ਦੀ ਕਵਰੇਜ ਨੂੰ ਹੀ ਵੇਖਿਆ। ਹੋਰ ਚੈਨਲ ਵੀ ਕਵਰ ਕਰ ਰਹੇ ਹੋਣਗੇ ਜਿਸ ਨੂੰ ‘ਸ਼ਰਧਾਂਜਲੀ ਸਮਾਗਮ’ ਕਿਹਾ ਜਾ ਰਿਹਾ ਸੀ।

ਇਹ ਕਿਹੋ ਜਿਹਾ ਸ਼ਰਧਾਂਜਲੀ ਸਮਾਗਮ ਸੀ ਜਿਸ ਨੂੰ ਵੇਖ ਕੇ ਮੇਰਾ ਹਾਸਾ ਨਿਕਲ ਗਿਆ- ਦਰਦਨਾਕ ਹਾਸਾ ਜਿਸ ਨੂੰ ਸ਼ੈਕਸਪੀਅਰ ਦੇ ਕਈ ਨਾਟਕਾਂ ਦਾ ‘ਟਰੈਜਿਕ ਲਾਫ’ ਕਹਿ ਕੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਅਸਲ ਵਿੱਚ ਦਰਦਨਾਕ ਹਾਸਿਆਂ ਦੀ ਵਿਆਖਿਆ ਕਰਨੀ ਮੁਸ਼ਕਲ ਹੁੰਦੀ ਹੈ।ਤੁਸੀਂ ਹੱਸਦੇ ਹੋ, ਜਦੋਂ ਜ਼ੋਰ ਨਾਲ ਹੱਸਦੇ ਹੋ ਤਾਂ ਇਕ ਅਣਦਿਸਦੀ ਪੀੜ ਤੁਹਾਨੂੰ ਕੁਝ ਚਿਰ ਲਈ ਆਰਾਮ ਦਿੰਦੀ ਹੈ। ਦਰਦ ਦੇ






ਇਹ ਅਜਬ ਕਿੱਸੇ ਹਰ ਕਿਸੇ ਦੀ ਸਮਝ ਵਿੱਚ ਨਹੀਂ ਆਉਂਦੇ। ਉੱਚੀ ਹਾਸੇ ਨਾਲ ਕੋਈ ਭੁੱਲਿਆ ਦਰਦ ਮੁੜ ਤਾਜ਼ਾ ਹੋ ਜਾਂਦਾ ਹੈ ਅਤੇ ਇਹੋ ਦਰਦ ਭਾਈ ਦਿਲਾਵਰ ਸਿੰਘ ਅਤੇ ਸਾਥੀਆਂ ਦੀ ਯਾਦ ਨੂੰ ਸਾਕਾਰ ਕਰ ਦਿੰਦਾ ਹੈ। ਕਿਸੇ ਵੀਰ ਨੇ ਪੋਸਟ ਪਾ ਕੇ ਦੱਸਿਆ ਕਿ ਇਸ ਐਕਸ਼ਨ ਦੀ ਸਫ਼ਲਤਾ ਲਈ ਕਿਸ ਨੇ ਅਰਦਾਸ ਕੀਤੀ, ਕਿਸ ਨੇ ਪੈਦਲ ਹੀ ਲੰਮਾ ਸਫ਼ਰ ਕਰ ਕੇ ਸੁਨੇਹੇ ਪਹੁੰਚਾਏ ਅਤੇ ਕਿਵੇਂ ਬਣਨ ਵਾਲੇ ਇਸ ਸਾਰੇ ਇਤਿਹਾਸ ਨੂੰ ਗੁਪਤ ਰੱਖਿਆ ਗਿਆ। ਨਸਲਪਰਸਤੀ ਦੇ ਦਰਦ ਨੈਲਸਨ ਮੰਡੇਲਾ ਤੋਂ ਵਧ ਕੌਣ ਜਾਣਦਾ ਹੈ।ਉਸ ਦੀ ਇਹ ਟਿੱਪਣੀ ਕਿ ਕੁਝ ਜ਼ਖ਼ਮ ਅਜਿਹੇ ਹੁੰਦੇ ਹਨ ਜਿਨਾਂ ਦਾ ਡਾਕਟਰ ਇਲਾਜ ਕਰਦੇ ਹਨ, ਪਰ ਕੁਝ ਜ਼ਖ਼ਮ ਦਿਸਦੇ ਹੀ ਨਹੀਂ ਅਤੇ ਜਿਨਾਂ ਦਾ ਕੋਈ ਇਲਾਜ ਨਹੀਂ ਹੁੰਦਾ, ਉਹ ਰਿਸਦੇ ਹੀ ਰਹਿੰਦੇ ਹਨ। ਅੱਜ ਕੱਲ ਸਿੱਖ ਪੰਥ ਦੀ ਹਾਲਤ ਵੀ ਕੁਝ ਇਸੇ ਤਰਾਂ ਦੀ ਹੀ ਹੈ।

ਖ਼ੈਰ ਮੜੀ ਵਾਲੇ ਸਮਾਗਮ ਦੀ ਵਿਆਖਿਆ ਕਰਦੇ ਹਾਂ। ਕੱਲ ਦੋ ਤਰਾਂ ਦੇ ਸਮਾਜ ਨਜ਼ਰ ਆਏ ਜਾਂ ਇਉਂ ਕਹਿ ਲਓ ਦੋ ਤਰਾਂ ਦੇ ਇਤਹਾਸ ਪ੍ਰਤੱਖ ਦੇਖਣ ਨੂੰ ਮਿਲੇ। ਇੱਕ ਇਤਿਹਾਸ ਪ੍ਰੋ ਪੰਜਾਬ ਟੀਵੀ ਅਤੇ ਬਾਬੂਸ਼ਾਹੀ ਟੀਵੀ ਦੀ ਕਵਰੇਜ ਵਿੱਚ ਦਿੱਤੀਆਂ ਟਿੱਪਣੀਆਂ ਦਾ ਇਤਿਹਾਸ ਹੈ, ਅਤੇ ਦੂਜਾ ਮੜੀ ਉੱਤੇ ਹਾਜ਼ਰੀ ਭਰਨ ਵਾਲੇ ਮਸਖ਼ਰਿਆਂ ਦਾ ਇਤਿਹਾਸ ਹੈ। ਉਨਾਂ ਦੀ ਬਾਡੀ ਲੈਂਗੁਏਜ ਵਿਚ ਕਿਤੇ ਕਿਤੇ ਇਹ ਝਲਕ ਵੀ ਮਿਲਦੀ ਸੀ ਜਿਵੇਂ ਉਹ ਮਜਬੂਰੀ ਵੱਸ ਹੀ ਹਾਜ਼ਰੀ ਭਰ ਰਹੇ ਹੋਣ। ਉਨਾਂ ਦੇ ਚਿਹਰਿਆਂ ਦੀ ਉਦਾਸੀ ਦਾ ਹੁੰਗਾਰਾ ਉਨਾਂ ਦੀ ਜ਼ਮੀਰ ਨਾਲ ਨਹੀਂ ਸੀ ਮਿਲ ਰਿਹਾ।

ਜਿਵੇਂ ਜੇਲ ਵਿੱਚ ਕਈ ਵਾਰ ਕੈਦੀਆਂ ਨੂੰ ਦਿੱਤੀ ਦਾਲ ਵਿੱਚੋਂ ਦਾਲ ਦੇ ਦਾਣੇ ਲੱਭਣੇ ਮੁਸ਼ਕਲ ਹੁੰਦੇ ਹਨ,ਉਵੇਂ ਇਨਾਂ ਟਿੱਪਣੀਆਂ ਵਿੱਚੋਂ ਬੇਅੰਤ ਸਿੰਘ ਦੇ ਹੱਕ ਵਿਚ ਟਿੱਪਣੀਆਂ ਲੱਭਣੀਆਂ ਮੁਸ਼ਕਲ ਹੋ ਰਹੀਆਂ ਸਨ। ਕਰੀਬ ਦੋਵਾਂ ਚੈਨਲਾਂ ਉੱਤੇ ਇੱਕ ਇੱਕ ਹਜ਼ਾਰ ਟਿੱਪਣੀਆਂ ਵਿੱਚੋਂ ਬੇਅੰਤ ਸਿੰਘ ਨੂੰ ਕੋਈ ਵੀ ਨਹੀਂ ਸੀ ਯਾਦ ਕਰ ਰਿਹਾ ਅਤੇ ਜੇ ਯਾਦ ਕਰ ਵੀ ਰਿਹਾ ਸੀ ਤਾਂ ਉਸ ਯਾਦ ਵਿਚ ਨਫਰਤ, ਗੁੱਸਾ, ਘਿਰਣਾ ਤੇ ਰੋਹ ਵਾਲੀਆਂ ਟਿੱਪਣੀਆਂ ਹੀ ਵੇਖਣ ਨੂੰ ਮਿਲੀਆਂ, ਜਦਕਿ ਦੂਜੇ ਪਾਸੇ ਭਾਈ ਦਿਲਾਵਰ ਸਿੰਘ ਦੀ ਸ਼ਹਾਦਤ ਨੂੰ ਪ੍ਰਣਾਮ ਕਰਨ ਵਾਲੀਆਂ ਟਿੱਪਣੀਆਂ ਦਾ ਤੂਫ਼ਾਨੀ ਹੜ ਆਇਆ ਹੋਇਆ ਸੀ।

ਇਹ ਪਤਾ ਲਾਉਣਾ ਮੁਸ਼ਕਲ ਨਹੀਂ ਸੀ ਕਿ ਇਤਿਹਾਸ ਕਿਸ ਦੇ ਹੱਕ ਵਿੱਚ ਭੁਗਤਦਾ ਹੈ। ਕਿਹੜਾ ਤੁਹਾਡੇ ਦਿਲਾਂ ਵਿੱਚ ਵਸਦਾ ਹੈ ਅਤੇ ਕਿਹੜਾ ਨਫ਼ਰਤ ਦਾ ਪਾਤਰ ਹੈ। ਵੈਸੇ ਸ਼ਰਧਾਂਜਲੀ ਸਮਾਗਮ ਵਿਚ ਆਉਣ ਵਾਲੇ ਮਸਖ਼ਰਿਆਂ ਨੂੰ ਵੀ ਇਹ ਪਤਾ ਸੀ ਕਿ ਅਸੀਂ ਇਤਿਹਾਸ ਦੇ ਖਲਨਾਇਕ ਹਾਂ ਅਤੇ ਇਤਿਹਾਸ ਦੇ ਅਸਲ ਨਾਇਕ ਕੋਈ ਹੋਰ ਹਨ।

ਗੁਰਬਾਣੀ ਦੇ ਪਵਿੱਤਰ ਐਲਾਨਨਾਮੇ ਮੁਤਾਬਿਕ ਖੋਟੇ ਖਰਿਆਂ ਦਾ ਦਰਗਾਹ ਤੇ ਫ਼ੈਸਲਾ ਹੋਵੇਗਾ। ਪਰ ਕਈ ਵਾਰ ਗੁਰਬਾਣੀ ਕੁਝ ਫ਼ੈਸਲੇ ਇਸੇ ਸਰ ਜ਼ਮੀਨ ‘ਤੇ ਵੀ ਕਰ ਦਿੰਦੀ ਹੈ, ਜਿਵੇਂ 31 ਅਗਸਤ ਵਾਲੇ ਦਿਨ ਚੰਡੀਗੜ੍ਹ ਦੀ ਧਰਤੀ ਤੇ ਵੇਖਣ ਵਿੱਚ ਆਇਆ, ਇਕ ਫ਼ੈਸਲਾ- ਸ਼ਰਧਾਂਜਲੀ ਸਮਾਗਮ ਵਿਚ ਮਸਖਰਿਆਂ ਦਾ ਇਕੱਠ ਅਤੇ ਦੂਜਾ ਫ਼ੈਸਲਾ- ਸ਼ਰਧਾਂਜਲੀ ਸਮਾਗਮ ਬਾਰੇ ਸੰਗਤਾਂ ਦੀਆਂ ਪੇਸ਼ ਹੋਈਆਂ ਬੇਸ਼ੁਮਾਰ ਟਿੱਪਣੀਆਂ।

ਇਨਾਂ ਦੋਵਾਂ ਫੈਸਲਿਆਂ ਦੀ ਸੱਚੀ ਸੱਚੀ ਕਹਾਣੀ ਕਿਸੇ ਅਖਬਾਰ ਨੇ ਨਹੀਂ ਦਸਣੀ, ਕਿਸੇ ਆਗੂ ਦੀ ਹਿੰਮਤ ਨਹੀਂ ਹੋਣੀ,ਕਿਸੇ ਚੈਨਲ ਦੀ ਕਿਸਮਤ ਵਿੱਚ ਨਹੀਂ ਲਿਖੀ। ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ।



# ਅ.ਫਗਾਨਿਸਤਾਨ, ਤਾਲਿਬਾਨ ਤੇ ਭਾਰਤੀ ਵਿਦੇਸ਼ ਨੀਤੀ

**ਐੱਮਕੇ ਭੱਦਰਕੁਮਾਰ**

**ਲੇਖਕ ਭਾਰਤ ਦਾ ਸਾਬਕਾ ਰਾਜਦੂਤ ਹੈ**

ਉਹ ਵੀ ਕੋਈ ਸਮਾਂ ਸੀ ਜਦੋਂ ਮੁਲਕ ਦੀ ਸੰਸਦ ਨੇ ਮੌਕੇ ਦੇ ਵਿਦੇਸ਼ ਮੰਤਰੀ ਆਈਕੇ ਗੁਜਰਾਲ ਤੋਂ ਮੰਗ ਕੀਤੀ ਕਿ 1990 ਦੀ ਮਾਰੂ ਖਾੜੀ ਜੰਗ ਦੌਰਾਨ ਜਦੋਂ ਤੱਕ ਕੁਵੈਤ ਦੀ ਸਰਜ਼ਮੀਨ ਉਤੇ ਇਕ ਵੀ ਭਾਰਤੀ ਨਾਗਰਿਕ ਫਸਿਆ ਹੋਇਆ ਹੈ ਤੇ ਸੁਰੱਖਿਅਤ ਨਹੀਂ ਕੱਢਿਆ ਜਾ ਸਕਿਆ, ਉਦੋਂ ਤੱਕ ਉਥੇ ਭਾਰਤੀ ਸਫ਼ਾਰਤਖ਼ਾਨਾ ਖੁੱਲ੍ਹਾ ਰਹਿਣਾ ਚਾਹੀਦਾ ਹੈ ਤਾਂ ਕਿ ਉਹ ਅਜਿਹੇ ਭਾਰਤੀਆਂ ਦੀ ਵਾਪਸੀ ਯਕੀਨੀ ਬਣਾ ਸਕੇ। ਮੈਨੂੰ ਉਸੇ ਸ਼ਾਮ ਫ਼ੌਰੀ ਕੁਵੈਤ ਜਾਣ ਅਤੇ ਕੁਵੈਤ ਵਿਚਲਾ ਭਾਰਤੀ ਸਫ਼ਾਰਤਖ਼ਾਨਾ ਖੋਲ੍ਹਣ ਲਈ ਨਿਯੁਕਤ ਕੀਤਾ ਗਿਆ। ਮੈਂ ਰਿਆਧ (ਸਾਊਦੀ ਅਰਬ ਦੀ ਰਾਜਧਾਨੀ) ਪੁੱਜਾ, ਉਥੋਂ ਮੰਗਵੀਂ ਐੱਸਯੂਵੀ ਲਈ ਤੇ ਨੋ-ਮੈਨਜ਼ ਲੈਂਡ ਟੱਪ ਕੇ ਕੁਵੈਤ ਵਿਚ ਦਾਖ਼ਲ ਹੋ ਗਿਆ। ਮੈਂ ਤੇਲ ਦੇ ਸੜਦੇ ਖੂਹਾਂ ਦੇ ਵਿਚਕਾਰੋਂ ਜਾ ਰਿਹਾ ਸਾਂ। ਉਸ ਵਕਤ ਦੁਪਹਿਰ ਵੇਲੇ ਵੀ ਸੱਚਮੁਚ ਹਨੇਰਾ ਛਾਇਆ ਹੋਇਆ ਸੀ। ਅਸੀਂ ਜੰਗ ਖ਼ਤਮ ਹੋਣ ਦੇ ਮਹਿਜ਼ ਹਫ਼ਤੇ ਬਾਅਦ ਅਮਰੀਕੀ ਫ਼ੌਜ ਦੇ ਕਾਫ਼ਲਿਆਂ ਵਿਚੋਂ ਪਤਾ ਲਾਉਂਦੇ ਰਹੇ ਕਿ ਕੋਈ ਭਾਰਤੀ ਕਿਤੇ ਫਸਿਆ ਹੋਵੇ, ਕਿਸੇ ਸ਼ਰਨਾਰਥੀ ਕੈਂਪ ਵਿਚ ਹੋਵੇ, ਉਸ ਨੂੰ ਲੱਭ ਕੇ ਉਸ ਦੀ ਵਤਨ ਵਾਪਸੀ ਦਾ ਇੰਤਜ਼ਾਮ ਕੀਤਾ ਜਾ ਸਕੇ।

ਇਨੀਂ ਦਿਨੀਂ ਭਾਰਤੀ ਡਿਪਲੋਮੈਟਾਂ ਨੂੰ ਬੜੀ ਸੌਖ ਹੈ। ਤਾਲਿਬਾਨ ਦੇ ਕਾਬੁਲ ਵਿਚ ਦਾਖ਼ਲ ਹੋਣ ਦੇ 48 ਘੰਟਿਆਂ ਦੌਰਾਨ ਹੀ ਭਾਰਤੀ ਸਫ਼ਾਰਤਖ਼ਾਨੇ ਦੇ ਮੁਲਾਜ਼ਮਾਂ ਨੇ ਉਥੋਂ ਭੱਜਣ ਲਈ ਆਪਸ ਵਿਚ ਹੱਥੋਪਾਈ ਤੱਕ ਕੀਤੀ। ਕਿਸੇ ਹੋਰ ਖੇਤਰੀ ਮੁਲਕ ਨੇ ਅਜਿਹਾ ਅਜੀਬੋ-ਗ਼ਰੀਬ ਵਿਹਾਰ ਨਹੀਂ ਕੀਤਾ। ਦੂਜੇ ਪਾਸੇ ਸਾਡੇ ਕੋਲ ਅਫ਼ਗ਼ਾਨਿਸਤਾਨ ਵਿਚ ਫਸੇ ਹੋਏ ਬੇਸਹਾਰਾ ਭਾਰਤੀਆਂ, ਸਮੇਤ ਔਰਤਾਂ, ਬਾਰੇ ਲਗਾਤਾਰ ਖ਼ਬਰਾਂ ਪੁੱਜ ਰਹੀਆਂ ਹਨ।

ਇਸ ਮਾਮਲੇ ਵਿਚ ਭਾਰਤ ਨੇ ਪੱਛਮੀ ਮੁਲਕਾਂ ਵਾਂਗ ਵਿਹਾਰ ਕੀਤਾ ਪਰ ਅਮਰੀਕਾ ਅਤੇ ਆਸਟਰੇਲੀਆ ਨੇ ਤਾਂ ਜੰਗੀ ਜੁਰਮ ਕੀਤੇ ਸਨ ਜਿਸ ਕਾਰਨ ਉਨ੍ਹਾਂ ਨੂੰ ਵਾਪਰਨ ਵਾਲੇ ਕਿਸੇ ਕਹਿਰ ਦਾ ਡਰ ਸੀ, ਦੂਜੇ ਪਾਸੇ ਭਾਰਤ ਦੀ ਉਥੇ ਮੌਜੂਦਗੀ ਤਾਂ ਮਿਹਰਬਾਨਾਂ ਵਾਲੀ ਸੀ। ਅਸਲੀ ਵਿਰੋਧਾਭਾਸ ਇਹ ਹੈ ਕਿ ਤਾਲਿਬਾਨ ਜਿਨ੍ਹਾਂ ਨੂੰ ਅਸੀਂ ਬਹੁਤ ਸ਼ੈਤਾਨ ਮੰਨਦੇ ਹਾਂ, ਨੇ ਇੱਥੋਂ ਤੱਕ ਭਰੋਸਾ ਦਿੱਤਾ ਸੀ ਕਿ ਕਾਬੁਲ ਵਿਚ ਵਿਦੇਸ਼ੀ ਸਫ਼ੀਰਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ। ਉਨ੍ਹਾਂ ਨੇ ਆਪਣਾ ਵਾਅਦਾ ਨਿਭਾਇਆ ਵੀ। ਕਾਰਨ ਇਹ ਕਿ ਇਨੀਂ ਦਿਨੀਂ ਉਹ ਆਪਣੇ ਅਕਸ ਅਤੇ ਵਾਜਬੀਅਤ ਨੂੰ ਲੈ ਕੇ ਸੰਜੀਦਾ ਹਨ।

ਇਸ ਮਾਮਲੇ ਵਿਚ ਭਾਰਤ ਸਰਕਾਰ ਇੰਨੀ ਕਿਉਂ ਘਬਰਾ ਗਈ, ਇਸ ਦੇ ਕਾਰਨ ਸਿਆਸੀ ਕਿਸਮ ਦੇ ਹਨ। ਦਿੱਲੀ ਨੂੰ ਅਫ਼ਗ਼ਾਨਿਸਤਾਨ ਦੀ ਅਸ਼ਰਫ਼ ਗ਼ਨੀ ਹਕੂਮਤ ਨਾਲ ਆਪਣੀ ਭਾਈਵਾਲੀ ਕਾਰਨ ਝਟਕਾ ਲੱਗਣ ਦਾ ਖ਼ਦਸ਼ਾ ਸੀ। ਤਾਲਿਬਾਨ ਨੇ ਕਾਬੁਲ ਵਿਚ ਦਾਖ਼ਲ ਹੋਣ ਤੋਂ ਬਾਅਦ ਪਹਿਲਾ ਕੰਮ ਅਫ਼ਗ਼ਾਨ ਖ਼ੁਫ਼ੀਆ ਏਜੰਸੀ ਦੇ ਸਿਸਟਮ ਨੂੰ ਕਬਜ਼ੇ ਵਿਚ ਲੈਣ ਦਾ ਕੀਤਾ। ਇਹ ਮਾਮਲਾ ਅੱਜ ਵੀ ਬਹੁਤ ਸਾਰੇ ਮੁਲਕਾਂ ਲਈ ਬੁਝਾਰਤ ਬਣਿਆ ਹੋਇਆ ਹੈ।

ਭਾਰਤੀ ਨੀਤੀਘਾੜੇ ਸੰਭਵ ਤੌਰ 'ਤੇ ਸਮਝ ਚੁੱਕੇ ਹਨ ਕਿ ਸਾਡੀਆਂ ਅਫ਼ਗ਼ਾਨ ਨੀਤੀਆਂ ਬੰਜਰ ਭੂਮੀ ਵਿਚ ਪੁੱਜ ਗਈਆਂ ਹਨ। ਇਥੋਂ ਸਹੀ ਰਾਹ ਲੱਭਣ ਅਤੇ ਸਹੀ ਸਲਾਮਤ ਬਾਹਰ ਨਿਕਲਣ ਲਈ ਕਿਸੇ ਨਵੇਂ ਰਾਹ ਦੀ ਲੋੜ ਹੈ। ਕੌਮੀ ਉਪ ਸੁਰੱਖਿਆ ਸਲਾਹਕਾਰ ਪੰਕਜ ਸ਼ਰਨ ਵੱਲੋਂ ਤੁਰੰਤ ਮਾਸਕੋ ਪੁੱਜ ਕੇ ਕ੍ਰੈਮਲਿਨ ਵਿਚਲੇ ਤਾਕਤਵਰ ਪੋਲਿਟ ਬਿਊਰੋ ਮੈਂਬਰ ਨਿਕੋਲਾਈ ਪਤਰੂਸ਼ੇਵ ਨਾਲ ਵਿਚਾਰ-ਵਟਾਂਦਰਾ ਕੀਤਾ ਜਾਣਾ ਸਹੀ ਦਿਸ਼ਾ ਵਿਚ ਚੁੱਕਿਆ ਕਦਮ ਹੈ। ਪੰਕਜ ਸ਼ਰਨ ਰੂਸ ਵਿਚ ਭਾਰਤ ਦੇ ਸਫ਼ੀਰ ਰਹਿ ਚੁੱਕੇ ਹਨ ਤੇ ਉਹ ਸਫ਼ੀਰਾਂ ਦੀ ਖ਼ਤਮ ਹੋ ਰਹੀ ਉਸ ਪੀੜ੍ਹੀ ਵਿਚੋਂ ਹਨ ਜਿਹੜੇ ਬਹੁਤੇ ਚਰਚਾ ਵਿਚ ਤਾਂ ਨਹੀਂ ਰਹਿੰਦੇ ਪਰ ਉਹ ਸਫ਼ਾਰਤ ਪੱਖੋਂ ਬਹੁਤ ਅਸਰਦਾਰ ਹਨ ਅਤੇ ਇਸ ਮੌਕੇ ਸਾਨੂੰ ਇਸੇ ਚੀਜ਼ ਦੀ ਲੋੜ ਹੈ ਤਾਂ ਕਿ ਅਸੀਂ ਕ੍ਰੈਮਲਿਨ (ਰੂਸ ਦਾ ਸੱਤਾ ਕੇਂਦਰ) ਵਿਚਲੇ ਆਪਣੇ ਦੋਸਤਾਂ ਨਾਲ ਰਣਨੀਤਕ ਰਾਬਤਾ ਰੱਖ ਸਕੀਏ। ਅਮਰੀਕੀ ਇਥੇ ਕੋਈ ਮਦਦ ਨਹੀਂ ਕਰ ਸਕਦੇ, ਭਾਵੇਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਕਿੰਨੀਆਂ ਵੀ ਕੋਸ਼ਿਸ਼ਾਂ ਕਰ ਲੈਣ, ਕਿਉਂਕਿ ਅਮਰੀਕਾ ਨੂੰ ਤਾਂ ਖ਼ੁਦ ਆਪਣੇ ਨਾਗਰਿਕਾਂ ਨੂੰ ਕਾਬੁਲ ਤੋਂ ਬਚਾਅ ਕੇ ਕੱਢਣ ਲਈ ਹੱਕਾਨੀ ਨੈਟਵਰਕ ਨਾਲ 'ਉਸਾਰੂ ਤਾਲਮੇਲ' ਕਰਨਾ ਪੈ ਰਿਹਾ ਹੈ।



ਭਾਰਤ ਲਈ ਸਭ ਤੋਂ ਵੱਡੀ ਸਫ਼ਾਰਤੀ ਵੰਗਾਰ ਇਹੋ ਹੈ ਕਿ ਤਾਲਿਬਾਨ ਨਾਲ ਗੱਲਬਾਤ ਤੇ ਵਿਚਾਰ-ਵਟਾਂਦਰੇ ਦੀ ਲੜੀ ਕਿਵੇਂ ਸ਼ੁਰੂ ਕੀਤੀ ਜਾਵੇ। ਜਿਉਂ ਹੀ ਅਫ਼ਗ਼ਾਨਿਸਤਾਨ ਦੀ ਨਵੀਂ ਸਰਕਾਰ ਦੇ ਨਕਸ਼-ਨੁਹਾਰ ਸਾਹਮਣੇ ਆਉਂਦੇ ਹਨ ਤਾਂ ਜ਼ਰੂਰੀ ਹੈ ਕਿ ਭਾਰਤ ਸਰਕਾਰ ਵੱਲੋਂ ਫ਼ੌਰੀ ਕਾਬੁਲ ਵਿਚ ਆਪਣਾ ਵਿਸ਼ੇਸ਼ ਦੂਤ ਭੇਜਿਆ ਜਾਵੇ। ਭਾਰਤ ਲਈ ਜ਼ਰੂਰੀ ਹੈ ਕਿ ਉਹ ਤਾਲਿਬਾਨ ਲਈ ਬਣਾਏ ਆਪਣੇ ਬਿਰਤਾਂਤ ਨੂੰ ਚੁੱਪ-ਚੁਪੀਤੇ ਤਿਆਗ ਦੇਵੇ। ਵਿਦੇਸ਼ ਮੰਤਰੀ ਵੱਲੋਂ ਬੀਤੇ ਹਫ਼ਤੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਕੀਤੀਆਂ ਸਖ਼ਤ ਟਿੱਪਣੀਆਂ ਸਾਡੇ ਲਈ ਬਿਲਕੁਲ ਮਦਦਗਾਰ ਨਹੀਂ ਹੋਣਗੀਆਂ। ਭਾਰਤ ਨੂੰ ਅਮਰੀਕਾ ਦੀ ਰੀਸ ਨਹੀਂ ਕਰਨੀ ਚਾਹੀਦੀ। ਔਰਤਾਂ ਦੀ ਸੁਰੱਖਿਆ ਦੀ ਹਾਲਤ ਭਾਰਤ ਵਿਚ ਵੀ ਬਹੁਤ ਮਾੜੀ ਹੈ। ਸਾਨੂੰ ਇਸ ਮੁਤੱਲਕ ਚੀਨ ਤੋਂ ਸਿੱਖਣ ਦੀ ਲੋੜ ਹੈ ਕਿ ਅਫ਼ਗ਼ਾਨਿਸਤਾਨ ਦੀਆਂ ਆਪਣੀਆਂ ਰਵਾਇਤਾਂ ਤੇ ਤਹਿਜ਼ੀਬੀ ਕਦਰਾਂ-ਕੀਮਤਾਂ ਹਨ, ਉਥੇ ਪੱਛਮੀ ਤਰਜ਼ ਦੀ ਜਮਹੂਰੀ ਤਬਦੀਲੀ ਦੀ ਆਸ ਰੱਖਣਾ ਬੜੀ ਦੂਰ ਦੀ ਗੱਲ ਹੈ। ਤਾਲਿਬਾਨ ਨਜ਼ਰੀਏ ਪੱਖੋਂ ਕੌਮਪ੍ਰਸਤ ਹਨ ਤੇ ਉਹ ਰਵਾਇਤੀ ਇਸਲਾਮ ਤੇ ਸ਼ਰਾ ਦਾ ਪਾਲਣ ਕਰਦੇ ਹਨ ਅਤੇ ਅਫ਼ਗ਼ਾਨਿਸਤਾਨ ਧਰਮ ਦਾ ਪਾਲਣ ਕਰਨ ਵਾਲੇ ਮੁਸਲਮਾਨਾਂ ਦਾ ਮੁਲਕ ਹੈ। ਉਨ੍ਹਾਂ ਕਦੇ ਵੀ ਵਿਦੇਸ਼ਾਂ ਵਿਚ ਆਪਣੀ ਤਾਕਤ ਦਾ ਮੁਜ਼ਾਹਰਾ ਕਰਨ 'ਚ ਦਿਲਚਸਪੀ ਨਹੀਂ ਦਿਖਾਈ, ਨਾ ਹੀ ਉਹ ਆਪਣੀ ਰਾਸ਼ਟਰਵਾਦੀ ਵਿਚਾਰਧਾਰਾ ਦਾ ਸੰਸਾਰ ਵਿਚ ਪਸਾਰ ਕਰਦੇ ਹਨ ਅਤੇ ਨਾ ਹੋਰ ਮੁਲਕਾਂ ਵਿਚ ਜਹਾਦੀ ਮੁਹਿੰਮਾਂ ਚਲਾਉਣ ਦਾ ਉਨ੍ਹਾਂ ਦਾ ਕੋਈ ਇਰਾਦਾ ਦਿਖਾਈ ਦਿੰਦਾ ਹੈ। ਸਾਡੇ ਆਪਣੇ ਕੌਮੀ ਲੋਕਾਚਾਰ ਨਾਲ ਉਨ੍ਹਾਂ ਦੀ ਬੜੀ ਗੂੜ੍ਹੀ ਸਮਾਨਤਾ ਹੈ, ਸਾਡੀਆਂ ਬਹੁਤ ਸਾਰੀਆਂ ਆਦਤਾਂ ਵੱਖਰੀਆਂ ਹੋ ਸਕਦੀਆਂ ਹਨ ਪਰ ਉਹ ਪੂਰੀ ਤਰ੍ਹਾਂ ਸਾਡਾ 'ਅੰਦਰੂਨੀ ਮਾਮਲਾ' ਹੈ।

ਤਾਲਿਬਾਨ ਹੁਣ ਹਰਗਿਜ਼ ਦੁਬਾਰਾ ਮਾਤਹਿਤ ਭੂਮਿਕਾ ਸਵੀਕਾਰ ਨਹੀਂ ਕਰਨਗੇ। ਇਥੋਂ ਤੱਕ ਕਿ ਪਾਕਿਸਤਾਨ ਤੇ ਸਾਊਦੀ ਅਰਬ ਨੂੰ ਵੀ ਤਾਲਿਬਾਨ ਦੀ 'ਅਫ਼ਗ਼ਾਨੀਅਤ' ਅਤੇ ਪਖ਼ਤੂਨਾਂ ਵਿਚਲੀ ਅਜ਼ਾਦੀ ਤੇ ਇੱਜ਼ਤ-ਅਣਖ਼

ਬਾਕੀ ਸਫ਼ਾ 30 'ਤੇ

# ਅਫਗਾਨ ਸ਼ਰਨਾਰਥੀਆਂ ਦਾ ਦੁਖਾਂਤ



**ਗੁਰਮੀਤ ਸਿੰਘ ਪਲਾਹੀ**
**9815802070**

ਅਫਗਾਨਿਸਤਾਨ ਤੋਂ ਵੱਡੀਆਂ ਚਿੰਤਾਜਨਕ ਖ਼ਬਰਾਂ ਆ ਰਹੀਆਂ ਹਨ। ਸੋਵੀਅਤ ਯੂਨੀਅਨ (ਰੂਸ) ਪਹਿਲਾਂ ਅਫਗਾਨਿਸਤਾਨ ਦੇ ਬਾਸ਼ਿੰਦਿਆਂ ਦਾ ਸਾਥ ਛੱਡ ਗਿਆ ਸੀ ਅਤੇ ਹੁਣ ਅਮਰੀਕੀ ਫੌਜਾਂ 20 ਸਾਲ ਅਫਗਾਨਿਸਤਾਨ ਵਿੱਚ ਆਪਣੀਆਂ ਚੰਮ ਦੀਆਂ ਚਲਾ ਕੇ, ਉੱਥੋਂ ਦੇ ਬਾਸ਼ਿੰਦਿਆਂ ਨੂੰ ਆਪਣੇ ਰਹਿਮੋ ਕਰਮ ਉੱਤੇ ਛੱਡ ਗਈਆਂ ਹਨ। ਤਾਲਿਬਾਨ ਲਗਭਗ ਸਾਰੇ ਅਫਗਾਨਿਸਤਾਨ ਉੱਤੇ ਕਾਬਜ਼ ਹੋ ਗਿਆ ਹੈ ਅਤੇ ਲੋਕ ਆਪਣਾ ਦੇਸ਼ ਛੱਡ ਕੇ ਵਿਦੇਸ਼ਾਂ ਨੂੰ ਭੱਜ ਰਹੇ ਹਨ।

ਮੋਟਾ ਅੰਦਾਜ਼ਾ ਹੈ ਕਿ ਹੁਣ ਤਕ ਤੀਹ ਲੱਖ ਅਫਗਾਨ ਸ਼ਰਨਾਰਥੀ ਦੁਨੀਆ ਭਰ ਦੇ ਦੇਸ਼ਾਂ ਵਿੱਚ ਸ਼ਰਨ ਲੈ ਚੁੱਕੇ ਹਨ। ਇਹ ਗਿਣਤੀ ਜ਼ਿਆਦਾ ਵੀ ਹੋ ਸਕਦੀ ਹੈ। ਪਾਕਿਸਤਾਨ ਪਿਛਲੇ ਚਾਰ ਦਹਾਕਿਆਂ ਤੋਂ ਅਫਗਾਨ ਸ਼ਰਨਾਰਥੀਆਂ ਦਾ ਭਾਰ ਢੋਅ ਰਿਹਾ ਹੈ। ਉਸਦਾ ਦਾਅਵਾ ਹੈ ਕਿ ਉਸਨੇ ਪਾਕਿਸਤਾਨ ਵਿੱਚ ਪੰਦਰਾਂ ਲੱਖ ਸ਼ਰਨਾਰਥੀ ਰਜਿਸਟਰ ਕੀਤੇ ਹਨ, ਬਾਕੀ ਬਿਨਾਂ ਰਜ਼ਿਸਟ੍ਰੇਸ਼ਨ ਰਹਿ ਰਹੇ ਹਨ। ਪਾਕਿਸਤਾਨ, ਜਿਹੜਾ ਤਾਲਿਬਾਨ ਦੇ ਨਾਲ ਹਿੱਕ ਡਾਹ ਕੇ ਖੜਾ ਹੋਇਆ ਹੈ, ਉਸਨੇ ਹੁਣ ਅਫਗਾਨ ਸ਼ਰਨਾਰਥੀਆਂ ਲਈ ਦਰਵਾਜੇ ਢੋ ਲਏ ਹਨ।

ਅਫਗਾਨਿਸਤਾਨ ਵਿੱਚ ਹਾਲਾਤ ਗੰਭੀਰ ਹਨ ਅਤੇ ਉੱਥੇ ਸਿਆਸੀ ਅਨਿਸਚਿਤਤਾ ਬਣੀ ਹੋਈ ਹੈ। ਤਾਲਿਬਾਨਾਂ ਨੇ ਅਫਗਾਨਿਸਤਾਨ 'ਤੇ ਕਬਜ਼ਾ ਕਰਨ ਉਪਰੰਤ 12 ਮੈਂਬਰੀ ਕਮੇਟੀ ਬਣਾਈ ਹੈ, ਪਰ ਹਾਲੀ ਤਕ ਆਪਣਾ ਕੋਈ ਵੀ ਮੁਖੀ/ਰਾਸ਼ਟਰਪਤੀ ਨਹੀਂ ਐਲਾਨਿਆ। ਭਾਵੇਂ ਕਿ ਤਾਲਿਬਾਨ ਖਾੜਕੂ ਲੋਕਾਂ ਨੂੰ ਅਫਗਾਨ ਨਾ ਛੱਡਣ ਲਈ ਕਹਿ ਰਹੇ ਹਨ, ਪਰ ਕਿਉਂਕਿ ਲੋਕਾਂ ਨੂੰ 20 ਸਾਲ ਪਹਿਲੇ ਤਲਿਬਾਨਾਂ ਵੱਲੋਂ ਕੀਤੇ ਜ਼ੁਲਮ ਯਾਦ ਹਨ, ਇਸ ਕਰਕੇ ਉਹ ਦੇਸ਼ ਛੱਡਣ ਵਿੱਚ ਹੀ ਆਪਣਾ ਭਲਾ ਸਮਝ ਰਹੇ ਹਨ। ਇਸ ਲਈ ਤਾਲਿਬਾਨ ਦੇ ਕਬਜ਼ੇ ਦੇ ਬਾਅਦ ਵੱਡੀ ਗਿਣਤੀ ਸ਼ਰਨਾਰਥੀਆਂ ਦੀ ਪਿਛਲੇ ਕੁਝ ਦਿਨਾਂ ਵਿੱਚ ਕਾਬੁਲ ਹਵਾਈ ਅੱਡੇ ਉੱਤੇ ਜਿਸ ਤਰਾਂ ਦੀ ਭੀੜ ਦਿਸ ਰਹੀ ਹੈ, ਉਹ ਚਿੰਤਾ ਕਰਨ ਵਾਲੀ ਹੈ। ਲੋਕਾਂ ਨੂੰ ਲੱਗ ਰਿਹਾ ਹੈ ਕਿ ਕੋਈ ਵੀ ਸਾਧਨ ਜਾਂ ਤਰੀਕਾ ਵਰਤਕੇ ਦੇਸ਼ ਛੱਡਣ ਵਿੱਚ ਹੀ ਉਨ੍ਹਾਂ ਦੀ ਭਲਾਈ ਹੈ। ਅਫਗਾਨੀ ਲੋਕਾਂ ਵਿੱਚ ਇਸ ਗੱਲ ਦੀ ਅਨਿਸ਼ਚਿਤਤਾ ਹੈ ਕਿ ਤਾਲਿਬਾਨੀਆਂ ਦਾ ਰਾਜ ਕਿਹੋ ਜਿਹਾ ਹੋਵੇਗਾ ? ਇਸੇ ਲਈ ਅਮਰੀਕਾ ਸਹਿਤ ਸਾਰੇ ਦੇਸ਼ ਆਪਣੇ ਨਾਗਰਿਕ ਅਤੇ ਉਹਨਾਂ ਲਈ ਕੰਮ ਕਰਨ ਵਾਲੇ ਅਫਗਾਨੀਆਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਪਹੁੰਚਾ ਰਹੇ ਹਨ। ਅਮਰੀਕੀਆਂ ਦਾ ਦਾਅਵਾ ਹੈ ਕਿ ਉਨ੍ਹਾਂ 60 ਹਜ਼ਾਰ ਲੋਕਾਂ ਨੂੰ ਕਾਬੁਲ ਵਿੱਚੋਂ ਬਾਹਰ ਕੱਢਿਆ ਹੈ। ਬ੍ਰਿਟਿਸ਼ ਸਰਕਾਰ ਵੀ 5200 ਲੋਕਾਂ ਨੂੰ ਬਾਹਰ ਕੱਢ ਚੁੱਕੀ ਹੈ। ਭਾਰਤ ਵੱਲੋਂ ਵੀ ਆਪਣੇ ਸੈਂਕੜੇ ਮੁਲਾਜ਼ਮ ਵਾਪਸ ਲਿਆਂਦੇ ਗਏ ਹਨ, ਕਿਉਂਕਿ ਤਾਲਿਬਾਨ ਨੇ 31 ਅਗਸਤ 2021 ਤਕ ਇਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਬਾਹਰ ਲੈ ਜਾਣ ਦੀ ਪ੍ਰਵਾਨਗੀ ਦਿੱਤੀ ਹੋਈ ਹੈ।

ਅਫਗਾਨਿਸਤਾਨ ਦੀ ਇਸ ਵੇਲੇ ਦੀ ਸਮੱਸਿਆ ਗੰਭੀਰ ਹੈ। ਅਮਰੀਕੀ ਫੌਜਾਂ ਦੀ ਵਾਪਸੀ ਉਪਰੰਤ ਅਫਗਾਨੀ ਫੌਜਾਂ ਤਾਲਿਬਾਨਾਂ ਦਾ, ਜਿਨ੍ਹਾਂ ਨੂੰ ਪਾਕਿਸਤਾਨ ਦੀ ਭਰਪੂਰ ਹਿਮਾਇਤ ਹੈ, ਮੁਕਾਬਲਾ ਨਹੀਂ ਕਰ ਸਕੀਆਂ। ਸਿਰਫ ਪੰਚਸ਼ੀਰ ਸੂਬੇ ਵਿੱਚ ਉੱਥੋਂ ਦੇ ਕਬੀਲੇ ਅਤੇ ਨਾਰਥ ਪ੍ਰੋਵਿੰਨਸ ਫੌਜਾਂ ਤਾਲਿਬਾਨਾਂ ਨੂੰ ਟੱਕਰ ਦੇ ਰਹੀਆਂ ਹਨ। ਅਹਿਮਦ ਮਸੂਦ ਅਤੇ ਸਾਬਕਾ ਅਫ਼ਗਾਨੀ ਉਪ ਰਾਸ਼ਟਰਪਤੀ ਅਮਰੁਲਾ ਸਲਾਹ ਦੀ ਅਗਵਾਈ ਵਿੱਚ ਪੂਰੇ ਵਿਸ਼ਵ ਵਿੱਚ ਅਫਗਾਨਿਸਤਾਨ ਨਾਲ ਹੋ ਰਹੀਆਂ ਤਾਲਿਬਾਨੀ ਜ਼ਿਆਦਤੀਆਂ ਨੂੰ ਲੋਕਾਂ ਸਾਹਵੇਂ ਲਿਆ ਰਹੇ ਹਨ। ਇਸ ਵੇਲੇ ਤਾਲਿਬਾਨ ਪੰਚਸ਼ੀਰ ਨੂੰ ਕਬਜ਼ੇ ਵਿੱਚ ਲੈਣ ਲਈ ਲੜਾਈ ਲੜ ਰਹੇ ਹਨ, ਕਿਉਂਕਿ ਉਨ੍ਹਾਂ ਕੋਲ ਉਹ ਸਾਰਾ ਅਸਲਾ, ਟੈਂਕ, ਮਸ਼ੀਨਰੀ ਆਦਿ ਮੌਜੂਦ ਹੈ ਜੋ ਅਮਰੀਕੀ ਫੌਜਾਂ ਅਫ਼ਗਾਨਿਸਤਾਨ ਵਿੱਚ ਛੱਡ ਗਈਆਂ ਹਨ ਤੇ ਅਫ਼ਗਾਨਿਸਤਾਨ ਦੀਆਂ ਫੌਜਾਂ ਇਸ ਅਸਲੇ ਨੂੰ ਸੰਭਾਲ ਨਹੀਂ ਸਕੀਆਂ। ਭਾਵੇਂ ਕਿ ਖ਼ਬਰਾਂ ਇਹ ਵੀ ਹਨ ਕਿ ਦੋਹਾਂ ਧਿਰਾਂ ਵਿੱਚ ਜੰਗਬੰਦੀ ਹੋ ਗਈ ਹੈ।

ਮੌਜੂਦਾ ਹਾਲਾਤ ਦੇ ਮੱਦੇਨਜ਼ਰ ਸ਼ਰਨਾਰਥੀਆਂ ਦੀ ਸਮੱਸਿਆ ਡੂੰਘੀ ਅਤੇ ਵਡੇਰੀ ਹੁੰਦੀ ਜਾ ਰਹੀ ਹੈ। ਇਸ ਕਰਕੇ ਅਫ਼ਗਾਨਿਸਤਾਨ ਦੇ ਆਸਪਾਸ ਦੇ ਦੇਸ਼ ਪ੍ਰੇਸ਼ਾਨ ਹਨ। ਉਹ ਪਹਿਲਾਂ ਹੀ ਅਫ਼ਗਾਨੀ ਸ਼ਰਨਾਰਥੀਆਂ ਦਾ ਸੰਕਟ ਝੱਲ ਰਹੇ ਹਨ। ਪਿਛਲੇ ਕੁਝ ਮਹੀਨਿਆਂ ਵਿੱਚ ਲੱਖਾਂ ਅਫ਼ਗਾਨੀ ਦੇਸ਼ ਛੱਡ ਚੁੱਕੇ ਹਨ। ਈਰਾਨ ਅਤੇ ਤਿੰਨ ਹੋਰ ਰਾਜਾਂ ਨੇ ਸ਼ਰਨਾਰਥੀਆਂ ਨੂੰ ਜਗਾ ਦਿੱਤੀ ਹੈ। ਪਾਕਿਸਤਾਨ ਵੱਲ ਵੀ ਇਹ ਸ਼ਰਨਾਰਥੀ ਰੁਖ ਕਰ ਰਹੇ ਹਨ। ਅਫ਼ਗਾਨਿਸਤਾਨ ਦਾ ਗੁਆਂਢੀ ਮੁਲਕ ਤਾਜਕਿਸਤਾਨ ਵੀ ਸ਼ਰਨਾਰਥੀਆਂ ਪ੍ਰਤੀ ਚਿੰਤਤ ਹੈ। ਉਹ ਇੱਕ ਲੱਖ ਸ਼ਰਨਾਰਥੀਆਂ ਨੂੰ ਪਨਾਹ ਦੇ ਚੁੱਕਾ ਹੈ। ਪੱਛਮੀ ਦੇਸ਼ਾਂ ਨੇ ਵੀ ਅਫ਼ਗਾਨੀ ਸ਼ਰਨਾਰਥੀਆਂ ਨੂੰ ਪਨਾਹ ਦੇਣ ਦੀ ਪ੍ਰਵਾਨਗੀ ਦਿੱਤੀ ਹੈ। ਬਰਤਾਨੀਆ ਵੀ ਵੀਹ ਹਜ਼ਾਰ ਅਫ਼ਗਾਨੀ ਔਰਤਾਂ ਤੇ ਬੱਚਿਆਂ ਨੂੰ ਪਨਾਹ ਦੇਵੇਗਾ ਜਦਕਿ ਕੈਨੇਡਾ ਨੇ ਵੀ ਵੀਹ ਹਜ਼ਾਰ ਹੋਰ ਸ਼ਰਨਾਰਥੀਆਂ ਨੂੰ ਸੰਭਾਲਣ ਲਈ ਦਰਵਾਜ਼ੇ ਖੋਲੇ ਹਨ। ਜਰਮਨੀ ਵੀ ਹੁਣ ਦਸ ਹਜ਼ਾਰ ਸ਼ਰਨਾਰਥੀਆਂ ਨੂੰ ਸ਼ਰਨ ਦੇਵੇਗਾ। ਅਮਰੀਕਾ ਵੱਲੋਂ ਤਾਂ ਉਨ੍ਹਾਂ ਸਾਰੇ ਅਫ਼ਗਾਨੀਆਂ ਨੂੰ ਆਪਣੇ ਨਾਲ ਲੈ ਕੇ ਜਾਣ ਦਾ ਬੀੜਾ ਚੁੱਕਿਆ ਹੋਇਆ ਹੈ, ਜਿਹੜੇ 20 ਸਾਲ ਉਨ੍ਹਾਂ ਦਾ ਅਫ਼ਗਾਨਿਸਤਾਨ ਵਿੱਚ ਸਾਥ ਦਿੰਦੇ ਰਹੇ ਹਨ।

ਤਾਲਿਬਾਨਾਂ ਨੇ ਕਾਬੁਲ ਵਿੱਚ ਰਾਸ਼ਟਰਪਤੀ ਮਹੱਲ ਸੰਭਾਲਣ ਉਪਰੰਤ ਪ੍ਰੈੱਸ ਕਾਨਫਰੰਸ ਕੀਤੀ। ਕਿਸੇ ਨੂੰ ਵੀ ਦੇਸ਼ ਨਾ ਛੱਡਣ ਲਈ ਪ੍ਰੇਰਿਆ। ਸਭਨਾਂ ਦੀ ਸੁਰੱਖਿਆ ਦਾ ਬਚਨ ਦਿੱਤਾ ਪਰ ਤਾਲਿਬਾਨਾਂ ਨੇ ਸਕੂਲਾਂ, ਵਿਦਿਆਰਥੀਆਂ ਤੇ ਵਿਦਿਆਰਥਣਾਂ ਨੂੰ ਵੱਖੋ-ਵੱਖਰੇ ਕਮਰਿਆਂ ਵਿੱਚ ਪੜਨ ਦਾ ਆਦੇਸ਼ ਸੁਣਾ ਦਿੱਤਾ। ਔਰਤਾਂ ਨੂੰ ਟੀਵੀ ਐਂਕਰਾਂ ਵਜੋਂ ਛੁੱਟੀ ਕਰ ਦਿੱਤੀ ਹੈ। ਤਾਲਿਬਾਨ ਲੜਾਕੇ ਉਨ੍ਹਾਂ ਲੋਕਾਂ ਨੂੰ ਲੱਭ ਰਹੇ ਹਨ ਜਿਨ੍ਹਾਂ ਨੇ ਅਮਰੀਕੀ ਨੇਤਾਵਾਂ ਦਾ ਸਾਥ ਦਿੱਤਾ, ਜਿਨ੍ਹਾਂ ਦੀ ਸੂਚੀ ਉਨ੍ਹਾਂ ਕੋਲ ਹੈ।

ਅਮਰੀਕਾ ਨੇ ਪਿਛਲੇ 20 ਸਾਲ ਅਰਬਾਂ-ਖਰਬਾਂ ਰੁਪਏ ਅਫ਼ਗਾਨਿਸਤਾਨ ਵਿੱਚ ਖਰਚ ਕੀਤੇ ਲੇਕਿਨ ਨਾ ਤਾਂ ਅਫ਼ਗਾਨਿਸਤਾਨ ਵਿੱਚ ਸ਼ਾਤੀ ਆਈ ਨਾ ਹੀ ਤਾਲਿਬਾਨ ਦਾ ਸਫਾਇਆ ਹੋਇਆ। ਸਗੋਂ ਅਮਰੀਕਾ ਨੇ ਉਨ੍ਹਾਂ ਅਫ਼ਗਾਨੀਆਂ ਨੂੰ ਸੰਕਟ ਵਿੱਚ ਪਾ ਦਿੱਤਾ ਜਿਹੜੇ ਵੀਹ ਸਾਲ ਉਨ੍ਹਾਂ ਦੇ ਸਹਿਯੋਗੀ ਰਹੇ।

ਅਫ਼ਗਾਨੀ ਸ਼ਰਨਾਰਥੀਆਂ ਦੀ ਸੰਖਿਆ ਸੈਕੜਿਆਂ, ਹਜ਼ਾਰਾਂ ਵਿੱਚ ਨਹੀਂ, ਸਗੋਂ ਲੱਖਾਂ ਵਿੱਚ ਹੈ। ਰੂਸ ਵੀ ਇਸ ਚਿੰਤਾ ਵਿੱਚ ਹੈ ਕਿ ਆਖ਼ਰ ਅਫਗਾਨੀ ਸ਼ਰਨਾਰਥੀਆਂ ਦਾ ਕੀ ਕੀਤਾ ਜਾਵੇ। ਭਾਵੇਂ ਪਾਕਿਸਤਾਨ ਖ਼ੁਸ਼ ਹੈ ਕਿ ਉਸਦੀ ਪਕੜ ਇਸ ਖਿੱਤੇ ਵਿੱਚ ਮਜ਼ਬੂਤ ਹੋਈ ਹੈ, ਜਿੱਥੇ ਭਾਰਤ ਤੇ ਅਮਰੀਕਾ ਦੀ ਪਹਿਲਾਂ ਵੱਡੀ ਪਕੜ ਸੀ। ਪਾਕਿਸਤਾਨ ਹੁਣ ਅਫ਼ਗਾਨਿਸਤਾਨ ਵਿੱਚ ਸਰਕਾਰ ਬਣਾਉਣ ਦੀ ਵੱਡੀ ਭੂਮਿਕਾ ਵੀ ਨਿਭਾ ਰਿਹਾ ਹੈ। ਪਰ ਪਾਕਿਸਤਾਨ ਦੀ ਚਿੰਤਾ ਉਹ ਵੱਡੀ ਗਿਣਤੀ ਸ਼ਰਨਾਰਥੀ ਵੀ ਹਨ, ਜਿਹੜੇ ਉਹਦੀਆਂ ਸਰਹੱਦਾਂ ਉੱਤੇ ਡੇਰੇ ਜਮਾਈ ਬੈਠੇ ਹਨ।

ਅਸਲ ਵਿੱਚ ਜਦੋਂ 2020 ਵਿੱਚ ਅਮਰੀਕਾ ਤੇ ਤਾਲਿਬਾਨ ਵਿਚਕਾਰ ਸ਼ਾਂਤੀ ਸਮਝੌਤਾ ਹੋਇਆ, ਅਫ਼ਗਾਨਿਸਤਾਨੀ ਸ਼ਰਨਾਰਥੀ ਪਹਿਲਾਂ ਹੀ ਦੂਜੇ ਦੇਸ਼ਾਂ ਵਿੱਚ ਸ਼ਰਨ ਲੈਣ ਲਈ ਤੁਰ ਪਏ ਸਨ। ਪਾਕਿਸਤਾਨ, ਇਰਾਨ ਤੋਂ ਇਲਾਵਾ ਜਰਮਨ, ਤਾਜਿਕਸਤਾਨ, ਤੁਰਕੀ, ਅਸਟਰੀਆ, ਫਰਾਂਸ, ਗਰੀਸ ਵਿੱਚ ਵੱਡੀ ਸੰਖਿਆ ਅਫ਼ਗਾਨੀ ਸ਼ਰਨਾਰਥੀ ਪਹੁੰਚੇ। ਜਰਮਨੀ ਵਿੱਚ ਪੌਣੇ ਦੋ ਲੱਖ ਅਤੇ ਤੁਰਕੀ ਵਿੱਚ ਸਵਾ ਲੱਖ ਸ਼ਰਨਾਰਥੀਆਂ ਨੇ ਸ਼ਰਨ ਲੈ ਲਈ।

ਉਹ ਪਾਕਿਸਤਾਨ ਜਿਸਨੇ ਤਾਲਿਬਾਨਾਂ ਨੂੰ ਅਫ਼ਗਾਨਿਸਤਾਨ ਦੀ ਗੱਦੀ ਦੁਆਈ ਹੈ, ਉਹ ਅਫ਼ਗਾਨੀ ਸ਼ਰਨਾਰਥੀਆਂ ਨਾਲ ਬੁਰਾ ਸਲੂਕ ਕਰਦੀ ਹੈ। ਉਨ੍ਹਾਂ ਦੇ ਮਾਨਵ ਅਧਿਕਾਰਾਂ ਦੀ ਪਾਕਿਸਤਾਨ ਵਿੱਚ ਉਲੰਘਣਾ ਹੁੰਦੀ ਹੈ। ਉਨ੍ਹਾਂ ਨੂੰ ਉੱਥੇ ਸਿੱਖਿਆ, ਸਿਹਤ ਸਹੂਲਤਾਂ ਵੀ ਨਹੀਂ ਮਿਲਦੀਆਂ। ਕਰਾਚੀ ਵਿੱਚ ਵੱਡੀ ਗਿਣਤੀ ਅਫ਼ਗਾਨੀ ਝੌਂਪੜੀਆਂ ਵਿੱਚ ਰਹਿੰਦੇ ਹਨ। ਇਕੱਲੇ ਕਰਾਚੀ ਵਿੱਚ ਝੁੱਗੀਆਂ ਵਿੱਚ ਰਹਿਣ ਵਾਲੇ ਅਫ਼ਗਾਨੀਆਂ ਦੀ ਗਿਣਤੀ ਦੋ ਲੱਖ ਹੈ। ਅਸਲ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਕਰਾਚੀ ਵਿੱਚ ਰਹਿਣ ਵਾਲੇ ਅਫ਼ਗਾਨੀ ਸ਼ਰਨਾਰਥੀ ਤਾਂ ਉੱਥੋਂ ਦੇ ਬਾਸ਼ਿੰਦੇ ਹੀ ਬਣ ਚੁੱਕੇ ਹਨ। ਉਹ ਵਾਪਸ ਅਫ਼ਗਾਨਿਸਤਾਨ ਨਹੀਂ ਜਾਣਾ ਚਾਹੁੰਦੇ। ਉਹ ਪੱਛਮੀ ਦੇਸ਼ਾਂ ਵੱਲ ਵੀ ਨਹੀਂ ਜਾਣਾ ਚਾਹੁੰਦੇ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸੋਵੀਅਤ ਯੂਨੀਅਨ ਦੇ

ਬਾਕੀ ਸਫ਼ਾ 30 'ਤੇ

# ਤਾਲਿਬਾਨ ਨੂੰ ਨਥ ਪਾਓ ਕਹਿ ਕੇ ਆਪਣੀ ਮੂਰਖਤਾ ਦਾ ਪ੍ਰਗਟਾਵਾ ਨਾ ਕਰੋ

## ਤਾਲਿਬਾਨ ਦੀ ਜਿੱਤ ਜਿਹਾਦ ਦੇ ਤੋਦੇ ਦਾ ਮਹਿਜ ਇਕ ਕਿਣਕਾ ਮਾਤਰ ਹੈ

*ਸਵਾਮੀਨਾਥਨ ਅੰਕਲੇਸਰੀਆ ਅਈਯਰ, (ਧੰਨਵਾਦ ਸਾਹਿਤ, ਟਾਈਮਜ ਆਫ ਇੰਡੀਆ, 22 ਅਗਸਤ 2021)*



**ਗੁਰਬਚਨ ਸਿੰਘ ਦੇਸ ਪੰਜਾਬ**

**9815698451**

ਤਾਲਿਬਾਨ ਸਾਹਮਣੇ ਅਫਗਾਨਿਸਤਾਨ ਦੇ ਏਨੀ ਤੇਜ਼ੀ ਨਾਲ ਢਹਿ ਜਾਣ ਨੇ ਇਕ-ਦੂਜੇ ਦੇ ਸਿਰ ਦੋਸ਼ ਮੜਣ ਨੂੰ ਤੇਜ਼ ਕਰ ਦਿੱਤਾ ਹੈ। ਜਦੋਂ ਕਿ ਤਾਲਿਬਾਨ ਪਿਛਲੇ ਇਕ ਦਹਾਕੇ ਤੋਂ ਅੱਗੇ ਵਧ ਰਹੇ ਸਨ ਅਤੇ ਅਮਰੀਕਾ ਪਿਛੇ ਹੱਟ ਰਿਹਾ ਸੀ। ਸਿਰਫ ਅੰਤਿਮ ਜਿੱਤ ਦੀ ਚਾਲ ਹੀ ਹੈਰਾਨੀਜਨਕ ਹੈ।

ਤਾਲਿਬਾਨ ਨੂੰ ਭਾਵੇਂ ਪਾਕਿਸਤਾਨ ਦੀ ਹਮਾਇਤ ਹਾਸਲ ਸੀ ਪਰ ਬਿਨਾਂ ਸ਼ੱਕ ਤਾਲਿਬਾਨ ਅਫਗਾਨਿਸਤਾਨ ਦੀ ਆਪਣੀ ਪੈਦਾਇਸ਼ ਹੈ। ਪਰ ਫਿਰ ਵੀ ਤਾਲਿਬਾਨ ਹਮੇਸ਼ਾ ਆਪਣੇ ਆਪ ਨੂੰ ਆਲਮੀ ਇਸਲਾਮੀ ਉਭਾਰ ਦੇ ਇਕ ਅੰਗ ਵਜੋਂ ਵੇਖਦੇ ਆ ਰਹੇ ਹਨ। ਇਸਲਾਮੀ ਉਭਾਰ ਦੇ ਵਿਚਾਰ ਦੇ ਪ੍ਰਗਟ ਹੋਣ ਦਾ ਸਮਾਂ ਫਿਰ ਆ ਗਿਆ ਹੈ। ਕਿਉਂਕਿ ਦੋਵੇਂ ਕਿਸਮ ਦੀਆਂ ਸਰਕਾਰਾਂ ਜਮਹੂਰੀ ਅਤੇ ਤਾਨਾਸ਼ਾਹ ਕੁਰੱਪਟ, ਵਹਿਸ਼ਤ ਦੀ ਹੱਦ ਤੱਕ ਲੋਕ ਸਰੋਕਾਰਾਂ ਪ੍ਰਤੀ ਉਦਾਸੀਨ ਅਤੇ ਮੁਸਲਿਮ ਜਗਤ ਵਿਚ ਲੋਕਾਂ ਦੀ ਬੇਭਰੋਸਗੀ ਦਾ ਸ਼ਿਕਾਰ ਹਨ। ਇਸੇ ਕਰ ਕੇ ਧਾਰਮਿਕ ਮੂਲਵਾਦ ਦੀ ਸ਼ੁੱਧਤਾ ਅਤੇ ਜਿਹਾਦ ਲਈ ਖਿੱਚ ਬੜੀ ਤੇਜ਼ੀ ਨਾਲ ਵਧੀ ਹੈ ਅਤੇ ਆਲਮੀ ਇਸਲਾਮ ਦੀਆਂ ਇਤਿਹਾਸਕ ਜੜਾਂ ਉਤੇ ਪ੍ਰਫੁਲਤ ਹੋਈ ਹੈ।

ਪੱਛਮ ਦਾ ਪਤਨ ਅਤੇ ਪੱਛਮ ਪ੍ਰਤੀ ਬਣੇ ਭਰਮਾਂ ਦਾ ਟੁੱਟਣਾ ਤੇ ਅਫਰੀਕਾ ਵਿਚ ਇਸਲਾਮੀ ਜਿਹਾਦ ਦਾ ਉਭਾਰ ਅਫਗਾਨਿਸਤਾਨ ਜਿੰਨਾ ਹੀ ਸਪੱਸ਼ਟ ਹੈ। ਫਰਾਂਸੀਸੀ ਅਤੇ ਯੂਰਪੀਨ ਫੌਜਾਂ ਅਫਰੀਕਾ ਵਿਚ ਜਿਹਾਦੀਆਂ ਨੂੰ ਕੁਚਲਣ ਦੇ ਆਪਣੇ ਦਹਾਕੇ ਭਰ ਦੇ ਯਤਨਾਂ ਵਿਚ ਸਫਲ ਨਹੀਂ ਹੋ ਸਕੀਆਂ। ਫਰਾਂਸ ਦੇ 5100 ਫੌਜੀ ਉਸਦੀਆਂ ਪੰਜ ਪੁਰਾਣੀਆਂ ਬਸਤੀਆਂ ਮਾਲੀ, ਮੌਰੀਤਾਨੀਆ, ਬੁਰਕੀਨਾ ਫਾਸੋ, ਨਿਗਰ ਅਤੇ ਚਾਡ ਵਿਚ ਤਾਇਨਾਤ ਹਨ। ਫਰਾਂਸ ਦਾ ਪ੍ਰਧਾਨ ਮੈਕਰੋਨ ਕਦੇ ਖਤਮ ਨਾ ਹੋਣ ਵਾਲੀ ਇਸ ਜੰਗ ਤੋਂ ਤੰਗ ਆ ਕੇ ਫੌਜੀਆਂ ਦੀ ਘਰ ਵਾਪਸੀ ਦਾ ਵਾਅਦਾ ਕਰ ਚੁੱਕਾ ਹੈ ਅਤੇ ਬਾਕੀ ਯੂਰਪੀਨ ਦੇਸ਼ਾਂ ਅਤੇ ਅਫਰੀਕਨਾਂ ਨੂੰ ਇਨਾਂ ਫੌਜੀਆਂ ਦੀ ਥਾਂ ਭਰਨ ਲਈ ਕਹਿ ਰਿਹਾ ਹੈ।

ਉਸਦੀ ਸਭ ਤੋਂ ਮੰਦੀ ਹਾਲਤ ਮਾਲੀ ਵਿਚ ਹੈ। ਜਿਥੇ ਗਦਾਫੀ ਦੀ ਮੌਤ ਤੋਂ ਬਾਅਦ ਦੇਸ਼ ਵਿਚੋਂ ਕੱਢੇ ਗਏ ਲਿਬੀਅਨ ਜਿਹਾਦੀ ਸਥਾਨਕ ਜਿਹਾਦੀਆਂ ਨਾਲ ਮਿਲ ਗਏ ਹਨ। ਜਿਹਾਦੀਆਂ ਨੇ ਟਿੰਬੂਕਟੂ ਉਤੇ ਕਬਜਾ ਕਰ ਕੇ ਬਹੁਤ ਸਾਰੇ ਪੁਰਾਣੇ ਮਕਬਰੇ ਗੈਰਇਸਲਾਮੀ ਕਹਿ ਕੇ ਢਾਹ ਦਿੱਤੇ। ਫਰਾਂਸੀਸੀ ਫੌਜੀ ਜਿਹਾਦੀਆਂ ਉਤੇ ਕਾਬੂ ਪਾਉਣ ਲਈ ਭੇਜੇ ਗਏ। ਉਨਾਂ ਨੂੰ ਮੁਢ ਵਿਚ ਚੰਗੀ ਸਫਲਤਾ ਮਿਲੀ ਪਰ ਹੁਣੇ ਜਿਹੇ ਮਾਲੀ ਵਿਚ ਹੋਏ ਰਾਜ ਪਲਟੇ ਕਾਰਨ ਫਰਾਂਸ ਨੂੰ ਨਮੋਸ਼ੀ ਹੋਈ ਹੈ ਅਤੇ ਜਿਹਾਦੀ ਆਪਣੀ ਇਖਲਾਕੀ ਜਿੱਤ ਅਤੇ ਦ੍ਰਿੜਤਾ ਉਤੇ ਖੁਸ਼ ਹੋਏ ਹਨ। ਮੰਨਿਆ ਜਾ ਰਿਹਾ ਹੈ ਕਿ ਹੁਣ ਇਕ ਨਵੀਂ ਆਲਮੀ ਟਾਸਕ ਫੋਰਸ ਟਕੂਬਾ ਦੇਸ਼ ਵਿਚ ਸ਼ਾਤੀਂ ਯਕੀਨੀ ਬਣਾਏਗੀ। ਪਰ ਇਸ ਦੀ ਆਸ ਬਹੁਤ ਘੱਟ ਹੈ।

ਨਾਈਜੀਰੀਆ ਵਿਚ ਜਿਹਾਦੀ ਸਭ ਤੋਂ ਤਾਕਤਵਰ ਹਨ। ਜਿੱਥੇ ਅਸਲ ਵਿਚ ਬੋਕੋ ਹਰਮ ਲੱਖਾਂ ਦੀ ਆਬਾਦੀ ਵਾਲੇ ਬਹੁਤ ਵਡੇ ਖੇਤਰ ਵਿਚ ਰਾਜ ਕਰਦਾ ਹੈ। ਇਸਲਾਮੀ ਜਿਹਾਦੀਆਂ ਦੇ ਇਕ ਛੋਟੇ ਜਿਹੇ ਗਰੁੱਪ ਨੇ 1993 ਵਿਚ ਸੋਮਾਲੀਆ ਅੰਦਰ ਅਮਰੀਕਾ ਦੀ ਫੌਜ ਨੂੰ ਹਰਾਇਆ ਸੀ। (ਅਮਰੀਕਾ ਦੀ ਇਸ ਹਾਰ ਉਤੇ 'ਬਲੈਕ ਹਾਕ ਡਾਊਨ' ਫਿਲਮ ਬਣੀ ਸੀ)

ਤਾਲਿਬਾਨ ਕਹਿ ਰਹੇ ਹਨ ਕਿ ਉਹ ਤਾਕਤ ਦੀ ਬਦਲੀ ਸ਼ਾਂਤਮਈ ਢੰਗ ਨਾਲ ਕਰਨਗੇ ਅਤੇ ਆਲਮੀ ਦਹਿਸ਼ਤਗਰਦੀ ਲਈ ਆਪਣੇ ਦੇਸ਼ ਦੀ ਵਰਤੋਂ ਨਹੀਂ ਕਰਨ ਦੇਣਗੇ। ਪਰ ਉਹ ਬੜੇ ਲੰਬੇ ਸਮੇਂ ਤੋਂ ਆਪਣੇ ਗੁਆਂਢੀ ਮੁਲਕਾਂ ਉਜਬੇਕਿਸਤਾਨ, ਕਿਰਗਿਜਸਤਾਨ, ਤਾਜਿਕਸਤਾਨ, ਤੁਰਕਿਮਸਤਾਨ ਅਤੇ ਪਾਕਿਸਤਾਨ ਵਿਚਲੇ ਦਹਿਸ਼ਤਗਰਦਾਂ ਨੂੰ ਪਨਾਹ ਦੇ ਰਹੇ ਹਨ। ਚੀਨ ਆਪਣੇ ਜਿਨਜਿਆਂਗ ਸੂਬੇ ਵਿਚਲੇ ਇਸਲਾਮੀ ਖਾੜਕੂਪੁਣੇ ਤੋਂ ਡਰਿਆ ਹੋਇਆ ਹੈ। ਉਸ ਨੇ 10 ਲੱਖ ਦੇ ਕਰੀਬ ਉਗਰ ਮੁਸਲਮਾਨਾਂ ਨੂੰ 'ਵਿਦਿਆ' ਅਤੇ 'ਕਿਤਾ' ਕੈਂਪਾਂ ਵਿਚ ਬੰਦ ਕੀਤਾ ਹੋਇਆ ਹੈ। ਚੀਨ ਤਾਲਿਬਾਨ ਨਾਲ ਸਮਝੌਤਾ ਕਰ ਕੇ ਖੁਸ਼ ਹੈ (ਬਿਲਕੁਲ ਉਵੇਂ ਹੀ ਜਿਵੇਂ 1990ਵਿਆਂ ਵਿਚ ਅਮਰੀਕਾ ਖੁਸ਼ ਸੀ।) ਬਸ਼ਰਤੇ ਕਿ ਉਹ ਜਿਹਾਦ ਨੂੰ ਬਰਾਮਦ ਨਾ ਕਰੇ। ਪਰ ਇਹ ਇਕ ਮੂਰਖਾਂ ਵਾਲੀ ਆਸ ਹੈ। ਉਹ ਧਾਰਮਿਕ ਤਾਕਤਾਂ ਜਿਹੜੀਆਂ ਆਲਮੀ ਜਿਹਾਦ ਦੇ ਉਭਾਰ ਵਿਚ ਸਹਾਈ ਹੁੰਦੀਆਂ ਹਨ, ਉਹ ਸਾਧਾਰਣ ਰਾਜਦੂਤਕ ਚੈਨਲਾਂ ਰਾਹੀਂ ਕਾਬੂ ਨਹੀਂ ਕੀਤੀਆਂ ਜਾ ਸਕਦੀਆਂ, ਭਾਵੇਂ ਕਿ ਤਾਲਿਬਾਨ ਰਸਮੀ ਤੌਰ ਉਤੇ ਇਸ ਵਿਚਾਰ ਨਾਲ ਸਹਿਮਤ ਵੀ ਹੋ ਜਾਏ। ਤਾਲਿਬਾਨ ਭਾਵੇਂ ਹਾਲ ਦੀ ਘੜੀ ਇਸ ਗੱਲ ਨੂੰ ਠੀਕ ਸਮਝਣ ਕਿ ਅਮਰੀਕਾ ਅਤੇ ਇਥੋਂ ਤੱਕ ਕਿ ਚੀਨ ਵਿਚ ਵੀ ਜਿਹਾਦੀ ਮਾਅਰਕੇਬਾਜੀ ਉਤੇ ਕਾਬੂ ਰਖਿਆ ਜਾਵੇ। ਪਰ ਇਹ ਮੌਕਾਪ੍ਰਸਤੀ ਤੋਂ ਵਧੇਰੇ ਹੋਰ ਕੁਝ ਨਹੀਂ। ਕਿਉਂਕਿ ਤਾਲਿਬਾਨ ਖੁਦ ਆਲਮੀ ਇਸਲਾਮ ਦੇ ਉਭਾਰ ਵਿਚ ਆ ਰਹੇ ਜਵਾਰਭਾਟੇ ਦਾ ਇਕ ਅੰਗ ਹੈ। ਕੋਈ ਵੀ ਉਸਦੇ ਇਸ ਦਾਅਵੇ ਉਤੇ ਯਕੀਨ ਨਹੀਂ ਕਰ ਸਕਦਾ। ਇਹ ਯਕੀਨੀ ਤੌਰ ਉਤੇ ਪਾਕਿਸਤਾਨ ਤੇ ਭਾਰਤ ਸਮੇਤ ਗੁਆਂਢੀ ਮੁਲਕਾਂ ਵਿਚ ਧਾਰਮਿਕ ਮੂਲਵਾਦ ਨੂੰ ਉਭਾਰੇਗਾ।

ਬਹੁਤ ਥੋੜੇ ਭਾਰਤੀ ਸੰਸਾਰ ਭਰ ਵਿਚ ਛਪ ਰਹੇ ਇਸਲਾਮੀ ਸਾਹਿਤ ਨੂੰ ਪੜਦੇ ਹਨ। ਇਹ ਸਾਰਾ ਸਾਹਿਤ ਭਾਰਤ ਨੂੰ ਮੁਸਲਮਾਨਾਂ ਤੇ ਖਾਸ ਕਰ ਕੇ ਕਸ਼ਮੀਰ ਵਿਚਲੇ ਮੁਸਲਮਾਨਾਂ ਉਤੇ ਸਭ ਤੋਂ ਵਧ ਜਬਰ ਕਰਨ ਵਾਲੇ ਦੇਸ਼ ਵਜੋਂ ਪ੍ਰਚਾਰਦਾ ਹੈ। ਤਾਲਿਬਾਨ ਦੀ ਜਿੱਤ ਹਿੰਦੂ ਰਾਸ਼ਟਰਵਾਦੀਆਂ ਵਲੋਂ ਭਾਰਤੀ ਮੁਸਲਮਾਨਾਂ ਨੂੰ ਪ੍ਰੇਸ਼ਾਨ ਕਰਨ ਵਿਰੁਧ ਇਨਸਾਫ ਮੰਗਦੀ ਉਸ ਆਲਮੀ ਇਸਲਾਮੀ ਲਹਿਰ ਨੂੰ ਮਜਬੂਤ ਕਰੇਗੀ।

ਇਸ ਗੱਲ ਦਾ ਵੱਡਾ ਖਤਰਾ ਹੈ ਕਿ ਹਿੰਦੂ ਫਿਰਕਾਪ੍ਰਸਤੀ ਤੇ ਇਸਲਾਮੀ ਮੂਲਵਾਦ ਆਪਸ ਵਿਚ ਟਕਰਾਅ ਜਾਣ ਅਤੇ ਇਕ-ਦੂਜੇ ਨੂੰ ਤਕੜਾ ਕਰਦੇ ਹੋਏ ਸਮਾਜੀ ਇਕਸੁਰਤਾ ਨੂੰ ਭੰਗ ਕਰ ਦੇਣ।

ਜਿਆਦਾਤਰ ਆਲਮੀ ਬਹਿਸਾਂ ਚੀਨ ਅਤੇ ਅਮਰੀਕਾ ਦੀ ਅਗਵਾਈ ਹੇਠਲੇ ਜਮਹੂਰੀ ਸੰਸਾਰ ਵਿਚਕਾਰ ਦੁਸ਼ਮਣੀ ਉਤੇ ਕੇਂਦਰਿਤ ਹਨ। ਪਰ ਕਮਰੇ ਵਿਚ ਲਗਾਤਾਰ ਹੋ ਰਹੇ ਇਸਲਾਮੀ ਉਭਾਰਨੁਮਾ ਹਾਥੀ ਦੀ ਹੋਂਦ ਵੀ ਹੈ। ਇਥੋਂ ਤੱਕ ਕਿ ਇੰਡੋਨੇਸ਼ੀਆ ਜਿਹੜਾ ਕਿਸੇ ਵੇਲੇ ਪੂਰੀ ਤਰਾਂ ਧਰਮ ਨਿਰਪੱਖ ਦੇਸ਼ ਸੀ, ਫਿਰਕੂ ਬਣ ਰਿਹਾ ਹੈ। ਬੰਗਲਾਦੇਸ਼ ਵਿਚ ਮੁਸਲਿਮ ਮੂਲਵਾਦੀ ਤਰਕਸ਼ੀਲਾਂ ਤੇ (ਮੇਰੇ ਵਰਗੇ) ਨਾਸਤਿਕਾਂ ਦੇ ਕਤਲ ਕਰ ਰਹੇ ਨੇ। ਇਕ ਅਰਧ ਜਿਹਾਦੀ ਖਿਤਾ ਸੀਰੀਆ ਦੇ ਇਦਲਿਬ ਖੇਤਰ ਵਿਚ ਮੌਜੂਦ ਹੈ। ਆਈ. ਐਸ. ਆਈ. ਐਸ. ਉਤੇ ਕਾਬੂ ਪਾਇਆ ਜਾ ਸਕਿਆ ਹੈ ਪਰ ਇਹ ਖਤਮ ਨਹੀਂ ਹੋਇਆ।

ਬਹੁਤੇ ਭਾਰਤੀ ਮੌਂਜਬੀਕ ਤੋਂ ਜਾਣੂ ਨਹੀਂ ਹਨ। ਖਾੜੀ ਦੇਸ਼ਾਂ ਤੋਂ ਬਾਅਦ ਕੁਦਰਤੀ ਗੈਸ ਦਾ ਸਭ ਤੋਂ ਵਡਾ ਭੰਡਾਰ ਇਸ ਦੇਸ਼ ਵਿਚ ਮੌਜੂਦ ਹੈ। ਇਸ ਦੇਸ਼ ਵਿਚ ਕਈ ਭਾਰਤੀ ਕੰਪਨੀਆਂ (ਓ. ਐਨ. ਜੀ. ਸੀ. ਤੇ ਬੀ. ਪੀ. ਸੀ. ਐਲ. ਸਮੇਤ) ਨੇ ਫਰਾਂਸ ਦੀ ਕੰਪਨੀ ਟੋਟਲ ਦੀ ਅਗਵਾਈ ਹੇਠਲੇ ਆਲਮੀ ਕੰਪਨੀਆਂ ਦੇ ਸਮੂਹ ਨਾਲ ਮਿਲ ਕੇ ਤਰਲ ਕੁਦਰਤੀ ਗੈਸ ਦੀ ਇਕ ਬਹੁਤ ਵੱਡੀ ਸਨਅਤ ਕਾਇਮ ਕਰਨ ਦਾ ਯਤਨ ਕੀਤਾ ਹੈ। ਇਸ ਸਨਅਤ ਦਾ ਮੌਂਜਬੀਕ ਦੀ ਕੁਲ ਜੀ. ਡੀ. ਪੀ. ਵਿਚ ੪੦ ਫੀਸਦੀ ਹਿਸਾ ਹੋਣਾ ਸੀ। ਪਰ ਅਫਸੋਸ, ਇਕ ਨਿੱਕੇ ਜਿਹੇ ਅਣਜਾਣੇ ਇਸਲਾਮੀ ਗਰੁੱਪ ਨੇ ਗੈਸ ਫੀਲਡ ਦੇ ਨੇੜਲੇ ਖੇਤਰ ਪਾਲਮਾ ਉਤੇ ਕਬਜਾ ਕਰ ਲਿਆ ਅਤੇ 2600 ਲੋਕਾਂ ਨੂੰ ਮਾਰ ਕੇ ਉਥੋਂ 7 ਲੱਖ ਲੋਕਾਂ ਨੂੰ ਭਜਾ ਦਿੱਤਾ। ਇਹ ਅਫਗਾਨਿਸਤਾਨ ਜਿਡੀ ਹੀ ਵੱਡੀ ਹਾਰ ਹੈ। ਪਰ ਇਸ ਦਾ ਜਿਕਰ ਇਸ ਕਰ ਕੇ ਘੱਟ ਹੋਇਆ ਹੈ ਕਿਉਂਕਿ ਇਸ ਵਿਚ ਕੋਈ ਵੱਡੀ (ਸਾਮਰਾਜੀ) ਤਾਕਤ ਸ਼ਾਮਿਲ ਨਹੀਂ ਹੈ। ਟੋਟਲ ਕੰਪਨੀ ਅਤੇ ਉਸ ਦਾ ਸਾਰਾ ਫਰਾਂਸੀਸੀ ਅਮਲਾਫੈਲਾ ਉਥੋਂ ਦੌੜ ਗਿਆ ਹੈ ਅਤੇ ਕੁਝ ਪਤਾ ਨਹੀਂ ਤੇ ਕੋਈ ਨਹੀਂ ਜਾਣਦਾ ਕਿ ਹਾਲਾਤ ਕਦੋਂ ਸੁਧਰਨਗੇ ਅਤੇ ਇਹ ਓਪਰੇਸ਼ਨ ਦੁਬਾਰਾ ਕਦੋਂ ਸ਼ੁਰੂ ਹੋਵੇਗਾ। ਸਾਰੀਆਂ ਪੱਛਮੀ ਤਾਕਤਾਂ ਨਿੱਤ ਲੜੀਆਂ ਜਾ ਰਹੀ ਜੰਗਾਂ ਤੋਂ ਘਬਰਾਈਆਂ ਹੋਈਆਂ ਹਨ।

ਬਹੁਤੇ ਭਾਰਤੀ ਲਿਬਰਲ ਬੁਧੀਜੀਵੀ ਆਲਮੀ ਜਿਹਾਦ ਦੀ ਨਿਖੇਧੀ ਕਰਨ ਤੋਂ ਇਸ ਪੱਖੋਂ ਝਕਦੇ ਹਨ ਕਿਉਂਕਿ ਉਨਾਂ ਨੂੰ (ਸਹੀ) ਡਰ ਹੈ ਕਿ ਇਹ ਭਾਰਤੀ ਜਨਤਾ ਪਾਰਟੀ ਦੇ ਫਿਰਕੂ ਨਫਰਤੀ ਪ੍ਰਚਾਰ ਨੂੰ ਤਕੜਾ ਕਰੇਗਾ। ਕੁਝ ਲਿਬਰਲ ਤਾਲਿਬਾਨ ਨੂੰ ਨੱਥ ਪਾਉਣ ਦੀ ਆਸ ਲਾਈ ਬੈਠੇ ਹਨ। ਪਰ ਇਹ ਇਕ ਭਰਮ ਹੈ। ਆਲਮੀ ਇਸਲਾਮੀ ਉਭਾਰ ਤੇ ਹਿੰਦੂ ਰਾਸ਼ਟਰਵਾਦ ਯਕੀਨੀ ਟਕਰਾਅ ਵਿਚ ਆਉਣਗੇ ਅਤੇ ਦੋਵਾਂ ਪਾਸਿਆਂ ਦੀ ਫਿਰਕਾਪ੍ਰਸਤੀ ਨੂੰ ਤਕੜਾ ਕਰਨਗੇ। ਥੋੜੇ ਸਮੇਂ ਲਈ ਭਾਵੇਂ ਇਸ ਦਾ ਭਾਜਪਾ ਨੂੰ ਫਾਇਦਾ ਹੋਵੇ ਪਰ ਸਮੁੱਚੇ ਸਮਾਜ ਅਤੇ ਅਰਥਚਾਰੇ ਲਈ ਇਹ ਬਹੁਤ ਭਿਆਨਕ ਹੋਵੇਗਾ।

14 ਸਤੰਬਰ
ਕੈਲੀਫੋਰਨੀਆ ਗਵਰਨੈਟੋਰਿਅਲ ਰੀਕਾਲ ਇਲੈਕਸ਼ਨ ਵਿਚ ਵੋਟ ਪਾ ਸਕਦੇ ਹੋ
ਵੋਟ ਪਾਉਣ ਦੀ ਯੋਜਨਾ ਬਣਾਉ!
ਮੇਲ ਡ੍ਰੌਪ ਬਾਕਸ ਵੋਟ ਕੇਂਦਰਾਂ ਦੁਆਰਾ
ਹੋਰ ਜਾਣਨ ਲਈ, ਫੇਰੀ ca.gov ਤੇ ਜਾਉ
VOTE SAFE CALIFORNIA
A CALIFORNIA SECRETARY OF STATE CAMPAIGN

ਅੰਮ੍ਰਿਤਸਰ ਟਾਈਮਜ਼ AMRITSAR TIMES

03 ਸਤੰਬਰ 2021 ਤੋਂ 09 ਸਤੰਬਰ 2021

# ਬਿਜਲ ਸੱਥ ਉੱਤੇ ਸਿੱਖਾਂ ਦੇ ਅੰਦਰੂਨੀ ਮਸਲੇ ਵਿਚਾਰਨ ਦਾ ਰੁਝਾਨ

ਪਿਛਲੇ ਕੁਝ ਸਮੇਂ ਤੋਂ ਥੋੜੇ ਥੋੜੇ ਵਕਫੇ ਦੇ ਨਾਲ ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ ਸਿੱਖਾਂ ਦੇ ਅੰਦਰੂਨੀ ਮਸਲਿਆਂ ਬਾਰੇ ਲਗਾਤਾਰ ਚਰਚਾ ਚੱਲਣ ਲੱਗ ਪਈ ਹੈ। ਕਦੀ ਇਸ ਤਰਾਂ ਦੀਆਂ ਚਰਚਾਵਾਂ ਵਿੱਚ ਵਿਵਾਦਤ ਮੁੱਦੇ ਉਭਾਰੇ ਜਾਂਦੇ ਹਨ, ਕਦੀ ਗੁਰ ਇਤਿਹਾਸ ਉੱਤੇ ਟੀਕਾ ਟਿੱਪਣੀ ਕੀਤੀ ਜਾਂਦੀ ਹੈ, ਕਦੀ ਸਿੱਖ ਇਤਿਹਾਸ ਵਿਚਲੀਆਂ ਉਹ ਗੱਲਾਂ ਨੂੰ ਵਧਾ ਚੜਾ ਕੇ ਪੇਸ਼ ਕੀਤਾ ਜਾਂਦਾ ਹੈ ਜਿਨਾਂ ਉੱਤੇ ਸਾਰੇ ਸਿੱਖ ਇਕਮੱਤ ਨਹੀਂ ਹਨ, ਕਦੀ ਖਾੜਕੂ ਸੰਘਰਸ਼ ਦੇ ਫੈਸਲਿਆਂ ਬਾਰੇ ਸਵਾਲ ਖੜੇ ਕੀਤੇ ਜਾਂਦੇ ਹਨ, ਕਦੀ ਸੰਘਰਸ਼ ਲੜਨ ਵਾਲੇ ਖਾੜਕੂ ਸਿੰਘਾਂ ਨੂੰ ਬਦਨਾਮ ਕਰਨ ਦੀਆਂ ਕੋਝੀਆਂ ਹਰਕਤਾਂ ਕੀਤੀਆਂ ਜਾਂਦੀਆਂ ਹਨ ਜਾਂ ਕਦੀ ਇਕ ਦੂਸਰੇ ਧੜੇ ਨੂੰ ਗਲਤ ਸਾਬਤ ਕਰਨ ਲਈ ਸ਼ਬਦੀ ਜੰਗ ਸ਼ੁਰੂ ਹੋ ਜਾਂਦੀ ਹੈ। ਥਾਂ, ਵਿਸ਼ਾ, ਤਰੀਕਾ ਅਤੇ ਮਰਿਯਾਦਾ ਸਭ ਨੂੰ ਛੋਟਾ ਜਾਣ ਆਪੋ ਆਪਣੀ ਸਮਝ ਅਤੇ ਆਪੋ ਆਪਣੀ ਜਾਣਕਾਰੀ ਅਨੁਸਾਰ ਆਪੋ ਆਪਣੇ ਧੜੇ ਨੂੰ ਜਾਂ ਆਪੋ ਆਪਣੇ ਸੱਚ ਨੂੰ ਵੱਡਾ ਦਰਸਾਉਣ ਉੱਤੇ ਜ਼ੋਰ ਲਾਇਆ ਜਾਂਦਾ ਹੈ। ਅੱਜ ਜਦੋਂ ਲਹਿਰ ਨਾਲ ਸਬੰਧਤ ਸ਼ਖਸੀਅਤਾਂ ਨੂੰ ਲੈ ਕੇ ਹੋ ਰਹੀ ਚਰਚਾ ਦਿਨੋ-ਦਿਨ ਘਾਤਕ ਰੂਪ ਅਖਤਿਆਰ ਕਰ ਰਹੀ ਹੈ ਤਾਂ ਇਸ ਮੌਕੇ ਕੁਝ ਗੱਲਾਂ ਬਾਰੇ ਗੌਰ ਕਰਨਾ ਬਹੁਤ ਜਰੂਰੀ ਹੋ ਜਾਂਦਾ ਹੈ। ਜਿਆਦਾਤਰ ਇਸ ਤਰਾਂ ਦੀਆਂ ਬਹਿਸਾਂ ਵਿੱਚ ਬਿਜਲ ਸੱਥ ਉੱਤੇ ਹੀ ਸਮਾਂ ਬਤੀਤ ਕਰਨ ਵਾਲੇ ਵਿਅਕਤੀ ਸ਼ਾਮਿਲ ਹੁੰਦੇ ਰਹੇ ਹਨ ਪਰ ਪਿਛਲੇ ਦਿਨਾਂ ਤੋਂ ਇਹ ਬਹਿਸਾਂ ਆਪਣਾ ਘੇਰਾ ਵਧਾਉਂਦੀਆਂ ਪ੍ਰਤੀਤ ਹੋ ਰਹੀਆਂ ਹਨ। ਇਨਾਂ ਬਹਿਸਾਂ ਨੇ ਹੁਣ ਕਈ ਕੱਦਵਾਰ ਸ਼ਖਸੀਅਤਾਂ ਨੂੰ ਵੀ ਆਪਣੇ ਵਲੇਵੇਂ ਵਿੱਚ ਲੈ ਲਿਆ ਹੈ ਜਿਹੜਾ ਕਿ ਇਸ ਗਲਤ ਰੁਝਾਨ ਦੇ ਹੋਰ ਘਾਤਕ ਬਣ ਜਾਣ ਦਾ ਸੰਕੇਤ ਹੈ।

ਬਿਜਲ ਸੱਥ ਉੱਤੇ ਤਟਫਟ ਪ੍ਰੀਕਿਰਿਆ ਦੇਣ ਦਾ ਅਮਲ ਭਾਵੇਂ ਨਵਾਂ ਨਹੀਂ ਹੈ ਪਰ ਇਹ ਕਾਹਲ ਬਹੁਤ ਤੇਜ਼ ਰਫਤਾਰ ਨਾਲ ਵਧ-ਫੁਲ ਰਹੀ ਹੈ। ਇਸ ਕਾਹਲ ਵਿੱਚ ਮਨੁੱਖ ਬਿਨਾਂ ਵਿਚਾਰੇ ਕਿਸੇ ਬਹੁਤ ਸੰਜੀਦਾ ਮਸਲੇ ਉੱਤੇ ਕੋਈ ਵੀ ਹਲਕੀ ਟਿੱਪਣੀ ਕਰ ਦਿੰਦਾ ਹੈ ਜਾਂ ਸਮੇਂ ਅਤੇ ਹਲਾਤਾਂ ਨੂੰ ਨਾ ਸਮਝਦਿਆਂ ਨਿੱਜੀ ਤੌਰ ਉੱਤੇ ਕਰਨ ਵਾਲੀ ਗੱਲ ਦੀਆਂ ਬਹਿਸਾਂ ਜਨਤਕ ਤੌਰ 'ਤੇ ਕਰਨ ਲੱਗ ਜਾਂਦਾ ਹੈ। ਇਸ ਰਫਤਾਰ ਕਾਰਨ ਹੀ ਲਗਾਤਾਰ ਹਾਂ-ਪੱਖੀ ਪ੍ਰਚਾਰ ਦੀ ਥਾਂ ਨਾ-ਪੱਖੀ ਪ੍ਰਚਾਰ ਜ਼ੋਰ ਫੜਦਾ ਜਾ ਰਿਹਾ ਹੈ। ਇਸ ਤਰਾਂ ਮਨੁੱਖ ਜਿੱਥੇ ਆਪਣਾ ਸਮਾਂ ਅਤੇ ਆਪਣੀ ਊਰਜਾ ਅਜਾਈਂ ਗਵਾ ਰਿਹਾ ਹੈ ਉੱਥੇ ਅਹਿਮ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਹੋਰ ਵੱਧ ਉਲਝਾ ਰਿਹਾ ਹੈ। ਇਹੀ ਕਾਰਨ ਹੈ ਕਿ ਬਿਜਲ ਸੱਥ ਦਾ ਉਭਾਰ ਸਿੱਖ ਸੰਗਤ ਅੰਦਰਲੇ ਮਤਭੇਦਾਂ ਨੂੰ ਵਧਾਉਣ ਦਾ ਕਾਰਜ ਕਰ ਰਿਹਾ ਹੈ। ਬਹੁਤੇ ਮੀਡੀਆ ਚੈਨਲਾਂ ਦਾ ਵੀ ਇਸ ਸਾਰੇ ਵਰਤਾਰੇ ਵਿੱਚ ਬਹੁਤ ਵੱਡਾ ਯੋਗਦਾਨ ਹੈ। ਗੱਲ ਦੀ ਗੰਭੀਰਤਾ ਨੂੰ ਸਮਝੇ ਬਿਨਾਂ ਕਿਸੇ ਵੀ ਗੱਲ ਨੂੰ ਲੋਕਾਂ ਵਿੱਚ ਲੈ ਕੇ ਜਾਣ ਦੀ ਕਾਹਲ ਉਨਾਂ ਲਈ ਭਾਵੇਂ ਟੀ.ਆਰ. ਪੀ ਦਾ ਮਸਲਾ ਹੋਵੇ ਭਾਵੇਂ ਆਪਣੀ ਪਹਿਚਾਣ ਬਣਾਉਣ ਜਾਂ ਵਧਾਉਣ ਦਾ ਮਸਲਾ ਹੋਵੇ ਜਾਂ ਕੋਈ ਹੋਰ ਪਰ ਉਨਾਂ ਦਾ ਇਹ ਵਤੀਰਾ ਲਗਾਤਾਰ ਸਟੇਟ ਦੇ ਹੱਕ ਵਿੱਚ ਭੁਗਤ ਰਿਹਾ ਹੈ ਅਤੇ ਸਟੇਟ ਇਨਾਂ ਨੂੰ ਬੜੀ ਸੌਖਿਆਂ ਵਰਤ ਰਹੀ ਹੈ। ਚੈਨਲਾਂ ਵਾਲਿਆਂ ਨੂੰ ਇਸ ਮਸਲੇ ਉੱਤੇ ਆਪਣੇ ਅਮਲਾਂ ਦੀ ਇਮਾਨਦਾਰੀ ਅਤੇ ਗੰਭੀਰਤਾ ਨਾਲ ਪੜਚੋਲ ਕਰਨੀ ਚਾਹੀਦੀ ਹੈ। ਬਿਜਲ ਸੱਥ ਅੰਦਰੂਨੀ ਮਸਲਿਆਂ ਉੱਤੇ ਗੱਲ ਕਰਨ ਦੀ ਸਹੀ ਥਾਂ ਨਹੀਂ ਹੈ। ਜਦੋਂ ਗੱਲ ਖਾੜਕੂ ਸੰਘਰਸ਼ ਦੀ ਆਉਂਦੀ ਹੈ ਤਾਂ ਸਿੱਖਾਂ ਦਾ ਵੱਡਾ ਹਿੱਸਾ ਇਸ ਗੱਲ ਨਾਲ ਸਿਰਫ ਸਹਿਮਤ ਹੀ ਨਹੀਂ ਸਗੋਂ ਵਾਰ ਵਾਰ ਦੁਹਰਾਉਂਦਾ ਹੈ ਕਿ ਇਹ ਲੜਾਈ ਅਜੇ ਖਤਮ ਨਹੀਂ ਹੋਈ, ਇਹ ਜਾਰੀ ਹੈ। ਜੇਕਰ ਲੜਾਈ ਅਜੇ ਜਾਰੀ ਹੈ ਫਿਰ ਚੱਲਦੀ ਲੜਾਈ ਨਾਲ ਸਬੰਧਿਤ ਅੰਦਰੂਨੀ ਗੱਲਾਂ ਉੱਤੇ ਬਹਿਸ ਕਿੰਨੀ ਕੁ ਜਾਇਜ਼ ਹੈ ? ਉਹ ਵੀ ਜਨਤਕ ਥਾਂ 'ਤੇ ? ਜਿਨਾਂ ਨੂੰ ਇਸ ਗੱਲ ਦਾ ਥੋੜਾ ਬਹੁਤ ਵੀ ਅਹਿਸਾਸ ਹੈ ਉਨਾਂ ਨੂੰ ਤਾਂ ਬਿਲਕੁਲ ਹੀ ਇਲਜ਼ਾਮਤਰਾਸ਼ੀ ਤੋਂ ਬਾਹਰ ਨਿਕਲ ਆਉਣਾ ਚਾਹੀਦਾ ਹੈ। ਭਾਵੇਂ ਉਹ ਠੀਕ ਵੀ ਹੋਣ ਪਰ ਉਨਾਂ ਨੂੰ ਇਹ ਸਮਝਣਾ ਪਵੇਗਾ ਕਿ ਇਹੋ ਜਿਹੀਆਂ ਗੱਲਾਂ ਪੰਥ ਵਾਸਤੇ ਨੁਕਸਾਨਦੇਹ ਹਨ ਅਤੇ ਇਸ ਤਰਾਂ ਕਰਕੇ ਉਹ ਪੰਥ ਨੂੰ ਜਵਾਬਦੇਹ ਹਨ। ਇਸ ਤੋਂ ਅਗਾਂਹ ਇੱਕ ਹੋਰ ਅਹਿਮ ਗੱਲ ਇਹ ਵੀ ਹੈ ਕਿ ਇਹ ਸਾਰੀਆਂ ਬਹਿਸਾਂ ਜਨਤਕ ਥਾਵਾਂ ਉੱਤੇ ਕੀਤੀ ਜਾਣ ਵਾਲੀ ਗੱਲਬਾਤ ਦੀ ਮਰਿਯਾਦਾ 'ਤੇ ਵੀ ਪੂਰੀਆਂ ਨਹੀਂ ਉਤਰਦੀਆਂ। ਇਹ ਸਭ ਕਰ ਕੇ ਅਸੀਂ ਭਵਿੱਖ ਵਿੱਚ ਕਿਸ ਤਰਾਂ ਦੇ ਰਾਹ ਖੋਲ ਰਹੇ ਹਾਂ ? ਅਸੀਂ ਆਪਣੇ ਅਮਲਾਂ ਰਾਹੀਂ ਆਪਣੀ ਵਿਸ਼ਵਾਸ਼ਯੋਗਤਾ ਵਧਾਉਣ ਦੀ ਥਾਂ ਦੂਸਰੇ ਦੀ ਵਿਸ਼ਵਾਸ਼ਯੋਗਤਾ ਘਟਾਉਣ ਦੇ ਰਾਹ ਕਿਉਂ ਪੈ ਰਹੇ ਹਾਂ ? ਜੇਕਰ ਇਨਾਂ ਬਹਿਸਾਂ ਵਿੱਚ ਕੋਈ ਇੱਕ ਧੜਾ ਜਿੱਤ ਵੀ ਜਾਂਦਾ ਹੈ, ਫਿਰ ਕੀ ਹਾਸਲ ਹੋ ਜਾਣਾ ਹੈ ? ਕੀ ਫਿਰ ਸਿੱਖ ਸੰਗਤ ਸਿਰਫ ਇਸੇ ਗੱਲ ਕਰਕੇ ਤੁਹਾਡੇ ਧੜੇ ਦੀ ਅਗਵਾਈ ਕਬੂਲ ਲਵੇਗੀ ?

ਜਿਨਾਂ ਅੰਦਰ ਕੁਝ ਜਾਣਨ ਦੀ ਪਵਿੱਤਰ ਇੱਛਾ ਹੁੰਦੀ ਹੈ ਉਨਾਂ ਦਾ ਤਰੀਕਾ ਇਹ ਨਹੀਂ ਹੁੰਦਾ, ਉਹ ਮਿਹਨਤਾਂ ਦੇ ਆਸ਼ਕ, ਤਿਆਗ ਦਿਲ ਅਤੇ ਸਬਰਾਂ ਦੇ ਹਾਣੀ ਬੜੇ ਪਾਕ ਰਾਹਾਂ ਦੇ ਪਾਂਧੀ ਹੁੰਦੇ ਹਨ। ਉਨਾਂ 'ਤੇ ਸਭ ਕੁਝ ਨੂੰ ਜਾਣਨ ਦਾ ਭੂਤ ਸਵਾਰ ਨਹੀਂ ਹੁੰਦਾ, ਉਨਾਂ ਨੇ 'ਜਾਣਨਾ ਕਿਉਂ ?' ਦੇ 'ਕਿਉਂ' ਨੂੰ ਬੁੱਝ ਲਿਆ ਹੁੰਦਾ ਹੈ ਅਤੇ ਉਨਾਂ ਨੂੰ ਸਮਝ ਆ ਜਾਂਦੀ ਹੈ ਕਿ ਸਾਰੀਆਂ ਗੱਲ ਸਭ ਨੂੰ ਪਤਾ ਹੋਵਣ ਇਹ ਜਰੂਰੀ ਨਹੀਂ ਹੁੰਦਾ। ਇਹ ਬਹਿਸਾਂ ਕਰਨ ਵਾਲਿਆਂ ਨੂੰ ਪਤਾ ਨਹੀਂ ਕਿਉਂ ਇਸ ਗੱਲ ਦੀ ਜ਼ਰੂਰਤ ਜਾਪਦੀ ਹੈ ਕਿ ਅਸੀਂ ਸਾਰਿਆਂ ਨੂੰ ਸਭ ਕੁੱਝ ਦੱਸਣਾ ਹੈ। ਭਾਵੇਂ ਕਿਸੇ ਦੀ ਇਮਾਨਦਾਰੀ ਉੱਤੇ ਸ਼ੱਕ ਨਾ ਵੀ ਹੋਵੇ ਪਰ ਸਿਆਣਪ ਅਤੇ ਦੂਰਅੰਦੇਸ਼ੀ ਉੱਤੇ ਸਵਾਲੀਆ ਚਿੰਨ ਜ਼ਰੂਰ ਖੜਾ ਹੁੰਦਾ ਹੈ। ਗੁਰੂ ਪਾਤਿਸ਼ਾਹ ਨੇ ਸਾਨੂੰ ਗੁਣਾਂ ਦੀ ਸਾਂਝ ਕਰਨ ਅਤੇ ਮਿਲ ਬੈਠ ਕੇ ਦੁਬਿਧਾ ਦੂਰ ਕਰਨ ਦੀ ਗੱਲ ਕਹੀ ਹੈ ਪਰ ਅਸੀਂ ਇਨਾਂ ਦੋਵਾਂ ਵਿੱਚ ਹੀ ਅਸਫ਼ਲ ਹੋ ਰਹੇ ਹਾਂ। ਇਸ ਨਾਜੁਕ ਦੌਰ ਵਿੱਚ ਸਾਨੂੰ ਆਪਣੀ ਅੰਦਰੂਨੀ ਹਾਲਤ ਬਾਰੇ ਆਤਮ ਚੀਨਣ ਦੀ ਲੋੜ ਹੈ। ਸਾਡੇ ਅਮਲਾਂ ਦੀ ਇਮਾਨਦਾਰੀ ਨਾਲ ਕੀਤੀ ਪੜਚੋਲ ਸਾਨੂੰ ਸਹਿਜੇ ਹੀ ਸਾਡੀ ਦਿਸ਼ਾ ਅਤੇ ਦਸ਼ਾ ਬਾਰੇ ਵਿਸਥਾਰ ਵਿੱਚ ਚਾਨਣਾ ਪਾ ਦੇਵੇਗੀ। ਗੁਰੂ ਪਾਤਿਸ਼ਾਹ ਮਿਹਰ ਕਰਨ ਅਸੀਂ ਇਹ ਇੱਕ ਦੂਜੇ ਨੂੰ ਜਿੱਤਣ ਦੀ ਜੰਗ ਤੋਂ ਬਾਹਰ ਨਿਕਲ ਸਕੀਏ ਅਤੇ ਆਪਣੀ ਰਵਾਇਤ ਅਤੇ ਮਰਿਯਾਦਾ ਅਨੁਸਾਰ ਸਮੇਂ ਅਤੇ ਹਲਾਤ ਨੂੰ ਸਮਝਦਿਆਂ ਆਪਣੇ ਅੰਦਰਲੇ ਮਸਲੇ ਵਿਚਾਰਨ ਦੀ ਜੁਗਤ ਤੋਂ ਜਾਣੂ ਹੋ ਸਕੀਏ।

# ਭਾਰਤ ਦੇ ਤਾਲਿਬਾਨ ਭਗਵੇਂਵਾਦੀ ਤੇ ਜਮਹੂਰੀਅਤ



**ਰਜਿੰਦਰ ਸਿੰਘ ਪੁਰੇਵਾਲ**

ਬੀਤੇ ਦਿਨੀਂ ਅਫ਼ਗਾਨਿਸਤਾਨ ਦੇ ਕਾਬੁਲ ਹਵਾਈ ਅੱਡੇ 'ਤੇ ਹੋਏ ਬੰਬ ਧਮਾਕਿਆਂ ਵਿੱਚ ਸੈਂਕੜੇ ਲੋਕ ਮਾਰੇ ਗਏ । ਇਸਤਰੀਆਂ ਤੇ ਗੈਰ ਮੁਸਲਮਾਨਾਂ ਉਪਰ ਪਾਬੰਦੀਆਂ ਹਨ। ਤਾਲਿਬਾਨ ਨੇ ਅਮਰੀਕਾ ਦੀ ਗੁਪਤ ਮਦਦ ਨਾਲ ਅਫ਼ਗਾਨਿਸਤਾਨ ਦੀ ਸੱਤਾ ਉੱਤੇ ਕਬਜ਼ਾ ਕੀਤਾ ਹੈ । ਇਹ ਗੁਪਤ ਸਮਝੌਤੇ ਹੁੰਦੇ ਰਹਿੰਦੇ ਹਨ। ਕੀ ਇਹ ਸੱਚ ਨਹੀਂ ਕਿ ਭਾਰਤੀ ਸਮਾਜ ਵਿੱਚ ਤਾਲਿਬਾਨੀ ਮਾਨਸਿਕਤਾ ਭਗਵੇਂਵਾਦ ਵਿਚ ਮੌਜੂਦ ਹੈ। ਪਰ ਭਾਰਤੀ ਡਰਦੇ ਮਾਰੇ ਇਹਨਾਂ ਦਾ ਵਿਰੋਧ ਨਹੀਂ ਕਰ ਰਹੇ। ਸਮੁੱਚਾ ਭਾਰਤ ਹਰ ਪੱਧਰ ਉੱਤੇ ਭਾਰਤੀ ਭਗਵੇਂ ਤਾਲਿਬਾਨਾਂ ਦੀ ਦਹਿਸ਼ਤ ਵਿਚ ਘਿਰਿਆ ਹੈ । ਭਾਰਤ ਦੀਆਂ ਸਭ ਲੋਕਤੰਤਰੀ ਸੰਸਥਾਵਾਂ, ਮੀਡੀਆ, ਪੁਲਸਤੰਤਰ, ਕਾਰਜਪਾਲਿਕਾ ਤੇ ਚੋਣ ਕਮਿਸ਼ਨ ਨੂੰ ਡਰਾ-ਧਮਕਾ ਕੇ ਜਾਂ ਲੋਭ-ਲਾਲਚ ਰਾਹੀਂ ਸੱਤਾਧਾਰੀਆਂ ਨੇ ਬੰਧੀ ਬਣਾ ਲਿਆ ਹੈ ।

ਘੱਟ-ਗਿਣਤੀਆਂ, ਦਲਿਤਾਂ ਤੇ ਔਰਤਾਂ ਨਾਲ ਭਾਰਤ ਵਿੱਚ ਵੀ ਉਹੀ ਕੁਝ ਹੋ ਰਿਹਾ ਹੈ, ਜੋ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਵਿਰੋਧੀਆਂ ਨਾਲ ਹੋ ਰਿਹਾ ਹੈ ।ਝਾਰਖੰਡ ਵਿੱਚ ਜਸੀਮੁਦੀਨ ਨਾਂ ਦਾ ਮੁਸਲਿਮ ਵਿਅਕਤੀ ਰੇਲ ਵਿੱਚ ਸਫ਼ਰ ਕਰ ਰਿਹਾ ਸੀ। ਉਹ ਕੰਮ ਦੀ ਭਾਲ ਵਿੱਚ ਕੇਰਲਾ ਗਿਆ ਸੀ, ਪਰ ਕੰਮ ਨਾ ਮਿਲਣ ਕਾਰਨ ਵਾਪਸ ਪਿੰਡ ਨੂੰ ਮੁੜ ਰਿਹਾ ਸੀ ।ਜਸੀਮੁਦੀਨ ਮੁਤਾਬਕ ਕੁਝ ਵਿਅਕਤੀਆਂ ਨੇ ਪਹਿਲਾਂ ਉਸ ਦਾ ਨਾਂ ਪੁੱਛਿਆ ਤੇ ਫਿਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਉਸ ਦੀ ਕੁੱਟਮਾਰ ਕਰਨ ਤੋਂ ਬਾਅਦ ਉਸ ਨੂੰ ਗੱਡੀ ਵਿੱਚੋਂ ਬਾਹਰ ਸੁੱਟ ਦਿੱਤਾ ਗਿਆ। ਕਿਸੇ ਰਹਿਮ ਦਿਲ ਨੇ ਉਸ ਨੂੰ ਚੁੱਕ ਕੇ ਨੇੜਲੇ ਸਟੇਸ਼ਨ ਉੱਤੇ ਪਹੁੰਚਾਇਆ, ਜਿੱਥੇ ਅੱਗੋਂ ਪੁਲਿਸ ਨੇ ਉਸ ਨੂੰ ਰਾਂਚੀ ਦੇ ਹਸਪਤਾਲ ਵਿੱਚ ਦਾਖ਼ਲ ਕਰਾ ਦਿੱਤਾ ।

21 ਅਗਸਤ ਨੂੰ ਰਾਜਸਥਾਨ ਦੇ ਰਾਮਗੰਜ ਥਾਣਾ ਇਲਾਕੇ ਦਾ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ । ਇਸ ਵਿੱਚ ਕੁਝ ਵਿਅਕਤੀ ਇੱਕ ਭਿਖਾਰੀ ਤੇ ਉਸ ਦੇ ਦੋ ਬੱਚਿਆਂ ਦੀ ਬਰਬਰਤਾਪੂਰਨ ਕੁੱਟਮਾਰ ਕਰ ਰਹੇ ਹਨ ਤੇ ਕਹਿ ਰਹੇ ਹਨ ਕਿ ਤੂੰ ਪਾਕਿਸਤਾਨ ਚਲਾ ਜਾ, ਉਥੇ ਭੀਖ ਮਿਲੇਗੀ । ਇਸ ਮਾਮਲੇ ਵਿੱਚ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ । ਇਨਾਂ ਦੇ ਨਾਂ ਲਲਿਤ ਸ਼ਰਮਾ, ਸ਼ੈਲੇਂਦਰ ਟਾਕ, ਤੇਜਪਾਲ, ਸੁਰੇਂਦਰ ਤੇ ਰੋਹਿਤ ਹਨ ।

ਭਾਜਪਾ ਦੀ ਮੱਧ ਪ੍ਰਦੇਸ਼ ਵਾਲੀ ਸਰਕਾਰ ਨੇ ਤਾਂ ਅਮਿਤ ਸ਼ਾਹ ਦਾ ਪੀੜਤ ਨੂੰ ਹੀ ਗੁਨਾਹਗਾਰ ਸਾਬਤ ਕਰਨ ਵਾਲਾ ਨੁਸਖਾ ਵਰਤਣਾ ਸ਼ੁਰੂ ਕਰ ਦਿੱਤਾ ਹੈ । ਪਿਛਲੇ ਦਿਨੀਂ ਇੰਦੌਰ ਵਿੱਚ ਕੁਝ ਭਗਵੇਂ ਤਾਲਿਬਾਨੀ ਗੁੰਡਿਆਂ ਨੇ ਇੱਕ ਚੂੜੀ ਵੇਚਣ ਵਾਲੇ ਤਸਲੀਮ ਅਲੀ ਦੀ ਕੁੱਟਮਾਰ ਕਰ ਦਿੱਤੀ । ਮਾਮਲਾ ਕਾਫ਼ੀ ਭਖ ਗਿਆ ਤਾਂ 24 ਘੰਟਿਆਂ ਬਾਅਦ ਇੱਕ ਛੇਵੀਂ ਕਲਾਸ ਦੀ ਕੁੜੀ ਦੀ ਸ਼ਿਕਾਇਤ ਉੱਤੇ ਚੂੜੀਵਾਲੇ ਵਿਰੁੱਧ ਕਰੜੀਆਂ ਧਾਰਾਵਾਂ, ਜਿਨਾਂ ਵਿੱਚ ਬੱਚਿਆਂ ਨਾਲ ਜਿਨਸੀ ਅਪਰਾਧ ਤੇ ਛੇੜਛਾੜ ਦੀਆਂ ਧਾਰਾਵਾਂ ਸ਼ਾਮਲ ਹਨ, ਹੇਠ ਮੁਕੱਦਮਾ ਦਰਜ ਕਰ ਲਿਆ ਗਿਆ । ਕੁੜੀ ਮੁਤਾਬਕ ਚੂੜੀ ਵਾਲੇ ਨੇ ਉਸ ਸਮੇਂ ਉਸ ਦੀ ਬਾਂਹ ਫੜ ਲਈ, ਜਦੋਂ ਉਸ ਦੀ ਮਾਂ ਪੈਸੇ ਲੈਣ ਘਰ ਅੰਦਰ ਗਈ ਸੀ । ਇਸ ਸਬੰਧੀ ਜਦੋਂ ਪ੍ਰੈੱਸ ਨੇ ਸੂਬੇ ਦੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੂੰ ਪੁੱਛਿਆ ਤਾਂ ਉਨਾ ਕਿਹਾ ਕਿ ਚੂੜੀ ਤਾਂ ਬਾਂਹ ਫੜ ਕੇ ਹੀ ਪਾਈ ਜਾਣੀ ਹੈ, ਬਾਂਹ ਫੜਨ ਤੋਂ ਮਾਮਲਾ ਛੇੜਛਾੜ ਤੱਕ ਪੁੱਜ ਗਿਆ । ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਭਾਰਤ ਦੀ ਸਿਆਸਤ ਦਿਨੋ-ਦਿਨ ਨੈਤਿਕਤਾ ਅਤੇ ਸੰਵਿਧਾਨ ਦੀਆਂ ਬੁਨਿਆਦੀ ਭਾਵਨਾਵਾਂ ਤੋਂ ਦੂਰ ਹੋ ਰਹੀ ਹੈ। ਸ਼ੁੱਕਰਵਾਰ ਵਿਸ਼ਵ ਹਿੰਦੂ ਪ੍ਰੀਸ਼ਦ ਦੁਆਰਾ ਗਾਂਧੀਨਗਰ ਦੇ ਇਕ ਮੰਦਰ ਵਿਚ ਭਾਰਤ ਮਾਤਾ ਦੀ ਮੂਰਤੀ ਦੀ ਸਥਾਪਨਾ ਦੇ ਸਮਾਗਮ ਵਿਚ ਗੁਜਰਾਤ ਦੇ ਉੱਪ ਮੁੱਖ ਮੰਤਰੀ ਨਿਤਿਨਭਾਈ ਪਟੇਲ ਨੇ ਕਿਹਾ, 'ਸੰਵਿਧਾਨ, ਕਾਨੂੰਨ ਅਤੇ ਧਰਮ ਨਿਰਪੱਖਤਾ ਦੀਆਂ ਗੱਲਾਂ ਕਰਨ ਵਾਲੇ ਉਦੋਂ ਤਕ ਹੀ ਇਹ ਗੱਲਾਂ ਕਰ ਸਕਦੇ ਹਨ ਜਦੋਂ ਤਕ ਦੇਸ਼ ਵਿਚ ਹਿੰਦੂ ਬਹੁਗਿਣਤੀ ਵਿਚ ਹਨ ਪਰ ਜੇ 1000-2000 ਸਾਲਾਂ ਵਿਚ ਹਿੰਦੂਆਂ ਦੀ ਗਿਣਤੀ ਘਟ ਗਈ ਅਤੇ ਦੂਸਰੇ ਧਰਮਾਂ ਦੇ ਲੋਕਾਂ ਦੀ ਗਿਣਤੀ ਵੱਧ ਗਈ ਤਾਂ ਨਾ ਤਾਂ ਅਦਾਲਤਾਂ ਹੋਣਗੀਆਂ, ਨਾ ਲੋਕ ਸਭਾ, ਨਾ ਸੰਵਿਧਾਨ ਸਭ ਹਵਾ ਵਿਚ ਗਾਇਬ ਹੋ ਜਾਣਗੇ, ਕੁਝ ਨਹੀਂ ਬਚੇਗਾ।' ਨਿਰਪੱਖ ਦ੍ਰਿਸ਼ਟੀ ਵਾਲਾ ਕੋਈ ਵੀ ਇਨਸਾਨ ਇਨਾਂ ਸ਼ਬਦਾਂ ਪਿਛਲੀ ਸਿਆਸਤ ਨੂੰ ਪ੍ਰਤੱਖ ਦੇਖ ਸਕਦਾ ਹੈ, ਇਹ ਦੂਸਰੇ ਧਰਮਾਂ ਅਤੇ ਉਨਾਂ ਨੂੰ ਮੰਨਣ ਵਾਲਿਆਂ ਦੀ ਮਾਨਸਿਕਤਾ 'ਤੇ ਹਮਲਾ ਹੈ। ਉਪਰੋਕਤ ਟਿੱਪਣੀ ਇਹ ਕਹਿਣ ਦਾ ਯਤਨ ਹੈ ਕਿ ਦੂਸਰੇ ਧਰਮ ਜ਼ਿਆਦਾ ਕੱਟੜ ਤੇ ਗ਼ੈਰ-ਜਮਹੂਰੀ ਹਨ। ਜਦੋਂ ਇਕ ਸੂਬੇ ਦਾ ਉੱਪ ਮੁੱਖ ਮੰਤਰੀ ਅਜਿਹੀਆਂ ਟਿੱਪਣੀਆਂ ਕਰ ਰਿਹਾ ਹੋਵੇ ਤਾਂ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਕਿ ਭਾਰਤੀ ਸਿਆਸਤ ਉਪਰ ਭਗਵੇਂ ਤਾਲਿਬਾਨੀ ਕਾਬਜ਼ ਹਨ।

ਇਹੀ ਭਗਵੀਂ ਤਾਲਿਬਾਨੀ ਸਿਆਸਤ ਨੌਂ ਮਹੀਨਿਆਂ ਤੋਂ ਜ਼ਿਆਦਾ ਸਮੇਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਦੇ ਵਿਰੁੱਧ ਖੜੀ ਹੈ, ਉਸ ਅੰਦੋਲਨ ਦੇ, ਜਿਸ ਵਿਚ 600 ਤੋਂ ਜ਼ਿਆਦਾ ਕਿਸਾਨਾਂ ਦੀਆਂ ਜਾਨਾਂ ਗਈਆਂ ਹਨ ਅਤੇ ਹੁਣੇ ਜਿਹੇ ਹਰਿਆਣਾ ਦੇ ਇਕ ਕਿਸਾਨ ਦੀ ਪੁਲੀਸ ਲਾਠੀਚਾਰਜ ਕਾਰਨ ਮੌਤ ਹੋਈ ਹੈ। ਇਸ ਸਿਆਸਤ ਨੂੰ ਪੁਗਾਉਣ ਵਾਲੇ ਘੱਟਗਿਣਤੀ ਫ਼ਿਰਕੇ ਦੇ ਮਜ਼ਦੂਰਾਂ ਤੇ ਕਾਮਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ, ਕਿਤਾਬਾਂ ਦੀਆਂ ਦੁਕਾਨਾਂ 'ਤੇ ਹਮਲਾ ਕਰ ਰਹੇ ਹਨ। ਇਸ ਤਰਾਂ ਦੀ ਸਿਆਸਤ ਕਾਰਨ ਭਾਰਤ ਵਿਚ ਕਈ ਦਹਾਕਿਆਂ ਤੋਂ ਫ਼ਿਰਕੂ ਦੰਗੇ ਹੁੰਦੇ ਰਹੇ ਹਨ, ਇਸੇ ਤਰਜ਼ ਦੀ ਸਿਆਸਤ ਦੇਸ਼ ਦੀ ਵੰਡ ਦਾ ਕਾਰਨ ਬਣੀ ਸੀ। ਇਹ ਸਿਆਸਤ ਦੇਸ਼ ਦੇ ਮਿਹਨਤਕਸ਼ਾਂ ਦੇ ਵਿਰੁੱਧ ਅਤੇ ਕਾਰਪੋਰੇਟਾਂ ਦੇ ਹੱਕ ਵਿਚ ਖੜੀ ਹੈ। ਭਾਰਤ ਦੀਆਂ ਜਮਹੂਰੀ ਤਾਕਤਾਂ ਨੂੰ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਬਚਾਉਣ ਲਈ ਇਕਜੁੱਟ ਹੋ ਕੇ ਅਜਿਹੀ ਸਿਆਸਤ ਦਾ ਵਿਰੋਧ ਕਰਨ ਦੀ ਜ਼ਰੂਰਤ ਹੈ।

ਹੁਣੇ ਜਿਹੇ ਸੁਪਰੀਮ ਕੋਰਟ ਦੇ ਜਸਟਿਸ ਡੀ ਵਾਈ ਚੰਦਰਚੂੜ ਨੇ ਬੀਤੇ ਦਿਨ ਕਿਸੇ ਦਾ ਨਾਂਅ ਲਏ ਬਗੈਰ ਤਾਨਾਸ਼ਾਹ ਹਾਕਮਾਂ ਨੂੰ ਉਹ ਖਰੀਆਂ-ਖਰੀਆਂ ਸੁਣਾਈਆਂ ਹਨ, ਜਿਨਾਂ ਉੱਤੇ ਮਾਣ ਕਰਨਾ ਚਾਹੀਦਾ ਹੈ । ਜਸਟਿਸ ਚੰਦਰਚੂੜ ਬੀਤੇ ਸ਼ਨੀਵਾਰ ਛੇਵੇਂ ਐੱਮ ਸੀ ਛਾਗਲਾ ਯਾਦਗਾਰੀ ਭਾਸ਼ਣ ਮੌਕੇ ਲਾਅ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਸਨ। 'ਸਪੀਕਿੰਗ ਟਰੁੱਥ ਟੂ ਪਾਵਰ : ਸਿਟੀਜ਼ਨ ਐਂਡ ਦੀ ਲਾਅ' ਵਿਸ਼ੇ ਉਤੇ ਬੋਲਦਿਆਂ ਉਨਾ ਕਿਹਾ ਕਿ ਤਾਨਾਸ਼ਾਹ ਸਰਕਾਰਾਂ ਆਪਣੀ ਪਕੜ ਮਜ਼ਬੂਤ ਕਰਨ ਲਈ ਲਗਾਤਾਰ ਝੂਠ 'ਤੇ ਨਿਰਭਰ ਰਹਿੰਦੀਆਂ ਹਨ । ਫ਼ਰਜ਼ੀ ਖ਼ਬਰਾਂ ਤੇ ਝੂਠ ਦੇ ਮੁਕਾਬਲੇ ਲਈ ਨਾਗਰਿਕਾਂ ਨੂੰ ਇਹ ਪੱਕਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਕਿ ਪ੍ਰੈੱਸ ਕਿਸੇ ਵੀ ਪ੍ਰਭਾਵ ਤੋਂ ਮੁਕਤ ਹੋਵੇ ਤੇ ਨਿਰਪੱਖ ਤਰੀਕੇ ਨਾਲ ਜਾਣਕਾਰੀ ਮੁਹੱਈਆ ਕਰਵਾਏ ।

ਉਨਾ ਕਿਹਾ ਕਿ ਸੱਚ ਤੈਅ ਕਰਨ ਦੀ ਜ਼ਿੰਮੇਵਾਰੀ ਸਰਕਾਰ 'ਤੇ ਨਹੀਂ ਛੱਡੀ ਜਾ ਸਕਦੀ । ਜਸਟਿਸ ਚੰਦਰਚੂੜ ਨੇ ਕਿਹਾ ਕਿ ਤਾਨਾਸ਼ਾਹ ਸਰਕਾਰਾਂ ਆਪਣੀ ਸੱਤਾ ਕਾਇਮ ਰੱਖਣ ਲਈ ਲਗਾਤਾਰ ਝੂਠ ਉੱਤੇ ਨਿਰਭਰ ਰਹਿੰਦੀਆਂ ਹਨ । ਉਨਾ ਕਿਹਾ ਕਿ ਸਰਕਾਰ ਦੇ ਝੂਠ ਨੂੰ ਨੰਗਾ ਕਰਨਾ ਬੁਧੀਜੀਵੀਆਂ ਦਾ ਫ਼ਰਜ਼ ਹੈ। ਸੱਤਾ ਬਾਰੇ ਸੱਚ ਬੋਲਣਾ ਹਰ ਨਾਗਰਿਕ ਦਾ ਅਧਿਕਾਰ ਤੇ ਕਰੱਤਵ ਹੈ। ਇਹ ਲੋਕਤੰਤਰ ਨੂੰ ਜਿਉਂਦਾ-ਜਾਗਦਾ ਰੱਖਣ ਲਈ ਉਸ ਦਾ ਅਨਿੱਖੜਵਾਂ ਅੰਗ ਹੈ।

ਉਨਾਂ ਕਿਹਾ ਕਿ ਨਾਗਰਿਕਾਂ ਦਾ ਮਤਲਬ ਸਿਰਫ਼ ਖਾਂਦੇ-ਪੀਂਦੇ ਲੋਕ ਹੀ ਨਹੀਂ, ਬਲਕਿ ਔਰਤਾਂ, ਦਲਿਤ ਤੇ ਹਾਸ਼ੀਏ ਉਤੇ ਰਹਿ ਰਹੇ ਵਰਗ ਹਨ, ਜਿਨਾਂ ਕੋਲ ਤਾਕਤ ਨਹੀਂ ਤੇ ਜਿਨਾਂ ਦੀ ਅਵਾਜ਼ ਨੂੰ ਸੱਚਾਈ ਦਾ ਦਰਜਾ ਨਹੀਂ ਦਿੱਤਾ ਜਾਂਦਾ । ਉਨਾਂ ਕੋਲ ਆਪਣੀ ਰਾਇ ਪ੍ਰਗਟ ਕਰਨ ਦਾ ਅਧਿਕਾਰ ਨਹੀਂ, ਇਸ ਲਈ ਉਨਾਂ ਦੇ ਵਿਚਾਰਾਂ ਨੂੰ ਸੀਮਿਤ ਕਰ ਦਿੱਤਾ ਜਾਂਦਾ ਹੈ । ਬਰਤਾਨਵੀ ਰਾਜ ਦੇ ਖਾਤਮੇ ਤੋਂ ਬਾਅਦ ਉੱਚ ਜਾਤੀ ਦੇ ਪੁਰਸ਼ਾਂ ਦੀ ਰਾਇ ਤੇ ਉਨਾਂ ਦੇ ਵਿਸ਼ਵਾਸਾਂ ਨੂੰ ਹੀ ਸੱਚ ਮੰਨਿਆ ਜਾਂਦਾ ਰਿਹਾ ਹੈ ।

ਜਸਟਿਸ ਚੰਦਰਚੂੜ ਵਧਾਈ ਦੇ ਹੱਕਦਾਰ ਹਨ ਕਿ ਜਿਨਾਂ ਸੱਤਾ ਵੱਲੋਂ ਸਿਰਜੇ ਡਰ ਤੇ ਦਹਿਸ਼ਤ ਦੇ ਮਾਹੌਲ ਦੌਰਾਨ ਵੀ ਤਾਨਾਸ਼ਾਹ ਹਾਕਮਾਂ ਦੇ ਝੂਠ ਨੂੰ ਬੇਬਾਕੀ ਨਾਲ ਨੰਗਾ ਕੀਤਾ ਹੈ। ਭਾਰਤ ਦੀ ਸਿਆਸਤ ਵਿਚੋਂ ਲੋਕ-ਪੱਖੀ ਨੀਤੀਆਂ ਮਨਫ਼ੀ ਹੋ ਰਹੀਆਂ ਹਨ ਅਤੇ ਵੱਡੀ ਪੂੰਜੀ, ਮਾਫੀਆ ਤੇ ਸਿਆਸਤ ਦਾ ਇਹ ਗੱਠਜੋੜ ਜਮਹੂਰੀਅਤ ਦਾ ਨਿਖੇਧ ਬਣ ਰਿਹਾ ਹੈ। ਇਹ ਭਾਰਤ ਦੀਆਂ ਜਮਹੂਰੀ ਤਾਕਤਾਂ ਲਈ ਵੱਡੀ ਚੁਣੌਤੀ ਹੈ।

# ਕਾਂਗਰਸ ਨੂੰ ਅਗਵਾਈ ਦੇਣ ਵਿਚ ਅਸਫਲ ਹੈ ਹਾਈਕਮਾਨ

**ਅਭੈ ਦੂਬੇ**

ਪਿਛਲੇ ਦਿਨੀਂ ਲਖਨਊ ਸਥਿਤ ਇਕ ਸੀਨੀਅਰ ਪੱਤਰਕਾਰ ਮਿੱਤਰ ਨਾਲ ਗੱਲਬਾਤ ਕੀਤੀ ਤੇ ਉਸ ਨੇ ਦੱਸਿਆ ਕਿ ਪਿਛਲੀ ਵਾਰ ਉਨਾਂ ਨੂੰ ਪ੍ਰਿਅੰਕਾ ਗਾਂਧੀ ਨਾਲ ਸਵਾਲ-ਜਵਾਬ ਕਰਨ ਦਾ ਮੌਕਾ ਮਿਲਿਆ ਸੀ। ਉਨਾਂ ਨੇ ਪ੍ਰਿਅੰਕਾ ਨੂੰ ਸਵਾਲ ਪੁੱਛਿਆ ਕਿ ਤੁਸੀਂ ਉੱਤਰ ਪ੍ਰਦੇਸ਼ ਆਉਂਦੇ ਹੋ ਤੇ ਚਲੇ ਜਾਂਦੇ ਹੋ। ਇਹ ਤਾਂ ਕੁਝ ਸੈਲਾਨੀਆਂ ਵਰਗਾ ਵਿਹਾਰ ਹੋਇਆ। ਸੂਬੇ ਵਿਚ ਚੋਣਾਂ ਦਾ ਮਾਹੌਲ ਹੈ। ਫਰਵਰੀ ਵਿਚ ਵੋਟਾਂ ਪੈਣਗੀਆਂ। ਤੁਹਾਡੇ ਇਸ 'ਟੂਰਿਸਟ ਪਾਲੀਟਿਕਸ' ਦਾ ਕੀ ਨਤੀਜਾ ਨਿਕਲੇਗਾ? ਇਸ 'ਤੇ ਪ੍ਰਿਅੰਕਾ ਗਾਂਧੀ ਦਾ ਜਵਾਬ ਸੀ ਕਿ 'ਨਹੀਂ, ਨਹੀਂ, ਬਸ ਮੈਂ ਆਪਣੇ ਬੱਚਿਆਂ ਨੂੰ ਅਮਰੀਕਾ ਛੱਡਣ ਜਾ ਰਹੀ ਹੈ, ਫਿਰ ਅਗਸਤ ਵਿਚ ਆ ਕੇ ਵਸ ਜਾਵਾਂਗੀ ਉੱਤਰ ਪ੍ਰਦੇਸ਼ ਵਿਚ। ਉਸ ਪੱਤਰਕਾਰ ਦਾ ਕਹਿਣਾ ਸੀ ਕਿ ਅਗਸਤ ਵੀ ਆ ਕੇ ਚਲਾ ਗਿਆ ਹੈ ਪਰ ਪ੍ਰਿਅੰਕਾ ਗਾਂਧੀ ਨੂੰ ਅਜੇ ਤੱਕ ਉੱਤਰ ਪ੍ਰਦੇਸ਼ ਵਸਣ ਦਾ ਮੌਕਾ ਨਹੀਂ ਮਿਲਿਆ। ਅਜਿਹਾ ਲਗਦਾ ਹੈ ਕਿ ਕਾਂਗਰਸ ਨੂੰ ਇਸ ਸੂਬੇ ਦੀਆਂ ਚੋਣਾਂ ਵਿਚ ਆਪਣਾ ਕੋਈ ਦਾਅ ਲਗਦਾ ਦਿਖਾਈ ਨਹੀਂ ਦੇ ਰਿਹਾ। ਪ੍ਰਿਅੰਕਾ ਗਾਂਧੀ ਤਾਂ ਖ਼ੁਦ ਕਾਂਗਰਸ ਹਾਈਕਮਾਨ ਦੀ ਮੈਂਬਰ ਹੈ। ਜੇਕਰ ਉਹ ਕਿਸੇ ਸਪੱਸ਼ਟ ਰਣਨੀਤੀ ਦਾ ਮੁਜ਼ਾਹਰਾ ਨਹੀਂ ਕਰ ਪਾ ਰਹੀ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਕਾਂਗਰਸ ਨੇ ਉੱਤਰ ਪ੍ਰਦੇਸ਼ ਨੂੰ ਭਾਜਪਾ ਦੇ ਭਰੋਸੇ ਛੱਡ ਦਿੱਤਾ ਹੈ। ਜਿਤਿਨ ਪ੍ਰਸਾਦ ਪਾਰਟੀ ਛੱਡ ਕੇ ਜਾ ਚੁੱਕੇ ਹਨ ਅਤੇ ਹੋ ਸਕਦਾ ਹੈ ਕਿ ਯੋਗੀ ਕੈਬਨਿਟ ਦੇ ਜਲਦ ਹੋਣ ਵਾਲੇ ਵਿਸਥਾਰ ਵਿਚ ਉਨਾਂ ਨੂੰ ਮੰਤਰੀ ਬਣਾ ਦਿੱਤਾ ਜਾਵੇ।

ਉੱਤਰ ਪ੍ਰਦੇਸ਼ ਦੀ ਹੀ ਤਰਾਂ ਦੂਜੇ ਸਭ ਤੋਂ ਵੱਡੇ ਹਿੰਦੀ ਭਾਸ਼ੀ ਸੂਬੇ ਬਿਹਾਰ ਵਿਚ ਵੀ ਕਾਂਗਰਸ ਇਸੇ ਤਰਾਂ ਅੱਧ-ਵਿਚਾਲੇ ਲਟਕੀ ਹੋਈ ਹੈ। ਉਹ ਅਜੇ ਤੱਕ ਇਹ ਤੈਅ ਨਹੀਂ ਕਰ ਪਾ ਰਹੀ ਕਿ ਸੂਬੇ ਦੇ ਪ੍ਰਧਾਨ ਦੇ ਅਹੁਦੇ 'ਤੇ ਕਿਸੇ ਦਲਿਤ ਨੇਤਾ ਨੂੰ ਬਿਠਾਉਣਾ ਚਾਹੀਦਾ ਹੈ ਜਾਂ ਉੱਚੀ ਜਾਤੀ ਦੇ ਨੇਤਾ ਨੂੰ? ਉਧਰ ਨਿਤਿਸ਼ ਕੁਮਾਰ ਧਿਆਨ ਨਾਲ ਕਾਂਗਰਸ ਦੀਆਂ ਇਨਾਂ ਅਨਿਸਚਿਤਤਾਵਾਂ ਨੂੰ ਵੇਖ ਰਹੇ ਹਨ। ਉਨਾਂ ਦੀ ਨਜ਼ਰ ਕਾਂਗਰਸ ਦੇ ਉਨਾਂ ਨੇਤਾਵਾਂ 'ਤੇ ਹੈ ਜੋ ਨਿਰਾਸ਼ ਹੋ ਕੇ ਜਨਤਾ ਦਲ (ਯੂ) ਵਿਚ ਆ ਸਕਦੇ ਹਨ। ਕੋਈ ਹੈਰਾਨੀ ਨਹੀਂ ਹੋਵੇਗੀ ਕਿ ਛੇਤੀ ਹੀ ਕੁਝ ਕਾਂਗਰਸ ਨੇਤਾ ਸੱਤਾਧਾਰੀ ਪਾਰਟੀ ਵਿਚ ਚਲੇ ਜਾਣ। ਜੋ ਅਨਿਸਚਿਤਤਾਵਾਂ ਉੱਤਰ ਪ੍ਰਦੇਸ਼ ਅਤੇ ਬਿਹਾਰ ਵਿਚ ਹਨ, ਉਸ ਦਾ ਸਾਹਮਣਾ ਅਸਲ ਵਿਚ ਕਾਂਗਰਸ ਸਾਰੇ ਦੇਸ਼ ਵਿਚ ਕਰ ਰਹੀ ਹੈ। ਗੁਜਰਾਤ, ਰਾਜਸਥਾਨ, ਛੱਤੀਸਗੜ, ਪੰਜਾਬ, ਹਰਿਆਣਾ, ਮਹਾਰਾਸ਼ਟਰ, ਕਰਨਾਟਕ, ਗੋਆ, ਕਸ਼ਮੀਰ ਅਤੇ ਆਸਾਮ ਦੇ ਸੂਬਾ ਸੰਗਠਨਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਕਾਂਗਰਸ ਹਾਈਕਮਾਨ ਅਸਮਰੱਥ ਸਾਬਤ ਹੋ ਰਹੀ ਹੈ। ਇਨਾਂ ਸਾਰੇ ਕਾਰਨਾਮਿਆਂ ਨਾਲ ਕਾਂਗਰਸ ਇਕ ਅਜਿਹੀ ਪਾਰਟੀ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ, ਜਿਸ ਨੂੰ ਦੇਸ਼ ਦੇ ਇਕ ਵੱਡੇ ਹਿੱਸੇ ਦੀ ਜਨਤਾ ਚਾਹੁੰਦੀ ਹੈ ਪਰ ਉਸ ਦੇ ਸਿਖਰਲੇ ਅਗਵਾਈਕਾਰ ਖ਼ੁਦ ਆਪਣੀ ਪਾਰਟੀ ਨੂੰ ਚਾਹੁੰਦੇ ਦਿਖਾਈ ਨਹੀਂ ਦੇ ਰਹੇ। ਇਨਾਂ ਤਿੰਨਾਂ ਰਾਜਾਂ ਵਿਚ ਕਾਂਗਰਸ ਦੀ ਸਰਕਾਰ ਹੈ ਅਤੇ ਬਾਕੀਆਂ ਵਿਚ ਉਹ ਸਾਂਝੀ ਮੁੱਖ ਦਾਅਵੇਦਾਰ ਬਣੀ ਹੋਈ ਹੈ। ਜੇਕਰ ਪਾਰਟੀ ਦੀ ਅਗਵਾਈ ਕੁਸ਼ਲ, ਏਕਤਾਬੱਧ, ਦੂਰਅੰਦੇਸ਼ੀ ਅਤੇ ਸੰਕਲਿਪਤ ਹੁੰਦੀ ਤਾਂ ਇਸ ਸਮੇਂ ਭਾਜਪਾ ਦੀ ਕੇਂਦਰ ਸਰਕਾਰ ਉਸ ਤੋਂ ਡਰੀ ਹੋਈ ਹੁੰਦੀ। ਪਰ ਸੰਕਟਗ੍ਰਸਤ ਹੋਣ ਦੇ ਬਾਵਜੂਦ ਕਾਂਗਰਸ ਦੀਆਂ ਅਨਿਸਚਿਤਤਾਵਾਂ ਨੇ ਭਾਜਪਾ ਨੂੰ ਸੌਖੀ ਸਥਿਤੀ ਵਿਚ ਰੱਖਿਆ ਹੋਇਆ ਹੈ।

ਪਾਰਟੀ ਦੇ ਸੰਗਠਨ ਦੀ ਸਥਿਤੀ ਇਹ ਹੈ ਕਿ ਚਾਹੇ ਰਾਸ਼ਟਰੀ ਕਾਰਜਕਾਰਨੀ ਕਮੇਟੀ ਹੋਵੇ ਜਾਂ ਜਨਰਲ ਸਕੱਤਰ ਹੋਣ ਜਾਂ ਸੂਬਾ ਪ੍ਰਧਾਨ ਹੋਵੇ, ਸਾਰੇ ਨਾਮਜ਼ਦ ਹਨ। ਕੋਈ ਚੁਣਿਆ ਹੋਇਆ ਨਹੀਂ ਹੈ। ਨਾਮਜ਼ਦਗੀ ਗਾਂਧੀ ਪਰਿਵਾਰ ਦੇ ਤਿੰਨਾਂ ਮੈਂਬਰਾਂ ਵਿਚੋਂ ਕਿਸੇ ਇਕ ਨੇ ਕੀਤੀ ਹੁੰਦੀ ਹੈ। ਨਤੀਜੇ ਵਜੋਂ ਇਹ ਸਾਰੇ ਅਗਵਾਈਕਾਰ 'ਗਾਂਧੀ ਪਰਿਵਾਰ ਹੀ ਚਾਹੀਦਾ ਹੈ', ਦਾ ਨਾਅਰਾ ਲਗਾਉਂਦੇ ਰਹਿੰਦੇ ਹਨ। ਕਹਿਣਾ ਇਹ ਚਾਹੀਦਾ ਹੈ ਕਿ ਪੂਰੀ ਦੀ ਪੂਰੀ ਪਾਰਟੀ ਸਾਫ਼ ਤੌਰ 'ਤੇ ਜਿਉਂ ਦੀ ਤਿਉਂ ਵਾਲੀ ਸਥਿਤੀ ਦਾ ਸ਼ਿਕਾਰ ਹੈ। ਸੋਨੀਆ ਕਾਰਜਕਾਰੀ ਪ੍ਰਧਾਨ ਹੈ। ਰਾਹੁਲ ਗਾਂਧੀ ਪ੍ਰਧਾਨ ਅਹੁਦੇ ਦਾ ਰੁਤਬਾ ਰੱਖਦੇ ਹਨ ਪਰ ਉਹ ਪੂਰਨ ਸਮੇਂ ਲਈ ਪ੍ਰਧਾਨ ਬਣਨ ਲਈ ਤਿਆਰ ਨਹੀਂ ਹਨ। ਪ੍ਰਿਅੰਕਾ ਵੱਖ-ਵੱਖ ਰਾਜਾਂ ਵਿਚ ਮਨਮਰਜ਼ੀ ਨਾਲ ਦਖ਼ਲ ਦਿੰਦੀ ਹੈ। ਲਗਭਗ ਸਾਰੇ ਰਾਜਾਂ ਵਿਚ ਸਥਾਨਕ ਪੱਧਰ 'ਤੇ ਗੁੱਟਬਾਜ਼ੀ ਅਤੇ ਆਪਸੀ ਕਾਟੋ-ਕਲੇਸ਼ ਦਾ ਬੋਲਬਾਲਾ ਹੈ। ਗਾਂਧੀ ਪਰਿਵਾਰ ਦੇ ਤਿੰਨਾਂ ਮੈਂਬਰਾਂ ਦੀ ਭੂਮਿਕਾ ਇਸ ਗੁੱਟਬਾਜ਼ੀ ਨੂੰ ਖ਼ਤਮ ਕਰਨ ਦੀ ਬਜਾਏ ਵਧਾਉਣ ਦੀ ਹੀ ਲਗਦੀ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਨ, ਪੰਜਾਬ, ਰਾਜਸਥਾਨ ਅਤੇ ਛੱਤੀਸਗੜ ਹਨ ਜਿਥੇ ਪਾਰਟੀ ਸੱਤਾ ਵਿਚ ਹੈ।



ਪੰਜਾਬ ਵਿਚ ਪਿਛਲੇ ਇਕ ਮਹੀਨੇ ਵਿਚ ਨਵਜੋਤ ਸਿੰਘ ਸਿੱਧੂ ਦੇ ਬੜਬੋਲੇਪਨ ਅਤੇ ਰਾਜਨੀਤਕ ਕਲਾਬਾਜ਼ੀਆਂ ਨੇ ਗਾਂਧੀ ਪਰਿਵਾਰ ਦੀ ਸੰਗਠਨ 'ਤੇ ਕਮਜ਼ੋਰ ਪੈਂਦੀ ਪਕੜ ਨੂੰ ਸਾਰਿਆਂ ਦੇ ਸਾਹਮਣੇ ਲਿਆ ਦਿੱਤਾ ਹੈ। ਕੌਣ ਨਹੀਂ ਜਾਣਦਾ ਕਿ ਸਿੱਧੂ ਪ੍ਰਿਅੰਕਾ ਦੀ ਪਸੰਦ ਹਨ ਪਰ ਉਹ ਹਾਈਕਮਾਨ ਨੂੰ ਧਮਕਾਉਣ ਤੋਂ ਬਾਜ਼ ਨਹੀਂ ਆ ਰਹੇ ਹਨ। ਹਾਲ ਹੀ ਵਿਚ ਉਨਾਂ ਦੇ ਇਕ ਸਲਾਹਕਾਰ ਦੇ ਬਿਆਨਾਂ ਨਾਲ ਪਾਰਟੀ ਨੂੰ ਸ਼ਰਮਸਾਰ ਹੋਣਾ ਪਿਆ। ਸੂਬੇ ਦੇ ਇੰਚਾਰਜ ਹਰੀਸ਼ ਰਾਵਤ ਨੇ ਚਿਤਾਵਨੀ ਦੇ ਕੇ ਉਸ ਸਲਾਹਕਾਰ ਨੂੰ ਹਟਵਾਇਆ। ਇਸ 'ਤੇ ਸਿੱਧੂ ਭੜਕ ਪਏ। ਰਾਵਤ ਕਹਿ ਰਹੇ ਹਨ ਕਿ ਅਗਲੀਆਂ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਲੜੀਆਂ ਜਾਣਗੀਆਂ ਪਰ ਸਿੱਧੂ ਦਾ ਵਿਹਾਰ ਅਜਿਹਾ ਲੱਗ ਰਿਹਾ ਹੈ ਜਿਵੇਂ ਉਹ ਬਿਨਾਂ ਐਲਾਨੇ ਮੁੱਖ ਮੰਤਰੀ ਹੋਣ ਅਤੇ ਚੋਣਾਂ ਤੋਂ ਬਾਅਦ ਐਲਾਨੇ ਹੋਏ ਮੁੱਖ ਮੰਤਰੀ ਬਣ ਜਾਣਗੇ। ਛੱਤੀਸਗੜ ਵਿਚ ਮੁੱਖ ਮੰਤਰੀ ਭੁਪੇਸ਼ ਬਘੇਲ ਉਂਜ ਤਾਂ ਜੰਮੇ ਹੋਏ ਲੱਗ ਰਹੇ ਸਨ ਪਰ ਅਚਾਨਕ ਢਾਈ-ਢਾਈ ਸਾਲ ਦੇ ਮੁੱਖ ਮੰਤਰੀ ਦਾ ਫਾਰਮੂਲਾ ਆ ਗਿਆ। ਟੀ.ਐਸ. ਸਿੰਘ ਦਿਓ ਮੁੱਖ ਮੰਤਰੀ ਬਣਨਾ ਚਾਹੁੰਦੇ ਹਨ ਅਤੇ ਉਨਾਂ ਦੀ ਦਲੀਲ ਹੈ ਕਿ ਇਹ ਵਾਅਦਾ ਉਨਾਂ ਨਾਲ ਰਾਹੁਲ ਗਾਂਧੀ ਨੇ ਕੀਤਾ ਸੀ। ਦੂਜੇ ਪਾਸੇ ਰਾਹੁਲ ਇਸ 'ਤੇ ਚੁੱਪ ਹਨ ਅਤੇ ਵਿਚਲਾ ਰਾਹ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਕੀ ਕੋਈ ਵਿਚਲਾ ਰਸਤਾ ਹੈ? ਦਿਓ ਨਾਰਾਜ਼ ਹੋ ਕੇ ਮੰਤਰੀ ਮੰਡਲ ਤੋਂ ਅਸਤੀਫ਼ਾ ਦੇ ਸਕਦੇ ਹਨ। ਬਘੇਲ ਦੀ ਕੋਸ਼ਿਸ਼ ਹੈ ਕਿ ਆਦਿਵਾਸੀ ਇਲਾਕਿਆਂ ਵਿਚ ਦਿਓ ਦੇ ਪ੍ਰਭਾਵ ਨੂੰ ਖ਼ਤਮ ਕੀਤਾ ਜਾਵੇ ਤਾਂ ਕਿ ਉਨਾਂ ਦੀ ਸੱਤਾ ਬਿਨਾਂ ਰੁਕਾਵਟ ਚੱਲ ਸਕੇ। ਇਸ ਮਾਮਲੇ ਵਿਚ ਵੀ ਹਾਈਕਮਾਨ ਦ੍ਰਿੜਤਾ ਨਾਲ ਕੋਈ ਫ਼ੈਸਲਾ ਕਰਨ ਵਿਚ ਨਾਕਾਮ ਹੈ। ਰਾਜਸਥਾਨ ਵਿਚ ਅਸ਼ੋਕ ਗਹਿਲੋਤ ਅਤੇ ਸਚਿਨ ਪਾਇਲਟ ਵਿਚਾਲੇ ਮੋਰਚਾਬੰਦੀ ਜਾਰੀ ਹੈ, ਜਿਸ ਨਾਲ ਕਾਂਗਰਸ ਦੇ ਅਕਸ ਨੂੰ ਨੁਕਸਾਨ ਹੋ ਰਿਹਾ ਹੈ। ਕੇਰਲਾ ਵਿਚ ਓਮਾਨ ਚਾਂਦੀ ਅਤੇ ਰਮੇਸ਼ ਚੈਨੀਥੱਲਾ ਉੱਪਰ ਹਾਈਕਮਾਨ ਨੇ ਕੇ.ਵੀ. ਵੇਨੂੰਗੋਪਾਲ ਨੂੰ ਥੋਪ ਦਿੱਤਾ ਹੈ। ਇਸ ਨਾਲ ਗੁੱਟਬਾਜ਼ੀ ਘੱਟ ਹੋਣ ਦੀ ਬਜਾਏ ਵਧ ਗਈ ਹੈ। ਗੁਜਰਾਤ ਵਿਚ ਪਿਛਲੀ ਵਾਰ ਕਾਂਗਰਸ ਨੇ ਬਿਹਤਰ ਪ੍ਰਦਰਸ਼ਨ ਕਰਕੇ ਭਾਜਪਾ ਨੂੰ ਡਰਾ ਦਿੱਤਾ ਸੀ। ਉਸ ਤੋਂ ਬਾਅਦ ਰਾਹੁਲ ਗਾਂਧੀ ਨੇ ਅਹਿਮਦ ਪਟੇਲ ਦੇ ਲੋਕਾਂ ਤੋਂ ਰਾਜ ਦੇ ਸੰਗਠਨ ਨੂੰ ਮੁਕਤ ਕਰਾਉਣ ਦੀ ਮੁਹਿੰਮ ਚਲਾਈ ਅਤੇ ਨਵੇਂ ਲੋਕਾਂ ਦੇ ਹੱਥਾਂ ਵਿਚ ਵਾਗਡੋਰ ਦੇ ਦਿੱਤੀ। ਪਰ ਇਸ ਤੋਂ ਬਾਅਦ ਗੁਜਰਾਤ ਵਿਚ ਕਾਂਗਰਸ ਦਾ ਚੋਣਾਵੀ ਪ੍ਰਦਰਸ਼ਨ ਬਹੁਤ ਹੇਠਾਂ ਡਿਗ ਗਿਆ। ਵਿਧਾਨ ਸਭਾ ਦੇ ਲਾਭਾਂ ਦਾ ਲੋਕ ਸਭਾ ਵਿਚ ਕੋਈ ਅਸਰ ਦੇਖਣ ਨੂੰ ਨਾ ਮਿਲਿਆ। ਅਸ਼ੋਕ ਗਹਿਲੋਤ ਪਹਿਲਾਂ ਸੂਬੇ ਦੇ ਇੰਚਾਰਜ ਸਨ। ਉਹ ਹੁਣ ਰਾਜਸਥਾਨ ਦੇ ਮੁੱਖ ਮੰਤਰੀ ਹਨ। ਪਰ ਉਨਾਂ ਦੀ ਥਾਂ 'ਤੇ ਨਵੇਂ ਇੰਚਾਰਜ ਕੁਝ ਖ਼ਾਸ ਨਹੀਂ ਕਰ ਸਕੇ। ਝਾਰਖੰਡ ਵਿਚ ਪਾਰਟੀ ਅੰਦਰ ਲੜਾਈ ਛਿੜੀ ਹੋਈ ਹੈ। ਭਾਜਪਾ ਇਸ ਫ਼ਿਰਾਕ ਵਿਚ ਹੈ ਕਿ ਅਸੰਤੁਸ਼ਟ ਕਾਂਗਰਸੀਆਂ ਨੂੰ ਆਪਣੇ ਵੱਲ ਖਿੱਚ ਲਵੇ। ਭਾਜਪਾ ਦੇ ਸਮਰਥਕ ਅਕਸਰ ਜ਼ਿਕਰ ਕਰਦੇ ਹਨ ਕਿ ਹੇਮੰਤ ਵਿਸ਼ਵਾ ਸ਼ਰਮਾ ਵਰਗੇ ਨੇਤਾ ਨੂੰ ਰਾਹੁਲ ਗਾਂਧੀ ਨੇ ਪਲੇਟ ਵਿਚ ਸਜਾ ਕੇ ਭਾਜਪਾ ਨੂੰ ਸੌਂਪ ਦਿੱਤਾ। ਸ਼ਰਮਾ ਨਾ ਸਿਰਫ ਆਸਾਮ ਦੇ ਮੁੱਖ ਮੰਤਰੀ ਹਨ, ਸਗੋਂ ਉਹ ਪੂਰੇ ਉੱਤਰ-ਪੂਰਬ ਵਿਚ ਭਾਜਪਾ ਦੇ ਮੁੱਖ ਰਣਨੀਤੀਕਾਰ ਦੀ ਭੂਮਿਕਾ ਨਿਭਾਅ ਰਹੇ ਹਨ। ਕੀ ਸੁਸ਼ਮਿਤਾ ਦੇਵ ਤ੍ਰਿਣਮੂਲ ਕਾਂਗਰਸ ਲਈ ਆਸਾਮ ਵਿਚ ਉਹੀ ਭੂਮਿਕਾ ਨਿਭਾਏਗੀ ਜੋ ਸ਼ਰਮਾ ਨੇ ਭਾਜਪਾ ਲਈ ਨਿਭਾਈ ਹੈ। ਸੁਸ਼ਮਿਤਾ ਦੇਵ ਦਾ ਕਾਂਗਰਸ ਛੱਡਣਾ ਇਕ ਅਜਿਹਾ ਘਟਨਾਕ੍ਰਮ ਹੈ, ਜਿਸ ਵਿਚ ਹਾਈਕਮਾਨ ਦੀ ਅਸਮਰੱਥਾ ਦਿਖਾਈ ਦਿੰਦੀ ਹੈ। ਉਹ ਆਪਣੇ ਪ੍ਰਤਿਭਾਸ਼ਾਲੀ ਨੇਤਾਵਾਂ ਨੂੰ ਆਪਣੇ ਨਾਲ ਰੱਖਣ ਵਿਚ ਨਾਕਾਮ ਹਨ। ਕਿਹਾ ਜਾਂਦਾ ਹੈ ਕਿ ਹਾਈਕਮਾਨ ਸੁਸ਼ਮਿਤਾ ਨੂੰ ਇੰਚਾਰਜ ਬਣਾਉਣਾ ਚਾਹੁੰਦੀ ਸੀ ਪਰ ਉਸ ਨੂੰ ਜਨਰਲ ਸਕੱਤਰ ਦਾ ਅਹੁਦਾ ਦੇਣ ਲਈ ਤਿਆਰ ਨਹੀਂ ਸੀ। ਸੁਸ਼ਮਿਤਾ ਦਾ ਕਹਿਣਾ ਸੀ ਕਿ ਜੇਕਰ ਉਨਾਂ ਨੂੰ ਗੁਜਰਾਤ ਭੇਜਿਆ ਜਾਣਾ ਹੈ ਤਾਂ ਪੂਰੀ ਤਾਕਤ ਦੇ ਕੇ ਭੇਜਿਆ ਜਾਣਾ ਚਾਹੀਦਾ ਹੈ। ਇਹ ਘਟਨਾਕ੍ਰਮ ਉਨਾਂ ਵਲੋਂ ਪਾਰਟੀ ਛੱਡਣ ਦਾ ਕਾਰਨ ਬਣ ਗਿਆ।

ਹੁਣ ਅਜਿਹਾ ਲੱਗ ਰਿਹਾ ਹੈ ਕਿ ਕਾਂਗਰਸ ਆਪਣੇ ਸੰਗਠਨ ਦੇ ਪੱਖ ਤੋਂ ਆਪਣੇ ਜੀਵਨ ਦੇ ਇਕ ਅਜਿਹੇ ਸੰਕਟ ਵਿਚੋਂ ਲੰਘ ਰਹੀ ਹੈ, ਜਿਸ ਤੋਂ ਉਸ ਨੂੰ ਜਲਦੀ ਹੀ ਰਾਹਤ ਨਾ ਮਿਲੀ ਤਾਂ ਉਸ ਦੀ ਹੋਂਦ ਖ਼ਤਰੇ ਵਿਚ ਪੈ ਜਾਵੇਗੀ।




# ਗੁਰਤੇਜ ਸਿੰਘ ਸਾਬਕਾ ਆਈ ਏ ਐਸ: ਆਖਿਰ ਬਿੱਲੀ ਥੈਲਿਉਂ ਬਾਹਰ ਆ ਹੀ ਗਈ

**ਰਣਜੀਤ ਸਿੰਘ**

ਸਰਦਾਰ ਗੁਰਤੇਜ ਸਿੰਘ ਸਾਬਕਾ ਆਈ ਏ ਐਸ ਨੇ ਭਾਈ ਹਰਮਿੰਦਰ ਸਿੰਘ ਸੰਧੂ ਨੂੰ ਮਹਾਨ ਸਪੂਤ ਤੇ ਖਾਲਿਸਤਾਨ ਦੇ ਸੰਘਰਸ਼ ਨੂੰ ਭਾਰਤ ਦੀ ਘੜੀ ਚਾਲ ਦੱਸ ਕੇ ਇੱਕ ਲਿਖਤ ਫੇਸਬੁੱਕ ਤੇ ਪਾਈ ਹੈ।

ਇਸ ਬਹਿਸ ਵਿੱਚੋਂ ਇੱਕ ਅਹਿਮ ਗੱਲ ਨਿੱਤਰ ਕੇ ਸਾਹਮਣੇ ਆਈ ਹੈ ਕਿ ਲੰਮੇ ਸਮੇਂ ਤੋਂ ਭਾਈ ਦਲਜੀਤ ਖਿਲਾਫ ਜਿਹੜੀ ਮੁਹਿੰਮ ਸ਼ੁਰੂ ਕੀਤੀ ਗਈ ਸੀ ਅਤੇ ਜਿਸ ਨੂੰ ਵਾਰ ਵਾਰ ਦੁਹਰਾਇਆ ਜਾਂਦਾ ਰਿਹਾ ਹੈ ਉਹ ਕਿਸੇ ਇੱਕ ਅੱਧੇ ਵਿਅਕਤੀ ਦੀ ਔਖ ਜਾਂ ਨਰਾਜ਼ਗੀ ਵਿੱਚੋਂ ਨਿਕਲੀਆਂ ਗੱਲਾਂ ਨਹੀਂ ਸਨ ਸਗੋਂ ਭਾਰਤ ਦੀ 'ਡੀਪ ਸਟੇਟ' ਦਾ ਹੱਥ ਹੈ। ਹੁਣ ਤਾਂ ਕੋਈ ਓਹਲਾ ਹੀ ਨਹੀਂ ਰਿਹਾ, ਸੱਚ ਬਿਖਰੇ ਰੂਪ ਵਿੱਚ ਪ੍ਰਗਟ ਹੋ ਗਿਆ ਹੈ। ਜੇਕਰ ਜਾਤੀ ਈਰਖਾ ਦੇ ਡੰਗੇ ਲੋਕਾਂ ਦੀਆ ਅਜੇ ਵੀ ਅੱਖਾਂ ਨਹੀਂ ਖੁੱਲ੍ਹਦੀਆਂ ਤਾਂ ਉਹ ਵੀ ਸ਼ੱਕ ਦੇ ਦਾਇਰੇ ਵਿੱਚ ਆ ਜਾਣਗੇ। ਅੱਗੇ ਤੋਂ ਅੱਗੇ ਹੋਰ ਰੰਗ ਪ੍ਰਗਟ ਹੋਣਗੇ।

ਅਸਲ ਵਿੱਚ ਗੁਰਤੇਜ ਸਿੰਘ ਦੀ ਲਿਖਤ ਅਤੇ ਚੱਲ ਰਹੀ ਬਹਿਸ ਇਹਨਾਂ ਦਾ ਇਕਬਾਲੀਆ ਬਿਆਨ ਹੀ ਹੈ. ਇਸ ਸਾਰੀ ਬਹਿਸ ਤੋਂ ਕੁੱਝ ਗੱਲਾਂ ਸ਼ਪੱਸ਼ਟ ਹੋ ਗਈਆਂ ਹਨ ( ਸੰਧੂ ਸਮਰੱਥਕ ਇਸਤੋਂ ਮੁਨਕਰ ਨਹੀਂ ਹੋਏ) ਕਿ :



ਗੁਰਤੇਜ ਸਿੰਘ

1. ਹਰਮਿੰਦਰ ਸਿੰਘ ਸੰਧੂ, ਭਗਵਾਨ ਸਿੰਘ ਜਾਂ ਹੋਰ ਇਹਨਾਂ ਦੇ ਨੇੜਲਿਆਂ ਨੇ ਜੁਝਾਰੂਆਂ ਦੀ ਸਹਿਮਤੀ ਤੋਂ ਬਿਨਾਂ ਸਰਕਾਰ ਨਾਲ ਗੁਪਤ ਗੱਲ-ਬਾਤ ਤੋਰੀ।

2. ਖਾਲਿਸਤਾਨ ਦੀ ਬਜਾਏ ਅਨੰਦਪੁਰ ਦੇ ਮਤੇ ਨੂੰ ਆਪਣਾ ਨਿਸ਼ਾਨਾ ਬਣਾਇਆ ਅਤੇ ਭਾਰਤੀ ਸੰਵਿਧਾਨ ਅਧੀਨ ਹੀ ਮਸਲੇ ਦਾ ਹੱਲ ਲੱਭਣਾ ਚਾਹੁੰਦੇ ਸਨ।

3. ਸੰਧੂ ਅਤੇ ਸਾਥੀ ਦਰਬਾਰ ਸਾਹਿਬ ਵਿੱਚੋਂ ਹੱਥ ਖੜ੍ਹੇ ਕਰਕੇ ਅਕਾਲੀਆਂ ਦੀ ਸ਼ਰਨ ਲੈ ਕੇ ਨਿੱਕਲੇ।

4. ਉਹ ਅਕਾਲੀਆਂ ਦੇ ਬਦਲ ਵਜੋਂ ਹੀ ਸਿੱਖਾਂ ਜਾਂ ਪੰਜਾਬੀਆਂ ਦੀ ਪ੍ਰਤੀਨਿਧਤਾ ਕਰਨੀ ਚਾਹੁੰਦੇ ਸਨ ਅਤੇ ਚੋਣਾਂ ਰਾਹੀਂ ਇੱਕ ਸੂਬੇ ਦੀ ਰਾਜਸੀ ਸਤਾ ਲੈ ਕੇ ਹੀ ਮਸਲੇ ਹੱਲ ਕਰਨਾ ਚਾਹੁੰਦੇ ਸਨ।

**ਗੁਰਤੇਜ ਸਿੰਘ ਦੀ ਲਿਖਤ ਵਿੱਚੋਂ ਕੁੱਝ ਅੰਸ਼**

"ਖ਼ਾਲਿਸਤਾਨ' ਪਹਿਲੇ ਦਿਨ ਤੋਂ ਹੀ ਗ਼ੈਰ-ਸਿੱਖਾਂ ਦੀ ਸਿੱਖਾਂ ਵਿਰੁੱਧ ਵਰਤਣ ਲਈ ਘੜੀ ਗਈ ਘਾੜਤ ਸੀ। ਇਸ ਦੀਆਂ ਜੜ੍ਹਾਂ 1945 ਤੱਕ ਕੌਂਗਰਸ ਪਾਰਟੀ ਦੇ ਦਸਤਾਵੇਜ਼ਾਂ ਅਤੇ ਮਹਾਸ਼ਾ ਅਖ਼ਬਾਰਾਂ ਦੇ ਨੀਤੀ-ਲੇਖਾਂ ਤੱਕ ਪਹੁੰਚਦੀਆਂ ਹਨ। ਸਿੱਖਾਂ-ਮੁਸਲਮਾਨਾਂ ਦੇ ਆਪਸੀ ਡੂੰਘੇ ਵੈਰ ਪਵਾ ਕੇ ਪੰਜਾਬ ਦੀ ਵੰਡ ਨੂੰ ਯਕੀਨੀ ਬਣਾਉਣ ਲਈ ਏਸ ਨੂੰ 1947 ਤੋਂ ਪਹਿਲਾਂ ਵਰਤਿਆ ਜਾ ਚੁੱਕਿਆ ਸੀ। ਉਸ ਤੋਂ ਬਾਅਦ ਇਹ ਸਿੱਖਾਂ ਅਤੇ ਪੰਜਾਬ ਨੂੰ ਬਣਦੇ ਹੱਕਾਂ ਤੋਂ ਵਾਂਝੇ ਰੱਖਣ ਲਈ ਉਸੇ ਤਰ੍ਹਾਂ ਵਰਤਿਆ ਗਿਆ ਸੀ ਜਿਵੇਂ ਪਾਕਿਸਤਾਨ ਦੇ ਸੰਕਲਪ ਨੂੰ ਮੁਸਲਮਾਨਾਂ ਨੂੰ ਹਿੰਦ ਵਿੱਚ ਥਾਂ ਸਿਰ ਰੱਖਣ ਲਈ ਵਰਤਿਆ ਗਿਆ ਸੀ। 1984 ਤੋਂ ਬਾਅਦ ਸਿੱਖਾਂ ਦੇ ਅਥਾਹ ਰੋਸ ਨੂੰ ਕੁਰਾਹੇ ਪਾਉਣ ਲਈ ਫੇਰ ਇਹੀ ਖ਼ਾਲਿਸਤਾਨ ਦਾ ਲਫ਼ਜ਼ ਵਰਤਿਆ ਗਿਆ"

"ਹਰਿਮੰਦਰ ਸਿੰਘ ਸੰਧੂ ਪੰਜਾਬ ਦਾ ਸਪੂਤ ਸੀ। ਓਸ ਦੀ ਖ਼ਾਲਸਾ ਪੰਚਾਇਤਾਂ ਵਾਲੀ ਲਹਿਰ ਕਿਵੇਂ ਵੀ ਖਾੜਕੂ ਵਿਰੋਧ ਵਿੱਚ ਨਹੀਂ ਸੀ। ਇਹ ਸਮੇਂ ਅਨੁਸਾਰ ਧਰਾਤਲ ਉੱਤੇ ਉਤਾਰਨ ਯੋਗ ਤਹਿਰੀਕ ਸੀ। ਓਸ ਦਾ ਮਨਸੂਬਾ ਨਾ ਤਾਂ ਦੇਸ਼-ਵਿਰੋਧੀ ਸੀ, ਨਾ ਹੀ ਸਮੁੱਚੇ ਪੰਜਾਬੀਆਂ ਦੇ ਹਿਤਾਂ ਵਿਰੁੱਧ ਸੀ। ਲੋਕਰਾਜ ਪੱਖੋਂ ਵੀ ਉਹ ਐਨ ਢੁਕਵਾਂ ਸੀ"।

*(ਗੁਰਤੇਜ ਸਿੰਘ ਦਾ ਪੂਰਾ ਬਿਆਨ ਪੜ੍ਹਣ ਲਈ ਹੇਠ ਲਿਖੇ ਲਿੰਕ ਤੇ ਕਲਿਕ ਕਰ ਸਕਦੇ ਹੋ*

★✝✝✥↔://✡.✚▲✴✥✩✿✿⇧.✴✿✡/
↔✝✿☛⏏.✥★✥?↔✝✿☛⏏∵✚✩⇦➢=੪੫੦੦
੬੪੫੨੦੯੯੮੯੧੪੪×⇦➢=੧੦੦੦੦੧੩੧੧੨੮੭੨੨੭

# ਕੀ ਹਰਮਿੰਦਰ ਸਿੰਘ ਸੰਧੂ ਦਾ ਮੁਲਾਂਕਣ ਹੋਣਾ ਜਾਇਜ਼ ਨਹੀਂ ?

**ਰਣਜੀਤ ਸਿੰਘ**

ਭਾਈ ਹਰਮਿੰਦਰ ਸਿੰਘ ਸੰਧੂ ਦੇ ਕਤਲ ਤੋਂ ਲੈ ਕੇ ਹੁਣ ਤੱਕ ਖਾੜਕੂ ਧਿਰਾਂ ਵਿੱਚ ਇਹ ਵਿਚਾਰ ਚਰਚਾ ਰਹੀ ਹੈ ਕਿ ਇਸ 'ਰਾਜਸੀ ਕਤਲ' ਬਾਰੇ ਕੀ ਪਹੁੰਚ ਅਪਣਾਈ ਜਾਵੇ। ਇਹ ਗੱਲ ਤਕਰੀਬਨ ਤਹਿ ਹੋ ਚੁੱਕੀ ਸੀ ਕਿ ਅਜਿਹੇ 9-10 ਰਾਜਸੀ ਕਤਲਾਂ ਬਾਰੇ ਚੁੱਪ ਰਿਹਾ ਜਾਵੇ ਅਤੇ ਉਹਨਾਂ ਦੇ ਨੇੜਲੇ ਸੂਤਰਾਂ ਨੂੰ ਇਹਨਾਂ ਕਤਲਾਂ ਦੇ ਕਾਰਣ ਵੀ ਸ਼ਾਇਦ ਖਾੜਕੂ ਧਿਰਾਂ ਵੱਲੋਂ ਦੱਸੇ ਗਏ ਸਨ। ਪਰ ਸੰਘਰਸ਼ ਦੇ ਕਮਜ਼ੋਰ ਹੋਣ ਨਾਲ ਅਤੇ ਸ਼ੋਸ਼ਲ ਮੀਡੀਏ ਦੇ ਪਸਾਰ ਨਾਲ ਹੁਣ ਹਰ ਕੋਈ ਵਿਅਕਤੀ ਆਪਣੀ ਰਾਏ ਦੇ ਸਕਦਾ ਹੈ। ਥੋੜੇ ਸਮੇਂ ਤੋਂ ਇੱਕ ਰਿਵਾਜ ਜਿਹਾ ਵੀ ਪੈ ਗਿਆ ਕਿ ਜਿਸਨੂੰ ਸਿੱਖ ਇਤਿਹਾਸ ਅਤੇ ਸੰਘਰਸ਼ ਦੀ ਕੋਈ ਜਾਣਕਾਰੀ ਨਹੀਂ ਉਹ ਵੀ ਰਾਜਸੀ ਮਾਹਰ ਬਣਕੇ ਟਿੱਪਣੀਆਂ ਕਰਦਾ ਹੈ ਅਤੇ ਕਦੇ ਕਦੇ ਤਾਂ ਇਹ ਸਥਿਤੀ ਦੋਸ਼ ਲਾਉਣ ਤੱਕ ਪਹੁੰਚ ਜਾਂਦੀ ਹੈ।

ਪਿੱਛਲੇ ਕੁੱਝ ਸਾਲਾਂ ਤੋਂ ਮੌਜੂਦਾ ਸਿੱਖ ਸੰਘਰਸ਼ ਦਾ ਧੁਰਾ ਸਮਝੇ ਜਾਂਦੇ ਭਾਈ ਦਲਜੀਤ ਸਿੰਘ ਵਿਰੁੱਧ ਬਹੁਤ ਨੀਚ ਭਾਸ਼ਾ ਅਤੇ ਬੇਬੁਨਿਆਦ ਦੋਸ਼ਾਂ ਦੀ ਲੜੀ ਲਗਾਤਾਰ ਚੱਲ ਰਹੀ ਹੈ। ਪਰ ਭਾਈ ਦਲਜੀਤ ਸਿੰਘ ਨੇ ਕਿਸੇ ਵੀ ਦੋਸ਼ ਦਾ ਮੋੜਵਾਂ ਜੁਆਬ ਜਾਂ ਸ਼ਪੱਸ਼ਟੀਕਰਣ ਨਹੀਂ ਦਿੱਤਾ। ਇਹ ਕੰਮ ਪਿੱਛਲੇ ਦੋ ਕੁ ਸਾਲ ਘਟਿਆ ਸੀ ਪਰ ਹੁਣ ਕਈ ਮਹੀਨਿਆਂ ਤੋਂ ਫੇਰ ਤੇਜ਼ ਹੋ ਗਿਆ ਹੈ। ਇਸ ਵਾਰ ਕੁੱਝ ਹਰਮਿੰਦਰ ਸਿੰਘ ਸੰਧੂ ਦੇ ਨੇੜਲੇ ਸਾਥੀਆਂ ਨੇ ਇਹ ਬੀੜਾ ਚੁੱਕ ਲਿਆ ਅਤੇ ਇਹ ਪੁੱਛਣ ਲੱਗੇ



ਕਿ ਸੰਧੂ ਕਿਉਂ ਮਾਰਿਆ ਗਿਆ ਹੈ। ਉਸ ਸੰਬੰਧ ਵਿੱਚ ਭਾਈ ਅਜਮੇਰ ਸਿੰਘ ਨੇ ਸੰਧੂ ਦੇ ਰਾਜਸੀ ਕਤਲ ਦੇ ਕਾਰਣਾਂ ਦਾ ਆਪਣੇ ਵੱਲੋਂ ਇੱਕ ਵਿਸ਼ਲੇਸ਼ਣ ਕੀਤਾ ਹੈ ਜਿਹੜਾ ਸੰਧੂ ਦੇ ਨੇੜਲਿਆਂ ਨੂੰ ਪਸੰਦ ਨਹੀਂ ਆਇਆ। ਉਸ ਵਿੱਚ ਭਾਈ ਅਜਮੇਰ ਸਿੰਘ ਨੇ ਸ਼ਪੱਸ਼ਟ ਕੀਤਾ ਕਿ ਉਹ ਏਜੰਸੀਆਂ ਦਾ ਬੰਦਾ ਨਹੀ ਸੀ ਪਰ ਉਹਦੀ ਪਹੁੰਚ ਖਾਲਿਸਤਾਨ ਵਿਰੋਧੀ, ਇੱਕ ਸੂਬੇ ਦੀ ਰਾਜਸੀ ਸਤਾ ਲੈਣੀ ਹੀ ਬਣ ਚੁੱਕੀ ਸੀ। ਇਸ ਪ੍ਰਾਪਤੀ ਲਈ ਉਹ ਖਾੜਕੂਆਂ ਨੂੰ ਵਿਸ਼ਵਾਸ ਵਿੱਚ ਲਏ ਬਿਨਾਂ ਹੀ ਭਾਰਤੀ ਸਰਕਾਰ ਨਾਲ ਭਾਈਵਾਲੀ ਪਾ ਰਿਹਾ ਸੀ। ਜਿਹੜੇ ਉਸਦੇ ਨਾਲ ਇਸ ਵਿੱਚ ਸ਼ਾਮਿਲ ਸਨ ਉਹਨਾਂ ਬਾਰੇ ਸੱਭ ਨੂੰ ਪਤਾ ਹੈ ਕਿ ਉਹ ਅਕਾਲੀ ਦਲ, ਕਾਂਗਰਸ ਅਤੇ ਬੀ ਜੇ ਪੀ ਵਿੱਚ ਚੱਲੇ ਗਏ ਹਨ ਤਾਂ ਸੰਧੂ ਨੇ ਕੀ ਖ਼ਾਸ ਮਾਰ੍ਹਕਾ ਮਾਰ ਦੇਣਾ ਸੀ ? ਇਸ ਗੱਲ ਵਿੱਚ ਕਿਹੜੀ ਗੱਲ ਗਲਤ ਹੈ ਜਿਹੜੀ ਭਾਈ ਅਜਮੇਰ ਸਿੰਘ ਨੇ ਕੀਤੀ ਹੈ ?

ਹਰਮਿੰਦਰ ਸਿੰਘ ਸੰਧੂ ਦੇ ਨੇੜਲੇ ਸਾਥੀ ਦੂਜਿਆਂ ਤੇ ਨਰਾਜ਼ਗੀ ਪ੍ਰਗਟ ਕਰਨ ਦੀ ਬਜਾਏ ਉਹ ਸੁਆਲਾਂ ਦੇ ਜੁਆਬ ਦੇਣ ਜਿਹੜੇ ਹਲੇ ਤੱਕ ਹਵਾ ਵਿੱਚ ਲਟਕੇ ਹੋਏ ਹਨ। ਉਹਨਾਂ ਵਿੱਚੋਂ ਵਿਸ਼ੇਸ਼ ਇਹ ਹਨ;

1. ਦਰਬਾਰ ਸਾਹਿਬ ਦੇ ਹਮਲੇ ਵੇਲੇ ਸੰਤ ਭਿੰਡਰਾਵਾਲਿਆਂ ਨੇ ਹਰਮਿੰਦਰ ਸਿੰਘ ਸੰਧੂ ਨੂੰ ਅਕਾਲ ਤਖ਼ਤ ਤੇ ਆਪਣੇ ਨਾਲ ਕਿਉਂ ਨਹੀਂ ਰੱਖਿਆ ?

2. ਹਰਮਿੰਦਰ ਸਿੰਘ ਸੰਧੂ ਅਕਾਲੀਆਂ ਦੀ ਸ਼ਰਨ ਲੈ ਕੇ ਹੱਥ ਖੜੇ ਕਰਕੇ ਬਾਹਰ ਕਿਉਂ ਆਇਆ ?

3. ਸੰਤਾ ਦਾ ਬਚਨ ਸੀ ਕਿ ਜਿਸ ਦਿਨ ਪੁਲਿਸ ਜਾਂ ਫੌਜ ਦਾ ਪੈਰ ਦਰਬਾਰ ਸਾਹਿਬ ਅੰਦਰ ਪੈ ਜਾਂਦਾ ਹੈ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਖਾੜਕੂ ਸੰਤਾਂ ਦੇ ਬਚਨਾਂ ਤੇ ਫੁੱਲ ਚੜਾਉਂਦੇ ਹੋਏ ਖਾਲਿਸਤਾਨ ਦੀ ਜੰਗ ਲੜ ਰਹੇ ਸਨ ਤਾਂ ਸੰਧੂ ਨੇ ਅਨੰਦਪੁਰ ਸਾਹਿਬ ਦੇ ਮਤੇ ਤੇ ਸਰਕਾਰ ਨਾਲ ਬਾਤ-ਚੀਤ ਕਿਉਂ ਸ਼ੁਰੂ ਕੀਤੀ ?

4. ਉਸਨੇ ਸਰਕਾਰ ਨਾਲ ਕੋਈ 12-15 ਮੀਟਿੰਗਾਂ ਅਰਜਨ ਸਿੰਘ ਗਵਰਨਰ ਅਤੇ ਕੇ ਪੀ ਐਸ ਗਿੱਲ ਦੀ ਵਿਚੋਲਗੀ ਨਾਲ ਕੀਤੀਆਂ, ਕੀ ਉਸਨੇ ਕਿਸੇ ਖਾੜਕੂ ਧਿਰ ਨੂੰ ਆਪਣੇ ਵਿਸ਼ਵਾਸ ਵਿੱਚ ਲੈ ਕੇ ਸਹਿਮਤੀ ਲਈ ?

5. ਜੇ ਸਿੱਖ ਲੋਂਗੋਵਾਲ ਨੂੰ ਗ਼ਦਾਰ ਸਮਝਦੇ ਹਨ ਤਾਂ ਸੰਧੂ ਨੇ ਉਸ ਨਾਲ਼ੋਂ ਕੀ ਵੱਖਰਾ ਕੀਤਾ ਸੀ ? ਜਿਸ ਦਿਨ ਸਰਕਾਰ ਨਾਲ ਲੋਂਗੋਵਾਲ ਸਮਝੌਤਾ ਕਰਦਾ ਹੈ ਉਸੇ ਦਿਨ ਉਸੇ ਸ਼ਹਿਰ (ਦਿੱਲੀ) ਵਿੱਚ ਸੰਧੂ ਵੀ ਸਮਝੌਤੇ ਤੇ ਦਸਤਖ਼ਤ ਕਰਨ ਨੂੰ ਬੈਠਾ ਸੀ। ਫਰਕ ਸਿਰਫ ਏਨਾ ਹੈ ਕਿ ਸਰਕਾਰ ਨੇ ਲੋਂਗੋਵਾਲ ਨੂੰ ਤਰਜ਼ੀਹ ਦਿੱਤੀ ਤੇ ਉਸ ਨਾਲ ਸਮਝੌਤਾ ਕੀਤਾ ਪਰ ਸੰਧੂ ਨਾਲ ਨਹੀਂ। ਫੇਰ ਲੋਂਗੋਵਾਲ ਗ਼ਦਾਰ ਤੇ ਸੰਧੂ ਪੰਥਕ ਕਿਵੇਂ ਹੋਇਆ ?

6. ਸੰਧੂ ਵੱਲੋਂ ਜਿਹੜੀਆਂ ਖਾੜਕੂ ਧਿਰਾਂ ਨੂੰ ਸੰਪਰਕ ਕੀਤਾ ਗਿਆ ਅਤੇ ਉਹਨਾਂ ਵੱਲੋਂ ਸੰਧੂ ਨੂੰ ਜਿਹੜੀਆਂ ਗੱਲਾਂ ਤੋਂ ਵਰਜਿਆ ਗਿਆ ਉਹਨਾਂ ਨੂੰ ਨਸ਼ਰ ਕੀਤਾ ਜਾਵੇ। ਖਾੜਕੂਆਂ ਨਾਲ ਚਿੱਠੀਆਂ ਰਾਹੀਂ ਚੱਲੀ ਗੱਲ-ਬਾਤ ਦੇ ਵੇਰਵੇ ਦਿੱਤੇ ਜਾਣ ਅਤੇ ਜੇ ਖਾੜਕੂਆਂ ਨੇ ਕੋਈ ਸਹਿਮਤੀ ਦਿੱਤੀ ਹੈ ਤਾਂ ਉਹ ਚਿੱਠੀ ਵੀ ਨਸ਼ਰ ਕੀਤੀ ਜਾਵੇ।

ਹਰਮਿੰਦਰ ਸਿੰਘ ਸੰਧੂ ਦੇ ਸਾਥੀ ਉਹਨੂੰ ਸੰਤ ਭਿੰਡਰਾਵਾਲਿਆਂ ਦਾ ਨੇੜਲਾ ਸਾਥੀ ਅਤੇ ਬਹੁਤ ਰੋਸ਼ਨ ਦਿਮਾਗ ਬਣਾ ਕੇ ਸ਼ਾਇਦ ਇਸਲਈ ਪੇਸ਼ ਕਰ ਰਹੇ ਹਨ ਤਾਂ ਕਿ ਉਹ ਹੁਣ ਵੀ ਰਾਜਸੀ ਸਤਾ ਹਥਿਆ ਸਕਣ। ਕਈ ਉਸ ਨਾਲ ਨੇੜਤਾ ਹੋਣ ਕਰਕੇ ਉਸਦੇ ਹਰ ਫ਼ੈਸਲੇ ਨੂੰ ਜਾਇਜ਼ ਠਹਿਰਾਉਂਦੇ ਹਨ।

ਕੀ ਉਸਦਾ ਕਤਲ ਜਾਇਜ਼ ਹੈ ਜਾਂ ਨਹੀਂ ਇਸ ਸਵਾਲ ਦਾ ਜਵਾਬ 'ਹਾਂ' ਜਾਂ 'ਨਾਂਹ' ਵਿੱਚ ਨਹੀਂ ਦਿੱਤਾ ਜਾ ਸਕਦਾ। ਇਹ ਸਵਾਲ ਗੁੰਝਲਦਾਰ ਹੈ ਤੇ ਉਸ ਦੇ ਸ਼ੁਭਿਚੰਤਕਾਂ ਲਈ ਅਸੁਖਾਵਾਂ ਵੀ। ਇਸ ਕਰਕੇ ਇਸ ਬਾਰੇ ਤਹੱਮਲ ਵਿੱਚ ਰਹਿੰਦਿਆਂ ਤਰਕ ਤੇ ਦਲੀਲ ਨਾਲ ਗੱਲ ਹੋਣੀ ਚਾਹੀਦੀ ਹੈ ਜਿਵੇਂ ਭਾਈ ਅਜਮੇਰ ਸਿੰਘ ਨੇ ਕੀਤੀ ਹੈ। ਜੇਕਰ ਦਲੀਲ ਤੇ ਤਹਿਜ਼ੀਬ ਦੀ ਥਾਂ ਧਮਕੀਆਂ ਤੇ ਬੇਬੁਨਿਆਦ ਦੂਸ਼ਣਬਾਜੀ ਕਰਨ ਦਾ ਤਰੀਕਾ ਅਖਤਿਆਰ ਕੀਤਾ ਜਾਂਦਾ ਹੈ ਤਾਂ ਇਸ ਨਾਲ ਨਿਸਚਤ ਤੌਰ ਤੇ ਆਪਸੀ ਵਿਰੋਧ ਤੇ ਦੁਸ਼ਮਣੀ ਦਾ ਮਾਹੌਲ ਪੈਦਾ ਹੋਵੇਗਾ ਜਿਸਦਾ ਕੌਮ ਨੂੰ ਨੁਕਸਾਨ ਤੇ ਦੁਸ਼ਮਣਾਂ ਨੂੰ ਫ਼ਾਇਦਾ ਹੋਵੇਗਾ। ਸ ਨਾ ਕੀਜੈ ਉਤਰ ਦੀਜੈ




# ਹੱਕਾਂ ਦੀ ਲੜਾਈ ਲਈ ਸੰਘਰਸ਼ ਕਰਦੀ ਜ਼ਿੰਦਗੀ : ਕਮਲਪ੍ਰੀਤ ਸਿੰਘ ਸੈਣੀ








**ਸਰਬਜੀਤ ਕੌਰ 'ਸਰਬ'**

ਅਜੋਕੇ ਸਮੇਂ ਜੋ ਵੀ ਪੰਜਾਬ ਦੇ ਹਾਲਾਤ ਹਨ ਉਨਾਂ ਵਿਚ ਨੌਜਵਾਨੀ ਪੀੜੀ ਨੂੰ ਸਭ ਤੋਂ ਵੱਧ ਢਾਹ ਲੱਗ ਰਹੀ ਹੈ ਤੇ ਇਸ ਨੂੰ ਸਭ ਤੋਂ ਵੱਧ ਢਾਹ ਲਾ ਰਹੇ ਹਨ, ਸਾਡੇ ਰਾਜਨੀਤਕ ਲੀਡਰ ਜਿਨਾਂ ਦੇ ਕੋਲ ਅਸੀਂ ਆਸ ਕਰਦੇ ਹਾਂ ਕਿ ਉਹ ਨੇਕ ਅਗਵਾਈ ਕਰ ਕੇ ਦੇਸ਼ ਦੀ ਨੌਜਵਾਨ ਪੀੜੀ ਦੀ ਰੱਖਿਆ ਕਰਨਗੇ, ਪਰ ਅਫ਼ਸੋਸ ਪੰਜਾਬ ਦੇ ਅਨੇਕਾਂ ਪਿੰਡਾਂ ਦੇ ਹਾਲਾਤ ਅਜਿਹੇ ਹਨ ਜਿੱਥੇ ਨੌਜਵਾਨ ਗੱਭਰੂ ਹੁਨਰਮੰਦ ਤਾਂ ਹਨ ਪਰ ਉੱਥੋਂ ਦੀਆਂ ਰਾਜ ਸਰਕਾਰਾਂ ਦੇ ਲੀਡਰ ਆਪਣੇ ਅੰਦਰੂਨੀ ਲਾਗਬਾਜ਼ੀ ਕਾਰਨ ਉਨਾਂ ਨੌਜਵਾਨਾਂ ਦਾ ਕੈਰੀਅਰ ਤਬਾਹ ਕਰ ਰਹੇ ਹਨ। ਇਹ ਸਮੇਂ ਦਾ ਸੱਚ ਹੈ ਤੇ ਇਸ ਸੱਚ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ। ਜੇਕਰ ਕੋਈ ਇਸ ਤੋਂ ਮੁਨਕਰ ਹੋ ਸਕਦਾ ਹੈ ਤਾਂ ਉਹ ਇਨਸਾਨ ਕੇਵਲ ਉਹ ਹੀ ਹੋਵੇਗਾ ਜੋ ਇਨਾਂ ਰਾਜਨੀਤਕ ਨੇਤਾਵਾਂ ਦੀ ਚਮਚਾਗਿਰੀ ਕਰਦਾ ਹੈ। ਕਮਲਪ੍ਰੀਤ ਸਿੰਘ ਸੈਣੀ ਅਜਿਹੇ ਨੌਜਵਾਨ ਜੋ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਹੋਏ ਸਮਾਜਿਕ ਭਲਾਈ ਲਈ ਵੀ ਕੰਮ ਕਰਦੇ ਹਨ ਪਰ ਉਹ ਕਦੇ ਵੀ ਰਾਜਨੀਤਿਕ ਨੇਤਾਵਾਂ ਜਾਂ ਪੁਲਿਸ ਪ੍ਰਸ਼ਾਸਨ ਦੇ ਗ਼ਲਤ ਕੰਮਾਂ ਵਿੱਚ ਜੀ ਹਜ਼ੂਰੀ ਨਹੀਂ ਕਰਦੇ ਹਨ। ਕਮਲਪ੍ਰੀਤ ਸੈਣੀ ਰੋਪੜ ਜ਼ਿਲੇ ਨਾਲ ਸਬੰਧ ਰੱਖਦਾ ਹੈ ਜੋ ਪੇਸ਼ੇ ਵਜੋਂ ਇਕ ਗੋਤਾਖੋਰ ਤੇ ਸਨੇਕ ਕੈਚਰ ਦਾ ਕੰਮ ਕਰਦਾ ਹੈ। ਉਹ ਵੀ ਕੇਵਲ ਸਮਾਜ ਦੇ ਭਲੇ ਲਈ ਜਿਵੇਂ ਨਹਿਰ ਜਾ ਦਰਿਆ 'ਚੋਂ ਲਾਸ਼ਾਂ ਕੱਢਣੀਆਂ, ਜਾਨਵਰਾਂ ਨੂੰ ਕੱਢਣਾ ਆਦਿ। ਇਸ ਕੰਮ ਦੇ ਨਾਲ ਹੀ ਉਹ ਲੋਕਾਂ ਦੇ ਘਰਾਂ ਤੋਂ ਜਹਿਰੀਲੇ ਸੱਪ ਕੱਢਦਾ ਤੇ ਉਨਾਂ ਸੱਪਾਂ ਨੂੰ ਜੰਗਲ ਵਿਚ ਛੱਡ ਦਿੰਦਾ ਹੈ। ਨੰਗਲ ਡੈਮ ਤੇ ਅਨੰਦਪੁਰ ਸਾਹਿਬ ਦੇ ਆਸ-ਪਾਸ 300 ਪਿੰਡਾਂ 'ਚੋਂ ਇਹ ਨੌਜਵਾਨ ਸੱਪ ਫੜ ਚੁੱਕਾ ਹੈ। ਸਮਾਜ ਭਲਾਈ ਲਈ ਇਹ ਨੌਜਵਾਨ 24 ਘੰਟੇ ਹਾਜ਼ਰ ਹੈ। ਇਸ ਦੇ ਗੁਣਾਂ ਤੇ ਨੇਕ ਸੁਭਾ ਕਾਰਨ ਹੀ ਇਹ ਅੱਜ ਸੋਸ਼ਲ ਮੀਡੀਆ 'ਤੇ ਆਪਣੀ ਪਹਿਚਾਣ ਬਣਾ ਰਿਹਾ ਹੈ। ਗਰੀਬ ਪਰਿਵਾਰ ਨਾਲ ਸਬੰਧ ਰੱਖਣ ਵਾਲਾ ਕਮਲਪ੍ਰੀਤ ਲੋਕ ਭਲਾਈ ਲਈ ਅਨੇਕਾਂ ਕਾਰਜ ਕਰਦਾ ਹੈ ਤੇ ਇਸ ਨੂੰ ਬਹੁਤ ਸਾਰੀਆਂ ਸੰਸਥਾਵਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ ਹੈ, ਪਰ ਫੇਰ ਵੀ ਇਸ ਨੂੰ ਵੀ ਰਾਜਨੀਤਿਕ ਨੇਤਾਵਾਂ ਦੀ ਹੀਣਤਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਕਿਉਂਕਿ ਇਹ ਨੌਜਵਾਨ ਸੱਚ ਬੋਲ ਕੇ ਇਨਾਂ ਰਾਜਨੀਤਕ ਲੋਕਾਂ ਦੇ ਖਿਲਾਫ ਆਵਾਜ਼ ਬੁਲੰਦ ਕਰ ਰਿਹਾ ਹੈ।

ਕਮਲਪ੍ਰੀਤ ਸੈਣੀ ਨਾਲ ਕੀਤੀ ਗੱਲਬਾਤ ਦੌਰਾਨ ਉਸ ਨੇ ਦੱਸਿਆ ਕਿ, ਬੇਸ਼ੱਕ ਮੈਂ ਆਪਣੀ ਜ਼ਿੰਦਗੀ ਵਿੱਚ ਬਹੁਤ ਹੀ ਗਲਤ ਕੰਮ ਕੀਤੇ ਹਨ, ਬਹੁਤ ਲੜਾਈਆਂ ਕੀਤੀਆਂ ਹਨ, ਕਈ ਵਾਰ ਮੇਰੇ ਖਿਲਾਫ ਥਾਣਿਆਂ ਵਿਚ ਪਰਚੇ ਵੀ ਹੋਏ, ਹੱਕਾਂ ਦੀ ਲੜਾਈ ਲੜਦੇ ਹੋਏ ਲੜਾਈਆਂ ਝਗੜਿਆਂ ਵਿਚ ਪੁਲਿਸ ਨੇ ਵੀ ਚੁੱਕਿਆ। ਮੈਂ ਆਪਣੀ ਜ਼ਿੰਦਗੀ ਦੇ ਕੁਝ ਅਜਿਹੇ ਪਲ ਤੁਹਾਡੇ ਨਾਲ ਸਾਂਝੇ ਕਰ ਰਿਹਾ ਹਾਂ ਜੋ ਮੇਰੀ ਜ਼ਿੰਦਗੀ ਨੂੰ ਹਰ ਇੱਕ ਦਿਨ ਨਵੇਂ ਮੋੜ ਤੇ ਲੈ ਆਉਂਦੇ ਹਨ, 8 ਸਾਲ ਪਹਿਲਾਂ ਕਿਸੇ ਹੋਰ ਪਿੰਡ ਵਿਚ ਮੈਂ ਕਿਸੇ ਬੰਦੇ ਨਾਲ ਕੁੱਟਮਾਰ ਕਰਨ ਵੀ ਗਿਆ ਸੀ, ਪਰ ਮੇਰੇ ਨਾਲ ਵਾਲਾ ਭੱਜ ਗਿਆ ਤੇ ਪਿੰਡ ਵਾਲਿਆਂ ਨੇ ਮੈਨੂੰ ਫੜ ਲਿਆ ਅਤੇ ਪੁਲਿਸ ਨੇ ਬਹੁਤ ਪਟਾ ਫੇਰਿਆ। ਪਰ ਕੋਈ ਚੱਕਰ ਨਹੀਂ ਚੰਗਾ, ਮਾੜਾ ਸਮਾਂ ਵੀ ਮਰਦਾਂ 'ਤੇ ਹੀ ਆਉਂਦਾ ਹੈ। ਮੇਰੇ ਭਰਾ ਨੂੰ ਵੱਢਣ ਲਈ 7-7 ਮੁੰਡੇ ਆਏ ਸੀ ਜਿਨਾਂ ਨੇ ਕਿਰਪਾਨਾਂ ਚੁੱਕੀਆਂ ਹੋਈਆਂ ਸਨ ਜੇ ਅਸੀਂ ਟਾਈਮ ਸਿਰ ਭਰਾ ਨੂੰ ਬਚਾਉਣ ਨਾ ਪਹੁੰਚਦੇ ਤਾਂ ਸ਼ਾਇਦ ਉਹ ਮੇਰੇ ਭਰਾ ਨੂੰ ਮਾਰ ਦਿੰਦੇ। ਇਸ ਦੌਰਾਨ ਦੋਨਾਂ ਧਿਰਾਂ ਵਿੱਚ ਲੜਾਈ ਹੋਈ ਉਨਾਂ ਨੂੰ ਵੀ ਚੰਗਾ ਸਬਕ ਸਿਖਾਇਆ ਗਿਆ। ਪੁਲਿਸ ਨੇ ਸਾਡੇ ਉੱਤੇ 25 ਦਾ ਪਰਚਾ ਕਰ ਦਿੱਤਾ ਜਿਸ ਦਾ ਕੇਸ ਹੁਣ ਵੀ ਚੱਲ ਰਿਹਾ ਹੈ। ਇੱਕ ਵਾਰ ਮੇਰੇ ਭਰਾ ਦੀ ਘਰਵਾਲੀ ਨੂੰ ਰਸਤੇ ਵਿੱਚ ਘੇਰ ਕੇ ਕੁਝ ਬੰਦਿਆਂ ਨੇ ਬਦਸਲੂਕੀ ਕੀਤੀ। ਜਿਸ ਦੇ ਚੱਲਦੇ ਇਕ ਬੰਦੇ ਨੂੰ ਮੌਕੇ 'ਤੇ ਫੜ ਲਿਆ ਗਿਆ ਅਤੇ ਉਸ ਦੀ ਚੰਗੀ ਭੁਗਤ ਸਵਾਰੀ, ਫਿਰ ਉਸ ਨੂੰ ਥਾਣੇ ਲੈ ਗਏ ਥਾਣੇ ਵਿਚ ਉਸ ਬੰਦੇ ਨੇ ਮਾਫੀ ਮੰਗੀ, ਦੋ ਬੰਦੇ ਭੱਜ ਗਏ ਸੀ, ਉਨਾਂ ਨਾਲ ਵੀ ਬਾਅਦ ਵਿਚ ਇਸੇ ਮਸਲੇ ਨੂੰ ਲੈ ਕੇ ਪਿੰਡ ਵਿੱਚ ਲੜਾਈ ਹੋਈ ਅਤੇ ਦੋਨਾਂ ਧਿਰਾਂ ਦਾ ਖ਼ੂਨ ਖ਼ਰਾਬਾ ਹੋਇਆ। ਪਰ ਇਸ ਸਮੇਂ ਦੌਰਾਨ ਵੀ ਕਰਾਸ ਪਰਚਾ ਬਣਦਾ ਸੀ ਪਰ ਪੁਲਿਸ ਨੇ ਕੇਵਲ ਸਾਡੇ ਉੱਤੇ ਹੀ ਪਰਚਾ ਕੀਤਾ ਤੇ ਦੂਜੀ ਧਿਰ ਨੂੰ ਕੁਝ ਵੀ ਨਹੀਂ ਪੁੱਛਿਆ। ਮੈਂ ਇਹ ਜਿੰਨੀਆਂ ਵੀ ਲੜਾਈਆਂ ਕੀਤੀਆਂ ਉਹ ਕੇਵਲ ਤੇ ਕੇਵਲ ਸੱਚ ਦੇ ਪੱਖ ਲਈ ਕੀਤੀਆਂ ਪਰ ਸਮੇਂ ਦੀ ਰਾਜਨੀਤੀ ਅਤੇ ਪੁਲਿਸ ਪ੍ਰਸ਼ਾਸਨ ਨੇ ਹਮੇਸ਼ਾ ਹੀ ਝੂਠ ਦਾ ਸਾਥ ਦਿੱਤਾ। ਉਸ ਦੇ ਹੁਨਰ ਨੂੰ ਦੇਖਦੇ ਹੋਏ ਵੀ ਸਰਕਾਰ ਨੇ ਅਜੇ ਤੱਕ ਉਸ ਨੂੰ ਕੋਈ ਨੌਕਰੀ ਨਹੀਂ ਦਿੱਤੀ, ਜੋ ਨੌਕਰੀ ਉਸ ਨੂੰ ਪਹਿਲਾਂ ਦਿੱਤੀ ਸੀ ਉਸ ਤੇ ਕੇਵਲ ਇਕ ਹਫਤਾ ਜਾਣ ਤੋਂ ਬਾਅਦ ਉਸ ਦੀ ਜਗਾ ਸਿਫ਼ਾਰਸ਼ ਵਾਲਾ ਬੰਦਾ ਰੱਖ ਲਿਆ ਤੇ ਕਮਲਪ੍ਰੀਤ ਬੇਰੁਜ਼ਗਾਰ ਹੋ ਗਿਆ। ਇਸ ਦੀ ਅਜਿਹੀ ਹਾਲਤ ਦੇ ਜਿੰਮੇਵਾਰ ਰੋਪੜ ਜਿਲੇ ਦੇ ਰਾਜਨੀਤੀ ਲੀਡਰ ਹਨ ਜੋ ਆਪਣੀ ਹੈਂਕੜਬਾਜੀ ਕਰਕੇ ਇਸ ਨੌਜਵਾਨ ਦੀ ਅਵਾਜ ਨੂੰ ਵੀ ਦਬਾ ਰਹੇ ਹਨ ਤਾਂ ਜੋ ਉਨਾਂ ਖਿਲਾਫ ਬੋਲਣ ਵਾਲਾ ਲੋਕਾਂ ਸਾਹਮਣੇ ਨਾ ਆ ਸਕੇ। ਪਰ ਸੱਚ ਇਹ ਹੈ ਕਿ ਸੱਚਾਈ ਕਦੇ ਵੀ ਛੁੱਪ ਕੇ ਨਹੀਂ ਰਹਿ ਸਕਦੀ ਉਹ ਦੇਰ ਸਵੇਰ ਸਾਹਮਣੇ ਆ ਹੀ ਜਾਂਦੀ ਹੈ।

# ਹੈਕਰ ਸੈਨਾ ਦੁਨੀਆ ਲਈ ਚੈਲਿੰਜ

**ਭੁਪਿੰਦਰ ਵੀਰ ਸਿੰਘ**

ਹੈਕਰ ਪੂਰੀ ਦੁਨੀਆ ਵਿਚ ਇਕ ਸੈਨਾ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆ ਰਹੇ ਹਨ ਜੋ ਕਿ ਚੋਟੀ ਦੇ ਵਿਕਾਸਸ਼ੀਲ ਦੇਸ਼ਾਂ ਨੂੰ ਵੀ ਖੋਰਾ ਲਾਉਣ ਦੀ ਤਾਕਤ ਰੱਖਦੇ ਹਨ। ਦੁਨੀਆ ਭਰ ਵਿਚ ਸਾਈਬਰ ਅਪਰਾਧ ਵਧ ਰਹੇ ਹਨ ਅਤੇ ਦੁਨੀਆ ਭਰ ਦੇ ਦੇਸ਼ ਸਾਈਬਰ ਤਾਕਤਾਂ ਨੂੰ ਮਜ਼ਬੂਤ ਕਰਨ ਲਈ ਸਾਰੇ ਹੀਲੇ-ਵਸੀਲੇ ਅਪਣਾ ਰਹੇ ਹਨ। ਹੁਣ ਯੁੱਧ ਸਾਈਬਰ ਸਪੇਸ 'ਤੇ ਲੜੇ ਜਾ ਰਹੇ ਹਨ ਜੋ ਕਿ ਆਮ ਲੋਕਾਂ ਦੀ ਜਾਣਕਾਰੀ ਤੋਂ ਪਰੇ ਹਨ। ਇੰਟਰਨੈੱਟ ਦੀ ਦੁਨੀਆ ਸਾਡੀ ਆਮ ਦੁਨੀਆ ਤੋਂ ਪਰੇ ਦੀ ਰਹੱਸਮਈ ਦੁਨੀਆ ਹੈ। ਕਿਉਂਕਿ ਅਜੋਕੇ ਸਮੇਂ ਵਿਚ ਮਨੁੱਖ ਦਾ ਪੂਰੀ ਤਰਾਂ ਕੰਪਿਊਟਰੀਕਰਨ ਹੋ ਚੁੱਕਾ ਹੈ। ਇੰਟਰਨੈੱਟ ਦੀ ਵਰਤੋਂ ਨੇ ਹਰ ਇਨਸਾਨ ਦੀ ਅਸਲੀ ਜ਼ਿੰਦਗੀ ਨੂੰ ਆਪਣੇ ਆਪ ਵਿਚ ਇਕ ਤਰਾਂ ਦਾ ਡਾਟਾ ਬਣਾ ਕੇ ਸਾਂਭ ਕੇ ਰੱਖ ਲਿਆ ਹੈ ਜੋ ਕਿ ਕਦੀ ਵੀ ਕੋਈ ਤੀਜਾ ਬੰਦਾ ਤਕਨਾਲੋਜੀ ਦੀ ਗ਼ਲਤ ਵਰਤੋਂ ਕਰਕੇ ਚੋਰੀ ਕਰ ਸਕਦਾ ਹੈ ਅਤੇ ਹਰ ਇਨਸਾਨ ਦੇ ਜਾਂ ਦੇਸ਼ ਜਾਂ ਕੰਪਨੀ ਜਾਂ ਸੰਸਥਾ ਦੇ ਚਰਿੱਤਰ ਦੀ ਜਾਣਕਾਰੀ ਲੈ ਸਕਦਾ ਹੈ। ਕੁਝ ਸਮਾਂ ਪਹਿਲਾਂ ਸੁਰੱਖਿਆ ਨੂੰ ਲੈ ਕੇ ਕੋਈ ਵੀ ਜ਼ਿਆਦਾ ਸੰਵੇਦਨਸ਼ੀਲਤਾ ਜਾਂ ਚੌਕਸੀ ਨਹੀਂ ਸੀ। ਪਰ ਸਮੇਂ ਨਾਲ ਜੁਰਮ ਵਧ ਰਹੇ ਹਨ ਜਿਸ ਕਾਰਨ ਦੇਸ਼ਾਂ ਦੀ ਸਾਈਬਰ ਸੁਰੱਖਿਆ ਨੂੰ ਲੈ ਕੇ ਕਾਫੀ ਚਿੰਤਾਵਾਂ ਵਧ ਰਹੀਆਂ ਹਨ। ਜੇਕਰ ਸੂਤਰਾਂ ਦੇ ਹਵਾਲੇ ਦੀ ਗੱਲ਼ ਕਰੀਏ ਤਾਂ ਨੱਬੇ ਦੇ ਦਹਾਕੇ ਵਿਚ ਹੈਕਰਾਂ ਦੇ ਦੌਰ ਦੀ ਸ਼ੁਰੂਆਤ ਹੋਈ। ਰੂਸ ਵਿਚ ਉਸ ਸਮੇਂ ਵਿਚ ਕਾਫੀ ਉੱਚ ਸਿੱਖਿਅਤ ਨੌਜਵਾਨਾਂ ਨੇ ਇੰਟਰਨੈੱਟ ਰਾਹੀਂ ਅਜਿਹੇ ਜਾਲ ਬਣਾਉਣੇ ਸ਼ੁਰੂ ਕੀਤੇ ਜਿਸ ਨਾਲ ਉਹ ਵੱਡੀਆਂ ਕੰਪਨੀਆਂ ਜਾਂ ਦੇਸ਼ਾਂ ਦਾ ਡਾਟਾ ਮਿਟਾ ਦਿੰਦੇ ਸਨ ਜਾਂ ਚੋਰੀ ਕਰਕੇ ਪੈਸੇ ਕਮਾਉਂਦੇ ਸਨ। ਜੇਕਰ ਹੈਕਿੰਗ ਦੀ ਸਲਤਨਤ ਦੀ ਗੱਲ ਕੀਤੀ ਜਾਵੇ ਤਾਂ ਇਸ ਵਿਚ ਜ਼ਿਆਦਾਤਰ ਬੇਰੁਜ਼ਗਾਰ ਹੁਨਰਮੰਦ ਨੌਜਵਾਨ ਆਪਣੀ ਕਿਸਮਤ ਅਜ਼ਮਾਉਂਦੇ ਹਨ ਅਤੇ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਦੀਆਂ ਸਾਈਟਾਂ ਹੈਕ ਕਰਕੇ ਪੈਸਾ ਵੱਟਦੇ ਹਨ। ਸਾਰੀ ਦੁਨੀਆ ਵਿਚ ਫਰੀਲਾਂਸ ਹੈਕਰ ਮੌਜੂਦ ਹਨ। ਕਈ ਦੇਸ਼ਾਂ ਦੀਆਂ ਸਰਕਾਰਾਂ ਇਨਾਂ ਦੀ ਮਦਦ ਦੂਜੇ ਮੁਲਕਾਂ ਦੀਆਂ ਸਾਈਟਾਂ ਹੈਕ ਕਰਕੇ ਉਨਾਂ ਦਾ ਡਾਟਾ ਚੋਰੀ ਕਰਨ ਅਤੇ ਹੋਰ ਵਿੱਤੀ ਨੁਕਸਾਨ ਲਈ ਕਰਨ ਲਈ ਲੈਂਦੀਆਂ ਹਨ। ਪਰ ਸਰਕਾਰੀ ਤੌਰ 'ਤੇ ਕੋਈ ਵੀ ਦੇਸ਼ ਇਹ ਮੰਨਣ ਲਈ ਤਿਆਰ ਨਹੀਂ ਕੀ ਸਾਡੇ ਵਲੋਂ ਕੋਈ ਸਰਕਾਰੀ ਹੈਕਰਜ਼ ਦੀ ਫ਼ੌਜ ਤਿਆਰ ਕੀਤੀ ਜਾ ਰਹੀ ਹੈ। ਜੇ ਰੂਸ ਦੀ ਗੱਲ ਕਰੀਏ ਤਾਂ ਰੂਸ ਹੈਕਰਾਂ ਦਾ ਗੜ ਮੰਨਿਆ ਜਾਂਦਾ ਹੈ ਰੂਸ ਦੇ ਹੈਕਰਾਂ ਉੱਪਰ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਦੀਆਂ ਸਾਈਟਾਂ 'ਤੇ ਹੋਰ ਸਾਈਬਰ ਦਖਲਅੰਦਾਜ਼ੀਆਂ ਕਰਨ ਦੇ ਦੋਸ਼ ਅਕਸਰ ਲਗਦੇ ਰਹਿੰਦੇ ਹਨ। ਸਾਲ 2007 ਵਿਚ ਰੂਸ ਦੇ ਹੈਕਰਾਂ ਨੇ ਐਸਟੋਨੀਆਂ 'ਤੇ ਸਾਈਬਰ ਹਮਲਾ ਕੀਤਾ ਅਤੇ ਕੁਝ ਸਮੇਂ ਬਾਅਦ ਗੁਆਂਢੀ ਦੇਸ਼ ਜੌਰਜ਼ੀਆ 'ਤੇ ਵੀ ਸਾਈਬਰ ਹਮਲਾ ਕੀਤਾ ਸੀ। ਜੋ ਵੀ ਹੈਕਿੰਗ ਦੀ ਦੁਨੀਆ ਦੇ ਬਾਦਸ਼ਾਹ ਬਣ ਬੈਠੇ ਹਨ, ਉਹ ਭਾਵੇਂ ਫਰੀਲਾਂਸ ਹੈਕਰ ਹਨ ਜਾਂ ਫਿਰ ਕਿਸੇ ਵੀ ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਦੇ, ਸਭ ਆਪਣੇ ਆਪ ਵਿਚ ਹੀਰੋ ਵਾਲਾ ਮਾਣ ਮਹਿਸੂਸ ਕਰਦੇ ਹਨ। ਇਸ ਦੀ ਗਵਾਹੀ ਰੂਸ ਵਿਚ ਛਪਦੀ ਹੈਕਰਜ਼ ਨਾਂਅ ਦੀ ਇਕ ਪੱਤ੍ਰਿਕਾ ਦਿੰਦੀ ਸੀ, ਜਿਸ ਵਿਚ ਹੈਕਰਜ਼ ਆਪਣੇ ਕਿੱਸੇ ਸੁਣਾਉਂਦੇ ਸਨ। ਜੇ ਈਰਾਨ ਦੀ ਗੱਲ ਕੀਤੀ ਜਾਵੇ ਤਾਂ ਇਸ ਨੂੰ ਵੀ ਹੈਕਿੰਗ ਦਾ ਰਾਜਾ ਕਿਹਾ ਜਾਂਦਾ ਹੈ। ਇਥੋਂ ਦੇ ਲੋਕ ਪਤ੍ਰਿਭਾਸ਼ਾਲੀ ਬੱਚਿਆਂ ਨੂੰ ਚੁਣ ਕੇ ਸਾਈਬਰ ਸਿੱਖਿਆ ਲਈ ਤਿਆਰ ਕਰਦੇ ਹਨ। ਸਾਈਬਰ ਸਪੇਸ ਵਿਚ ਅਮਰੀਕਾ, ਭਾਰਤ, ਈਰਾਨ, ਚੀਨ, ਰੂਸ, ਉੱਤਰੀ ਕੋਰੀਆ ਅਤੇ ਹੋਰ ਦੇਸ਼ਾਂ ਵਿਚ ਕਾਫੀ ਸਾਈਬਰ ਜੁਰਮ ਅਤੇ ਸਾਈਬਰ ਹੈਕਿੰਗ ਜਿਹੇ ਯੁੱਧ ਚਲਦੇ ਰਹਿੰਦੇ ਹਨ। ਸਮਾਰਟਫੋਨ ਤੇ ਇੰਟਰਨੈੱਟ ਨੇ ਦੁਨੀਆ ਨੂੰ ਸਾਡੀ ਮੁੱਠੀ ਵਿਚ ਤਾਂ ਕਰ ਦਿੱਤਾ ਹੈ ਪਰ ਇਹ ਕਿੰਨਾ ਖ਼ਤਰਨਾਕ ਸਾਬਤ ਹੋ ਰਿਹਾ ਹੈ, ਇਹ ਅਸੀਂ ਸੋਚ ਵੀ ਨਹੀਂ ਸਕਦੇ। ਅਜੋਕੇ ਸਮੇਂ ਵਿਚ ਦੁਨੀਆ ਭਰ ਦੇ ਹੈਕਰਾਂ ਵਲੋਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ, ਵੱਡੇ ਰਾਜਸੀ ਨੇਤਾਵਾਂ, ਐਕਟਰਾਂ, ਅਤੇ ਹੋਰ ਅਮੀਰਾਂ ਦੇ ਟਵਿੱਟਰ ਅਕਾਊਂਟ, ਫੇਸਬੁੱਕ ਅਕਾਊਂਟ ਅਤੇ ਹੋਰ ਈਮੇਲਜ਼ ਨੂੰ ਹੈਕ ਕਰਕੇ ਪੈਸਿਆਂ ਦੀ ਮੰਗ ਅਕਸਰ ਕੀਤੀ ਜਾਂਦੀ ਹੈ ਜਾਂ ਉਨਾਂ ਦਾ ਗ਼ਲਤ ਇਸਤੇਮਾਲ ਕੀਤਾ ਜਾਂਦਾ ਹੈ। ਆਨਲਾਈਨ ਧੋਖੇਬਾਜ਼ੀਆਂ ਜਾਂ ਜਾਅਲਸਾਜ਼ੀਆਂ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਬਣ ਗਈਆਂ ਹਨ। ਹੁਣ ਸਭ ਕੰਮ ਆਨਲਾਈਨ ਹੋ ਰਹੇ ਹਨ ਤਾਂ ਧੋਖੇ ਵੀ ਸਾਨੂੰ ਆਨਲਾਈਨ ਹੀ ਦਿੱਤੇ ਜਾ ਰਹੇ ਹਨ। ਸਾਡਾ ਇੰਟਰਨੈੱਟ ਜਾਂ ਸਮਾਟਫੋਨ ਹੈਕਰਜ਼ ਨੂੰ ਇਹ ਦੱਸ ਦਿੰਦਾ ਹੈ ਕਿ ਸਾਡਾ ਸ਼ਡਿਊਲ ਕੀ ਹੈ, ਸਾਡੀ ਪਸੰਦ ਅਤੇ ਨਾ ਪਸੰਦ ਕੀ ਹੈ? ਅਸੀਂ ਆਰਥਿਕ ਤੌਰ 'ਤੇ ਕਿੰਨੇ ਕੁ ਮਜ਼ਬੂਤ ਹਾਂ। ਚੌਵੀ ਘੰਟਿਆਂ ਵਿਚ ਅਸੀਂ ਕੀ ਕਰਦੇ ਹਾਂ, ਕਿੱਥੇ ਜਾਂਦੇ ਹਾਂ ਇੰਟਰਨੈੱਟ ਦੇ ਜ਼ਰੀਏ ਇਹ ਸਭ ਦਰਜ਼ ਕੀਤਾ ਜਾ ਰਿਹਾ ਹੈ ਅਤੇ ਉੱਚ ਸਿੱਖਿਅਤ ਹੈਕਰਜ਼ ਇਸ ਨੂੰ ਬਹੁਤ ਹੀ ਆਸਾਨੀ ਨਾਲ ਘਾਤ ਲਗਾ ਕੇ ਜਾਂ ਲਾਲਚ ਦੇ ਕੇ ਆਪਣੇ ਕਬਜ਼ੇ ਵਿਚ ਕਰ ਲੈਂਦੇ ਹਨ। ਪਲਕ ਝਪਕਦਿਆਂ ਹੀ ਆਨਲਾਈਨ ਧੋਖਾ ਹੋ ਜਾਂਦਾ ਹੈ ਪਰ ਸਾਨੂੰ ਪਤਾ ਨਹੀਂ ਲਗਦਾ। ਸਾਡੇ ਪਾਸਵਰਡ ਯੂਜ਼ਰ ਨਾਂਅ ਅਤੇ ਹੋਰ ਡਾਟਾ ਚੋਰੀ ਕਰਨਾ ਬਹੁਤ ਹੀ ਸੌਖਾ ਹੋ



ਗਿਆ ਹੈ। ਕੁਝ ਸੰਸਥਾਵਾਂ ਫਰੀਲਾਂਸ ਹੈਕਰਾਂ ਦੀ ਸੇਵਾ ਲੈ ਕੇ ਆਨਲਾਈਨ ਧੋਖੇ ਕਰਵਾਉਂਦੀਆਂ ਹਨ। ਸਾਡੇ ਵੱਲੋਂ ਜੋ ਵੀ ਡਾਟਾ ਆਪਣੇ ਸਮਾਰਟਫੋਨ ਵਿਚ ਦਰਜ ਕੀਤਾ ਜਾਂਦਾ ਹੈ ਭਾਵ ਅਸੀਂ ਕਿੱਥੇ ਜਾ ਰਹੇ ਹਾਂ, ਕਿਹੜਾ ਮੋਬਾਈਲ ਜਾਂ ਸਿਮ ਵਰਤ ਰਹੇ ਹਾਂ ਜਾਂ ਕਿਸ ਜ਼ਰੀਏ ਖਰੀਦ ਕਰ ਰਹੇ ਹਾਂ, ਕਿਹੜੀਆਂ ਸਾਈਟਾਂ 'ਤੇ ਅਸੀਂ ਵਿਜ਼ਿਟ ਕਰ ਰਹੇ ਹਾਂ। ਕਿਹੜੇ ਸਾਡੇ ਦੋਸਤ ਮਿੱਤਰ ਹਨ ਇਹ ਸਭ ਹੈਕਰਜ਼ ਨੂੰ ਅਸੀਂ ਹੀ ਦੱਸ ਰਹੇ ਹੁੰਦੇ ਹਾਂ ਰੋਜ਼ਾਨਾ ਆਪਣੇ ਫੇਸਬੁੱਕ ਜਾਂ ਟਵਿੱਟਰ ਅਕਾਊਂਟਸ ਜਾਂ ਹੋਰ ਸੋਸ਼ਲ ਸਾਈਟਸ ਦੀ ਵਰਤੋਂ ਕਰਕੇ। ਇੰਟਰਨੈੱਟ ਸੁੱਖਾਂ ਨਾਲ ਭਰਪੂਰ ਤਾਂ ਹੈ ਪਰ ਹੈਰਕਜ਼ ਲਈ ਇਹ ਸਭ ਤੋਂ ਵਧੀਆ ਤੇ ਆਸਾਨ ਤਰੀਕਾ ਹੁੰਦਾ ਹੈ ਕਿਸੇ ਵੀ ਦੇਸ਼, ਵਿਅਕਤੀ ਜਾਂ ਸੰਸਥਾ ਦੀ ਨਿੱਜੀ ਜਾਣਕਾਰੀ ਪ੍ਰਾਪਤ ਕਰਨ, ਉਸ ਵਿਚ ਦਖਲਅੰਦਾਜ਼ੀ ਕਰਨ ਜਾਂ ਡਾਟਾ ਚੋਰੀ ਕਰਨ ਲਈ। ਹਰ ਮਿੰਟ ਲੱਖਾਂ ਕਰੋੜਾਂ ਸਾਈਬਰ ਅਟੈਕ ਹੋ ਰਹੇ ਹਨ ਜਿਸ ਦਾ ਸਾਨੂੰ ਪਤਾ ਵੀ ਨਹੀਂ ਲਗਦਾ। ਕਿਉਂਕਿ ਆਨਲਾਈਨ ਅਪਰਾਧ ਦੇ ਮਾਮਲੇ ਵਧਣ ਨਾਲ ਪੁਲਿਸ ਹਰਕਤ ਵਿਚ ਤਾਂ ਆਈ ਹੈ ਪਰ ਪੁਲਿਸ ਕੋਲ ਤਕਨਾਲੋਜੀ ਦੀ ਕਮੀ ਕਾਰਨ ਇਨਾਂ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ ਜਾਂਦਾ। ਆਫ਼ ਲਾਈਨ ਅਪਰਾਧ ਛੇਤੀ ਪਕੜ ਵਿਚ ਆ ਜਾਂਦਾ। ਪਰ ਆਨਲਾਈਨ ਅਪਰਾਧ ਹਜ਼ਾਰਾਂ ਕਿਲੋਮੀਟਰ ਦੂਰੋਂ ਕੀਤੇ ਜਾਂਦੇ ਹਨ। ਪਰ ਜੇ ਇਸ ਦਾ ਪਤਾ ਲੱਗ ਵੀ ਜਾਵੇ ਤਾਂ ਚੋਰੀ ਹੋਏ ਪੈਸੇ ਤੋਂ ਜ਼ਿਆਦਾ ਪੈਸਾ ਉਸ ਨੂੰ ਮੁੜ ਪ੍ਰਾਪਤ ਕਰਨ ਵਿਚ ਲੱਗ ਜਾਂਦਾ ਹੈ, ਇਸ ਲਈ ਲੋਕ ਇਸ ਨੂੰ ਸਹਿਣ ਕਰਨ ਵਿਚ ਹੀ ਸਬਰ ਰੱਖਦੇ ਹਨ। ਗੱਲ ਵਿਚਰਾਨਯੋਗ ਹੈ ਕਿ ਆਨਲਾਈਨ ਧੋਖਿਆਂ ਵਿਚ ਕਰੋੜਾਂ ਰੁਪਿਆਂ ਦਾ ਚੂਨਾ ਰੋਜ਼ਾਨਾ ਲੱਗ ਰਿਹਾ ਹੈ ਪਰ ਇਹ ਕਰੋੜਾਂ ਅਰਬਾਂ ਕਿਹੜੇ ਖਾਤਿਆਂ ਵਿਚ ਜਾਂ ਕਿਹੜੇ ਲੋਕਾਂ ਕੋਲ ਜਾ ਰਿਹਾ ਹੈ, ਇਸ ਦਾ ਕੋਈ ਵੀ ਉੱਤਰ ਨਹੀਂ ਹੈ। ਕਿਉਂਕਿ ਵੱਡੀਆਂ ਕੰਪਨੀਆਂ ਜਾਂ ਏਜੰਸੀਆਂ ਨੂੰ ਸਮੁੰਦਰੋਂ ਪਾਰ ਕੋਈ ਇਕੋ ਬੰਦਾ ਇਕ ਕੁਰਸੀ ਅਤੇ ਮੇਜ਼ 'ਤੇ ਬੈਠ ਕੇ ਕਰੋੜਾਂ ਦੀ ਠੱਗੀ ਲਗਾ ਜਾਂਦਾ ਹੈ ਪਰ ਉਸ ਨੂੰ ਪਕੜ ਵਿਚ ਲਿਆਉਣ ਦੀ ਸਮਰੱਥਾ ਪੁਲਿਸ ਨਹੀਂ ਰੱਖਦੀ ਕਿਉਂਕਿ ਅਜਿਹੇ ਅਪਰਾਧੀ ਇਕ ਥਾਂ ਤੋਂ ਦੂਜੀ ਥਾਂ ਪਲਾਇਨ ਕਰਦੇ ਰਹਿੰਦੇ ਹਨ ਅਤੇ ਸੁਰੱਖਿਅਤ ਰਹਿੰਦੇ ਹਨ। ਜੇਕਰ ਇਕ ਬੈਂਕ ਨੂੰ ਲੁੱਟਣਾ ਹੈ ਤਾਂ ਕਈ ਵਿਅਕਤੀ ਹਥਿਆਰਾਂ ਸਮੇਤ ਚਾਹੀਦੇ ਹਨ ਅਤੇ ਜਾਨ ਜਾਣ ਦਾ ਖ਼ਤਰਾ ਵੀ ਬਰਾਬਰ ਹੁੰਦਾ ਹੈ ਪਰ ਆਨਲਾਈਨ ਠੱਗੀ ਵਿਚ ਇਕੋ ਵਿਅਕਤੀ ਬਿਨਾਂ ਹਥਿਆਰ ਦੇ ਕਰੋੜਾਂ ਕਮਾ ਲੈਂਦਾ ਹੈ। ਇਹੋ ਕਾਰਨ ਹੈ ਕਿ ਬੇਰੁਜ਼ਗਾਰ ਇੰਜੀਨੀਅਰ ਜਾਂ ਹੋਰ ਕੰਪਿਊਟਰ ਸਿੱਖਿਅਤ ਹੈਕਿੰਗ ਦੀ ਦੁਨੀਆ ਦਾ ਹਿੱਸਾ ਬਣ ਰਹੇ ਹਨ। ਸਾਈਬਰ ਗ੍ਰਾਫ਼ 'ਤੇ ਜਿਵੇਂ ਜ਼ਿਆਦਾ ਮੋਬਾਈਲ ਹੋ ਰਹੇ ਹਨ ਇੰਟਰਨੈਟ ਫ੍ਰੀ ਵਾਂਗ ਵੰਡਿਆ ਜਾ ਰਿਹਾ ਹੈ, ਓਨਾ ਹੀ ਸਾਈਬਰ ਅਪਰਾਧ ਵੀ ਵਧ ਰਿਹਾ ਹੈ। ਸਮਾਟਫੋਨ 'ਤੇ ਜ਼ਿਆਦਾ ਸਮਾਂ ਖਰਚ ਕਰਨ ਵਾਲੇ ਉਹ ਲੋਕ ਵੀ ਹੁਣ ਹੈਕਰਾਂ ਦਾ ਸ਼ਿਕਾਰ ਹੋ ਰਹੇ ਹਨ ਜੋ ਕਿ ਕਦੀ ਇਸ ਬਾਰੇ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ। ਡਿਜੀਟਲ ਦੁਨੀਆ ਵਿਚ 60 ਫ਼ੀਸਦੀ ਸ਼ਿਕਾਰ ਲੋਕਲ ਲੋਕ ਹੁੰਦੇ ਹਨ ਕਿਉਂਕਿ ਸਾਨੂੰ ਤਕਨਾਲੋਜੀ ਦੀ ਜ਼ਿਆਦਾ ਜਾਣਕਾਰੀ ਨਹੀਂ ਹੁੰਦੀ। ਹੈਕਰਜ਼ ਆਪਣੇ ਸ਼ਿਕਾਰ ਨੂੰ ਲਾਟਰੀ, ਸੈਕਸ, ਜਾਅਲੀ ਈਮੇਲ ਜਾਂ ਮੈਸੇਜ਼ ਜਾਂ ਹੋਰ ਸੁਨੇਹਿਆਂ ਨਾਲ ਲਲਚਾ ਕੇ ਕਾਬੂ ਕਰ ਲੈਂਦੇ ਹਨ ਅਤੇ ਲੁੱਟ ਦਾ ਸ਼ਿਕਾਰ ਬਣਾ ਲੈਂਦੇ ਹਨ। ਗੱਲ ਖਤਮ ਕਰਾਂਗੇ ਕਿ ਜੇਕਰ ਅਸੀਂ ਇੰਟਰਨੈੱਟ ਦੀ ਵਰਤੋਂ ਕਰ ਰਹੇ ਹਾਂ ਤਾਂ ਸੋਚ ਸਮਝ ਕੇ ਕਰੋ। ਸਾਡੀ ਗ਼ਲਤੀ ਹੀ ਹੈਕਰਜ਼ ਨੂੰ ਸਾਡੀ ਲੁੱਟ ਕਰਨ ਦਾ ਸੱਦਾ ਦਿੰਦੀ ਹੈ। ਸਭ ਨੂੰ ਆਨਲਾਈਨ ਕੰਮ ਦੀ ਜਾਣਕਾਰੀ ਲੈ ਕੇ ਹੀ ਉਸ ਨੂੰ ਸ਼ੁਰੂ ਕਰਨਾ ਚਾਹੀਦਾ ਹੈ ਤਾਂ ਜੋ ਅਪਰਾਧਾਂ ਤੋਂ ਬਚਿਆ ਜਾ ਸਕੇ।




# ਸਿਹਤ ਸੰਭਾਲ





# ਚਿੱਟੇ ਕਾਰਨ ਖ਼ਤਮ ਹੋ ਰਹੀ ਨੌਜਵਾਨੀ



**ਸੰਜੀਵ ਸਿੰਘ ਸੈਣੀ, ਮੋਹਾਲੀ**

ਨਸ਼ਾ ਘੁਣ ਵਾਂਗ ਪੰਜਾਬ ਦੀ ਜਵਾਨੀ ਨੂੰ ਖਾ ਰਿਹਾ ਹੈ। ਕੋਈ ਵਿਰਲਾ ਹੀ ਦਿਨ ਅਜਿਹਾ ਹੋਣਾ ਜਦੋਂ ਅਖ਼ਬਾਰ ਵਿਚ ਖ਼ਬਰ ਨਾ ਛਪੀ ਹੋਵੇ ਕਿ ਫ਼ਲਾਣੇ ਪਿੰਡ ਦਾ ਨੌਜਵਾਨ ਅੱਜ ਚਿੱਟੇ ਦੀ ਭੇਂਟ ਚੜ੍ਹਿਆ। ਹਰ ਰੋਜ਼ 2 ਜਾਂ 4 ਮੌਤਾਂ ਲਗਾਤਾਰ ਨਸ਼ੇ ਕਾਰਨ ਹੋ ਰਹੀਆਂ ਹਨ। ਰੋਜ਼ਾਨਾ ਚਿੱਟੇ ਦੀ ਬਰਾਮਦਗੀ ਹੋ ਰਹੀ ਹੈ। ਹੈਰੋਇਨ ਦੀ ਤਸਕਰੀ ਬਹੁਤ ਵੱਡੇ ਪੱਧਰ ’ਤੇ ਹੋ ਰਹੀ ਹੈ। ਨਸ਼ਿਆਂ ਦੀਆਂ ਵੱਡੀਆਂ ਵੱਡੀਆਂ ਖੇਪਾਂ ਲਗਾਤਾਰ ਬਰਾਮਦ ਹੋ ਰਹੀਆਂ ਹਨ। ਸਰਕਾਰ ਨੇ ਕੁਝ ਹੱਦ ਤੱਕ ਨਸ਼ਾ ਸਮਗਲਰਾਂ ਨੂੰ ਨਕੇਲ ਤਾਂ ਕਸੀ ਹੈ, ਪਰ ਪੂਰੀ ਤਰ ਨਸ਼ਾਂ ਖਤਮ ਨਹੀਂ ਹੋਇਆ ਹੈ। ਹੁਣ ਤਾਂ ਕੁੜੀਆਂ ਵੀ ਇਸ ਦੀ ਆਦੀ ਹੋ ਗਈਆਂ ਹਨ। ਕੁੱਝ ਦਿਨ ਪਹਿਲਾਂ ਖਬਰ ਪੜਨ ਨੂੰ ਮਿਲੀ ਕਿ ਇੱਕ ਕੁੜੀ ਆਪਣਾ ਕਰੀਅਰ ਬਣਾਉਣ ਚੰਡੀਗੜ ਆਉਂਦੀ ਹੈ, ਕਰੀਅਰ ਤਾਂ ਉਸ ਕੁੜੀ ਨੇ ਕੀ ਬਣਾਉਣਾ ਸੀ ਉਹ ਚਿੱਟੇ ਦੀ ਆਦੀ ਹੋ ਗਈ। ਫਿਰ ਉਸ ਨੂੰ ਨਸ਼ਾ ਮੁਕਤੀ ਕੇਂਦਰ ਵਿਚ ਭਰਤੀ ਕਰਵਾਇਆ ਗਿਆ। ਇਕ ਹੋਰ ਖਬਰ ਪੜਨ ਨੂੰ ਮਿਲੀ ਕਿ ਇੱਕ ਨੌਜਵਾਨ ਨੇ ਨਸ਼ੇ ਦੀ ਪੂਰਤੀ ਲਈ ਆਪਣੇ ਘਰ ਦਾ ਸਮਾਨ ਤੱਕ ਵੇਚ ਦਿੱਤਾ। ਨੌਜਵਾਨ ਨੇ ਮਾਂ-ਬਾਪ ਨੂੰ ਤਸੀਹੇ ਦੇ ਦੇ ਕੇ ਆਪਣੇ ਨਾਂ ਜਮੀਨ ਤੇ ਘਰ ਕਰਵਾ ਲਿਆ। ਫ਼ਿਰ ਆਪਣੇ ਘਰ ਦੀ ਰਜਿਸਟਰੀ ਬੈਂਕ ਕੋਲ ਗਹਿਣੇ ਰੱਖ ਦਿੱਤੀ। ਨਸ਼ਿਆਂ ਕਾਰਨ ਘਰ ਦੇ ਘਰ ਤਬਾਹ ਹੋ ਚੁੱਕੇ ਹਨ। ਬੀੜੀ ਸਿਗਰਟ, ਤੰਬਾਕੂ, ਅਫੀਮ, ਭੁੱਕੀ ਹੋਰ ਤਰਾਂ ਦੇ ਛੋਟੇ-ਮੋਟੇ ਨਸ਼ੇ ਕਰਨ ਤੋਂ ਬਾਅਦ ਅਜਿਹੇ ਨੌਜਵਾਨ ਚਿੱਟੇ ਵੱਲ ਨੂੰ ਹੱਥ ਪਾਉਣਾ ਸ਼ੁਰੂ ਕਰ ਦਿੰਦੇ ਹਨ। ਫ਼ਿਰ ਪੈਸੇ ਖਾਤਰ ਤਰਾਂ-ਤਰਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਮਾਂ ਬਾਪ ਨੂੰ ਜਦੋਂ ਬੱਚੇ ਛੋਟੇ ਹੁੰਦੇ ਹਨ, ਤਾਂ ਪੂਰੀ ਸਖਤੀ ਵਰਤਣੀ ਚਾਹੀਦੀ ਹੈ। ਧਿਆਨ ਰੱਖਣਾ ਚਾਹੀਦਾ ਹੈ ਕਿ ਉਨਾਂ ਦੇ ਬੱਚਿਆਂ ਦੀ ਸੰਗਤ ਕੋਈ ਮਾੜੇ ਬੱਚੇ ਨਾਲ ਤਾਂ ਨਹੀਂ ਹੈ। ਪੁਲਿਸ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਪਿੰਡਾਂ, ਸ਼ਹਿਰਾਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨ। ਕਸਬਿਆਂ ਵਿੱਚ ਸੈਮੀਨਾਰ ਲਗਾਉਣੇ ਚਾਹੀਦੇ ਹਨ। ਤਾਂ ਜੋ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ।

## ਸ਼ੂਗਰ ਦਾ ਇਲਾਜ ਕਰਨ ਲਈ ਭੋਜਨ ’ਚ ਸ਼ਾਮਲ ਕਰੋ ਇਹ ਚੀਜ਼ਾਂ

ਸ਼ੂਗਰ ਇਕ ਅਜਿਹਾ ਰੋਗ ਹੈ ਜਿਸ ਦਾ ਸਮੇਂ ’ਤੇ ਇਲਾਜ ਨਾ ਕਰਵਾਉਣ ’ਤੇ ਤੁਹਾਡੀਆਂ ਅੱਖਾਂ, ਨਰਵਸ ਸਿਸਟਮ, ਬਲੱਡ ਵੇਸਲਸ ਅਤੇ ਦਿਲ ਦੇ ਨਾਲ-ਨਾਲ ਹੋਰ ਅੰਗਾਂ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਇਸ ਨੂੰ ਕੰਟਰੋਲ ’ਚ ਕਰਨ ਲਈ ਸਾਨੂੰ ਆਪਣੇ ਲਾਈਫਸਟਾਈਲ ’ਚ ਬਦਲਾਅ ਲਿਆ ਕੇ ਭੋਜਨ ’ਚ ਪੌਸ਼ਟਿਕ ਆਹਾਰ ਨੂੰ ਸ਼ਾਮਲ ਕਰਨਾ ਹੋਵੇਗਾ। ਵੈਸੇ ਤਾਂ ਕੁਦਰਤੀ ਇਲਾਜ ’ਚ ਜੜੀ-ਬੂਟੀਆਂ ਅਤੇ ਹਿਮੋਪੈਥਿਕ ਇਲਾਜ ਵੀ ਹੁੰਦਾ ਹੈ। ਪਰ ਅਸੀਂ ਤੁਹਾਨੂੰ ਅਜਿਹਾ ਇਲਾਜ ਦੱਸਾਂਗੇ ਜਿਸ ਨਾਲ ਤੁਸੀਂ ਆਪਣੇ ਭੋਜਨ ਵਿਚ ਸ਼ਾਮਲ ਕਰਕੇ ਸ਼ੂਗਰ ਨੂੰ ਕੁਝ ਹੱਦ ਤੱਕ ਕੰਟਰੋਲ ਕਰ ਸਕਦੇ ਹੋ। ਤਾਂ ਆਓ ਜਾਣਦੇ ਹਾਂ ਇਸ ਦਾ ਇਲਾਜ।

ਮੇਥੀ : ਦੇਖਣ ’ਚ ਮੇਥੀ ਬਹੁਤ ਹੀ ਛੋਟੀ ਹੁੰਦੀ ਹੈ ਪਰ ਇਸ ਦੇ ਫਾਇਦੇ ਬਹੁਤ ਸਾਰੇ ਹੁੰਦੇ ਹਨ। ਜਿਵੇਂ ਕਿ ਸ਼ੂਗਰ। ਜੇਕਰ ਕਿਸੇ ਨੂੰ ਸ਼ੂਗਰ ਹੈ ਤਾਂ ਇਕ ਟੀ ਸਪੂਨ ਮੇਥੀ ਦੇ ਦਾਣੇ ਇਕ ਕੱਪ ਪਾਣੀ ’ਚ ਰਾਤ ਭਰ ਭਿਓ ਕੇ ਰੱਖੋ। ਸਵੇਰ ਹੁੰਦੇ ਹੀ ਉਸ ਦਾ ਪਾਣੀ ਪੀਓ। ਇਸ ਨੂੰ ਪੀਣ ਨਾਲ ਤੁਹਾਨੂੰ ਕਾਫੀ ਆਰਾਮ ਮਿਲਦਾ ਹੈ। ਕਿਉਂਕਿ ਮੇਥੀ ਖੂਨ ਸ਼ੂਗਰ ਨੂੰ ਕੰਟਰੋਲ ਰੱਖਣ ’ਚ ਸਹਾਇਕ ਹੁੰਦੀ ਹੈ। ਸੁੱਕੇ ਕਰੇਲੇ ਅਤੇ ਪੀਸੀ ਹੋਈ ਮੇਥੀ ਦਾ ਚੂਰਨ ਬਣਾਓ ਅਤੇ ਸਵੇਰੇ ਖਾਲੀ ਪੇਟ ਇਸ ਨੂੰ ਦੋ ਚਮੱਚ ਪਾਣੀ ਨਾਲ ਖਾਓ। ਇਸ ਨਾਲ ਸ਼ੱਕਰ ਰੋਗ ਠੀਕ ਹੋਵੇਗਾ।

**ਮਿਰਚ** : ਮਿਰਚ ਸੁਆਦ ਦੇ ਨਾਲ ਹੀ ਸਿਹਤ ਲਈ ਵੀ ਗੁਣਾਂ ਦਾ ਖਜ਼ਾਨਾ ਹੈ। ਪਰ ਖਾਣ ’ਚ ਇਹ ਬਹੁਤ ਹੀ ਤਿੱਖੀ ਹੁੰਦੀ ਹੈ। ਮਿਰਚ ਸਾਡੇ ਸਰੀਰ ’ਚ ਇਕ ਟੌਨਿਕ ਦੇ ਰੂਪ ’ਚ ਕੰਮ ਕਰਦੀ ਹੈ। ਇਸ ਨੂੰ ਖਾਣ ਨਾਲ ਸਰੀਰ ’ਚ



ਖੂਨ ਦਾ ਦਬਾਅ ਘੱਟ ਹੁੰਦਾ ਹੈ ਅਤੇ ਦਿਲ ਨੂੰ ਸਿਹਤਮੰਦ ਬਣਾਉਂਦੀ ਹੈ।

**ਔਲਾ** : ਸਿਹਤ ਦੀ ਦ੍ਰਿਸ਼ਟੀ ਵਿਚ ਦੇਖਿਆ ਜਾਵੇ ਤਾਂ ਇਹ ਬਹੁਤ ਲਾਭਕਾਰੀ ਹੈ। ਇਸ ’ਚ ਵਿਟਾਮਿਨ ਸੀ ਹੁੰਦਾ ਹੈ। ਸ਼ੂਗਰ ਦੇ ਰੋਗੀਆਂ ਨੂੰ ਔਲਿਆਂ ਦੇ ਰਸ ਵਿਚ ਇਕ ਚਮਚ ਕਰੇਲੇ ਦੇ ਇਕ ਕਪ ਰਸ ਵਿਚ ਮਿਲਾ ਕੇ ਪੀਣਾ ਚਾਹੀਦਾ ਹੈ। ਇਸ ਨੂੰ ਪੀਣ ਨਾਲ ਸ਼ੂਗਰ ਦੇ ਰੋਗੀਆਂ ਵਿਚ ਬਲੱਡ ਸ਼ੂਗਰ ਘੱਟ ਹੁੰਦੀ ਹੈ।

**ਕਰੇਲਾ** : ਕਰੇਲਾ ਸੁਆਦ ’ਚ ਬਹੁਤ ਕੌੜਾ ਹੁੰਦਾ ਹੈ। ਇਸ ਦੀ ਵਰਤੋਂ ਸਬਜ਼ੀ ਬਣਾਉਣ ਦੇ ਨਾਲ ਦਵਾਈਆਂ ਵਿਚ ਵੀ ਹੁੰਦੀ ਹੈ। ਜਿਵੇਂਕਿ ਸ਼ੂਗਰ ਰੋਗੀ ਕਰੇਲੇ ਦਾ ਰਸ ਕੱਢ ਕੇ ਉਸ ਦਾ ਇਕ ਚਮਚ ਲੈਣ ਨਾਲ ਬਲੱਡ ਸ਼ੂਗਰ ਦੀ ਮਾਤਰਾ ਨੂੰ ਕੰਟਰੋਲ ਰੱਖਿਆ ਜਾ ਸਕਦਾ ਹੈ। ਸੁਕਾਏ ਹੋਏ ਕਰੇਲਿਆਂ ਦਾ ਚੂਰਨ ਲਗਭਗ ਇਕ ਚਮਚ ਦਿਨ ਵਿਚ ਇਕ ਵਾਰ ਲਓ। ਕਰੇਲੇ ਦੀ ਸਬਜ਼ੀ ਦੀ ਵਰਤੋਂ ਕਰੋ। ਇਸ ਨਾਲ ਵੀ ਸ਼ੂਗਰ ਰੋਗ ਤੋਂ ਕਾਫੀ ਜਲਦੀ ਛੁਟਕਾਰਾ ਮਿਲਦਾ ਹੈ।

**ਜਾਮਣ** : ਸ਼ੂਗਰ ਰੋਗ ਨੂੰ ਠੀਕ ਕਰਨ ਲਈ ਜਾਮਨ, ਦੀਆਂ ਗਿਟਕਾਂ ਅਤੇ ਨਰਮ ਪੱਤਿਆਂ ਨੂੰ ਪੀਸ ਕੇ 4 ਚਮਚ ਪਾਣੀ ਵਿਚ ਪਾ ਕੇ ਛਾਣ ਕੇ 10 ਦਿਨਾਂ ਤੱਕ ਪੀਓ। ਪੱਕੀ ਹੋਈ 60 ਗ੍ਰਾਮ ਜਾਮਨ ਨੂੰ 1 ਗਲਾਸ ਉਬਲੇ ਹੋਏ ਪਾਣੀ ’ਚ ਰੱਖ ਦੇ ਢੱਕ ਲਓ, ਫਿਰ ਇਸ ਨੂੰ ਤਿੰਨ ਹਿੱਸਿਆ ਵਿਚ ਵੰਡ ਕੇ ਇਕ ਦਿਨ ਵਿਚ ਤਿੰਨ ਵਾਰ ਪੀਣ ਨਾਲ ਜ਼ਿਆਦਾ ਯੂਰਿਨ ਆਉਣ ਦੀ ਸਮੱਸਿਆ ਵੀ ਘੱਟ ਹੋ ਜਾਂਦੀ ਹੈ।ਜਾਮਨ ਦੀਆਂ ਸੁੱਕੀਆਂ ਹੋਈਆਂ ਗਿਟਕਾਂ ਦਾ ਚੂਰਨ ਰੋਜ਼ ਦੋ ਚਮਚ ਪਾਣੀ ਨਾਲ ਪੀਓ ਇਸ ਨਾਲ ਸ਼ੂਗਰ ਰੋਗ ਠੀਕ ਹੋਵੇਗਾ।

**ਟਮਾਟਰ** : ਟਮਾਟਰ ਦਾ ਸਲਾਦ, ਟਮਾਟਰ ਦੀ ਸਬਜ਼ੀ, ਟਮਾਟਰ ਦਾ ਰਸ ਪੀਣ ਨਾਲ ਸ਼ੱਕਰ ਰੋਗ ਨਹੀਂ ਰਹਿੰਦਾ।

**ਬੇਲ ਪਤਰ** : ਤਾਜੇ ਬੇਲ ਪੱਤਰ ਦੇ 5 ਪੱਤੇ ਅਤੇ ਕਾਲੀਆਂ ਮਿਰਚਾਂ ਦੋਵਾਂ ਨੂੰ ਕੁੱਟ ਕੇ ਪੀਣ ਨਾਲ ਸ਼ੂਗਰ ਰੋਗ ਦੂਰ ਹੋ ਜਾਂਦਾ ਹੈ।

ਨਿੰਮ-ਸ਼ੂਗਰ ਦੀ ਬੀਮਾਰੀ ਵਿਚ ਨਿੰਮ ਦੀਆਂ ਕਰੂੰਬਲਾਂ ਖਾਣ ਨਾਲ ਖੰਡ ਦੀ ਮਾਤਰਾ ਘੱਟ ਹੋ ਜਾਂਦੀ ਹੈ।

ਸ਼ੂਗਰ ਦੇ ਰੋਗੀ ਨੂੰ ਮਿੱਠਾ ਖਾਣ ਦਾ ਮਨ ਕਰੇ ਤਾਂ ਸ਼ਹਿਦ ਵਰਤ ਲੈਣਾ ਚਾਹੀਦਾ ਹੈ।

## ਕਈ ਰੋਗਾਂ ਦਾ ਇਲਾਜ ਹੈ ਪਾਣੀ ਪੀਣਾ



ਪਾਣੀ ਕਬਜ਼ ਦੂਰ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਸਵੇਰੇ ਉੱਠਦੇ ਹੀ ਦੋ ਗਿਲਾਸ ਤਾਜ਼ਾ ਪਾਣੀ ਪੀਓ। ਇਸ ਨਾਲ ਕਬਜ਼ ਤਾਂ ਦੂਰ ਹੋਵੇਗੀ ਹੀ, ਨਾਲ ਹੀ ਪੇਟ ਸਬੰਧੀ ਬਿਮਾਰੀਆਂ ਵੀ ਪੈਦਾ ਨਹੀਂ ਹੋਣਗੀਆਂ।

ਪਾਣੀ ਪਿਆਸ ਬੁਝਾਉਣ ਦਾ ਇਕ ਮਾਤਰ ਸਾਧਨ ਨਹੀਂ ਹੈ, ਬਲਕਿ ਇਹ ਕਈ ਬਿਮਾਰੀਆਂ ਵਿਚ ਦਵਾਈ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਅਸੀਂ ਬਿਨਾਂ ਪਾਣੀ ਦੇ ਕਿਸੇ ਵੀ ਦਵਾਈ ਨੂੰ ਖਾ ਨਹੀਂ ਸਕਦੇ ਪਰ ਪਾਣੀ ਖੁਦ ਵੀ ਇਕ ਦਵਾਈ ਦੇ ਰੂਪ ਵਿਚ ਕੰਮ ਕਰਦਾ ਹੈ।

* ਨੱਕ ਬੰਦ ਹੋਣ ਦੀ ਸਥਿਤੀ ਵਿਚ ਪਾਣੀ ਦੀ ਭਾਫ ਲੈਣ ਨਾਲ ਨੱਕ ਖੁੱਲ ਜਾਂਦਾ ਹੈ।
* ਤੇਜ਼ ਬੁਖਾਰ ਹੋਣ ’ਤੇ ਰੋਗੀ ਦੇ ਮੱਥੇ ’ਤੇ ਠੰਢੇ ਪਾਣੀ ਜਾਂ ਬਰਫ਼ ਦੀਆਂ ਪੱਟੀਆਂ ਰੱਖਦੇ ਰਹਿਣ ਨਾਲ ਕੁਝ ਦੇਰ ਵਿਚ ਹੀ ਬੁਖਾਰ ਉੱਤਰ ਜਾਂਦਾ ਹੈ।
* ਜੋੜਾਂ ’ਤੇ ਹੱਥਾਂ-ਪੈਰਾਂ ਦੇ ਦਰਦ ਵਿਚ ਗਰਮ ਪਾਣੀ ਦੀਆਂ ਪੱਟੀਆਂ ਰੱਖਣ ਨਾਲ ਲਾਭ ਮਿਲਦਾ ਹੈ।
* ਚਮੜੀ ’ਤੇ ਜਲਣ ਹੋਵੇ ਤਾਂ ਠੰਢੇ ਪਾਣੀ ਨਾਲ ਧੋਣ ’ਤੇ ਆਰਾਮ ਮਿਲਦਾ ਹੈ।
* ਕਮਜ਼ੋਰੀ ਹੋਣ ਜਾਂ ਸਰੀਰ ਦਾ ਤਾਪਮਾਨ ਵਧਣ ’ਤੇ ਜਿੰਨਾ ਜ਼ਿਆਦਾ ਹੋ ਸਕੇ ਪਾਣੀ ਪੀਓ, ਨਮਕ ਪਾ ਕੇ ਪਾਣੀ ਪੀਓ ਅਤੇ ਇਸ਼ਨਾਨ ਕਰੋ।
* ਖੰਘ, ਜ਼ੁਕਾਮ ਅਤੇ ਨਿਮੋਨੀਆ ਆਦਿ ਰੋਗਾਂ ਵਿਚ ਜ਼ਿਆਦਾ ਤੋਂ ਜ਼ਿਆਦਾ ਪਾਣੀ ਪੀਣਾ ਲਾਭਦਾਇਕ ਹੁੰਦਾ ਹੈ।
* ਸਰੀਰ ਵਿਚ ਪਾਣੀ ਦੀ ਘਾਟ ਹੋ ਜਾਣ ’ਤੇ ਮਾਮੂਲੀ ਜਿਹਾ ਲੂਣ, ਨਿੰਬੂ ਜਾਂ ਤਿੰਨ ਚਮਚ ਸ਼ੱਕਰ, ਇਕ ਚਮਚ ਖਾਣ ਵਾਲੇ ਸੋਢੇ ਨੂੰ ਪਾਣੀ ਵਿਚ ਘੋਲ ਕੇ ਪੀਓ। ਨਾਲ ਹੀ ਜ਼ਿਆਦਾ ਮਾਤਰਾ ਵਿਚ ਪਾਣੀ ਪੀਂਦੇ ਰਹੋ। ਇਹ ਸਰੀਰ ਵਿਚ ਲੂਣ ਅਤੇ ਪਾਣੀ ਦੀ ਘਾਟ ਨੂੰ ਪੂਰਾ ਕਰਦਾ ਰਹੇਗਾ।
* ਉਲਟੀ, ਦਸਤ ਲੱਗਣ ’ਤੇ ਸਰੀਰ ਵਿਚ ਪਾਣੀ ਦੀ ਘਾਟ ਹੋਣ ਨਾਲ ਮੌਤ ਤੱਕ ਹੋ ਸਕਦੀ ਹੈ। ਇਸ ਲਈ ਤਰਲ ਪਦਾਰਥ ਜਿਵੇਂ ਸ਼ਿਕੰਜਵੀ, ਚੌਲਾਂ ਦਾ ਉਬਲਿਆ ਪਾਣੀ, ਪਾਣੀ ਅਤੇ ਖੰਡ ਦਾ ਘੋਲ ਬਹੁਤ ਜ਼ਰੂਰ ਪੀਤਾ ਜਾਵੇ।
* ਪਾਣੀ ਕਬਜ਼ ਦੂਰ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਸਵੇਰੇ ਉੱਠਦੇ ਹੀ ਦੋ ਗਿਲਾਸ ਤਾਜ਼ਾ ਪਾਣੀ ਪੀਓ। ਇਸ ਨਾਲ ਕਬਜ਼ ਤਾਂ ਦੂਰ ਹੋਵੇਗੀ ਹੀ, ਨਾਲ ਹੀ ਪੇਟ ਸਬੰਧੀ ਬਿਮਾਰੀਆਂ ਵੀ ਪੈਦਾ ਨਹੀਂ ਹੋਣਗੀਆਂ।
* ਦਮੇ ਦੇ ਰੋਗੀਆਂ ਨੂੰ ਵੀ ਪਾਣੀ ਦੀ ਵਧੇਰੇ ਵਰਤੋਂ ਕਰਨ ਨਾਲ ਲਾਭ ਮਿਲਦਾ ਹੈ।
* ਬਲੱਡ ਪ੍ਰੈਸ਼ਰ ਘੱਟ ਹੋਣ ’ਤੇ ਦਿਨ ਵਿਚ ਜ਼ਿਆਦਾ ਤੋਂ ਜ਼ਿਆਦਾ ਪਾਣੀ ਪੀਓ। ਉਂਜ ਤਾਂ ਹਰ ਰੋਜ਼ 8-10 ਗਿਲਾਸ ਪਾਣੀ ਪੀਣ ਨਾਲ ਸਰੀਰ ਤੰਦਰੁਸਤ ਅਤੇ ਤਰੋਤਾਜ਼ਾ ਰਹਿੰਦਾ ਹੈ।

## ਕਿਵੇਂ ਕਰੀਏ ਕਬਜ਼ ਦਾ ਇਲਾਜ

ਪੇਟ ਪੂਰੀ ਤਰਾਂ ਸਾਫ਼ ਨਾ ਹੋਣਾ ਹੀ ਕਬਜ਼ ਅਖਵਾਉਂਦਾ ਹੈ। ਜਿਹੜਾ ਮਲ ਨਾੜੀਆਂ ਨਾਲ ਚਿਪਕਿਆ ਰਹਿੰਦਾ ਹੈ, ਉਹ ਸੁੱਕ ਕੇ ਸਖ਼ਤ ਹੋ ਜਾਂਦਾ ਹੈ। ਇਸ ਹਾਲਤ ਵਿਚ ਪੇਟ ਦਰਦ ਅਤੇ ਸਿਰ ਦਰਦ ਹੁੰਦਾ ਰਹਿੰਦਾ ਹੈ, ਜਿਸ ਨਾਲ ਗੈਸ, ਬਦਹਜ਼ਮੀ, ਬੁਖਾਰ ਵਰਗੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। ਮੂੰਹ ’ਤੇ ਕਿੱਲ, ਮੁਹਾਸੇ, ਝੁਰੜੀਆਂ, ਸਰੀਰ ’ਤੇ ਖਾਰਸ਼ ਅਤੇ ਹੋਰ ਚਮੜੀ ਰੋਗ, ਪੀਲੀਆ, ਮੋਟਾਪਾ ਆਦਿ ਰੋਗ ਪੈਦਾ ਹੋ ਜਾਂਦੇ ਹਨ। ਜ਼ਿਆਦਾ ਸਮਾਂ ਕਬਜ਼ ਰਹਿਣ ਕਰਕੇ ਬਵਾਸੀਰ ਵਰਗਾ ਰੋਗ ਜਨਮ ਲੈ ਲੈਂਦਾ ਹੈ।

ਇਸ ਰੋਗ ਤੋਂ ਛੁਟਕਾਰਾ ਪਾਉਣ ਦੇ ਲਈ ਸਾਨੂੰ ਆਪਣੇ ਖਾਣ-ਪੀਣ ਦੇ ਢੰਗ ਵਿਚ ਕੁਝ ਬਦਲਾਅ ਕਰਨਾ ਹੋਵੇਗਾ। ਸਾਨੂੰ ਹਰ ਰੋਜ਼ ਇਸ ਤਰਾਂ ਦਾ ਭੋਜਨ ਖਾਣਾ ਚਾਹੀਦਾ ਹੈ, ਜੋ ਕਬਜ਼ ਪੈਦਾ ਨਾ ਕਰੇ। ਕਬਜ਼ ਦੂਰ ਕਰਨ ਵਿਚ ਸ਼ਾਕਾਹਾਰੀ ਭੋਜਨ ਸਭ ਤੋਂ ਉੱਤਮ ਹੈ। ਸਲਾਦ ਅਤੇ ਸ਼ਾਕਾਹਾਰੀ ਭੋਜਨ ਹਰ ਰੋਜ਼ ਖਾਓ। ਹਲਕਾ, ਪਚਣ ਵਾਲਾ ਭੋਜਨ ਖਾਓ। ਜ਼ਿਆਦਾ ਠੰਢਾ ਪਾਣੀ ਨਾ ਪੀਓ।

ਫਲਾਂ ਵਿਚੋਂ ਪਪੀਤਾ ਸਭ ਤੋਂ ਵਧੇਰੇ ਕਬਜ਼ ਦੂਰ ਕਰਨ ਵਾਲਾ ਫਲ ਹੈ, ਜਿਸ ਦੀ ਵਰਤੋਂ ਹਰ ਰੋਜ਼ ਕਰ ਸਕਦੇ ਹੋ। ਰੇਸ਼ੇਦਾਰ ਭੋਜਨ ਖਾਓ। ਦਲੀਆ, ਛਾਣ-ਬੂਰੇ ਵਾਲੇ ਆਟੇ ਦੀ ਰੋਟੀ ਖਾਓ। ਮੈਦਾ ਅਤੇ ਮੈਦੇ ਤੋਂ ਬਣੇ ਪਦਾਰਥਾਂ ਤੋਂ ਪ੍ਰਹੇਜ਼ ਕਰੋ। ਕਬਜ਼ ਨੂੰ ਦੂਰ ਕਰਨ ਲਈ ਕੁਝ ਹੋਰ ਚੀਜ਼ਾਂ ਵੀ ਖਾ ਸਕਦੇ ਹੋ ਜਿਵੇਂ :

* ਰਾਤ ਨੂੰ ਗਰਮ ਦੁੱਧ ਦੇ ਨਾਲ ਇਸਬਗੋਲ, ਗੁਲਕੰਦ ਜਾਂ ਹਰੜ ਦਾ ਮੁਰੱਬਾ ਖਾ ਸਕਦੇ ਹੋ।
* ਤਰ ਅਤੇ ਖੀਰੇ ਦੇ ਮੌਸਮ ਵਿਚ ਸਲਾਦ ਦੇ ਰੂਪ ਵਿਚ ਕੱਚੀ ਤਰ ਅਤੇ ਖੀਰੇ ਦੀ ਵਰਤੋਂ ਕਰੋ।
* ਇਸਬਗੋਲ ਦੁੱਧ ਦੇ ਨਾਲ ਲੈਣ ਵਿਚ ਕੋਈ ਮੁਸ਼ਕਿਲ ਆਵੇ ਤਾਂ ਪਾਣੀ ਵਿਚ ਘੋਲ ਕੇ ਪੀ ਸਕਦੇ ਹੋ। ਇਸ ਤੋਂ ਬਾਅਦ ਸਾਦਾ ਪਾਣੀ ਪੀਓ।
* ਸਰਦੀਆਂ ਵਿਚ ਬਾਦਾਮ ਰੋਗਨ ਦੁੱਧ ਵਿਚ ਪਾ ਕੇ ਪੀ ਸਕਦੇ ਹੋ।
* ਤ੍ਰਿਫ਼ਲਾ ਚੂਰਨ ਰਾਤ ਨੂੰ ਖਾਣ ਨਾਲ ਸਵੇਰੇ ਆਸਾਨੀ ਨਾਲ ਪੇਟ ਸਾਫ਼ ਹੋ ਜਾਂਦਾ ਹੈ।
* ਭੋਜਨ ਹਲਕਾ ਅਤੇ ਪਚਣਯੋਗ ਹੋਣਾ ਚਾਹੀਦਾ ਹੈ। ਬੇਹਾ ਖਾਣਾ ਖਾਣ ਤੋਂ ਪ੍ਰਹੇਜ਼ ਕਰੋ।
* ਮੌਸੰਮੀ ਦਾ ਜੂਸ ਵੀ ਕਬਜ਼ ਨੂੰ ਦੂਰ ਕਰਦਾ ਹੈ।
* ਗਰਮ, ਡਿੱਬਾ ਬੰਦਾ, ਫਾਸਟ ਫੂਡ ਭੋਜਨ ਸਰੀਰ ਨੂੰ ਕੈਲੋਰੀਜ਼ ਤਾਂ ਦਿੰਦੇ ਹਨ ਪਰ ਰੇਸ਼ੇਦਾਰ ਘੱਟ ਹੋਣ ਕਰਕੇ ਪੇਟ ਸਾਫ਼ ਕਰਨ ਵਿਚ ਸਹਾਇਤਾ ਨਹੀਂ ਕਰਦੇ।
* ਸਰਦੀਆਂ ਵਿਚ ਗਾਜਰ ਦਾ ਜੂਸ ਵੀ ਕਬਜ਼ ਨੂੰ ਦੂਰ ਕਰਦਾ ਹੈ।
* ਸਵੇਰੇ-ਸ਼ਾਮ ਸੈਰ ਜ਼ਰੂਰ ਕਰੋ। ਹਲਕੀ-ਫੁਲਕੀ ਕਸਰਤ ਨੂੰ ਆਪਣੀ ਜ਼ਿੰਦਗੀ ਵਿਚ ਹਰ ਰੋਜ਼ ਦਾ ਜਗਾ ਜ਼ਰੂਰ ਦੇਵੋ।

## ਕੋਲੈਸਟਰੋਲ ਨੂੰ ਕੰਟਰੋਲ ਕਰਨ ਲਈ ਲਸਣ ਖਾਓ

ਕੋਲੈਸਟਰੋਲ ਸਰੀਰ ਦੇ ਅੰਦਰ ਜਮਾ ਚਰਬੀ ਵਰਗਾ ਤੱਤ ਹੁੰਦਾ ਹੈ, ਜੋ ਕੋਸ਼ਿਕਾਵਾਂ ਨੂੰ ਊਰਜਾ ਦਿੰਦਾ ਹੈ। ਸਰੀਰ ਵਿਚ ਕੋਲੈਸਟਰੋਲ ਦਾ ਹੋਣਾ ਆਮ ਗੱਲ ਹੈ ਪਰ ਵਧਿਆ ਹੋਇਆ ਕੋਲੈਸਟਰੋਲ ਦਿਲ ਦੇ ਰੋਗ ਅਤੇ ਹਾਈ ਬਲੱਡ ਪ੍ਰੈਸ਼ਰ ਨੂੰ ਵਾਧਾ ਦਿੰਦਾ ਹੈ। ਅਜਿਹੇ ’ਚ ਇਸ ਦੀ ਮਾਤਰਾ ਨੂੰ ਕੰਟਰੋਲ ਕਰਨਾ ਜ਼ਰੂਰੀ ਹੈ। ਅੱਜ ਅਸੀਂ ਤੁਹਾਨੂੰ ਅਜਿਹੇ ਹੀ ਕੁਝ ਦੇਸੀ ਨੁਸਖ਼ੇ ਦੱਸਣ ਜਾ ਰਹੇ ਹਾਂ, ਜੋ ਵਧੇ ਹੋਏ ਕੋਲੈਸਟਰੋਲ ਨੂੰ ਘੱਟ ਕਰਨ ਵਿਚ ਲਾਹੇਵੰਦ ਹੁੰਦੇ ਹਨ।

**ਇਹ ਹਨ ਕੋਲੈਸਟਰੋਲ ਵੱਧਣ ਦੇ ਸੰਕੇਤ :**

ਥਕਾਨ ਮਹਿਸੂਸ ਹੋਣਾ
ਸਾਹ ਦਾ ਫੁੱਲਣਾ
ਅਚਾਨਕ ਭਾਰ ਵੱਧਣਾ
ਸਿਰ ਦਰਦ ਰਹਿਣਾ
ਹਾਈ ਬਲੱਡ ਪ੍ਰੈਸ਼ਰ ਹੋਣਾ
ਸੀਨੇ ਵਿਚ ਦਰਦ
ਦਿਲ ਦੀ ਧੜਕਨ ਦਾ ਤੇਜ਼ ਹੋਣਾ

**ਇਨਾਂ ਘਰੇਲੂ ਨੁਸਖਿਆਂ ਨਾਲ ਘੱਟ ਕਰੋ ਕੋਲੈਸਟਰੋਲ :**

**ਗੰਢੇ ਦੀ ਕਰੋ ਵਰਤੋਂ**

ਕੋਲੈਸਟਰੋਲ ਨੂੰ ਘੱਟ ਕਰਨ ਵਿਚ ਗੰਢੇ ਬੇਹੱਦ ਲਾਹੇਵੰਦ ਹੁੰਦੇ ਹੈ। ਰੋਜ਼ਾਨਾ ਇਕ ਚਮਚ ਗੰਢੇ ਦੇ ਰਸ ਵਿਚ ਸ਼ਹਿਦ ਪਾ ਕੇ ਪੀਣਾ ਚਾਹੀਦਾ ਹੈ। ਇਸ ਤੋਂ ਇਲਾਵਾ ਲੱਸੀ ਵਿਚ ਬਰੀਕ ਗੰਢੇ, ਲੂਣ ਅਤੇ ਕਾਲੀ ਮਿਰਚ ਪਾ ਕੇ ਪੀਣ ਨਾਲ ਵੀ ਕੋਲੈਸਟਰੋਲ ਕੰਟਰੋਲ ’ਚ ਰਹਿੰਦਾ ਹੈ।

**ਔਲਿਆਂ ਦੀ ਕਰੋ ਵਰਤੋਂ**

ਕੋਸੇ ਪਾਣੀ ਵਿਚ ਔਲਿਆਂ ਦਾ ਪਾਊਡਰ ਪਾ ਕੇ ਖਾਣ ਨਾਲ ਵੀ ਕੋਲੈਸਟਰੋਲ ਕੰਟਰੋਲ ਵਿਚ ਰਹਿੰਦਾ ਹੈ। ਤੁਸੀਂ ਔਲਿਆਂ ਦਾ ਜੂਸ ਵੀ ਪੀ ਸਕਦੇ ਹੋ।

ਬਾਕੀ ਸਫ਼ਾ 30 ’ਤੇ

# ਖੱਟਰ ਦਾ ਵਿਰੋਧ ਕਰ ਰਹੇ ਕਿਸਾਨਾਂ ’ਤੇ ਲਾਠੀਚਾਰਜ

## ✪ ‘ਕਿਸਾਨਾਂ ਦੇ ਸਿਰ ਭੰਨ ਦਿਓ’ ✪ ਕਰਨਾਲ ਦੇ ਐਸ.ਡੀ.ਐਮ. ਨੇ ਦਿੱਤਾ ਨਿਰਦੇਸ਼ ✪ ਕਈ ਜ਼ਖ਼ਮੀ, ਕਿਸਾਨ ਜਥੇਬੰਦੀਆਂ ਵੱਲੋਂ ਹਰਿਆਣਾ ਜਾਮ ✪ ਮੋਦੀ ਵੱਲੋਂ ਉਦਘਾਟਨ ਕਰਨ ਖਿਲਾਫ਼ ਪ੍ਰਦਰਸ਼ਨ, ਗ੍ਰਿਫ਼ਤਾਰੀਆਂ ✪ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਸਖਤ ਨਿਖ਼ੇਧੀ ✪ ਕਿਸਾਨ ਜਥੇਬੰਦੀਆਂ ਵੱਲੋਂ ਹਰਿਆਣਾ ਜਾਮ ✪ ਚੜੂਨੀ ਦੀ ਅਪੀਲ ‘ਤੇ ਕਿਸਾਨਾਂ ਵਲੋਂ ਹਾਈਵੇਅ ਜਾਮ ✪ 7 ਸਤੰਬਰ ਤੋਂ ਕਰਨਾਲ ਸਕੱਤਰੇਤ ਦੇ ਘਿਰਾਉ ਦੀ ਚਿਤਾਵਨੀ

**ਕਰਨਾਲ/ਏ.ਟੀ.ਨਿਊਜ਼ :** ਕਰਨਾਲ ਵਿੱਚ ਭਾਜਪਾ ਦੀ ਸੂਬਾ ਪੱਧਰੀ ਮੀਟਿੰਗ ਦਾ ਵਿਰੋਧ ਕਰਨ ਜਾ ਰਹੇ ਕਿਸਾਨਾਂ ’ਤੇ ਪੁਲਿਸ ਨੇ ਬੀਤੇ ਸ਼ਨੀਵਾਰ ਲਾਠੀਚਾਰਜ ਕੀਤਾ ਅਤੇ ਉਨ੍ਹਾਂ ਨੂੰ ਖੇਤਾਂ ਵਿੱਚ ਖਦੇੜ ਦਿੱਤਾ। ਕਰਨਾਲ ਵਿੱਚ ਹੋਏ ਲਾਠੀਚਾਰਜ ਦੌਰਾਨ ਕਰਨਾਲ ਦਾ ਐੱਸ ਡੀ ਐੱਮ ਆਯੂਸ਼ ਸਿਨਹਾ ਦਾ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਪੁਲਿਸ ਵਾਲਿਆਂ ਨੂੰ ਕਹਿ ਰਿਹਾ ਹੈ, ‘ਇਥਰੋਂ ਕੋਈ ਲੰਘਣਾ ਨਹੀਂ ਚਾਹੀਦਾ, ਜਿਹੜਾ ਆਏ ਸਿਰ ਪਾੜ ਦਿਓ।’ ਫਿਰ ਹੋਇਆ ਵੀ ਉਹੀ, ਕਿਸਾਨ ਆਏ ਤੇ ਉਨ੍ਹਾਂ ਦੇ ਸਿਰ ਪਾੜ ਦਿੱਤੇ ਗਏ। ਬਾਰਬਰਤਾ ਪੂਰਵਕ ਡਾਂਗਾਂ ਵਰਾਈਆਂ ਗਈਆਂ ਤੇ ਕਿਸਾਨਾਂ ਨੂੰ ਭਜਾ-ਭਜਾ ਕੇ ਕੁੱਟਿਆ ਗਿਆ। ਜਲਿਆਂਵਾਲਾ ਬਾਗ਼ ਸਾਨੂੰ ਉਸ ਕਾਂਡ ਦੀ ਯਾਦ ਦਿਲਾਉਂਦਾ ਹੈ, ਜਦੋਂ ਸ਼ਾਂਤੀਪੂਰਨ ਰੋਸ ਜਲਸਾ ਕਰ ਰਹੇ ਭਾਰਤੀ ਨਾਗਰਿਕਾਂ ਨੂੰ ਜ਼ਾਲਮ ਡਾਇਰ ਦੇ ਹੁਕਮ ਉੱਤੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਉਸ ਸਮੇਂ ਅਸੀਂ ਗੁਲਾਮ ਸਾਂ, ਅੱਜ ਸਾਡੀ ਆਪਣੀ ਚੁਣੀ ਹੋਈ ਸਰਕਾਰ ਹੈ, ਪਰ ਸਾਡੇ ਹਾਕਮਾਂ ਅੰਦਰ ਡਾਇਰ ਦੀ ਰੂਹ ਪ੍ਰਵੇਸ਼ ਕਰ ਗਈ ਹੈ। ਇੱਕ ਨੌਕਰਸ਼ਾਹ ਕਿਸਾਨਾਂ ਦੇ ਸਿਰ ਪਾੜਨ ਦਾ ਹੁਕਮ ਦੇਣ ਦੀ ਖੁਦ ਹਿੰਮਤ ਨਹੀਂ ਕਰ ਸਕਦਾ, ਜ਼ਰੂਰ ਹੀ ਉਸ ਪਿੱਛੇ ਹਾਕਮਾਂ ਦੀ ਹੱਲਾਸ਼ੇਰੀ ਹੋਵੇਗੀ। ਇਹ ਹਰਿਆਣੇ ਦੇ ਮੁੱਖ ਮੰਤਰੀ ਖੱਟੜ ਦੇ ਬਿਆਨਾਂ ਤੋਂ ਲਾਠੀਚਾਰਜ ਦੀ ਹਮਾਇਤ ਤੋਂ ਜਾਹਿਰ ਹੋ ਜਾਂਦਾ ਹੈ। ਲਾਠੀਚਾਰਜ ਦੌਰਾਨ ਕਿਸਾਨਾਂ ਦੀਆਂ ਕੁਝ ਗੱਡੀਆਂ ਦੇ ਸ਼ੀਸ਼ੇ ਵੀ ਟੁੱਟੇ। ਇਸ ਲਾਠੀਚਾਰਜ ਦੌਰਾਨ ਦਸ ਕਿਸਾਨਾਂ ਦੇ ਗੰਭੀਰ ਜ਼ਖ਼ਮੀ ਹੋਣ ਅਤੇ ਸੈਂਕੜਿਆਂ ਦੇ ਹੋਰ ਸੱਟਾਂ ਲੱਗਣ ਦੀ ਸੂਚਨਾ ਹੈ। ਲਾਠੀਚਾਰਜ ਦੌਰਾਨ ਜ਼ਖ਼ਮੀ ਹੋਏ ਇਕ ਏਕੜ ਜ਼ਮੀਨ ਦੇ ਮਾਲਕ ਕਿਸਾਨ ਸੁਸ਼ੀਲ ਕਾਜਲ ਦੀ ਮੌਤ ਹੋ ਗਈ ਹੈ। ਕਿਸਾਨ ਆਗੂਆਂ ਨੇ ਪੀੜਤ ਪਰਿਵਾਰ ਲਈ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦੀ ਮੰਗ ਕੀਤੀ ਹੈ। ਯਾਦ ਰਹੇ ਕਿ ਮੁੱਖ ਮੰਤਰੀ ਮਨੋਹਰ ਲਾਲ ਦੇ ਨਾਲ ਰਾਜ ਦੇ ਸਾਰੇ ਸੰਸਦ ਮੈਂਬਰ, ਵਿਧਾਇਕ ਅਤੇ ਪਾਰਟੀ ਦੇ ਹੋਰ ਨੇਤਾ ਸ਼ਨੀਵਾਰ ਕਰਨਾਲ ਪਹੁੰਚੇ ਹਨ ਤਾਂ ਜੋ ਪੰਚਾਇਤੀ ਚੋਣਾਂ ਦੀ ਰਣਨੀਤੀ ਤਿਆਰ ਕੀਤੀ ਜਾ ਸਕੇ। ਕਿਸਾਨਾਂ ਨੇ ਇਸ ਮੀਟਿੰਗ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਸੀ।

ਇਸ ਘਟਨਾ ਤੋਂ ਬਾਅਦ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਪੂਰੇ ਹਰਿਆਣਾ ਵਿਚ ਸੜਕਾਂ ਜਾਮ ਕਰਨ ਦੇ ਸੱਦੇ ਕਾਰਨ ਵੱਡੀ ਗਿਣਤੀ ਕਿਸਾਨ ਸੜਕਾਂ ’ਤੇ ਆ ਗਏ। ਕਿਸਾਨਾਂ ਨੇ ਸਿਰਸਾ-ਦਿੱਲੀ ਹਾਈਵੇ ਪੂਰੀ ਤਰਾਂ ਬੰਦ ਕਰ ਦਿੱਤਾ ਸੀ। ਹਰਿਆਣਾ ਦੇ ਘਰੌਂਡਾ ਵਿਚ ਹੋਏ ਕਿਸਾਨ ਸੰਗਠਨਾਂ ਦੇ ਇਕੱਠ ’ਚ ਕਿਸਾਨ ਆਗੂਆਂ ਨੇ ਸਰਕਾਰ ਨੂੰ ਲਾਠੀਚਾਰਜ ਮਾਮਲੇ ਵਿਚ ਕਾਰਵਾਈ ਲਈ ਛੇ ਸਤੰਬਰ ਤੱਕ ਦਾ ਅਲਟੀਮੇਟਮ ਦਿੱਤਾ ਹੈ। ਕਿਸਾਨ ਨੇਤਾਵਾਂ ਨੇ 3 ਮੁੱਖ ਮੰਗਾਂ ਰੱਖੀਆਂ ਹਨ। ਕਿਸਾਨ ਨੇਤਾ ਚੜੂਨੀ ਦਾ ਕਹਿਣਾ ਹੈ ਕਿ ਲਾਠੀਚਾਰਜ ਤੋਂ ਬਾਅਦ ਜਾਨ ਗੁਆਉਣ ਵਾਲੇ ਕਿਸਾਨ ਸੁਸ਼ੀਲ ਕਾਜਲ ਦੇ ਪਰਿਵਾਰ ਨੂੰ 25 ਲੱਖ ਰੁਪਏ ਦਾ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ। ਜੋ ਕਿਸਾਨ ਜ਼ਖ਼ਮੀ ਹੋਏ ਹਨ, ਉਨ੍ਹਾਂ ਨੂੰ 2-2 ਲੱਖ ਰੁਪਏ ਦਾ ਮੁਆਵਜ਼ਾ ਵੀ ਦਿੱਤਾ ਜਾਵੇ। ਇਸ ਦੇ ਨਾਲ ਹੀ ਲਾਠੀਚਾਰਜ ਲਈ ਜ਼ਿੰਮੇਵਾਰ ਅਫ਼ਸਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਕਿਸਾਨ ਨੇਤਾਵਾਂ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ 7 ਸਤੰਬਰ ਨੂੰ ਕਰਨਾਲ ਵਿਚ ਮਹਾਂਪੰਚਾਇਤ ਬੁਲਾਉਣਗੇ ਅਤੇ ਸਕੱਤਰੇਤ ਦਾ ਘਿਰਾਓ ਅਣਮਿੱਥੇ ਸਮੇਂ ਲਈ ਕੀਤਾ ਜਾਵੇਗਾ। ਹਰਿਆਣਾ ਸਰਕਾਰ ਵਿਰੁੱਧ ਪੱਕਾ ਮੋਰਚਾ ਲਾਇਆ ਜਾਵੇਗਾ।






*ਅੰਮ੍ਰਿਤਸਰ ਟਾਈਮਜ਼ ਅਨੁਸਾਰ ਕਰਨਾਲ ਜ਼ਿਲ੍ਹੇ ਵਿਚ ਬਿਨਾ ਕਿਸੇ ਭੜਕਾਹਟ ਕਿਸਾਨਾਂ ਤੇ ਕੀਤੇ ਅੰਨ੍ਹੇ ਲਾਠੀਚਾਰਜ ਨੇ ਹਰਿਆਣਾ ਦੀ ਖੱਟਰ ਸਰਕਾਰ ਦਾ ਗੈਰ ਮਨੁੱਖੀ ਅਤੇ ਗੈਰ ਜਮਹੂਰੀ ਚਿਹਰਾ ਬੇਨਕਾਬ ਕਰ ਦਿੱਤਾ ਹੈ। ਲਾਠੀਚਾਰਜ ਤੋਂ ਪਹਿਲਾਂ ਜਿਸ ਤਰਾਂ ਡਿਊਟੀ ਮੈਜਿਸਟਰੇਟ ਪੁਲਿਸ ਨੂੰ ਕਿਸਾਨਾਂ ਦੇ ਸਿਰ ਪਾੜਨ ਦੇ ਹੁਕਮ ਦੇ ਰਿਹਾ ਹੈ, ਇਹ ਹਿਟਲਰਸ਼ਾਹੀ ਮਾਨਸਿਕਤਾ ਦੀ ਪ੍ਰਤੱਖ ਮਿਸਾਲ ਹੈ। ਅੰਮ੍ਰਿਤਸਰ ਟਾਈਮਜ਼ ਅਨੁਸਾਰ ਕਿਸਾਨ ਅੰਦੋਲਨ ਨੌਂ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ ਤੇ ਹੈ। ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਅਤੇ ਘੱਟੋ-ਘੱਟ ਸਮਰਥਨ ਮੁੱਲ ਤੇ ਫ਼ਸਲਾਂ ਦੀ ਖ਼ਰੀਦ ਦੀ ਗਰੰਟੀ ਲਈ ਲੜਿਆ ਜਾ ਰਿਹਾ ਅੰਦੋਲਨ ਪੂਰੀ ਤਰਾਂ ਸ਼ਾਂਤਮਈ ਹੈ। ਸੁਪਰੀਮ ਕੋਰਟ ਕਿਸਾਨਾਂ ਦੇ ਸ਼ਾਂਤਮਈ ਅੰਦੋਲਨ ਦੀ ਤਾਰੀਫ਼ ਕਰ ਚੁੱਕੀ ਹੈ। ਦੁਨੀਆ ਭਰ ਵਿਚ ਅੰਦੋਲਨ ਸਲਾਹਿਆ ਜਾ ਰਿਹਾ ਹੈ। ਕੇਂਦਰ ਤੇ ਖੱਟਰ ਸਰਕਾਰ ਨੇ ਸ਼ੁਰੂ ਤੋਂ ਹੀ ਕਿਸਾਨਾਂ ਨਾਲ ਟਕਰਾਅ ਵਾਲਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ। 26 ਨਵੰਬਰ 2020 ਨੂੰ ਦਿੱਲੀ ਜਾਣ ਸਮੇਂ ਸਰਕਾਰ ਨੇ ਸੜਕਾਂ ਪੁੱਟੀਆਂ, ਪੱਥਰ ਸੁੱਟੇ, ਅੱਥਰੂ ਗੈਸ ਦੇ ਗੋਲੇ ਦਾਗੇ ਅਤੇ ਪਾਣੀ ਦੀਆਂ ਬੌਛਾੜਾਂ ਮਾਰੀਆਂ। ਇਸ ਦੇ ਬਾਵਜੂਦ ਅੰਦੋਲਨ ਸ਼ਾਂਤਮਈ ਰਿਹਾ।ਅੰਦੋਲਨ ਦੀ ਇਹੀ ਤਾਸੀਰ ਇਸ ਦੀ ਤਾਕਤ ਹੈ ਅਤੇ ਇਸ ਨੇ ਕੇਂਦਰ ਤੇ ਹਰਿਆਣਾ ਸਰਕਾਰਾਂ ਦੀਆਂ ਤਮਾਮ ਚੁਸਤੀਆਂ ਅਤੇ ਰਣਨੀਤੀ ਨੂੰ ਮੋੜਵਾਂ ਤੇ ਮਾਕੂਲ ਜਵਾਬ ਦੇਣ ਵਿਚ ਸਫ਼ਲਤਾ ਹਾਸਲ ਕੀਤੀ ਹੈ। ਉੱਧਰ, ਕੇਂਦਰ ਸਰਕਾਰ ਗੱਲਬਾਤ ਦੀ ਬਜਾਇ ਟਕਰਾਅ ਵਧਾਉਣ ਦੀ ਕੋਸ਼ਿਸ਼ ਵਿਚ ਜਮਹੂਰੀਅਤ ਦੇ ਮਾਪਦੰਡਾਂ ਤੇ ਪੂਰੀ ਨਹੀਂ ਉੱਤਰ ਰਹੀ। ਖੱਟਰ ਸਰਕਾਰ ਵਿਚ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਨੂੰ ਵੀ ਕਹਿਣਾ ਪਿਆ ਹੈ ਕਿ ਅਫ਼ਸਰ ਨੂੰ ਇਸ ਤਰਾਂ ਨਹੀਂ ਕਰਨਾ ਚਾਹੀਦਾ ਸੀ। ਸਬੰਧਿਤ ਆਈਏਐੱਸ ਅਫਸਰ ਨੂੰ ਸਖ਼ਤ ਸਜ਼ਾ ਦੇਣ ਅਤੇ ਪੁਲਿਸ ਕਰਮਚਾਰੀਆਂ ਖਿਲਾਫ਼ ਕਾਰਵਾਈ ਕਰਨ ਅਤੇ ਮ੍ਰਿਤਕ ਤੇ ਜ਼ਖ਼ਮੀ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਸੰਯੁਕਤ ਕਿਸਾਨ ਮੋਰਚੇ ਦੀ ਵਾਜਿਬ ਮੰਗ ਨੂੰ ਤੁਰੰਤ ਮੰਨਿਆ ਜਾਣਾ ਚਾਹੀਦਾ ਹੈ। ਕੇਂਦਰ, ਖੱਟਰ ਸਰਕਾਰ ਅਤੇ ਭਾਜਪਾ ਕਾਰਕੁਨਾਂ ਨੂੰ ‘ਕਾਨੂੰਨ ਕਿਸਾਨਾਂ ਦੇ ਹਿੱਤ ਵਿਚ’ ਵਾਲੀ ਮੁਹਾਰਨੀ ਬੰਦ ਕਰਕੇ ਸੰਯੁਕਤ ਮੋਰਚੇ ਨਾਲ ਗੱਲਬਾਤ ਮੁੜ ਸ਼ੁਰੂ ਕਰਕੇ ਮਾਮਲੇ ਦਾ ਨਿਬੇੜਾ ਕਰਨ ਦਾ ਰਾਹ ਅਪਣਾਉਣਾ ਚਾਹੀਦਾ ਹੈ।*

**ਵਿਰੋਧੀ ਪਾਰਟੀਆਂ ਕਿਸਾਨਾਂ ਦੀ ਹਮਾਇਤ ਉਪਰ**

ਕਾਂਗਰਸ ਪਾਰਟੀ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਅਤੇ ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੋਂ ਇਲਾਵਾ ਇਨੈਲੋ ਨੇਤਾ ਅਭੈ ਚੌਟਾਲਾ ਨੇ ਵੀ ਹਰਿਆਣਾ ਸਰਕਾਰ ਦੀ ਆਲੋਚਨਾ ਕੀਤੀ। ਕਿਹਾ ਭਾਜਪਾ-ਜਜਪਾ ਦੀ ‘ਕਾਇਰ ਸਰਕਾਰ’ ਨੇ ਕਰਨਾਲ ਵਿਚ ਅੰਨਦਾਤਾ ਕਿਸਾਨ ’ਤੇ ਬੇਰਹਿਮੀ ਨਾਲ ਲਾਠੀਚਾਰਜ ਕਰਕੇ ਇੱਕ ਵਾਰ ਫਿਰ ‘ਜਨਰਲ ਡਾਇਰ’ ਦੀ ਯਾਦ ਦਵਾ ਦਿੱਤੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਟਵੀਟ ਵਿੱਚ ਲਿਖਿਆ ਕਿ ਤਿੰਨ ਖ਼ੇਤੀ ਕਾਨੂੰਨਾਂ ਖ਼ਿਲਾਫ਼ ਕਰਨਾਲ ਵਿੱਚ ਵਿਰੋਧ ਕਰ ਰਹੇ ਕਿਸਾਨਾਂ ਉੱਤੇ ਹੋਏ ਲਾਠੀਚਾਰਜ ਦੀ ਉਹ ਸਖ਼ਤ ਨਿੰਦਾ ਕਰਦੇ ਹਨ।

ਕਰਨਾਲ ’ਚ ਕਿਸਾਨਾਂ ’ਤੇ ਕੀਤੇ ਲਾਠੀਚਾਰਜ ਦੇ ਮਾਮਲੇ ’ਚ ਮੇਘਾਲਿਆ ਦੇ ਰਾਜਪਾਲ ਸੱਤਿਆਪਾਲ ਮਲਿਕ ਨੇ ਮੁੱਖ ਮੰਤਰੀ ਖਟੜ ਨੂੰ ਕਿਸਾਨਾਂ ਤੋਂ ਮੁਆਫੀ ਮੰਗਣ ਲਈ ਕਿਹਾ ਹੈ। ਰਾਜਪਾਲ ਨੇ ਕਿਹਾ ਕਿ ਕਿਸਾਨਾਂ ’ਤੇ ਲਾਠੀਚਾਰਜ ਕਰਨ ਦੇ ਹੁਕਮ ਦੇਣ ਵਾਲੇ ਐੱਸਡੀਐੱਮ ਨੂੰ ਤੁਰੰਤ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ।

**ਨੂਹ ’ਚ ਹੋਈ ਕਿਸਾਨ ਮਹਾਪੰਚਾਇਤ**

ਸੰਯੁਕਤ ਕਿਸਾਨ ਮੋਰਚਾ ਨੇ ਕਰਨਾਲ ਵਿੱਚ ਕਿਸਾਨਾਂ ’ਤੇ ਕੀਤੇ ਗਏ ਲਾਠੀਚਾਰਜ ਖ਼ਿਲਾਫ਼ ਨੂਹ ਵਿੱਚ ਕਿਸਾਨ ਮਹਾਪੰਚਾਇਤ ਕੀਤੀ। ਮਹਾਪੰਚਾਇਤ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ, ਯੋਗੇਂਦਰ ਯਾਦਵ, ਦਰਸ਼ਨਪਾਲ ਤੇ ਜੋਗਿੰਦਰ ਸਿੰਘ ਉਗਰਾਹਾਂ ਸਣੇ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ ਜਿਨ੍ਹਾਂ ਨੇ ਪੁਲਿਸ ਦੇ ਲਾਠੀਚਾਰਜ ਅਤੇ ਆਈਏਐੱਸ ਅਧਿਕਾਰੀ ਵੱਲੋਂ ਕਿਸਾਨਾਂ ਲਈ ਵਰਤੀ ਗਈ ਸ਼ਬਦਾਵਲੀ ਦੀ ਨਿੰਦਾ ਕੀਤੀ। ਕਿਸਾਨ ਆਗੂਆਂ ਨੇ ਅਧਿਕਾਰੀ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ, ਯੋਗੇਂਦਰ ਯਾਦਵ, ਭਾਰਤੀ ਕਿਸਾਨ ਯੂਨੀਅਨ ਦੇ ਆਗੂ ਦਰਸ਼ਨ ਪਾਲ ਅਤੇ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਦੇਸ਼ ਵਿੱਚ ਤਾਲਿਬਾਨ ਵਰਗੀ ਸਰਕਾਰ ਕਾਬਜ਼ ਹੈ ਜੋ ਕਿਸੇ ਦੀ ਸੁਣਨ ਦੀ ਥਾਂ ਆਪਣੇ ਕਾਨੂੰਨ ਅਤੇ ਆਦੇਸ਼ ਥੋਪਣ ਲੱਗੀ ਹੋਈ ਹੈ। ਹੁਣ ਲੋੜ ਹੈ 5 ਸਤੰਬਰ ਨੂੰ ਮੁਜ਼ੱਫਰਨਗਰ ‘ਕਿਸਾਨ ਮਹਾਂਪੰਚਾਇਤ’ ਨੂੰ ਕਾਮਯਾਬ ਕਰਨ ਦੀ। ਇਸ ਵਾਰ ਦਿੱਲੀ ਨੂੰ ਦੱਖਣੀ ਹਰਿਆਣਾ ਵਾਲੇ ਪਾਸੇ ਤੋਂ ਘੇਰਿਆ ਜਾਵੇਗਾ ਜਿਸ ਨਾਲ ਹਰਿਆਣਾ ਅਤੇ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਇਕੱਠ ਬਾਰੇ ਪਤਾ ਲੱਗ ਸਕੇ।

**ਖੱਟੜ ਨੇ ਕਿਸਾਨਾਂ ਵਿਰੁਧ ਜ਼ਹਿਰੀਲੇ ਬਿਆਨ ਦਿੱਤੇ**

ਮੁੱਖ ਮੰਤਰੀ ਮਨੋਹਰ ਲਾਲ ਖੱਟਰ ਪੁਲਿਸ ਦੇ ਹੱਕ ਵਿੱਚ ਨਿੱਤਰ ਆਏ ਹਨ ਤੇ ਕਹਿੰਦੇ ਹਨ, ‘ਹਾਈਵੇਅ ਨੂੰ ਜਾਮ ਕਰਨਾ ਸਹੀ ਨਹੀਂ ਹੈ। ਪੁਲਿਸ ਦੀ ਡਿਊਟੀ ਹੈ ਲਾਅ ਐਂਡ ਆਰਡਰ ਨੂੰ ਬਣਾ ਕੇ ਰੱਖਣਾ। ਪੁਲਿਸ ਨੇ ਜੋ ਕੀਤਾ ਠੀਕ ਕੀਤਾ।’

**ਪੁਲਿਸ ਇੰਸਪੈਕਟਰ ਦਾ ਜੱਦੀ ਪਿੰਡ ਵਾਸੀਆਂ ਵੱਲੋਂ ਬਾਈਕਾਟ**

ਕਰਨਾਲ ਵਿੱਚ ਕਿਸਾਨਾਂ ’ਤੇ ਲਾਠੀਚਾਰਜ ਕਰਨ ਵਾਲੇ ਪੁਲਿਸ ਇੰਸਪੈਕਟਰ ਹਰਜਿੰਦਰ ਸਿੰਘ ਖਹਿਰਾ ਦਾ ਉਸੇ ਦੇ ਪਿੰਡ ਦੇ ਹੀ ਲੋਕਾਂ ਨੇ ਸਮਾਜਿਕ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਇਹ ਫ਼ੈਸਲਾ ਇਸਮਾਈਲਾਬਾਦ ਦੇ ਪਿੰਡ ਲੁੱਖੀ ਦੇ ਵਸਨੀਕਾਂ ਨੇ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਪੁਲਿਸ ਅਧਿਕਾਰੀ ਦਾ ਵੀ ਹਰ ਥਾਂ ’ਤੇ ਵਿਰੋਧ ਕੀਤਾ ਜਾਵੇਗਾ।

ਦੂਜੇ ਪਾਸੇ ਕਰਨਾਲ ਦੇ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਸੋਸ਼ਲ ਮੀਡੀਆ ’ਤੇ ਕੁਝ ਕਿਸਾਨ ਆਗੂਆਂ ਵੱਲੋਂ ਸਮਾਜਿਕ ਬਾਈਕਾਟ ਦੀਆਂ ਧਮਕੀਆਂ ਦੇ ਕੇ ਪੁਲਿਸ ਵਾਲਿਆਂ ਦੇ ਪਰਿਵਾਰਾਂ ਨੂੰ ਪ੍ਰੇਸ਼ਾਨ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਤਰਾਂ ਦੀਆਂ ਧਮਕੀਆਂ ਨਾਲ ਪੁਲਿਸ ਕਾਰਵਾਈ ਵਿੱਚ ਰੁਕਾਵਟ ਪੈਦਾ ਕਰਨ ਬਾਕੀ ਸਫ਼ਾ 30 ’ਤੇ

# ਕਿਸਾਨਾਂ ਬਾਰੇ ਕੈਪਟਨ ਤੇ ਖੱਟਰ ਦਾ ਵਿਵਾਦ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਮੋੜਵਾਂ ਜੁਆਬ ਦਿੰਦਿਆਂ ਕਿਹਾ ਕਿ ਮਨੋਹਰ ਲਾਲ ਖੱਟਰ ਝੂਠ ਬੋਲਣ ਦੀ ਥਾਂ ਕਿਸਾਨਾਂ ਦੇ ਅਹਿਸਾਸ ਸਮਝਣ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਖੇਤੀ ਕਾਨੂੰਨ ਰੱਦ ਕਰਾਏ, ਨਾ ਕਿ ਆਪਣੀ ਜ਼ਿੰਮੇਵਾਰੀ ਕਿਸੇ ਸਿਰ ਸੁੱਟੇ। ਦੱਸਣਯੋਗ ਹੈ ਕਿ ਮੁੱਖ ਮੰਤਰੀ ਖੱਟਰ ਨੇ ਇਲਜ਼ਾਮ ਲਾਏ ਹਨ ਕਿ ਕਿਸਾਨ ਅੰਦੋਲਨ ਪਿੱਛੇ ਪੰਜਾਬ ਦਾ ਹੱਥ ਹੈ। ਦਿੱਲੀ ਦੀ ਬਰੂਹਾਂ ’ਤੇ ਬੈਠੇ ਕਿਸਾਨਾਂ ਵਿੱਚ 85 ਫ਼ੀਸਦ ਕਿਸਾਨ ਪੰਜਾਬ ਦੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਦਾ ਕਿਸਾਨ ਖੇਤੀਬਾੜੀ ਕਰਨ ਵਿੱਚ ਲੱਗਿਆ ਹੋਇਆ ਹੈ। ਖੱਟਰ ਨੇ ਕਿਹਾ ਕਿ ਕਾਂਗਰਸ ਤੇ ਕਮਿਊਨਿਸਟ ਪਾਰਟੀਆਂ ਸਿਆਸੀ ਲਾਹਾ ਲੈਣ ਲਈ ਕਿਸਾਨਾਂ ਨੂੰ ਵਰਗਲਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੰਵਿਧਾਨ ਵਿੱਚ ਸ਼ਾਂਤਮਈ ਢੰਗ ਨਾਲ ਅੰਦੋਲਨ ਕਰਨਾ ਹਰ ਕਿਸੇ ਦਾ ਹੱਕ ਹੈ ਪਰ ਸੰਵਿਧਾਨ ਸੜਕਾਂ ਰੋਕਣ ਜਾਂ ਕਿਸੇ ਦਾ ਘਿਰਾਓ ਕਰਨ ਦਾ ਅਧਿਕਾਰ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਕਿਸਾਨਾਂ ਲਈ ਕਰੋੜਾਂ ਰੁਪਏ ਖਰਚ ਕੇ ਵਧੀਆ ਫ਼ੈਸਲੇ ਲੈ ਰਹੀ ਹੈ ਜਦਕਿ ਪੰਜਾਬ ਦੇ ਕਿਸਾਨ ਦੁਖੀ ਹਨ। ਪੰਜਾਬ ਵਿੱਚ ਕਾਬਜ਼ ਕਾਂਗਰਸ ਸਰਕਾਰ ਸਾਲ 2022 ਦੀਆਂ ਚੋਣਾਂ ਨੂੰ ਦੇਖਦਿਆਂ ਕਿਸਾਨਾਂ ਦਾ ਧਿਆਨ ਭਟਕਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਇਸੇ ਲਈ ਪੰਜਾਬ ਦਾ ਕਿਸਾਨ ਅੱਜ ਹਰਿਆਣਾ ਦੀ ਧਰਤੀ ’ਤੇ ਅਮਨ ਅਤੇ ਕਾਨੂੰਨ ਭੰਗ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਖੱਟਰ ਨੇ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਦੇ ਮੁੱਖ ਮੰਤਰੀ ਕੈਪਟਨ ਨੂੰ ਲੱਡੂ ਖਵਾਉਣ ’ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਹਰਿਆਣਾ ਕਾਂਗਰਸ ਦੇ ਆਗੂ ਵੀ ਸੂਬੇ ਦਾ ਮਾਹੌਲ ਖਰਾਬ ਕਰਨ ਲਈ ਅੰਦੋਲਨ ਦੀ ਪੂਰੀ ਤਰਾਂ ਮਦਦ ਕਰ ਰਹੇ ਹਨ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਹਰਿਆਣਾ ਸਰਕਾਰ 10 ਫ਼ਸਲਾਂ ਝੋਨਾ, ਕਣਕ, ਸਰ੍ਹੋਂ, ਬਾਜਰਾ, ਛੋਲੇ, ਮੂੰਗੀ, ਮੱਕੀ, ਮੂੰਗਫਲੀ, ਕਪਾਹ ਅਤੇ ਸੂਰਜਮੁਖੀ ਦੀ ਖ਼ਰੀਦ ਐੱਮਐੱਸਪੀ ’ਤੇ ਕਰ ਰਿਹਾ ਹੈ ਜਿਸ ਦਾ ਭੁਗਤਾਨ ਸਿੱਧਾ ਕਿਸਾਨ ਦੇ ਬੈਂਕ ਖਾਤੇ ਵਿੱਚ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਪੁੱਛਿਆ ਕਿ ਉਨ੍ਹਾਂ ਦੇ ਰਾਜ ਵਿੱਚ ਕਿੰਨੀਆਂ ਫ਼ਸਲਾਂ ਐੱਮਐੱਸਪੀ ’ਤੇ ਖਰੀਦੀਆਂ ਜਾ ਰਹੀਆਂ ਹਨ। ਖੱਟਰ ਨੇ ਕਿਹਾ ਕਿ ਪਿਛਲੇ ਸੱਤ ਸਾਲਾਂ ਵਿੱਚ ਹਰਿਆਣਾ ’ਚ ਗੰਨੇ ਦਾ ਭਾਅ ਪੰਜਾਬ ਨਾਲੋਂ ਕਿਤੇ ਵੱਧ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸਾਲ 2021-22 ਲਈ ਗੰਨੇ ਦੇ ਭਾਅ ਵਿੱਚ 15 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਹੋਰ ਕਰ ਦਿੱਤਾ ਹੈ।

ਕੈਪਟਨ ਨੇ ਹਰਿਆਣਾ ਪੁਲਿਸ ਵੱਲੋਂ ਕਿਸਾਨਾਂ ’ਤੇ ਕੀਤੇ ਲਾਠੀਚਾਰਜ ਦੀ ਨਿੰਦਾ ਕਰਦਿਆਂ ਕਿਹਾ ਕਿ ਹਰਿਆਣਾ ਸਰਕਾਰ ਦਾ ਕਿਸਾਨ ਵਿਰੋਧੀ ਏਜੰਡਾ ਬੇਪਰਦ ਹੋ ਗਿਆ ਹੈ। ਉਨ੍ਹਾਂ ਖੱਟਰ ਨੂੰ ਚੇਤੇ ਕਰਾਇਆ ਕਿ ਜਿਨ੍ਹਾਂ ਕਿਸਾਨਾਂ ’ਤੇ ਹਰਿਆਣਾ ਪੁਲਿਸ ਨੇ ਡਾਂਗਾਂ ਵਰਾਈਆਂ ਹਨ, ਉਹ ਪੰਜਾਬ ਦੇ ਨਹੀਂ ਸਗੋਂ ਹਰਿਆਣਾ ਦੇ ਕਿਸਾਨ ਸਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਕਿਸਾਨ ਦੇ ਦਰਦ ਨੂੰ ਸਮਝਿਆ ਹੁੰਦਾ ਤਾਂ ਅੱਜ ਇਹ ਹਾਲਾਤ ਨਹੀਂ ਬਣਨੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਕਰਨਾਲ ਦੇ ਐੱਸ.ਡੀ.ਐੱਮ ਦੀ ਵਾਇਰਲ ਵੀਡੀਓ ਨੇ ਹਰਿਆਣਾ ਦੇ ਮੁੱਖ ਮੰਤਰੀ ਦੇ ਝੂਠ ਦੇ ਪਾਜ ਉਧੇੜ ਦਿੱਤੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਖੇਤੀ ਕਾਨੂੰਨਾਂ ਦੇ ਮਾਮਲੇ ’ਤੇ ਟੱਸ ਤੋਂ ਮੱਸ ਨਾ ਹੋਣ ਕਰਕੇ ਕਿਸਾਨ ਖਫ਼ਾ ਹਨ ਅਤੇ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ। ਕੈਪਟਨ ਨੇ ਕਿਹਾ, ‘ਖੇਤੀ ਸੈਕਟਰ ਵਿੱਚ ਤੁਹਾਡੀ ਪਾਰਟੀ ਵੱਲੋਂ ਪੈਦਾ ਕੀਤੀ ਗੜਬੜੀ ਲਈ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਬਜਾਏ ਤੁਸੀਂ ਖੇਤੀ ਕਾਨੂੰਨ ਰੱਦ ਕਰੋ।’ ਕੈਪਟਨ ਨੇ ਚਿਤਾਵਨੀ ਦਿੱਤੀ ਕਿ ਆਗਾਮੀ ਵਿਧਾਨ ਸਭਾ ਚੋਣਾਂ ਅਤੇ ਹੋਰਨਾਂ ਚੋਣਾਂ ਵਿੱਚ ਭਾਜਪਾ ਨੂੰ ਆਪਣੇ ਗੁਨਾਹਾਂ ਦੀ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਅੱਗੇ ਕਿਹਾ, ‘ਹਾਲ ਹੀ ਵਿੱਚ, ਜਦੋਂ ਗੰਨਾ ਕਾਸ਼ਤਕਾਰਾਂ ਨੇ ਵਿਰੋਧ ਪ੍ਰਦਰਸ਼ਨ ਕੀਤੇ ਤਾਂ ਅਸੀਂ ਉਨ੍ਹਾਂ ਨੂੰ ਦਬਾਉਣ ਲਈ ਤਾਕਤ ਦੀ ਅੰਨੇਵਾਹ ਵਰਤੋਂ ਕਰਨ ਦੀ ਬਜਾਏ ਉਨ੍ਹਾਂ ਨਾਲ ਗੱਲਬਾਤ ਕੀਤੀ ਅਤੇ ਮਸਲਾ ਹੱਲ ਕੀਤਾ।’

ਮੁੱਖ ਮੰਤਰੀ ਨੇ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਟਵੀਟਾਂ ਰਾਹੀਂ ਕਿਸਾਨਾਂ ਦੀ ਭਲਾਈ ਲਈ ਚੁੱਕੇ ਕਦਮਾਂ ਬਾਰੇ ਪੁੱਛੇ ਸਵਾਲਾਂ ਦਾ ਸਖ਼ਤ ਜਵਾਬ ਦਿੰਦਿਆਂ ਇਸ ਨੂੰ ਭਾਜਪਾ ਆਗੂ ਵੱਲੋਂ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਉਤੇ ਕੀਤੇ ਗਏ ਅਣਮਨੁੱਖੀ ਤਸ਼ੱਦਦ ’ਤੇ ਪਰਦਾ ਪਾਉਣ ਦੀ ਕੋਝੀ ਕੋਸ਼ਿਸ਼ ਕਰਾਰ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚਲੀ ਕਾਂਗਰਸ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ਕਿਸਾਨ ਪੱਖੀ ਯੋਜਨਾਵਾਂ ਦੀ ਸੂਚੀ ਦੇ ਮੁਕਾਬਲੇ ਹਰਿਆਣਾ ਕਿਸਾਨਾਂ ਦੀ ਭਲਾਈ ਦੇ ਕੰਮਾਂ ਵਿੱਚ ਪੰਜਾਬ ਤੋਂ ਕੋਹਾਂ ਦੂਰ ਹੈ। ਕੈਪਟਨ ਨੇ ਕਿਹਾ, ‘ਤੁਹਾਡੀ ਪਾਰਟੀ ਨੇ ਸਾਡੇ ਕੋਲ ਇੱਥੋਂ ਤੱਕ ਕਿ ਸਾਡੇ ਕਰਮਚਾਰੀਆਂ ਨੂੰ ਤਨਖਾਹ ਦੇਣ ਜੋਗਾ ਪੈਸਾ ਵੀ ਨਹੀਂ ਛੱਡਿਆ ਅਤੇ ਫਿਰ ਵੀ ਪੰਜਾਬ ਸਰਕਾਰ ਨੇ 5,64,143 ਛੋਟੇ ਅਤੇ ਦਰਮਿਆਨੇ ਕਿਸਾਨਾਂ ਦਾ 4624.38 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਅਤੇ 2.85 ਲੱਖ ਬੇਜ਼ਮੀਨੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਕਰਜ਼ਾ ਮੁਆਫ਼ੀ ਲਈ 590 ਕਰੋੜ ਰੁਪਏ ਹੋਰ ਮਨਜ਼ੂਰ ਕੀਤੇ ਗਏ।’ ਉਨ੍ਹਾਂ ਕਿਹਾ ਕਿ ਹਰਿਆਣਾ ਆਪਣੇ ਕਿਸਾਨਾਂ ਨੂੰ ਬਿਜਲੀ ਸਬਸਿਡੀ ਲਈ ਇੱਕ ਪੈਸਾ ਵੀ ਨਹੀਂ ਦਿੰਦਾ ਜਦੋਂ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀਆਂ ਖੇਤੀ ਮੋਟਰਾਂ ਲਈ ਹਰੇਕ ਸਾਲ 7200 ਕਰੋੜ ਰੁਪਏ ਬਿਜਲੀ ਸਬਸਿਡੀ ਦੇ ਰੂਪ ਵਿੱਚ ਦਿੱਤੇ ਜਾ ਰਹੇ ਹਨ। ਬਾਕੀ ਸਫ਼ਾ 31 ’ਤੇ

## ਅਧਿਆਪਕ ਦਿਵਸ ’ਤੇ ਵਿਸ਼ੇਸ਼

# ਪਾਧਾ ਗੁਰਮੁਖਿ ਆਖੀਐ



ਇਕਵਾਕ ਸਿੰਘ ਪੱਟੀ

ਪ੍ਰਸਿੱਧ ਦਾਰਸ਼ਨੀਕ ਅਰਸਤੂ ਦੇ ਵਿਚਾਰਾਂ ਤੋਂ ਗੱਲ ਸ਼ੁਰੂ ਕਰਦੇ ਹਾਂ ਉਹ ਲਿਖਦੇ ਹਨ ‘ਜਨਮ ਦੇਣ ਵਾਲੇ ਨਾਲੋਂ, ਚੰਗੀ ਸਿੱਖਿਆ ਦੇਣ ਵਾਲੇ ਨੂੰ ਜਿਆਦਾ ਸਨਮਾਨ ਦੇਣਾ ਚਾਹੀਦਾ ਹੈ, ਕਿਉਂਕਿ ਇੱਕ ਨੇ ਤਾਂ ਕੇਵਲ ਜਨਮ ਦਿੱਤਾ ਹੈ, ਪਰ ਦੂਜੇ ਨੇ ਜਿਊਣਾ ਸਿਖਾਇਆ ਹੈ।’

ਜਪਾਨ ਦੀ ਮਸ਼ਹੂਰ ਕਹਾਵਤ ਹੈ ਕਿ, ‘ਮਹਾਨ ਅਧਿਆਪਕ ਦੇ ਚਰਨਾਂ ਵਿੱਚ ਗੁਜ਼ਾਰਿਆ ਇੱਕ ਦਿਨ ਪੋਥੀਆਂ ਪੜਨ ਵਿੱਚ ਗੁਜ਼ਾਰੇ ਹਜ਼ਾਰਾਂ ਦਿਨਾਂ ਨਾਲੋਂ ਕਿਤੇ ਬਿਹਤਰ ਹੈ।’

ਸੰਸਾਰ ਪੱਧਰ ਤੇ ਵਿਸ਼ਵ ਅਧਿਆਪਕ ਦਿਵਸ 5 ਅਕਤੂਬਰ 1994 ਤੋਂ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਯੂਨੈਸਕੋ ਅਤੇ ਅੰਤਰਰਾਸ਼ਟਰੀ ਕਿਰਤ ਸੰਗਠਨ ਵੱਲੋਂ ਸਾਲ 1966 ਵਿੱਚ ਕੀਤੀ ਗਈ ਇੱਕ ਸਾਂਝੀ ਇਕੱਤਰਾ (ਜਿਸ ਵਿੱਚ ਅਧਿਆਪਕਾਂ ਦੀ ਸਥਿਤੀ ਬਾਰੇ ਚਰਚਾ ਹੋਈ ਸੀ) ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਕੁੱਝ ਹੋਰਾਂ ਦੇਸ਼ਾਂ ਵਿੱਚ ਇਸ ਦਿਵਸ ਨੂੰ ਮਨਾਉਣ ਦੀਆਂ ਤਰੀਕਾਂ ਵੱਖੋ-ਵੱਖ ਹਨ। ਕੁੱਝ ਦੇਸ਼ਾਂ ਵਿੱਚ ਉਸ ਦਿਨ ਦੀ ਛੁੱਟੀ ਹੁੰਦੀ ਹੈ ਜਦੋਂ ਕਿ ਕੁੱਝ ਦੇਸ਼ ਇਸ ਦਿਨ ਨੂੰ ਕੰਮ-ਕਾਜ ਕਰਦੇ ਹੋਏ ਮਨਾਉਂਦੇ ਹਨ। ਭਾਰਤ ਵਿੱਚ ਇਹ ਦਿਵਸ 5 ਸਤੰਬਰ ਨੂੰ ਹਰ ਸਾਲ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ ਸੰਨ 1962 ਤੋਂ ਹੋਈ ਜਦੋਂ ਸਾਲ 1962 ਵਿੱਚ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਭਾਰਤ ਦੇਸ਼ ਦੇ ਰਾਸ਼ਟਰਪਤੀ ਬਣੇ ਤਾਂ ਉਹਨਾਂ ਦੇ ਕੁੱਝ ਵਿਦਿਆਰਥੀਆ ਅਤੇ ਦੋਸਤਾਂ ਨੇ ਸਾਂਝੇ ਤੌਰ ’ਤੇ 5 ਸਤੰਬਰ ਨੂੰ ਉਨਾਂ ਦਾ ਜਨਮ ਦਿਨ ਮਨਾਉਣ ਦੀ ਇੱਛਾ ਜ਼ਾਹਰ ਕੀਤੀ ਤਾਂ ਡਾ. ਸਾਹਿਬ ਨੇ ਵਿਚਾਰ ਦਿੱਤਾ ਕਿ ਕਿਉਂ ਨਾ ਇਹ ਦਿਨ ਅਧਿਆਪਕਾਂ ਨੂੰ ਸਮਰਪਤ ਕੀਤਾ ਜਾਵੇ। ਕਿਉਂਕਿ ਬਤੌਰ ਅਧਿਆਪਕ ਡਾ. ਸਾਹਿਬ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਸਨ ਅਤੇ ਇਸ ਤਰਾਂ ਕਰਕੇ ਉਨਾਂ ਆਪਣੇ ਅਧਿਆਪਨ ਦੇ ਖੇਤਰ ਪ੍ਰਤੀ ਅਥਾਹ ਪਿਆਰ ਪ੍ਰਗਟ ਕੀਤਾ। ਫਿਰ ਸੰਨ 1967 ਤੋਂ ਹਰ ਸਾਲ 5 ਸਤੰਬਰ ਨੂੰ ਭਾਰਤ ਵਿੱਚ ਇਹ ਦਿਨ ‘ਅਧਿਆਪਕ ਦਿਵਸ’ ਵਜੋਂ ਪ੍ਰਵਾਨ ਕੀਤਾ ਗਿਆ। ਇਸ ਦਿਨ ਅਧਿਆਪਨ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਅਧਿਆਪਕਾਂ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਜਾਂਦਾ ਹੈ।

ਜਨਮ ਤੋਂ ਬਾਅਦ ਬੱਚੇ ਦਾ ਪਹਿਲਾ ਸਕੂਲ ਉਸਦਾ ਘਰ ਅਤੇ ਫਿਰ ਅਧਿਆਪਕ ਦੇ ਤੌਰ ’ਤੇ ਮਾਤਾ/ਪਿਤਾ ਦਾ ਨਾਂ ਆਉਂਦਾ ਹੈ। ਜਿੱਥੋਂ ਉਸਦੀ ਜਿੰਦਗੀ ਦੀ ਪਹੀਆ ਰਿੜਨਾ ਸ਼ੁਰੂ ਹੁੰਦਾ ਹੈ, ਪਰ ਇਸ ਪਹੀਏ ਨੂੰ ਸਹੀ ਦਿਸ਼ਾ ਨਿਰਦੇਸ਼ ਦੇ ਕੇ, ਸਹੀ ਰਸਤੇ ’ਤੇ ਲਿਜਾਉਣ ਦੇ ਅਹਿਮ ਕਾਰਜ ਦੀ ਵੱਡੀ ਜਿੰਮੇਵਾਰੀ ਹੁੰਦੀ ਹੈ, ਸਕੂਲ ਵਿੱਚ ਦਾਖਲੇ ਤੋਂ ਬਾਅਦ ਬੱਚੇ ਦੇ ਅਧਿਆਪਕ ਦੀ। ਅਕਸਰ ਮਾਤਾ/ਪਿਤਾ ਵੱਲੋਂ ਬੱਚਿਆਂ ਦੇ ਆਧਿਆਪਕਾਂ ਨੂੰ ਇਹ ਕਹਿੰਦੇ ਸੁਣੀਦਾ ਹੈ ਕਿ ਤੁਸੀਂ ਜੇਕਰ ਕੁੱਝ ਕਹੋਗੇ ਤਾਂ ਬੱਚਾ ਬਹੁਤ ਜਲਦੀ ਮਨ ਜਾਵੇਗਾ। ਕਿਉਂਕਿ ਬੱਚੇ ਅਧਿਆਪਕ ਦੀ ਗੱਲ ਨੂੰ ਪਹਿਲ ਦਿੰਦੇ ਹਨ। ਚੰਗੀ ਗੱਲ ਵੀ ਹੈ।

ਇੱਕ ਚੰਗਾ ਅਧਿਆਪਕ ਹਮੇਸ਼ਾ ਆਪਣੇ ਵਿਦਿਆਰਥੀਆਂ ਵਿੱਚ ਹਰਮਨ ਪਿਆਰਾ ਬਣਿਆ ਰਹਿੰਦਾ ਹੈ। ਜੋ ਔਖੇ ਸੁਆਲਾਂ ਨੂੰ ਵੀ ਸੌਖੇ ਢੰਗ ਨਾਲ ਬੱਚਿਆਂ ਨੂੰ ਸਮਝਾਉਣ ਵਿੱਚ ਸਫਲ ਹੋ ਜਾਂਦਾ ਹੈ। ਇਸ ਦੇ ਨਾਲ ਹੀ ਹੁਸ਼ਿਆਰ ਬੱਚਿਆਂ ਨੂੰ ਸਮਝਾਉਣਾ/ ਪੜਾਉਣਾ ਭਾਵੇਂ ਕਿ ਸੌਖਾ ਕੰਮ ਹੁੰਦਾ ਹੈ, ਪਰ ਕਮਜ਼ੋਰ ਵਿਦਿਆਰਥੀਆਂ ਵੱਲ ਉਚੇਚਾ ਧਿਆਨ ਦੇ ਕੇ, ਪਿਆਰ, ਲਗਨ, ਮਿਹਨਤ ਨਾਲ ਉਨਾਂ ਨੂੰ ਵੀ ਕਾਬਿਲ ਵਿਦਿਆਰਥੀਆਂ ਦੀ ਕਤਾਰ ਵਿੱਚ ਖੜਾ ਕਰਨ ਵਾਲਾ ਅਧਿਆਪਕ ਸਹੀ ਮਾਇਨਿਆਂ ਵਿੱਚ ਆਪਣੇ ਕਿੱਤੇ ਨਾਲ ਇਨਸਾਫ ਕਰ ਪਾਉਂਦਾ ਹੈ। ਵਿਦਿਆਰਥੀਆਂ ਦੇ ਮਨਾਂ ਅੰਦਰ ਉਤਸ਼ਾਹ, ਆਤਮ ਵਿਸ਼ਵਾਸ਼, ਦਿਲਚਸਪੀ ਪੈਦਾ ਕਰਨ ਦੀਆਂ ਅਹਿਮ ਜਿੰਮੇਵਾਰੀਆਂ ਨਿਭਾਉਣਾ ਅਧਿਆਪਕ ਦੇ ਹਿੱਸੇ ਵਿੱਚ ਆਉਂਦਾ ਹੈ ਅਤੇ ਇਹੀ ਕਾਰਣ ਹੈ ਕਿ ਅਧਿਆਪਕ ਨੂੰ ਸਮਾਜ ਸਿਰਜਕ ਕਿਹਾ ਜਾਂਦਾ ਹੈ।

ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤਾ ਮਨੁੱਖ ਜਿੰਦਗੀ ਵਿਚਲੇ ਅਹਿਮ ਰਿਸ਼ਤਿਆਂ ਵਿੱਚੋਂ ਹੁੰਦਾ ਹੈ। ਹਰ ਅਧਿਆਪਕ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਮਨਾਂ ਅੰਦਰ ਵਿੱਦਿਆ ਪ੍ਰਤੀ ਚਾਨਣ ਪੈਦਾ ਕਰਨ ਦੇ ਨਾਲ ਨਾਲ ਨੈਤਿਕ ਗੁਣ ਪੈਦਾ ਕੀਤੇ ਜਾਣ। ਕਮਜ਼ੋਰ ਵਿਦਿਆਰਥੀਆਂ ਦੀ ਮਦਦ ਲਈ ਹਮੇਸ਼ਾ ਤਿਆਰ ਰਿਹਾ ਜਾਵੇ।

ਵਿਦਿਆਰਥੀਆਂ ਅੰਦਰ ਚੰਗੇ ਸਦਾਚਾਰਕ ਗੁਣ ਪੈਦਾ ਕਰਨ ਲਈ ਅਧਿਆਪਕ ਦਾ ਆਪਣਾ ਜੀਵਨ ਵਿਦਿਆਰਥੀ ਲਈ ਸੱਭ ਤੋਂ ਪਹਿਲਾ ਪ੍ਰੇਰਣਾ ਸਰੋਤ ਹੋਵੇ। ਇਸ ਦੇ ਨਾਲ ਹੀ ਅਧਿਆਪਕ ਦੁਨਿਆਵੀ ਵਿੱਦਿਆ ਦੇ ਨਾਲ ਨਾਲ ਬੱਚਿਆਂ ਨੂੰ ਕਾਦਰ ਅਤੇ ਕੁਦਰਤ ਦੀ ਭੂਮਿਕਾ ਬਾਰੇ ਵੀ ਜ਼ਰੂਰ ਦੱਸੇ ਭਾਵ ਵਿਦਿਆਰਥੀਆਂ ਨੂੰ ਪ੍ਰਮਾਤਮਾ ਨਾਲ ਜੋੜਨ ਦਾ ਵੀ ਜਤਨ ਕਰੇ। ਜਿਵੇਂ ਗੁਰਬਾਣੀ ਅੰਦਰ ਗੁਰੂ ਨਾਨਕ ਪਾਤਸ਼ਾਹ ਦਾ ਫ਼ੁਰਮਾਨ ਹੈ, ‘ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥ ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥’ ਭਾਵ: ਉਹ ਪਾਂਧਾ ਗੁਰਮੁਖਿ ਆਖਣਾ ਚਾਹੀਦਾ ਹੈ ਜੋ ਆਪਣੇ ਸ਼ਾਗਿਰਦਾਂ ਨੂੰ ਇਹ ਸਿੱਖਿਆ ਦਿੰਦਾ ਹੈ ਕਿ ਹੇ ਵਿਦਿਆਰਥੀਓ ਪ੍ਰਭੂ ਦਾ ਨਾਮ ਜਪੋ ਅਤੇ ਨਾਮ ਧਨ ਇਕੱਠਾ ਕਰੋ।

ਅਧਿਆਪਕ ਬੱਚੇ ਅੰਦਰ ਲੁਕੀ ਪ੍ਰਤਿਭਾ ਨੂੰ ਪਹਿਚਾਣ ਕੇ ਉਸਦੇ ਅੰਦਰ ਉਸ ਅੰਦਰ ਉਤਸ਼ਾਹ ਪੈਦਾ ਕਰ ਸਕਦੇ ਹਾ ਜਿਸ ਪ੍ਰਤੀ ਸ਼ਾਇਦ ਵਿਦਿਆਰਥੀ ਸੰਵੇਦਨਸ਼ੀਲ ਨਹੀਂ ਹੁੰਦਾ। ਮੈਨੂੰ ਯਾਦ ਹੈ ਕਿ ਕਾਲਜ ਵਿੱਚ ਪੜਦਿਆਂ ਮੇਰੇ ਸਤਿਕਾਰਯੋਗ ਅਧਿਆਪਕ ਅਤੇ ਪ੍ਰਿੰਸੀਪਲ ਸੁਰਿੰਦਰ ਸਿੰਘ ਜੀ ਨੇ ਮੇਰੀ ਪਹਿਲੀ ਲਿਖਤ ਨੂੰ ਬਹੁਤ ਸਲਾਹਿਆ ਸੀ ਅਤੇ ਜਦ ਮੈਂ ਪਹਿਲੀ ਵਾਰ ਸਟੇਜ ’ਤੇ ਜਾ ਕੇ ਬੋਲਿਆ ਤਾਂ ਉਸ ਵੇਲੇ ਵੀ ਉਨਾਂ ਮੈਨੂੰ ਬਹੁਤ ਉਤਸ਼ਾਹਤ ਕੀਤਾ ਕਿ ਅੱਜ ਜਿੱਥੇ ਮੈਂ ਬਤੌਰ ਲੇਖਕ ਆਪਣੀ ਪਹਿਚਾਣ ਬਨਾਉਣ ਵਿੱਚ ਸਫਲ ਹੋਇਆ ਹਾਂ ਉੱਥੇ ਐਂਕਰ ਵਜੋਂ ਮੈਂ ਟੀ.ਵੀ. ਚੈਨਲ ਅਤੇ ਰੇਡੀਉ ਲਈ ਕੰਮ ਕਰ ਰਿਹਾ ਹਾਂ। ਅਧਿਆਪਕ ਵੱਲੋਂ ਉਤਸ਼ਾਹਤ ਵਿਦਿਆਰਥੀ ਜਿੰਦਗੀ ਵਿੱਚ ਕਾਮਯਾਬ ਜ਼ਰੂਰ ਹੁੰਦਾ ਹੈ, ਬਸ਼ਰਤੇ ਉਹ ਆਪਣਾ ਕੰਮ ਮਿਹਨਤ ਅਤੇ ਲਗਨ ਨਾਲ ਕਰਦਾ ਰਹੇ।

ਮੌਜੂਦਾ ਦੌਰ ਵਿੱਚ ਸਾਡੇ ਵਿੱਦਿਅਕ ਢਾਂਚੇ ਵਿੱਚ ਵੱਡੇ ਬਦਲਾਅ ਆਏ ਹਨ। ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਵੀ ਕਿਤੇ ਨਾ ਕਿਤੇ ਟੁੱਟਦਾ ਨਜ਼ਰ ਆ ਰਿਹਾ ਹੈ ਅਤੇ ਕਈ ਤਰਾਂ ਦੀਆਂ ਖਾਮੀਆਂ ਸਾਹਮਣੇ ਆ ਰਹੀਆਂ ਹਨ। ਇਹ ਸੱਭ ਕੁੱਝ ਉਦੋਂ ਵਾਪਰਿਆ ਜਦੋਂ ਅਧਿਆਪਕਾਂ ਨੇ ਇਸ ਨੂੰ ਕਾਰੋਬਾਰੀ ਰੂਪ ਦੇ ਦਿੱਤਾ ਅਤੇ ਉਹ ਆਪਣੇ ਵਿਦਿਆਰਥੀ ਨੂੰ ਆਪਣੇ ਗ੍ਰਾਹਕ ਵਜੋਂ ਦੇਖਣ ਲੱਗ ਪਏ। ਗੁਰਬਾਣੀ ਅੰਦਰ ਇੱਕ ਥਾਈਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਬਚਨ ਹੈ ਕਿ, ‘ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ। ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥’ ਭਗਤ ਕਬੀਰ ਜੀ ਦਾ ਸ਼ਬਦ ‘ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥’ ਅਜੋਕੇ ਦੌਰ ਵਿੱਚ ਪੂਰੀ ਤਰਾਂ ਢੁਕਵੇਂ ਲੱਗਦੇ ਹਨ ਜਦੋਂ ਹਰ ਪਾਸੇ ਵਿਦਿਆ ਦਾ ਵਾਪਾਰ ਹੁੰਦਾ ਦਿੱਸਦਾ ਹੈ। ਸ਼ਾਇਦ ਇਹ ਵੀ ਇੱਕ ਕਾਰਨ ਹੈ ਕਿ ਵਿਦਿਆਰਥੀ ਮਨਾਂ ਅੰਦਰ ਅਧਿਆਪਕ ਪ੍ਰਤੀ ਸ਼ਰਧਾ, ਸਤਿਕਾਰ ਖ਼ਤਮ ਹੋ ਚੁੱਕਿਆ ਹੈ। ਜਦਕਿ ਵਿਦਿਆਰਥੀ ਵੀ ਆਪਣੀ ਜਿੰਮੇਵਾਰੀ ਤੋਂ ਭੱਜਦੇ ਨਜ਼ਰ ਆ ਰਹੇ ਹਨ ਕਿਉਂ ਜੁ ਉਹ ਆਪਣੀ ਨਿੱਜਤਾ ਨੂੰ ਅਧਿਆਪਕ ਉੱਪਰ ਠੋਸਣਾ ਚਾਹੁੰਦੇ ਹਨ ਆਪਣੀ ਮਰਜ਼ੀ ਕਰਨਾ ਚਾਹੁੰਦੇ ਹਨ ਬਿਲਕੁਲ ਉਸੇ ਤਰ੍ਹਾਂ ਜਿਸ ਤਰਾਂ ਬੱਚੇ ਘਰ ਵਿੱਚ ਆਪਣੇ ਮਾਤਾ ਪਿਤਾ ਨਾਲ ਕਰਦੇ ਹਨ।

ਜੋ ਵੀ ਹੋਵੇ ਅੱਜ ਲੋੜ ਹੈ ਕਿ ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਅਧਿਆਪਕ ਪ੍ਰਤੀ ਸਤਿਕਾਰ ਦੀ ਭਾਵਨਾ ਬਣੇ ਅਤੇ ਅਧਿਆਪਕ ਵੀ ਅਧਿਆਪਕ ਹੋਣ ਦਾ ਫਰਜ਼ ਨਿਭਾਉਣ ਨੂੰ ਤਰਜ਼ੀਹ ਦੇਣ ਤਾਂ ਕਿ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਮਜ਼ਬੂਤ ਰਿਸ਼ਤਾ ਬਣੇ ਅਤੇ ਵਿਦਿਆਰਥੀ ਜਿੰਦਗੀ ਵਿੱਚ ਕਾਮਯਾਬੀ ਹਾਸਲ ਕਰ ਸਕੇ। ਕਿਉਂਕਿ ਇਨਾਂ ਵਿਦਿਆਰਥੀਆਂ ਨੇ ਹੀ ਅੱਗੇ ਜਾ ਕੇ ਦੇਸ਼ ਦਾ ਭਵਿੱਖ ਬਣਨਾ ਹੁੰਦਾ ਹੈ ਅਤੇ ਦੇਸ਼ ਦੇ ਭਵਿੱਖ ਨੂੰ ਵਧੀਆ ਬਣਾਉਣ ਵਾਲੇ ਭਵਿੱਖ ਘਾੜੇ ਅਧਿਆਪਕ ਦੀ ਸੱਭ ਤੋਂ ਮਹੱਤਵਪੂਰਨ ਜਿੰਮੇਵਾਰੀ ਹੈ। ਇਸ ਲਈ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਸਤਿਕਾਰ ਦੀ ਭਾਵਨਾ ਅਤੇ ਆਪਣੇ ਫ਼ਰਜ਼ ਪ੍ਰਤੀ ਚੇਤੰਨਤਾ ਬੇਅੰਤ ਜ਼ਰੂਰੀ ਹੈ। ਉਸਦੇ ਨਾਲ ਹੀ ਮਾਪਿਆਂ ਨੂੰ ਵੀ ਅਧਿਆਪਕ ਪ੍ਰਤੀ ਆਪਣੀ ਡਿਊਟੀ ਸਹੀ ਢੰਗ ਨਾਲ ਸਮਝਣੀ ਚਾਹੀਦੀ ਹੈ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਅ.ਫਗਾਨਿਸਤਾਨ ਵਿਚ ਸੰਗੀਤ ਮੀਡੀਆ ਉਪਰ ਪਾਬੰਦੀ

## ਅ.ਫਗਾਨਿਸਤਾਨ ਦੇ ਐਂਕਰ ਸਾਹਰ ਨੇਸਾਰੀ ਅਨੁਸਾਰ ਪੱਤਰਕਾਰਾਂ ਨੂੰ ਕੰਮ ਤੋਂ ਰੋਕਿਆ ਤੇ ਕੁੱਟਿਆ ਅਤੇ ਪੱਤਰਕਾਰ ਔਰਤਾਂ ਉਪਰ ਪਾਬੰਦੀ

## ਤਾਲਿਬਾਨ ਨੇ 'ਸੰਗੀਤ ਅਤੇ ਔਰਤ ਦੀ ਆਵਾਜ਼' ਪ੍ਰਸਾਰਿਤ ਕਰਨ ਤੋਂ ਸਖ਼ਤੀ ਨਾਲ ਵਰਜਿਆ

**ਪ੍ਰੋਫੈਸਰ ਕੁਲਬੀਰ ਸਿੰਘ**

1996-2001 ਦੌਰਾਨ ਤਾਲਿਬਾਨ ਨੇ ਟੈਲੀਵਿਜ਼ਨ ਅਤੇ ਸੰਗੀਤ 'ਤੇ ਪਾਬੰਦੀ ਲਗਾ ਦਿੱਤੀ ਸੀ। ਹੁਣ ਵੀ ਹਾਲਾਤ ਅਜਿਹੇ ਹੀ ਬਣ ਰਹੇ ਹਨ। ਲੜਕੀਆਂ ਨੂੰ ਬਤੌਰ ਐਂਕਰ ਕੰਮ ਕਰਨ ਤੋਂ ਰੋਕਿਆ ਜਾ ਰਿਹਾ ਹੈ। ਰੇਡੀਓ, ਟੀ.ਵੀ. ਐਂਕਰ ਸ਼ਬਨਮ ਖਾਨ ਅਤੇ ਪੱਤਰਕਾਰ ਖਦੀਜਾ ਨੇ ਵੀਡੀਓ ਜਾਰੀ ਕਰਕੇ ਕਿਹਾ ਹੈ ਕਿ ਅਸੀਂ ਕੰਮ 'ਤੇ ਪਰਤਣਾ ਚਾਹੁੰਦੀਆਂ ਹਾਂ ਪ੍ਰੰਤੂ ਆਗਿਆ ਨਹੀਂ ਦਿੱਤੀ ਜਾ ਰਹੀ। ਸਰਕਾਰੀ ਟੈਲੀਵਿਜ਼ਨ 'ਤੇ ਨਵੇਂ ਡਾਇਰੈਕਟਰ ਦੀ ਨਿਯੁਕਤੀ ਕਰ ਦਿੱਤੀ ਗਈ ਹੈ। ਦੋਵਾਂ ਨੇ ਉਸ ਨਾਲ ਗੱਲ ਕੀਤੀ ਪ੍ਰੰਤੂ ਕੋਈ ਹੱਲ ਨਹੀਂ ਨਿਕਲਿਆ। ਤਾਲਿਬਾਨ ਦਾ ਕਹਿਣਾ ਹੈ ਕਿ ਇਸ ਸਬੰਧ ਵਿਚ ਜਲਦੀ ਹੀ ਕੋਈ ਫ਼ੈਸਲਾ ਲਿਆ ਜਾਵੇਗਾ।

ਬੀਤੇ 20 ਸਾਲਾਂ ਦੌਰਾਨ ਤੇਜ਼ੀ ਨਾਲ ਅਫ਼ਗਾਨਿਸਤਾਨ ਦਾ ਚਿਹਰਾ ਮੁਹਰਾ ਬਦਲਿਆ ਹੈ। ਅੱਜ ਉਥੇ 170 ਐਫ. ਐਮ. ਰੇਡੀਓ ਸਟੇਸ਼ਨ ਹਨ। ਸੈਂਕੜੇ ਅਖ਼ਬਾਰਾਂ ਹਨ ਅਤੇ ਦਰਜਨਾਂ ਟੀ.ਵੀ. ਨੈੱਟਵਰਕ ਹਨ। ਵੱਡੀ ਗਿਣਤੀ ਵਿਚ ਲੋਕ ਇੰਟਰਨੈੱਟ ਦੀ ਵਰਤੋਂ ਕਰਦੇ ਹਨ।

ਆਪਣੀ ਪਹਿਲੀ ਪ੍ਰੈੱਸ ਕਾਨਫ਼ਰੰਸ ਵਿਚ ਤਾਲਿਬਾਨ ਨੇ ਕਿਹਾ ਸੀ ਕਿ ਮੀਡੀਆ ਨੂੰ ਆਪਣਾ ਕੰਮ ਕਰਨ ਦਿੱਤਾ ਜਾਵੇਗਾ। ਉਧਰ ਰੇਡੀਓ ਟੈਲੀਵਿਜ਼ਨ ਅਫ਼ਗਾਨਿਸਤਾਨ ਦੇ ਐਂਕਰ ਸਾਹਰ ਨੇਸਾਰੀ ਨੇ ਕਿਹਾ ਕਿ ਤਾਲਿਬਾਨ ਆਜ਼ਾਦ ਪ੍ਰੈੱਸ ਦੀਆਂ ਗੱਲਾਂ ਕਰ ਰਿਹਾ ਹੈ ਪ੍ਰੰਤੂ ਅਸਲੀਅਤ ਇਸ ਤੋਂ ਵੱਖਰੀ ਹੈ। ਤਾਲਿਬਾਨ ਦੀ ਕਾਰਵਾਈ ਅਤੇ ਸ਼ਬਦਾਂ ਵਿਚਾਲੇ ਅੰਤਰ ਹੈ। ਪੱਤਰਕਾਰਾਂ ਨੂੰ ਕੰਮ ਤੋਂ ਰੋਕਿਆ ਜਾ ਰਿਹਾ ਹੈ, ਕੁੱਟਿਆ ਜਾ ਰਿਹਾ ਹੈ। ਔਰਤਾਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ।

ਸਾਹਰ ਨੇ ਪਸ਼ਤੋ ਭਾਸ਼ਾ ਵਿਚ ਇਹ ਗੱਲ ਫੇਸਬੁੱਕ ਪੋਸਟ ਵਿਚ ਕਹੀ ਹੈ। ਉਸ ਨੇ ਅੱਗੇ ਲਿਖਿਆ ਕਿ ਤਾਲਿਬਾਨ ਉਸ ਦਾ ਕੈਮਰਾ ਲੈ ਗਏ ਅਤੇ ਉਸ ਦੇ ਸਾਥੀਆਂ ਨੂੰ ਕੁੱਟਿਆ ਗਿਆ ਹੈ। ਜਦੋਂ ਕਿ ਉਹ ਕਾਬੁਲ ਵਿਚ ਇਕ ਸਟੋਰੀ ਦਾ ਫ਼ਿਲਮਾਂਕਣ ਕਰ ਰਹੇ ਸਨ। ਪੱਤਰਕਾਰਾਂ ਦੇ ਘਰਾਂ ਵਿਚ ਛਾਪੇ ਮਾਰੇ ਜਾ ਰਹੇ ਹਨ। ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਹੁਣ ਜਦੋਂ ਅਫ਼ਗਾਨਿਸਤਾਨ ਦੇ ਲੋਕਾਂ ਅਤੇ ਦੁਨੀਆ ਨੂੰ





ਸਹੀ ਖ਼ਬਰਾਂ, ਸਹੀ ਜਾਣਕਾਰੀ ਦੀ ਲੋੜ ਹੈ ਤਾਂ ਤਾਲਿਬਾਨ ਨੂੰ ਆਪਣੇ ਕਹੇ 'ਤੇ ਅਮਲ ਕਰਨਾ ਚਾਹੀਦਾ ਹੈ।

ਟੋਲੋ ਨਿਊਜ਼ ਨੈੱਟਵਰਕ ਨੇ ਇਕ ਤਾਲਿਬਾਨ ਨੇਤਾ ਦੀ ਇੰਟਰਵਿਊ ਪ੍ਰਸਾਰਿਤ ਕੀਤੀ ਹੈ। ਉਥੇ ਇਸਤਰੀ ਮੁਲਾਜ਼ਮ ਵੀ ਮੰਗ ਕਰ ਰਹੀਆਂ ਹਨ ਪ੍ਰੰਤੂ ਇਸ ਮੀਡੀਆ ਗਰੁੱਪ ਦੇ ਮੁਖੀ ਦਾ ਕਹਿਣਾ ਹੈ ਕਿ ਕੱਲ ਕੀ ਹੋਵੇਗਾ, ਕੁਝ ਨਹੀਂ ਕਿਹਾ ਜਾ ਸਕਦਾ।

**ਕੌਮਾਂਤਰੀ ਮਸਲਾ**

ਭਾਵੇਂ ਵਿਸ਼ਵ ਪੱਧਰ 'ਤੇ ਕੁਝ ਗਰੁੱਪ ਅਫ਼ਗਾਨਿਸਤਾਨ ਵਿਚ ਮੀਡੀਆ ਦੀ ਸੁਰੱਖਿਆ ਅਤੇ ਅਜ਼ਾਦਾਨਾ ਕੰਮਕਾਰ ਜਾਰੀ ਰੱਖਣ ਲਈ ਯਤਨਸ਼ੀਲ ਹਨ ਫਿਰ ਵੀ ਮੀਡੀਆ ਲਈ ਸੇਵਾਵਾਂ ਦੇ ਰਹੀਆਂ ਔਰਤਾਂ ਘਬਰਾਈਆਂ ਹੋਈਆਂ ਹਨ ਅਤੇ ਆਪਣੀ ਨੌਕਰੀ ਦੇ ਸਬੰਧ ਵਿਚ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ, ਕਿਉਂਕਿ ਉਨਾਂ ਨੇ 1996 ਤੋਂ 2001 ਦੇ ਸਮੇਂ ਬਾਰੇ ਪੜਿਆ, ਸੁਣਿਆ ਤੇ ਵੇਖਿਆ ਹੈ ਜਾਂ ਖੁਦ ਹੰਢਾਇਆ ਹੈ।

ਕਾਬੁਲ ਦੀ ਇਕ ਨਿਊਜ਼ ਏਜੰਸੀ ਨੇ ਦੱਸਿਆ ਕਿ ਉਸ ਦੀਆਂ 18 ਪੱਤਰਕਾਰ ਔਰਤਾਂ ਨੂੰ ਉਦੋਂ ਤੱਕ ਘਰੋਂ ਕੰਮ ਕਰਨ ਦੀ ਆਗਿਆ ਦਿੱਤੀ ਗਈ ਹੈ, ਜਦੋਂ ਤੱਕ ਮੀਡੀਆ ਸਬੰਧੀ ਕੋਈ ਫੈਸਲਾ ਨਹੀਂ ਹੋ ਜਾਂਦਾ। ਇਕ ਤਾਲਿਬਾਨ ਬੁਲਾਰੇ ਨੇ ਕਿਹਾ ਕਿ ਔਰਤ ਪੱਤਰਕਾਰਾਂ ਨੂੰ ਇਸਲਾਮ ਦੇ ਦਾਇਰੇ ਵਿਚ ਰਹਿ ਕੇ ਹੀ ਕੰਮ ਕਰਨਾ ਪਵੇਗਾ।

ਪੱਤਰਕਾਰ ਭਾਈਚਾਰਾ ਤਾਲਿਬਾਨ ਦੇ ਪਿਛਲੇ ੫ ਸਾਲਾ ਰਾਜ ਨੂੰ ਯਾਦ ਕਰਕੇ ਫ਼ਿਕਰਮੰਦ ਹੈ। ਉਦੋਂ ਕੇਵਲ ਇਕ ਰੇਡੀਓ ਦਾ ਹੀ ਪ੍ਰਸਾਰਨ ਜਾਰੀ ਸੀ ਜਿਹੜਾ ਸਿਰਫ਼ ਧਾਰਮਿਕ ਸਿਖਿਆਵਾਂ ਪ੍ਰਸਾਰਿਤ ਕਰਦਾ ਸੀ।

ਹੁਣ ਉਥੇ 170 ਰੇਡੀਓ ਚੈਨਲ ਚੱਲ ਰਹੇ ਹਨ। ਸੌ ਤੋਂ ਵੱਧ ਅਖ਼ਬਾਰਾਂ ਹਨ ਅਤੇ ਦਰਜਨਾਂ ਟੀ.ਵੀ. ਚੈਨਲ ਹਨ। ਉਨਾਂ ਦਾ ਆਉਣ ਵਾਲੇ ਦਿਨਾਂ ਵਿਚ ਕੀ ਬਣੇਗਾ, ਇਹ ਤਾਲਿਬਾਨ ਦੇ ਮੀਡੀਆ ਪ੍ਰਤੀ ਰੁਖ਼ 'ਤੇ ਨਿਰਭਰ ਕਰੇਗਾ।

ਜਦੋਂ ਤਾਲਿਬਾਨ ਹਥਿਆਰਾਂ ਸਮੇਤ ਕਿਸੇ ਰੇਡੀਓ, ਟੈਲੀਵਿਜ਼ਨ ਦੇ ਸਟੂਡੀਓ ਜਾਂ ਅਖ਼ਬਾਰਾਂ ਦੇ ਦਫ਼ਤਰ ਪਹੁੰਚ ਜਾਂਦੇ ਹਨ ਤਾਂ ਸਾਰੇ ਘਬਰਾ ਜਾਂਦੇ ਹਨ। ਬੀਤੇ ਦਿਨਾਂ ਦੌਰਾਨ ਅਜਿਹਾ ਕਈ ਥਾਈਂ, ਕਈ ਵਾਰ ਵਾਪਰ ਚੁੱਕਾ ਹੈ। ਆਪਣੇ ਪ੍ਰਚਾਰ ਲਈ, ਆਪਣੇ ਸ਼ਾਸਨ ਲਈ, ਆਪਣੀ ਗੱਲ ਦੁਨੀਆ ਤੱਕ ਪਹੁੰਚਾਉਣ ਲਈ ਤਾਲਿਬਾਨ ਟਵਿੱਟਰ ਦੇ ਅਨੇਕਾਂ ਅਕਾਊਂਟ ਵਰਤ ਰਿਹਾ ਹੈ। ਇਹ ਉਹੀ ਤਾਲਿਬਾਨ ਹੈ, ਜਿਸ ਨੇ 2001 ਵਿਚ ਇੰਟਰਨੈੱਟ 'ਤੇ ਪਾਬੰਦੀ ਲਾ ਦਿੱਤੀ ਸੀ।

ਰੇਡੀਓ, ਟੀ.ਵੀ. ਐਂਕਰ ਸ਼ਬਨਮ ਇਕ ਚਰਚਿਤ ਚਿਹਰਾ ਹੈ। ਉਸ ਨੂੰ ਘਰ ਭੇਜ ਕੇ ਉਸ ਦੀ ਜਗਾ ਇਕ ਤਾਲਿਬਾਨ ਨੂੰ ਰੱਖ ਲਿਆ ਗਿਆ ਹੈ। ਇਸ ਵਿਰੁੱਧ ਉਸ ਨੇ ਜਦ ਇਤਰਾਜ਼ ਕੀਤਾ ਤਾਂ ਕਿਹਾ ਗਿਆ, 'ਤੁਸੀਂ ਆਪਣਾ ਕੰਮ ਨਹੀਂ ਕਰ ਸਕਦੇ ਕਿਉਂਕਿ ਸਿਸਟਮ ਬਦਲ ਗਿਆ ਹੈ।'

ਅਫ਼ਗਾਨਿਸਤਾਨ ਦਾ ਮੀਡੀਆ ਬਦਲ ਰਿਹਾ ਸੀ ਅਤੇ ਇਹ ਬੀਤੇ 20 ਸਾਲਾਂ ਦੀਆਂ ਪ੍ਰਾਪਤੀਆਂ ਦੀ ਮੂੰਹ ਬੋਲਦੀ ਤਸਵੀਰ ਸੀ। ਪ੍ਰੰਤੂ ਹੁਣ ਮੁੜ ਸਭ ਕੁਝ ਬਦਲ ਗਿਆ ਹੈ। ਸਟੇਟ ਟੈਲੀਵਿਜ਼ਨ ਤਾਲਿਬਾਨ ਦਾ ਪ੍ਰਚਾਰ ਕਰ ਰਿਹਾ ਹੈ। ਨਿੱਜੀ ਟੈਲੀਵਿਜ਼ਨ ਚੈਨਲਾਂ ਨੇ ਸੰਗੀਤ ਅਤੇ ਮਨੋਰੰਜਨ ਪ੍ਰੋਗਰਾਮ ਬੰਦ ਕਰ ਦਿੱਤੇ ਹਨ। ਪੱਛਮੀ ਸ਼ੈਲੀ ਦੇ ਸ਼ੋਅ ਅਤੇ ਵਿਦੇਸ਼ੀ ਸ਼ੋਅ ਓਪੇਰੇ ਵੀ ਰੋਕ ਦਿੱਤੇ ਗਏ ਹਨ।

ਤਾਲਿਬਾਨ ਮੀਡੀਆ ਦੀ ਆਜ਼ਾਦੀ ਦੀ ਗੱਲ ਕਰ ਰਹੇ ਹਨ ਪ੍ਰੰਤੂ ਮੀਡੀਆ ਸਮੇਤ ਲੋਕਾਂ ਨੂੰ ਵੀ ਯਕੀਨ ਨਹੀਂ ਹੈ ਕਿ ਕੀ ਉਨਾਂ ਦੀ ਕਹਿਣੀ ਤੇ ਕਰਨੀ ਵਿਚ ਇਕਾਗਰਤਾ ਹੋਵੇਗੀ। ਕਾਬੁਲ ਤੋਂ ਚਲਦੇ ਦਰਜਨਾਂ ਰੇਡੀਓ ਸਟੇਸ਼ਨਾਂ, ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਨੂੰ ਜ਼ਬਰਦਸਤੀ ਬੰਦ ਕਰ ਦਿੱਤਾ ਗਿਆ ਹੈ। ਬਹੁਤ ਸਾਰੇ ਡਰ ਕਾਰਨ ਖੁਦ ਹੀ ਬੰਦ ਕਰ ਗਏ ਹਨ। ਉਨਾਂ ਦੇ ਪੱਤਰਕਾਰ ਘਰਾਂ ਵਿਚ ਬੈਠੇ ਹਨ ਜਾਂ ਅੰਡਰ ਗਰਾਊਂਡ ਹੋ ਗਏ ਹਨ।

ਕੁਝ ਮੀਡੀਆ ਅਦਾਰਿਆਂ ਕੋਲੋਂ ਜਬਰਦਸਤੀ ਤਾਲਿਬਾਨ ਦੀਆਂ ਸੂਚਨਾਵਾਂ ਪ੍ਰਸਾਰਿਤ ਕਰਵਾਈਆਂ ਜਾ ਰਹੀਆਂ ਹਨ। ਸੰਗੀਤ ਅਤੇ ਔਰਤ ਦੀ ਆਵਾਜ਼ ਪ੍ਰਸਾਰਿਤ ਕਰਨ ਤੋਂ ਸਖ਼ਤੀ ਨਾਲ ਵਰਜ ਦਿੱਤਾ ਗਿਆ ਹੈ। ਖ਼ਬਰ ਹੈ ਕਿ ਕਾਰੀ ਯੂਸਫ਼ ਅਹਿਮਦੀ ਨੂੰ ਮੀਡੀਆ ਹੈੱਡ ਨਿਯੁਕਤ ਕੀਤਾ ਗਿਆ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਕਿਸ ਉਦਮ ਤੇ ਰਾਜ ਮਿਲੈ

## ਮੂਲ ਰਚਨਾ: ਪੰਥ ਰਤਨ, ਗੁਰਮਤਿ ਮਾਰਤੰਡ, ਗਿਆਨੀ ਸੰਤ ਮਸਕੀਨ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਭਾਗ 4**

**ਸੰਪਾਦਤ**
**ਸਰਬਜੀਤ ਕੌਰ**

ਮਨ ਦੀ ਤ੍ਰਿਪਤੀ ਮਨੁੱਖ ਦੀ ਮੰਗ ਹੈ, ਅਤ੍ਰਿਪਤੀ ਪੀੜਾ ਦਿੰਦੀ ਹੈ ਰੱਜੇ ਹੋਏ ਮਨੁੱਖ ਨੂੰ ਰਾਜਾ ਆਖਦੇ ਹਨ। ਇਹ ਰਾਜਾਪਨ ਕਿਸ ਤਰਾਂ ਮਿਲੇ, ਇਹ ਟੋਲ ਹਰ ਮਨੁੱਖ ਦੀ ਹੈ। ਇਸੇ ਟੋਲ ਵਿਚ ਮਨੁੱਖ ਦਿਨ ਰਾਤ ਕਰਮ ਕਰਦਾ ਹੈ ਤੇ ਚੰਗਾ ਮਾੜਾ ਕਰਮ ਹੀ ਉਸ ਦੀ ਜ਼ਿੰਦਗੀ ਸੰਵਾਰਦਾ ਹੈ ਜਾਂ ਉਸ ਨੂੰ ਦੁੱਖਾਂ ਵਿੱਚ ਪਾਉਂਦਾ ਹੈ ।

ਮਨੁੱਖ ਦੀ ਲਾਲਸਾ ਪਿੰਡ ਦਾ ਚੌਧਰੀ ਬਣਨ ਨਾਲ ਜਦ ਪੂਰਤੀ ਨਾ ਹੋਈ ਤਾਂ ਸਰਪੰਚ ਬਣਨ ਦੀ ਕੋਸ਼ਿਸ਼ ਕੀਤੀ, ਜਦ ਇਸ ਨਾਲ ਵੀ ਗੱਲ ਨਾ ਬਣੀ ਤਾਂ ਐੱਮ.ਐੱਲ.ਏ ਬਣਿਆ ਪਰ ਜਦ ਇੱਥੇ ਵੀ ਚੈਨ ਨਾ ਮਿਲਿਆ ਤਾਂ ਐੱਮ. ਪੀ ਬਣਿਆ। ਫਿਰ ਮਨਿਸਟਰ ਬਣਿਆ ਪਰ ਆਹ ਤ੍ਰਿਪਤੀ ਤਾਂ ਜਿਉਂਦੀ ਤੀਉਂ ਹੈ ਤਾਂ ਪ੍ਰਧਾਨ ਮੰਤਰੀ ਬਣਿਆ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਤਾ ਚੱਲਿਆ ਕਿ ਪ੍ਰਾਪਤੀ ਕੁਝ ਵੀ ਨਹੀਂ।

ਰਾਜ ਸੱਤਾ ਉਹੀ ਹੈ ਜੋ ਮਨੁੱਖ ਨੂੰ ਪਵਿੱਤਰ ਪੁਨੀਤ ਬਣਾ ਦੇਵੇ ਤੇ ਇਹ ਕਿਸ ਤਰਾਂ ਮਿਲੇ:-

**ਕਿਸ ਉਦਮ ਤੇ ਰਾਜ ਮਿਲੈ**
**ਪ੍ਰਮੇਸਰ ਆਰਾਧੀਐ ਜਿਦੋ ਹੋਈਐ ਪਤਿਤ ਪੁਨੀਤਾ**
**(ਭਾਈ ਗੁਰਦਾਸ ਜੀ)**

ਜਿਸ ਰਾਜ-ਸੱਤਾ ਪਿੱਛੇ ਮਨੁੱਖ ਭਜਿਆ ਫਿਰਦਾ ਹੈ ਉਹ ਤਾਂ ਮਨੁੱਖ ਨੂੰ ਭ੍ਰਸ਼ਟ ਕਰ ਦਿੰਦੀ ਹੈ। ਦਰਅਸਲ ਕਮਜ਼ੋਰ ਮਨੁੱਖ ਹੀ ਸ਼ਰੀਫ ਹੈ। ਸੱਤਾ ਦੇ ਮਿਲਦੇ ਹੀ ਮਨੁੱਖ ਭ੍ਰਸ਼ਟ ਹੋ ਜਾਂਦਾ ਹੈ ਕਿਉਂਕਿ ਸੱਤਾ ਉਸ ਦੇ ਭ੍ਰਿਸ਼ਟਪੁਣੇ ਨੂੰ ਪ੍ਰਗਟ ਕਰਨ ਤੇ ਪੜਦਾ ਪਾਉਣ ਵਿੱਚ ਸਹਾਇਕ ਹੁੰਦੀ ਹੈ, ਇਸ ਵਾਸਤੇ ਆਪਣੇ ਭ੍ਰਿਸ਼ਟਪੁਣੇ ਨੂੰ ਪ੍ਰਗਟ ਕਰਨ ਤੇ ਉਸ ਉੱਤੇ ਪੜਦਾ ਪਿਆ ਰਵੇ, ਰਾਜ ਸੱਤਾ ਦੀ ਤਰਫ਼ ਮਨੁੱਖ ਦੌੜਦਾ ਹੈ। ਇਹ ਸੱਤਾ ਗੁੰਡਾ-ਗਰਦੀ ਸਵਾਰਥਪੂਰਤੀ ਦਾ ਕੇਂਦਰ ਬਣੀ ਹੋਈ ਹੈ ਸਵਾਰਥੀ ਮਨੁੱਖ ਦਾ ਇੱਥੇ ਬਹੁਤ ਸ਼ੋਰ ਸ਼ਰਾਬਾ ਹੈ, ਇਸ ਦੇ ਚਲਦੇ ਹੋਏ ਇੱਕ ਹੋਰ ਸੱਤਾ ਹੈ ਜਿਸ ਨੂੰ ਪਰਮ ਪਦ ਆਖਦੇ ਹਨ ਪਰਮ ਪਦ ਕਿਸ ਤਰਾਂ ਮਿਲੇ ਤਾਂ ਕਿ ਕਿਸੇ ਪਾਂਧੀ ਦੀ ਕੋਈ ਵੀ ਇੱਛਾ ਨਾ ਰਹੇ ਪਵਿੱਤਰ ਤੇ ਪੁਨੀਤ ਹੋ ਜਾਈਏ। ਪ੍ਰਮੇਸ਼ਵਰ ਦੀ ਆਰਾਧਨਾ ਹੀ ਪਰਮ ਪਦ ਦਿਲਾ ਸਕਦੀ ਹੈ ਸਿਮਰਨ ਨਾਲ ਜਿਉਂ ਜਿਉਂ ਸੁਰਤ ਉੱਚੀ ਹੁੰਦੀ ਹੈ ਤਿਉਂ ਤਿਉਂ ਦੈਵੀ ਗੁਣ ਅੰਦਰ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ, ਜਿਨਾਂ ਵਿਚੋਂ ਮਹਾਨ ਰਹੱਸ ਮਿਲਣ ਲੱਗ ਪੈਂਦਾ ਹੈ ਤੇ ਤੇ ਸਹਿਜੇ ਸਹਿਜੇ ਸੁਰਤ ਉਸ ਟਿਕਾਣੇ ਤੇ ਪੁੱਜ ਜਾਂਦੀ ਹੈ ਜਿਸ ਨੂੰ ਪਰਮ ਪਦ ਆਖਦੇ ਹਨ। ਅਕਾਲ ਪੁਰਖ ਨਾਲ ਮਿਲਾਪ ਉਸ ਵਿਅਕਤੀ ਨਾਲ ਹੀ ਹੁੰਦਾ ਹੈ ਜਿਸ ਨੇ ਉਸ ਨੂੰ ਜਾਨਣ ਦੀ ਕੋਸ਼ਿਸ਼ ਕੀਤੀ



ਹੁੰਦੀ ਹੈ, ਜਿਸ ਨੇ ਕਦੇ ਕੋਈ ਕੋਸ਼ਿਸ਼ ਹੀ ਨਹੀਂ ਕੀਤੀ ਉਹ ਅਕਾਲ ਪੁਰਖ ਦੀ ਪ੍ਰਾਪਤੀ ਕਿਵੇਂ ਕਰ ਸਕਦਾ ਹੈ।

ਸੱਤਾ ਦੀ ਪ੍ਰਾਪਤੀ ਵਿੱਚ ਲੱਗਿਆ ਹੋਇਆ ਮਨ ਕਦੇ ਵੀ ਅਕਾਲ ਪੁਰਖ ਨੂੰ ਪ੍ਰਾਪਤ ਨਹੀਂ ਕਰ ਸਕਦਾ, ਕਿਉਂਕਿ ਉਹ ਤਾਂ ਕੇਵਲ ਦੁਨਿਆਵੀ ਚੀਜ਼ਾਂ ਦੀ ਭਾਲ ਵਿੱਚ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਜੀਵਨ ਦੇ ਅੰਤਲੇ ਸਮੇਂ ਵਿੱਚ ਜੇਕਰ ਮਨੁੱਖ ਨੂੰ ਅਕਾਲ ਪੁਰਖ ਦੀ ਸਮਝ ਨਾ ਆਈ ਤਾਂ ਉਸ ਦਾ ਜੀਵਨ ਇਸ ਸੰਸਾਰੀ ਲੋਕ ਵਿੱਚ ਇੱਕ ਦਿਨ ਮਿੱਟੀ ਹੀ ਹੋ ਕੇ ਵੀ ਨਾਂਮ ਤੋਂ ਸੱਖਣਾ ਹੋ ਜਾਂਦਾ ਹੈ।ਗ਼ਰੀਬ ਤੇ ਅਮੀਰ ਹਰ ਇਕ ਇਨਸਾਨ ਦਾ ਧਰਤੀ ਤੇ ਆਉਣਾ ਅਤੇ ਇਸ ਧਰਤੀ ਤੋਂ ਜਾਣ ਦਾ ਇਕ ਹੀ ਰਸਤਾ ਹੈ। ਇਸ ਦੁਨਿਆਵੀ ਸ਼ਾਨੋ ਸ਼ੌਕਤ ਵਿਚ ਪੈ ਕੇ ਮਨੁੱਖ ਇਸ ਚੀਜ਼ ਨੂੰ ਭੁੱਲ ਜਾਂਦਾ ਹੈ ਕਿ ਉਹ ਇਕ ਦਿਨ ਇਸ ਦੁਨੀਆਂ ਤੋਂ ਚਲਿਆ ਜਾਵੇਗਾ। ਜੋ ਵੀ ਉਸ ਨੇ ਇੱਥੇ ਰਹਿ ਕੇ ਪ੍ਰਾਪਤ ਕੀਤਾ ਹੈ ਉਹ ਕੇਵਲ ਇੱਥੇ ਹੀ ਰਹਿ ਜਾਵੇਗਾ। ਮਨੁੱਖ ਦਾ ਬਾਹਰੀ ਦਿਖਾਵਾ ਉਸ ਨੂੰ ਹੰਕਾਰੀ ਬਣਾਉਂਦਾ ਹੈ, ਮਨ ਵਿੱਚ ਕਾਮ ਦੀ ਬਿਰਤੀ ਪੈਦਾ ਕਰਦਾ ਹੈ, ਆਪਣੇ ਲਾਭ ਲਈ ਉਹ ਦੂਜੇ ਮਨੁੱਖ ਨੂੰ ਕਸ਼ਟ ਦਿੰਦਾ ਰਹਿੰਦਾ ਹੈ। ਸੰਸਾਰੀ ਲੋਕ ਵਿੱਚ ਅਜਿਹੀ ਬਿਰਤੀ ਵਾਲੇ ਮਨੁੱਖ ਕਦੇ ਵੀ ਅਕਾਲ ਪੁਰਖ ਨੂੰ ਪ੍ਰਾਪਤ ਨਹੀਂ ਕਰ ਸਕਦੇ। ਉਨਾਂ ਦੇ ਮਨ ਵਿੱਚ ਕੇਵਲ ਤੇ ਕੇਵਲ ਇਹ ਹੀ ਚਲਦਾ ਹੈ ਕਿ ਅਜਿਹਾ ਕਿਹੜਾ ਕੰਮ ਕੀਤਾ ਜਾਵੇ ਜਿਸ ਨਾਲ ਉਸ ਨੂੰ ਰਾਜ ਦੀ ਪ੍ਰਾਪਤੀ ਹੋ ਸਕੇ ਅਤੇ ਉਹ ਆਪਣਾ ਜੀਵਨ ਅਨੰਦਮਈ ਬਤੀਤ ਕਰ ਸਕੇ। ਸਭ ਕੁਛ ਪਾਉਣ ਤੋਂ ਬਾਅਦ ਵੀ ਮਨੁੱਖ ਜੇਕਰ ਤ੍ਰਿਪਤ ਨਹੀਂ ਹੁੰਦਾ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਤ੍ਰਿਪਤੀ ਦਾ ਕੇਵਲ ਇਕ ਹੀ ਸਾਧਨ ਹੈ ਉਹ ਹੈ ਅਕਾਲ ਪੁਰਖ ਦਾ ਨਾਮ, ਜੋ ਸਾਨੂੰ ਸਭ ਨੂੰ ਸਬਰ, ਸਿਦਕ ਤੇ ਜਿਊਣ ਦਾ ਢੰਗ ਦੱਸਦਾ ਹੈ।

# 'ਏਦਾਂ ਨਹੀਂ ਮਿਟਣੀ ਹਸਤੀ ਸਾਡੀ ਸੰਸਾਰ ਵਿੱਚੋਂ, ਖਾਲਸਾ ਪ੍ਰਗਟ ਹੋਇਆ ਖੰਡੇ ਦੀ ਧਾਰ ਵਿੱਚੋਂ'

**ਅਰਪਿੰਦਰ ਬਿੱਟੂ**
**੦੦੪੯੧੭੭੫੩੦੪੧੪੧**

1469 ਤੋਂ ਲੈ ਕੇ ਹੁਣ ਤੱਕ 550 ਸਾਲ ਹੋਣ ਲੱਗੇ ਹਨ ਸਿੱਖ ਇਤਿਹਾਸ ਨੂੰ, ਜੋ ਸੁਨਹਿਰੀ ਵਰਕੇ ਸਿੱਖ ਤੋਂ ਸਿੰਘ ਅਥਵਾ ਖ਼ਾਲਸਾ ਬਣੇ ਲੋਕਾਂ ਨੇ ਸਾਢੇ ਪੰਜ ਸੌ ਸਾਲਾਂ ਵਿਚ ਲਿਖੇ ਤੇ ਲਿਖ ਰਹੇ ਹਨ ਉਹ ਸੰਸਾਰ ਦੇ ਸੱਚ ਨੂੰ ਸਮਰਪਿਤ ਲੋਕਾਂ ਦੇ ਸਨਮੁਖ ਹਨ। ਸਾਰੇ ਸਿੱਖ ਪੰਥ ਦੇ ਤੇ ਦੇਸ਼ ਵਿਦੇਸ਼ ਵਿਚਲੇ ਵਿਦਵਾਨ ਇਹ ਮੰਨਦੇ ਹਨ ਕਿ ਇਸ ਦਾ ਮੂਲ ਕਾਰਨ ਸਤਿਗੁਰਾਂ ਦੀ ਬਾਣੀ ਤੇ ਅਥਾਹ ਨਿਸ਼ਚਾ ਭਾਵ ਸ਼ਰਧਾ ਤੇ ਪੂਰਵਜਾਂ ਵੱਲੋਂ ਰਚਿਆ ਇਤਿਹਾਸ ਹੈ ਜੋ ਪੜ ਪੜ ਕੇ ਇਨਾਂ ਨੂੰ ਜਲਾਲ ਚੜਦਾ ਹੈ। ਕੱਲ ਦੀਆਂ ਗੱਲਾਂ ਹਨ ਸਿੰਘਾਂ 84 ਵਿੱਚ ਸੱਚ ਕਰ ਵਿਖਾਇਆ ਕਿ ਚਮਕੌਰ ਦੀ ਜੰਗ ਲੜਨ ਦੀ ਤਾਕਤ ਅਜੇ ਵੀ ਪੂਰੇ ਜੋਬਨ 'ਤੇ ਹੈ। ਦੋ ਤਿੰਨ ਦਹਾਕੇ ਪਹਿਲਾਂ ਸਿੱਖ ਬੀਬੀਆਂ ਤੇ ਸਿੰਘਾਂ ਬੰਦ ਬੰਦ ਕਟਾਉਣ ਜਿਹੇ ਜੁਲਮ ਸਹੇ ਹਨ। ਕਥਾ ਲੰਮੀ ਹੋ



ਜਾਣੀ। ਮੁੱਕਦੀ ਗੱਲ ਕੁਝ ਲੱਕੜ ਦਿਮਾਗ ਬੰਦੇ ਸ਼ਰਧਾ ਵਿਚ ਦੁਬਿਧਾ ਪਾਉਣ ਲਈ ਪੱਬਾਂ ਭਾਰ ਹਨ। ਆਪਣੇ ਪੱਲੇ ਟਕੇ ਦਾ ਸਿੱਖੀ ਵਾਲਾ ਕਰੰਟ ਨਹੀਂ ਨਿਕਲੇ ਲੋਕਾਈ ਨੂੰ ਜਗਾਉਣ। ਫਿਰ ਲੀੜੇ ਲਿਬੇੜ ਬਹਿੰਦੇ, ਸਾਰੇ ਲਾਹਨਤੀ ਗਰਭ ਦੀ ਪੈਦਾਇਸ਼ ਹਨ, ਕੋਈ ਇੱਕ ਕਾਰਨਾਮਾ ਹੀ ਦੱਸ ਦੇਣ ਜੋ ਕੀਤਾ ਹੋਵੇ ਤੇ ਗੱਲਾਂ ਬਾਬੇ ਦੀਪ ਸਿੰਘ, ਬਾਬੇ ਗੁਰਬਖਸ਼ ਸਿੰਘ ਦੇ ਪੈਰੋਕਾਰਾਂ ਦੀਆਂ ਕਰਦੇ ਹਨ, ਕੋਈ ਇਕ ਦੋ ਪੰਜ ਬੰਦੇ ਮਾੜੇ ਪਰ ਇਹ ਵਰਾਂਦ ਸਾਰਾ ਇਤਿਹਾਸ ਰੱਦ ਕਰਨ 'ਤੇ ਤੁਲੀ ਹੋਈ ਏ। ਆਪਣੀ ਨਸਲ ਜਾਂ ਆਪਣੇ ਕਬੀਲੇ ਦਾ ਇਕ ਲਾਹਨਤੀ ਦੱਸ ਦਓ ਜਿੰਨੇ ਚੀਚੀ ਨੂੰ ਲਹੂ ਲਵਾਇਆ ਹੋਵੇ। ਗੱਲਾਂ ਬਾਬੇ ਤੀਰ ਵਾਲੇ ਦੀਆਂ ਤੇ ਮਾਰਨੀਆਂ ਮੋਕਾਂ।

ਇਨਾਂ ਦੇ ਸ਼ਰਧਾਲੂਆਂ ਲਈ ਸਿਰਫ ਏਨਾਂ ਹੀ :-

ਤੇਰੀ ਨੇਕੀ ਦੇ ਲਿਬਾਸ ਨੇ ਹੀ ਤੇਰੇ ਤਨ ਨੂੰ ਢੱਕਣਾ ਹੈ ਬੰਦਿਆ,

ਸੁਣਿਆ ਹੈ ਕੇ ਉੱਪਰ ਵਾਲੇ ਦੇ ਘਰ ਕੱਪੜੇ ਦੀ ਦੁਕਾਨ ਨਹੀਂ ਹੁੰਦੀ।

## 'ਖਾਮੋਸ਼ ਫ਼ਿਜ਼ਾ'

ਖਾਮੋਸ਼ ਫ਼ਿਜ਼ਾ
ਬਹੁਤ ਕੁਝ ਬਿਆਨ ਕਰਦੀ,
ਬਿਨਾਂ ਅਲਫ਼ਾਜ਼ਾਂ ਤੋਂ
ਦਰਦ ਬਿਆਨ ਕਰ ਜਾਂਦੀ ,
ਕਿਸੇ ਦਾ ਧੋਖਾ,
ਕਿਸੇ ਦੀ ਚਲਾਕੀ,
ਕਿਸੇ ਦੀ ਮੁਹੱਬਤ ਤੇ
ਕਿਸੇ ਦੀ ਯਾਦ
ਸਾਹਮਣੇ ਲਿਆ ਛੱਡਦੀ ,
ਰੁਆਉਂਦੀ, ਤੜਫਾਉਂਦੀ ਹੈ
ਖਾਮੋਸ਼ ਫ਼ਿਜ਼ਾ।
ਜਦੋਂ ਇਹ ਛਾ ਜਾਂਦੀ
ਤਾਂ ਖਾਮੋਸ਼ੀ ਦੇ ਆਗੋਸ਼ ਵਿੱਚ
ਪਾ ਦਿੰਦੀ,
ਬੀਤੇ ਦੀਆਂ ਦਰਦ ਭਰੀਆਂ
ਵਿਚਲਿਤ ਕਰ ਦੇਣ ਵਾਲੀਆਂ,
ਚੰਗੀਆਂ ਤੇ ਕੌੜੀਆਂ ਯਾਦਾਂ
ਆਪਣੀ ਖਾਮੋਸ਼ੀ ਤੋੜ,
ਅੱਖਾਂ ਸਾਹਮਣੇ ਆ ਜਾਂਦੀਆਂ,
ਮਨ ਫਿਰ ਖ਼ਾਮੋਸ਼ ਹੋ ਜਾਂਦਾ,
ਕਿਉਂਕਿ ਫ਼ਿਜ਼ਾ ਵਿੱਚ
ਖਾਮੋਸ਼ੀ ਛਾਈ ਹੋਈ ਹੈ,
ਫਿਜ਼ਾ ਖ਼ਾਮੋਸ਼ ਹੈ,
ਮਨ ਖਾਮੋਸ਼ ਹੈ।'

- ਮਾਸਟਰ ਸੰਜੀਵ ਧਰਮਾਣੀ
੯੪੭੮੫੬੧੩੫੬



## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ’ਤੇ ਵਿਸ਼ੇਸ਼

# ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥



**ਡਾ. ਗੁਰਵਿੰਦਰ ਸਿੰਘ**
**੬੦੪ ੮੨੫ ੧੫੫੦**

ਆਦਿ ਗੁਰੂ ਗ੍ਰੰਥ ਸਾਹਿਬ ਵਿਸ਼ਵ ਦੇ ਧਾਰਮਿਕ ਤੇ ਅਧਿਆਤਮਕ ਸਾਹਿਤ ਦਾ ਅਜਿਹਾ ਮਹਾਨ ਕੋਸ਼ ਹੈ, ਜਿਸ ਵਿੱਚ ਆਤਮਿਕ ਗਿਆਨ, ਅਧਿਆਤਮਕ ਵੀਚਾਰ ਅਤੇ ਪ੍ਰੇਮ-ਭਗਤੀ ਦੀ ਸਾਂਝੀ ਧੁਨ ਜੀਵਨ ਲਈ ਕਲਿਆਣਕਾਰੀ ਸੱਚ ਦਾ ਸੰਦੇਸ਼ ਦਿੰਦੀ ਹੈ। ਸੰਪੂਰਨ ਮਨੁੱਖੀ ਭਾਈਚਾਰੇ ਲਈ ਚਾਨਣ-ਮੁਨਾਰਾ ਬਣ ਕੇ ਵਲਗਣਾਂ, ਵਖਰੇਵਿਆਂ ਤੇ ਵਿਤਕਰਿਆਂ ਦੇ ਚੱਕਰਵਿਊ ਤੋਂ ਨਿਜਾਤ ਦੁਆ ਕੇ, ਆਦਿ ਗੁਰੂ ਗ੍ਰੰਥ ਸਾਹਿਬ ਸਦਾਚਾਰਦੇ ਸੁਮਾਰਗ ਰਾਹੀਂ ਅਧਿਆਤਮਿਕ ਮੰਜ਼ਿਲ ’ਤੇ ਪਹੁੰਚਾਉਂਦੇ ਹਨ। ਇਹ ਧਰਮ ਗ੍ਰੰਥ ਪੰਜ ਸੌ ਵਰਿਆਂ ਦਾ ਅਜਿਹਾ ਦਰਪਣ ਹੈ, ਜਿਸ ਵਿਚੋਂ ਮੱਧਕਾਲੀ ਸਮਾਜ ਦੀ ਇਤਿਹਾਸਕ, ਸਭਿਆਚਾਰਕ ਤੇ ਧਾਰਮਿਕ ਰੂਪ ਰੇਖਾ ਪ੍ਰਤੀਬਿੰਬਤ ਹੁੰਦੀ ਹੈ। ਵਿਸ਼ਵ ਸਾਹਿਤ ਪੱਖੋਂ ਵਿੱਚ ਗੁਰੂ ਗ੍ਰੰਥ ਸਾਹਿਬ ਅਜਿਹੀ ਅਦੁੱਤੀ ਤੇ ਅਮਰ ਰਚਨਾ ਹੈ, ਜਿਸ ਵਿੱਚ ‘ਸਤਿ ਚਿਤੁ ਆਨੰਦ’ ਦਾ ਮਹਾਨ ਸੰਕਲਪ ਦ੍ਰਿਸ਼ਟੀਗੋਚਰ ਹੁੰਦਾ ਹੈ।

ਮੱਧ-ਯੁਗ ਦੇ ਸਾਹਿਤ ਅਤੇ ਧਰਮ ਖੇਤਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਪ੍ਰਕਿਰਿਆ ਜੁਗਾਂਤਰਕਰੀ ਵਰਤਾਰਾ ਹੈ। ਜਿਥੇ ਇਸ ਨਾਲ ਸਾਹਿਤ ਜਗਤ ਵਿੱਚ ਗ੍ਰੰਥ ਸੰਪਾਦਨ ਕਲਾ ਦਾ ਆਰੰਭ ਹੁੰਦਾ ਹੈ, ਉਥੇ ਮਹਾਂ-ਗਿਆਨ ਦੇ ਵਿਸ਼ਾਲ ਖਜ਼ਾਨੇ ਨੂੰ ਕਿਸੇ ਕਿਸਮ ਦੇ ਰਲਾਅ ਤੋਂ ਸਦੀਵੀ ਤੌਰ ’ਤੇ ਸੁਰੱਖਿਅਤ ਕਰਕੇ, ਭਵਿੱਖ ਲਈ ਅਨਮੋਲ ਸਮੱਗਰੀ ਹੂ-ਬ-ਹੂ ਬਰਕਰਾਰ ਰੱਖਣ ਦੀ ਪਿਰਤ ਪੈਂਦੀ ਹੈ। ਸੰਸਾਰ ਸਾਹਿਤ ਵਿੱਚ ਧਰਮ-ਗ੍ਰੰਥ ਦੀ ਪਰੰਪਰਾ ਨਾਲੋਂ ਨਿਰਾਲੀ ਮਿਸਾਲ ਕਾਇਮ ਕਰਦੇ ਹੋਏ ਗੁਰੂ ਅਰਜਨ ਸਾਹਿਬ ਨੇ ਬਾਣੀ ਇਕੱਤਰ ਅਤੇ ਸੰਕਲਨ ਕਰਨ ਦਾ ਕਾਰਜ 1588 ਈ. ਤੋਂ ਲੈ ਕੇ 1603 ਈ. ਤੱਕ ਤਕਰੀਬਨ 15 ਸਾਲ ਦੀ ਘਾਲਣਾ ਕਰਕੇ ਸੰਪੂਰਨ ਕਰਵਾਇਆ। ਤਦ ਭਾਈ ਗੁਰਦਾਸ ਜੀ ਤੋਂ ਇਕ ਸਾਲ ਨੌਂ ਮਹੀਨੇ ਵਿੱਚ ਸਮੁੱਚੀ ਬਾਣੀ ਲਿਖਵਾ ਕੇ ਸੰਨ 1604 ਈ. ਨੂੰ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਸੱਚਖੰਡ ਦਰਬਾਰ ਸਾਹਿਬ ਵਿੱਚ ਕਰਵਾਇਆ ਗਿਆ । ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੇ ਸਥਾਨ ’ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰਦੇ ਹੋਏ, 1685 ਈ. ਵਿੱਚ ਆਦਿ ਗ੍ਰੰਥ ਸਾਹਿਬ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ ਅਤੇ ਅੰਤਮ ਸਮੇਂ 7 ਅਕਤੂਬਰ 1708 ਈ. ਨੂੰ ਸੱਚਖੰਡ ਹਜ਼ੂਰ ਸਾਹਿਬ ਵਿਖੇ ਬੀੜ ਸਾਹਿਬ ਨੂੰ ਗੁਰਗੱਦੀ ਦਿੰਦੇ ਹੋਏ ‘ਗੁਰੂ’ ਗ੍ਰੰਥ ਸਾਹਿਬ ਦਾ ਦਰਜਾ ਦਿੱਤਾ।

ਆਦਿ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਤੇ ਉਪਦੇਸ਼ ਸਰਬ-ਕਾਲੀ , ਸਰਬ-ਵਿਆਪਕ ਤੇ ਸਰਬ-ਸਾਂਝਾ ਹੈ। ਇਸ ਵਿਚਲੀ ਵਿਚਾਰਧਾਰਾ ਸਮੂਹ ਜਗਤ ਕਲਿਆਣ ਲਈ ਅਧਿਆਤਮਕ ਚਿੰਤਨ ਹੈ। ਸਮੁੱਚੇ ਸੰਸਾਰ ਲਈ ਭਾਵਾਤਮਕ ਸਾਂਝ ਦਾ ਸੁਨੇਹਾ ਦਿੰਦਾ ਇਹ ਪਹਿਲਾ ਧਰਮ ਗ੍ਰੰਥ ਹੈ, ਜਿਸ ਵਿੱਚ 12ਵੀਂ ਤੋਂ 17ਵੀਂ ਸਦੀ ਤੱਕ ਦੇ 36 ਮਹਾਂ- ਪੁਰਖਾਂ ਦੇ ਰੂਹਾਨੀ ਤੱਤ ਗਿਆਨ ਦਾ ਨਿਚੋੜ ਦੇਸ਼, ਕਾਲ ਤੇ ਸਮੇਂ ਦੀਆਂ ਹੱਦਾਂ ਖਤਮ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਹਰ ਮਹਾਂ-ਪੁਰਖ ਦਾ ਅੰਦਾਜ਼ ਚਾਹੇ ਨਿਵੇਕਲਾ ਹੈ, ਪਰ ਸਭ ਦਾ ਸੰਦੇਸ਼ ਸਾਂਝਾ ਹੈ, ਜੋ ਕਿ ਜਾਤ-ਪਾਤ, ਰੰਗ-ਨਸਲ ਤੋਂ ਉਚੇ ਉੱਠ ਕੇ, ਪ੍ਰਭੂ-ਪ੍ਰੇਮ ਵਿੱਚ ਲੀਨ ਹੋ ਕੇ, ਉਚੀ ਆਤਮਕ-ਅਵਸਥਾ ਵਿੱਚ ਬਿਰਾਜਣ ਦਾ ਹੈ। ਇਸ ਵਿਚਲੇ ਕੁੱਲ 5894 ਸ਼ਬਦਾਂ ਵਿਚੋਂ 4956 ਗੁਰੂਆਂ ਦੇ ਅਤੇ 938 ਭਗਤਾਂ ਦੇ ਸ਼ਬਦ ਹਨ। ਸਮੁੱਚੀ ਬਾਣੀ ਦੀ ਇਕਸੁਰਤਾ ਅਜਿਹੀ ਹੈ ਕਿ ਪੜਨ ਵਾਲਾ ਜਗਿਆਸੂ ਸੁੱਤੇ-ਸਿੱਧ ਗੁਰੂ ਬਾਣੀ ਤੋਂ ਭਗਤ ਬਾਣੀ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ਤੇ ਭਗਤ ਬਾਣੀ ਤੋਂ ਗੁਰੂ ਬਾਣੀ ਵਿੱਚ । ਗੁਰੂ ਗ੍ਰੰਥ ਸਾਹਿਬ ਅਜਿਹਾ ਬਹੁ- ਪਸਾਰੀ ਸੰਕਲਨ ਹੈ, ਜਿਸ ਵਿੱਚ ਅਕਾਲ ਪੁਰਖ, ਜਗਤ, ਮਾਨਵ, ਧਰਮ, ਦਰਸ਼ਨ, ਆਤਮਾ, ਅਨੁਭਵ, ਨੈਤਿਕ ਗੁਣ, ਸਤ, ਆਚਾਰ ਨੀਤੀ, ਸਮਾਜ ਆਦਿ ਅਨੇਕਾਂ ਸੂਖਮ ਤੇ ਸਥੂਲ, ਆਦਰਸ਼ਕ ਤੇ ਵਾਸਤਵਿਕ, ਅਧਿਆਤਮਕ ਅਤੇ ਸਮਾਜਿਕ ਵਿਸ਼ਿਆਂ ਉੱਪਰ ਵਿਸਤਾਰ- ਪੂਰਵਕ ਵਿਚਾਰ ਹੋਇਆ ਹੈ।

ਗੁਰਬਾਣੀ ਦੇ ਸੱਚ ਵਿੱਚ ਪਖੰਡ ਦੀ ਥਾਂ ਸੱਚੀ- ਸੁੱਚੀ ਭਗਤੀ, ਹਰਾਮ ਦੀ ਥਾਂ ਹਲਾਲ ਦੀ ਕਮਾਈ, ਅਨਿਆਂ ਦੀ ਥਾਂ ਨਿਆਂ ਅਤੇ ਨਫ਼ਰਤ ਦੀ ਥਾਂ ਪ੍ਰੇਮ ਦਾ ਸੁਨੇਹਾ ਦੇ ਕੇ ਸਮਾਜ ਦੀ ਪੁਨਰ-ਸਿਰਜਣਾ ਕੀਤੀ ਗਈ ਹੈ। ਸਮਕਾਲੀ ਸੰਪਰਦਾਵਾਂ ਨੂੰ ਅਡੰਬਰ. ਪਖੰਡ ਤੇ ਕੱਟੜਪੁਣੇ ਤੋਂ ਮੁਕਤ ਕਰਕੇ, ਸੱਚੇ ਧਰਮ ਦੇ ਕੇਂਦਰ-ਬਿੰਦੂ ਨਾਲ ਜੋੜਨ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਇਨਾਂ ਨੂੰ ਨਵੀਨ ਅਤੇ ਬਿਬੇਕਮਈ ਢੰਗ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ :

**(ੳ) ਮੁਸਲਮਾਣੁ ਮੋਮ ਦਿਲਿ ਹੋਵੈ॥**
**ਅੰਤਰ ਕੀ ਮਲੁ ਦਿਲ ਤੇ ਧੋਵੈ॥**
**(ਮਾਰੂ ਮਹੱਲਾ ੫, ਪੰਨਾ ੧੦੮੪)**

**(ਅ) ਸੋ ਪੰਡਤ ਜੋ ਮਨੁ ਪਰਬੋਧੈ॥**
**ਰਾਮ ਨਾਮੁ ਆਤਮ ਮਹਿ ਸੋਧੈ॥**
**(ਸੁਖਮਨੀ ਸਾਹਿਬ , ਅਸਟਪਦੀ ੯)**

ਗੁਰਬਾਣੀ ਖ਼ਾਸ ਵਰਗ ਦੀ ਥਾਂ ਜਨ-ਸਾਧਾਰਨ ਨੂੰ ਸੰਬੋਧਤ ਹੈ। ਗੁਰਬਾਣੀ ਦਾ ਮੁੱਖ ਮੰਤਵ ਉੱਚੇ ਸੁੱਚੇ ਸਿਧਾਂਤ ਨੂੰ ਸਰਲ ਢੰਗ ਨਾਲ ਬਿਆਨ ਕਰਕੇ ਲੋਕ-ਸਮੂਹ ਤੱਕ ਪਹੁੰਚਾਉਣਾ ਹੈ। ਗੁਰਬਾਣੀ ਵਿੱਚ ਲੋਕ-ਧਰਮ ਅਤੇ ਲੋਕ-ਗਾਥਾਵਾਂ ਦਾ ਵਰਨਣ ਖੰਡਨਾਤਮਕ ਤੇ ਮੰਡਨਾਤਮਕ, ਦੋਹਾਂ ਵਿਧੀਆਂ ਰਾਂਹੀ ਹੋਇਆ ਹੈ। ਚਾਰ- ਵਰਣ, ਚਾਰ-ਆਸ਼ਰਮ, ਹੋਮ-ਜੱਗ, ਤੀਰਥ-ਗਮਨ, ਸੂਤਕ-ਪਾਤਕ , ਜਾਤ-ਪਾਤ, ਊਚ-ਨੀਚ ਆਦਿਕ ਕਰਮ-ਕਾਂਡ ਪ੍ਰਤੀ ਖੰਡਨਾਤਮਕ ਦ੍ਰਿਸ਼ਟੀਕੋਣ ਅਪਣਾਇਆ ਗਿਆ ਹੈ। ਗੁਰਮਤਿ ਦਾ ਮਾਰਗ ਪ੍ਰਵਿਰਤੀ ਮੂਲਕ ਨਵਿਰਤੀ ਅਤੇ ਪ੍ਰੇਮਾ-ਭਗਤੀ ਦਾ ਸਹਿਜ ਤੇ ਸੁਖੈਨ ਮਾਰਗ ਹੈ। ਗੁਰਬਾਣੀ ਦੀ ਕਲਾ ਸਹਿਜ ਅਵਸਥਾ ਵਿਚੋਂ ਹੀ ਉਪਜੀ ਹੈ ਤੇ ਸਹਿਜ ਦਾ ਹੀ ਪ੍ਰਚਾਰ ਕਰਦੀ ਹੈ। ਡਾ. ਤਾਰਨ ਸਿੰਘ ਅਨੁਸਾਰ ਸਹਿਜ ਅਜਿਹੀ ਜੀਵਨ-ਜਾਚ ਹੈ ਜੋ ਪਹਿਲਾਂ ਸ਼ਖਸੀਅਤ ਵਿੱਚ ਆਉਂਦੀ ਹੈ ਫਿਰ ਕਥਨੀ ਤੇ ਕਰਨੀ ਵਿੱਚ। ਅਦਵੈਤਵਾਦੀ ਤੇ ਇਕ- ਈਸ਼ਵਰਵਾਦੀ ਭਾਵਨਾ ਭਰਪੂਰ ਗੁਰਬਾਣੀ ਤੋਂ ਉਪਜੀ ਸਹਿਜ ਅਵਸਥਾ ਵਿੱਚ ਸਾਰੇ ਅੰਤਰ ਵਿਰੋਧ ਖ਼ਤਮ ਹੋ ਜਾਂਦੇ ਹਨ ਅਤੇ ਖਾਲਕ ਖ਼ਲਕਤ ਦੇ ਕਣ-ਕਣ ਵਿੱਚ ਰਵਿਆ ਨਜ਼ਰ ਆਉਂਦਾ ਹੈ। ਇਥੇ ਰੱਬ ਨੂੰ ਮਨੁੱਖ ਨਹੀਂ ਬਣਾ ਦਿੱਤਾ, ਪਰ ਫਿਰ ਵੀ ‘ਤੂੰ ਮੇਰਾ ਪਿਤਾ ਤੂੰ ਮੇਰਾ ਮਾਤਾ ਤੱਕ ਲੈ ਆਂਦਾ ਹੈ। ਇਸ ਰਚਨਾ ਦਾ ਉਦੇਸ਼ ਮਾਨਵ ਕਲਿਆਣ ਹੈ ਤੇ ਇਸ ਦੀ ਕਲਾ-ਪਰੰਪਰਾ ਸਹਿਜ ਦੀ ਹੈ, ਜੋ ਉਲਾਰ, ਕਲਪਨਾ, ਰੋਮਾਂਸ, ਭਾਵੁਕਤਾ, ਫਲਸਫ਼ਿਆਂ ਜਾਂ ਰਸਾਂ ਵਿੱਚੋਂ ਨਹੀਂ ਉਪਜਦੀ।



ਗੁਰੂ ਗ੍ਰੰਥ ਸਾਹਿਬ ਵਿੱਚ ਰੂਹ ਨੂੰ ਰੱਬ ਨਾਲ ਇਕਸੁਰ ਤੇ ਇਕਾਗਰ ਕਰਨ ਦਾ ਪ੍ਰਮੁੱਖ ਸਾਧਨ ਸੰਗੀਤ ਹੈ। ਜਿੱਥੇ ਸ਼ਾਸਤਰੀ ਸੰਗੀਤ ਵਿੱਚ ਗਾਇਕੀ ਤੇ ਹਰਕਤ ਵੱਧ ਤੇ ਬੋਲ ਘੱਟ ਹੁੰਦੇ ਹਨ, ਉਥੇ ਗੁਰਮਤਿ ਸੰਗੀਤ ਵਿੱਚ ਬਾਣੀ ਵਧੇਰੇ ਅਤੇ ਗਾਇਕੀ ਮੁਕਾਬਲਤਨ ਘੱਟ ਹੁੰਦੀ ਹੈ। ਗੁਰਬਾਣੀ ਦਾ ਉਪਦੇਸ਼ ਸ਼ਾਸਤਰੀ ਢੰਗਾਂ ਨਾਲ਼ ਰਾਗਾਂ ਦਾ ਪ੍ਰਚਾਰ ਕਰਨਾ ਨਹੀਂ, ਸਗੋਂ ਸਹਿਜ , ਸੁਖੈਨ ਤੇ ਸੁਭਾਵਿਕ ਕੀਰਤਨ ਰਾਹੀ, ਰੱਬੀ ਅਨੁਭਵ ਦਾ ਪ੍ਰਗਟਾਵਾ ਕਰਦੇ ਹੋਏ, ਲੈਅ -ਭਰਪੂਰ ‘ਨਾਮ ਵਾਲੀ ਸ਼ਖ਼ਸੀਅਤ’ ਦੀ ਉਸਾਰੀ ਕਰਨਾ ਹੈ। ਦਿਮਾਗੋਂ ਰਾਗ, ਦਿਲੋਂ ਧੁਨ, ਹਿਰਦੇ ਤੋਂ ਸੁਰਤ , ਹੱਥੋਂ ਪੰਜ ਸਾਜ, ਮੂੰਹੋਂ ਸੱਤ ਸੁਰਾਂ, ਕੰਨੋਂ ਤਾਨ ਅਤੇ ਪੈਰੋਂ ਨ੍ਰਿਤਕਾਰੀ ਆਦਿ ਸਾਰੀ ਸਮੱਗਰੀ ਅਕਾਲ- ਪੁਰਖ ਨਾਲ ਇਕ- ਮਿੱਕ ਤੇ ਇੱਕਸੁਰ ਹੋਣ ਦੇ ਸਾਧਨ ਹਨ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 14 ਤੋਂ ਲੈ ਕੇ 1352 ਤੱਕ ਸਾਰੀ ਬਾਣੀ ਸਭ ਮੱਤਾਂ ਸੰਪਰਦਾਵਾਂ, ਮੌਸਮਾਂ ਤੇ ਰੁੱਤਾਂ ਨਾਲ ਸਬੰਧਤ 31 ਰਾਗਾਂ ਵਿੱਚ ਰਚੀ ਹੈ, ਜੋ ਕ੍ਰਮਵਾਰ ਸਿਰੀ ਰਾਗ, ਮਾਝ, ਗਉੜੀ, ਆਸਾ ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ ਬਿਲਾਵਲ, ਗੌਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਤੇ ਜੈਜਾਵੰਤੀ ਹਨ। ਸਭ ਤੋਂ ਵਧੇਰੇ 30 ਰਾਗਾਂ ਵਿੱਚ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਸਾਹਿਬ ਨੇ ਬਾਣੀ ਲਿਖੀ ਹੈ। ਗੁਰੂ ਨਾਨਕ ਸਾਹਿਬ ਨੇ 19, ਗੁਰੂ ਅਮਰਦਾਸ ਜੀ ਨੇ 17 ਤੇ ਗੁਰੂ ਤੇਗ ਬਹਾਦਰ ਜੀ ਨੇ 15 ਰਾਗਾਂ ਵਿੱਚ ਬਾਣੀ ਉਚਾਰੀ ਹੈ। ਭਗਤ ਕਵੀਆਂ ਵਿਚੋਂ ਕਬੀਰ ਤੇ ਨਾਮਦੇਵ ਨੇ 18, ਭਗਤ ਰਵਿਦਾਸ ਨੇ 16, ਭਗਤ ਤ੍ਰਿਲੋਚਨ ਤੇ ਭਗਤ ਬੇਣੀ ਨੇ 3, ਭਗਤ ਧੰਨਾ, ਭਗਤ ਜੈਦੇਵ ਤੇ ਬਾਬਾ ਫਰੀਦ ਨੇ 2 ਅਤੇ ਭਗਤ ਭੀਖਣ, ਭਗਤ ਸੈਣ , ਭਗਤ ਪੀਪਾ, ਭਗਤ ਸਧਨਾ ਤੇ ਭਗਤ ਪਰਮਾਨੰਦ ਨੇ ਕੇਵਲ ਇਕ ਹੀ ਰਾਗ ਵਿੱਚ ਬਾਣੀ ਰਚੀ ਹੈ।

ਗੁਰਬਾਣੀ ਸਾਹਿਤ ਦੀ ਵਿਲੱਖਣ ਨੁਹਾਰ ਦਾ ਕਾਰਨ ਰਹੱਸਮਈ ਰੂਹਾਨੀ ਪਗਟਾਵਾ ਅਤੇ ਗੁਰਮਤਿ ਸੰਗੀਤ ਦੇ ਨਾਲ-ਨਾਲ ਸਮੇਂ ਤੇ ਸਥਾਨ ਦੀ ਸੀਮਾ ਤੋਂ ਮੁਕਤ ਭਾਸ਼ਾ ਦਾ ਸੁਮੇਲ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਭਾਸ਼ਾ ਸਦੀਵੀ ਸਮਝੀ ਜਾਣ ਵਾਲੀ, ਲੋਕ- ਮੁਹਾਵਰੇ ਵਾਲੀ ਸਾਧਾਰਨ ਲੋਕਾਂ ਦੀ ਬੋਲੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਮੱਧ -ਕਾਲ ਦੀਆਂ ਅਨੇਕਾਂ ਭਾਸ਼ਾਵਾਂ, ਜਿਵੇਂ ਸਿੰਧੀ, ਦੱਖਣੀ, ਬ੍ਰਿਜ ਭਾਸ਼ਾ, ਅਪਭ੍ਰੰਸ਼, ਪ੍ਰਕਿਰਤ, ਮਰਾਠੀ, ਮੈਥਿਲੀ, ਲਗਾਥਾ, ਭੋਜਪੁਰੀ, ਸਧੁੱਕੜੀ, ਰੇਖਤਾ, ਬਾਂਗੜੂ, ਬਾਗੜੀ, ਫਾਰਸੀ, ਸੰਸਕ੍ਰਿਤੀ, ਹਿੰਦੀ ਤੇ ਪੰਜਾਬੀ ਆਦਿ ਬੋਲੀਆਂ ਦੇ ਅੰਸ਼ ਮਿਲਦੇ ਹਨ। ਗੁਰਬਾਣੀ ਦਾ ਵੱਡਾ ਹਿੱਸਾ ਪੰਜਾਬ ਵਿੱਚ ਲਿਖਿਆ ਹੋਣ ਕਰਕੇ ਇਸ ਬੋਲੀ ਦਾ ਜੁੱਸਾ, ਮੁਹਾਵਰਾ ਤੇ ਸ਼ੈਲੀ, ਵਿਸ਼ੇਸ਼ ਰੂਪ ਵਿੱਚ ਪੰਜਾਬੀ ਹੈ, ਪਰ ਫਿਰ ਵੀ ਇਹ ਬੋਲੀ ਪੂਰਨ ਤੌਰ ’ਤੇ ਪੰਜਾਬੀ ਨਹੀਂ। ਡਾ. ਹਰਕੀਰਤ ਸਿੰਘ ਦੇ ਵਿਚਾਰ ਮੁਤਾਬਕ ‘ਗੁਰੂ ਗ੍ਰੰਥ ਸਾਹਿਬ ਦੀ ਮੁੱਖ ਭਾਸ਼ਾ ‘ਸਧੁੱਕੜੀ’ ਜਾਂ ‘ਸਾਧ-ਭਾਸ਼ਾ’ ਹੈ, ਜਿਹੜੀ ਅੱਜ ਵੀ ਸਾਧੂਆਂ ਸੰਤਾਂ ਵਿੱਚ ਪ੍ਰਚੱਲਤ ਹੈ। ਗੁਰਬਾਣੀ ਮੁੱਖ ਤੌਰ ’ਤੇ ਲੋਕ-ਬੋਲੀ ਤੇ ਲੋਕ-ਮੁਹਾਵਰੇ ਵਿੱਚ ਹੋਣ ਕਰਕੇ ਲੋਕ- ਸਾਹਿਤ ਦੀ ਸਿਰਮੌਰ ਬਣ ਗਈ ਹੈ । ਮਿਸਾਲ ਵਜੋਂ ਗੁਰਬਾਣੀ ਦੇ ਇਹ ਸ਼ਬਦ ਮੁਹਾਵਰੇ ਅਤੇ ਅਖਾਣ ਬਣ ਚੁੱਕੇ ਹਨ :

**(ੳ) ਮਨ ਜੀਤੈ ਜਗੁ ਜੀਤੁ॥**
**(ਅ) ਮਿਠੁਤ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ॥**
**(ੲ) ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ॥** ਆਦਿ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਭੰਡਾਰ ਵਿੱਚ ਚਿੰਨ, ਪ੍ਰਤੀਕ, ਅਲ਼ੰਕਾਰ, ਰਸ, ਸ਼ਬਦ- ਚਿੱਤਰ, ਬੋਲ-ਚਿੱਤਰ ਤੇ ਭਾਵ -ਚਿੱਤਰ ਅਨੇਕਾਂ ਰਹੱਸਮਈ ਭਾਵਾਂ ਨੂੰ ਉਜਾਗਰ ਕਰਨ ਲਈ ਵਰਤੇ ਗਏ ਹਨ. ਜਿਵੇ ਧਰਤੀ- ਅਕਾਸ਼, ਬਾਰਕੁ-ਮਾਤਾ, ਸਹੁਰਾ-ਪੇਕਾ, ਸੁਹਾਗਣ-ਦੁਹਾਗਣ, ਬੇੜੀ-ਤੁਲਹਾ, ਬੋਹਿਥ-ਸਾਗਰ, ਮੱਛਲੀ, ਕਮਲ, ਭਉਰ, ਮਿਰਗ, ਦੀਵਾ ਆਦਿ ਅਨੇਕਾਂ ਘਰੋਗੀ ਅਤੇ ਕੁਦਰਤੀ ਵਸਤੂਆਂ ਦੁਆਲੇ ਬਿੰਬ ਤੇ ਪ੍ਰਤੀਕ ਉਸਰਦੇ ਹਨ। ਗੁਰਮਤਿ ਕਾਵਿ ਵਿੱਚ ਵਰਤੇ ਗਏ ਪਿੰਗਲ ਦੇ ਪ੍ਰਮੁੱਖ ਛੰਦ ਦੋਹਿਰਾ, ਸੋਰਠਾ, ਦਵੈਯਾ, ਸਵੈਯਾ, ਚੌਪਾਈ, ਝੂਲਨਾ, ਨਿਸ਼ਾਨੀ, ਸਿਰਖੰਡੀ, ਹੰਸਗੀਤ, ਚਿਤਰਕਲਾ, ਛਪੈ, ਸਾਰ, ਸਰਸੀ , ਹਾਕਲ, ਉਗਾਹਾ, ਉਲਾਲਾ, ਰੂਪਮਾਲਾ, ਰਡ, ਅੰਮ੍ਰਿਤ, ਘਟ, ਕਜਲ, ਕਲਸ, ਘਨਾਛੀਰ ਆਦਿ ਦੀ ਮੌਜੂਦਗੀ ਬੇਹੱਦ ਪ੍ਰਭਾਵਸ਼ਾਲੀ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿੱਚ ਅਹਿਮੀਅਤ ਛੰਦ- ਘਾੜਤ ਨੂੰ ਨਹੀਂ , ਭਾਵ-ਪ੍ਰਗਟਾਵੇ ਨੂੰ ਦਿੱਤੀ ਗਈ ਹੈ।

ਬਾਣੀਕਾਰ ਆਵੇਸ਼ ਵਿੱਚ ਉਗਮਦੀ ਸਰੋਧ ਹੂਕ ਦੇ ਧੁਰੋਂ ਉੱਠਣ ’ਤੇ ਰਚਨਾ ਕਰਦੇ ਹਨ ਅਤੇ ਛੰਦਾਬੰਦੀ ਦੀ ਕੈਦ ਨੂੰ ਨਹੀਂ ਸਵੀਕਾਰਦੇ। ਬਾਣੀਕਾਰ ਜ਼ਿਆਦਾਤਰ ਜਨ-ਸਾਧਾਰਨ ਦੇ ਪ੍ਰਚਲਤ ਛੰਦਾਂ ਨੂੰ ਅਪਨਾ ਕੇ ਲੋਕ- ਕਾਵਿ ਰੂਪਾਂ ਦੋਹੇ, ਛੰਤ, ਘੋੜੀਆਂ, ਲਾਵਾਂ, ਅਲਾਹੁਣੀਆਂ, ਬਾਰਾਮਾਹ, ਗੋਸ਼ਟ, ਸਲੋਕ, ਸੋਹਿਲਾ, ਆਰਤੀ, ਬਾਵਨ, ਅਖਰੀ, ਕਾਫ਼ੀ, ਮੰਗਲ, ਛਿੰਝ, ਰੁੱਤਾਂ, ਥਿਤਾਂ, ਪਹਿਰ ਦਿਨ ਰੈਣਿ, ਫੁਨਹੇ, ਕਰਹਲੇ, ਗੁਣਵੰਤੀ, ਸੁਚਜੀ, ਕੁਚਜੀ, ਅੰਜਲੀ, ਸਤਵਾਰਾ, ਬਿਸ਼ਨਪਦਾ, ਗੀਤ, ਵਾਰਾਂ ਆਦਿ ਵਿੱਚ ਬਾਣੀ ਰਚਨਾ ਕਰਦੇ ਹਨ।

ਆਦਿ ਗੁਰੂ ਗ੍ਰੰਥ ਸਾਹਿਬ ਦਾ ਮੰਤਵ ਸਰਬ ਸ੍ਰੇਸ਼ਟ ਰੂਹਾਨੀ ਫਲਸਫਾ ਉਤਮ ਕਾਵਿ ਕਲਾ ਰਾਹੀ ਪੇਸ਼ ਕਰਦੇ ਹੋਏ, ਸਦੀਵੀ ਆਨੰਦ ਪੈਦਾ ਕਰਨਾ ਹੈ, ਗੁਰਬਾਣੀ ਵਿੱਚ ਵਿਸ਼ੇ ਤੇ ਰੂਪ ਦਾ, ਅਕਾਰ ਤੇ ਪ੍ਰਕਾਰ ਦਾ, ਕਿਰਤ ਤੇ ਕਰਮ ਦਾ, ਨੇਮ ਤੇ ਪ੍ਰੇਮ ਦਾ, ਭਗਤੀ ਤੇ ਸ਼ਕਤੀ ਦਾ, ਧਰਮ ਤੇ ਕਰਮ ਦਾ, ਗਿਆਨ ਤੇ ਸ਼ਰਮ ਦਾ, ਗ੍ਰਹਿਸਤ ਤੇ ਉਦਾਸ ਦਾ, ਆਸਾ ਤੇ ਨਿਰਾਸ਼ਾ ਦਾ, ਹੁਕਮ ਤੇ ਭਾਣੇ ਦਾ, ਨਾਮ ਤੇ ਭਗਤੀ ਦਾ, ਆਦਰ ਤੇ ਯਥਾਰਥ ਦਾ, ਮਨੁੱਖ ਤੇ ਪ੍ਰਕ੍ਰਿਤੀ ਦਾ, ਧਰਮ ਤੇ ਰਾਜਨੀਤੀ ਦਾ ਮਹਾਨ ਸੰਜੋਗ ਹੈ, ਜਿਸ ਦੀ ਅਜਿਹੀ ਮਿਸਾਲ ਵਿਸ਼ਵ ਸਾਹਿਤ ਤੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ। ਸਰਬੱਤ ਦੀ ਚੜਦੀ ਕਲਾ ਦਾ ਪ੍ਰੇਕ ਆਦਿ ਗੁਰੂ ਗ੍ਰੰਥ ਸਾਹਿਬ ਸਰਬ ਸਾਂਝੇ ਅਧਿਆਮਤਿਕ ਗਿਆਨ ਦਾ ਸਦੀਵੀ ਸੱਚ ਹੈ।ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ (ਪੰਨਾ ੫੨੨)॥

# ਬਾਦਸ਼ਾਹ ਅਕਬਰ ਦੀ ਗੁਰੂ ਅਮਰਦਾਸ ਜੀ ਲਈ ਸ਼ਰਧਾ

**ਡਾਕਟਰ ਨਿਰਮਲ ਸਿੰਘ ਕਾਹਲੋਂ**

ਬਾਦਸ਼ਾਹ ਅਕਬਰ ਨੇ 1566 ਤੋਂ 1567 ਈ: ਤੱਕ ਲਾਹੌਰ ਦੇ ਕਿਲੇ ਵਿਚ ਹੀ ਰਿਹਾਇਸ਼ ਕੀਤੀ ਅਤੇ ਦਰਬਾਰ ਲਗਾ ਕੇ ਲੋਕਾਂ ਦੀਆਂ ਫ਼ਰਿਆਦਾਂ ਵੀ ਸੁਣਦਾ ਸੀ। ਗੁਰੂ ਘਰ ਵਿਚ ਉਚ-ਨੀਚ ਸਾਰੇ ਇਕ ਬਰਾਬਰ ਸਮਝੇ ਜਾਂਦੇ ਹਨ, ਇਕ ਪੰਗਤ ਵਿਚ ਬੈਠ ਕੇ ਲੰਗਰ ਛਕਦੇ ਹਨ ਅਤੇ ਸਾਰੇ ਹੀ ਇਕੱਠੇ ਹੋ ਕੇ ਸਿਮਰਨ ਵੀ ਕਰਦੇ ਹਨ। ਇਸ ਕਰਕੇ ਪੰਜਾਬ ਵਿਚ ਸਤਿਗੁਰੂ ਅਮਰਦਾਸ ਸਾਹਿਬ ਦਾ ਪ੍ਰਭਾਵ ਬਹੁਤ ਹੀ ਵਧ ਗਿਆ ਸੀ। ਬਾਦਸ਼ਾਹ ਅਕਬਰ ਨੇ 1566 ਤੋਂ 1567 ਈ: ਤੱਕ ਲਾਹੌਰ ਦੇ ਕਿਲੇ ਵਿਚ ਹੀ ਰਿਹਾਇਸ਼ ਕੀਤੀ ਅਤੇ ਦਰਬਾਰ ਲਗਾ ਕੇ ਲੋਕਾਂ ਦੀਆਂ ਫ਼ਰਿਆਦਾਂ ਵੀ ਸੁਣਦਾ ਸੀ। ਮਨੂੰਵਾਦ ਲਈ ਸ੍ਰੀ ਗੁਰੂ ਅਮਰਦਾਸ ਸਾਹਿਬ ਨੂੰ ਮਨੂੰਵਾਦੀ ਖ਼ਤਰਨਾਕ ਸਮਝਦੇ ਸਨ। ਲਾਹੌਰ ਦੇ ਮਨੂੰਵਾਦੀਆਂ ਨੂੰ ਇਕੱਠੇ ਹੋ ਕੇ ਪ੍ਰਦੇਸ਼ਕ ਅਤੇ ਕੇਂਦਰੀ ਸਰਕਾਰਾਂ ਨੂੰ ਪ੍ਰਾਚੀਨ ਧਰਮ ਦੀ ਰੱਖਿਆ ਕਰਨ ਲਈ ਦਖਲ ਦੇਣ ਲਈ ਜਾਚਨਾ ਕਰਨ ਵਾਸਤੇ ਪੱਕਾ ਇਰਾਦਾ ਕਰ ਲਿਆ। ਉਨਾਂ ਨੇ ਬਾਦਸ਼ਾਹ ਅਕਬਰ ਕੋਲ ਜਾ ਕੇ ਸ਼ਿਕਾਇਤ ਕੀਤੀ। ਮਨੂੰਵਾਦੀਆਂ ਦੀ ਸ਼ਿਕਾਇਤ ਬੜੀ ਹੀ ਦਿਲਚਸਪ ਸੀ, ਸ਼ਿਕਾਇਤ ਇਸ ਪ੍ਰਕਾਰ ਸੀ

'ਬਾਦਸ਼ਾਹ ਸਲਾਮਤ, ਆਪ ਜੀ ਸਾਡੇ ਰੀਤਾਂ ਰਿਵਾਜਾਂ ਦੇ ਰਖਵਾਲੇ ਅਤੇ ਦੋਸ਼ਾਂ ਦੇ ਸੁਧਾਰਕ ਹੋ। ਹਰ ਇਕ ਵਿਅਕਤੀ ਨੂੰ ਆਪਣਾ ਧਰਮ ਪਿਆਰਾ ਹੁੰਦਾ ਹੈ। ਸਾਨੂੰ ਵੀ ਆਪਣਾ ਧਰਮ ਪਿਆਰਾ ਹੈ। ਗੋਇੰਦਵਾਲ ਦੇ ਗੁਰੂ ਅਮਰਦਾਸ ਨੇ ਸਾਰੇ ਹੀ ਧਾਰਮਿਕ ਅਤੇ ਸਮਾਜਿਕ ਰੀਤੀ ਰਿਵਾਜ ਤਿਆਗ ਦਿੱਤੇ ਹਨ ਅਤੇ ਚਾਰ ਜਾਤੀਆਂ ਦੇ ਭੇਦ-ਭਾਵ ਵੀ ਮਿਟਾ ਦਿੱਤੇ ਹਨ। ਅਜਿਹੀ ਮਨਮਤ ਚਾਰਾਂ ਜੁੱਗਾਂ ਵਿਚ ਕਦੇ ਵੀ ਨਹੀਂ ਸੁਣੀ। ਹੁਣ ਗੋਇੰਦਵਾਲ ਵਿਚ ਨਾ ਤਾਂ ਉਸ ਵੇਲੇ ਦੀ ਪੂਜਾ ਹੁੰਦੀ ਹੈ, ਨਾ ਗਾਇਤਰੀ ਦਾ ਪਾਠ ਹੁੰਦਾ ਹੈ, ਨਾ ਪਿੱਤਰਾਂ ਨੂੰ ਪਾਣੀ ਦਿੱਤਾ ਜਾਂਦਾ ਹੈ, ਨਾ ਹੀ ਤੀਰਥਾਂ ਦੀ ਯਾਤਰਾ ਕੀਤੀ ਜਾਂਦੀ ਹੈ, ਨਾ ਹੀ ਜਗਰਾਤਾ ਕਰਦੇ ਹਨ, ਨਾ ਹਵਨ ਆਦਿ ਕਿਰਿਆ ਕਰਮ ਕੀਤੇ ਜਾਂਦੇ ਹਨ ਅਤੇ ਨਾ ਹੀ ਵੇਦ ਪੜ੍ਹੇ ਜਾਂਦੇ ਹਨ। ਦੇਵੀ ਦੇਵਤਿਆਂ ਦੀਆਂ ਮੂਰਤੀਆਂ ਅਤੇ ਪਵਿੱਤਰ ਸਾਲਿਗਰਾਮ ਦੀ ਪੂਜਾ ਵੀ ਨਹੀਂ ਹੁੰਦੀ। ਗੋਇੰਦਵਾਲ ਵਿਚ ਕਿਸੇ ਵੀ ਦੇਵੀ ਦੇਵਤੇ ਦੀ ਮੂਰਤੀ ਨਹੀਂ ਹੈ, ਇਕ ਵੀ ਮੰਦਰ ਨਹੀਂ ਹੈ ਅਤੇ ਨਾ ਹੀ ਪਵਿੱਤਰ ਸਾਲਿਗਰਾਮ ਹੈ। ਇਸ ਗੁਰੂ ਨੇ ਇਨਾਂ ਸਾਰੇ ਹੀ ਕਿਰਿਆ ਕਰਮਾਂ ਨੂੰ ਤਿਆਗ ਦਿੱਤਾ ਹੈ ਅਤੇ ਰਾਮ ਰਾਮ ਦੀ ਥਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ ਹੈ। ਹੁਣ ਗੋਇੰਦਵਾਲ ਵਿਚ ਕੋਈ ਵੀ ਵੇਦ ਅਤੇ ਸਿਮਰਤੀਆਂ ਅਨੁਸਾਰ ਚੱਲ ਨਹੀਂ ਰਿਹਾ। ਜੋਗੀਆਂ ਅਤੇ ਬ੍ਰਾਹਮਣਾਂ ਦਾ ਇਹ ਗੁਰੂ ਸਤਿਕਾਰ ਵੀ ਨਹੀਂ ਕਰਦਾ। ਨਾ ਦੇਵੀ ਦੇਵਤਿਆਂ ਦੀ ਪੂਜਾ ਕਰਦਾ ਹੈ ਅਤੇ ਆਪਣੇ ਸਿੱਖਾਂ



ਨੂੰ ਹੁਕਮ ਦਿੱਤਾ ਹੈ ਕਿ ਇਨਾਂ ਕਾਰਜਾਂ ਨੂੰ ਅੱਗੇ ਤੋਂ ਕਦੇ ਵੀ ਨਹੀਂ ਕਰਨਾ। ਇਹ ਕਾਰਜ ਫਜ਼ੂਲ ਹਨ, ਸਿਰਫ ਇਕ ਪ੍ਰਮੇਸ਼ਵਰ ਨੂੰ ਮੰਨਣਾ ਹੈ। ਇਹ ਆਪਣੇ ਸਿੱਖਾਂ ਨੂੰ ਬਿਨਾਂ ਜਾਤਪਾਤ ਦੇ ਭੇਦ ਭਾਵ ਸਾਰਿਆਂ ਨੂੰ ਇਕ ਕਤਾਰ ਵਿਚ ਬਿਠਾ ਕੇ ਆਪਣੇ ਲੰਗਰ ਵਿਚੋਂ ਭੋਜਨ ਛਕਾਉਂਦਾ ਹੈ, ਚਾਹੇ ਉਹ ਕਿਸੇ ਵੀ ਜਾਤ ਬਿਰਾਦਰੀ ਦੇ ਹੋਣ ਕੋਈ ਉਚ ਨੀਚ ਨਹੀਂ ਮੰਨਦਾ। ਇਹ ਅਧਰਮੀ ਗੁਰੂ ਧਰਮ ਦਾ ਨਿਰਅਥ ਕਰ ਰਿਹਾ ਹੈ। ਅਸੀਂ ਆਪ ਜੀ ਨੂੰ ਬੇਨਤੀ ਕਰਦੇ ਹਾਂ ਕਿ ਇਸ ਅਧਰਮੀ ਨੂੰ ਹੁਣ ਹੀ ਰੋਕ ਦਿਓ, ਨਹੀਂ ਤਾਂ ਬਾਅਦ ਵਿਚ ਮੁਸ਼ਕਿਲ ਹੋ ਜਾਵੇਗਾ।'

ਬਾਦਸ਼ਾਹ ਅਕਬਰ ਨੇ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਸੱਦਣ ਲਈ ਆਪਣੇ ਅਹਿਲਕਾਰ ਭੇਜ ਦਿੱਤੇ। ਸਤਿਗੁਰਾਂ ਨੇ ਅਹਿਲਕਾਰਾਂ ਨੂੰ ਪੰਗਤ ਵਿਚ ਬਿਠਾ ਕੇ ਲੰਗਰ ਛਕਾਇਆ। ਅਹਿਲਕਾਰਾਂ ਨੇ ਗੁਰੂ ਮਹਾਰਾਜ ਨੂੰ ਮੱਥਾ ਟੇਕਿਆ ਅਤੇ ਗੁਰੂ ਮਹਾਰਾਜ ਨੇ ਭਾਈ ਜੇਠਾ ਜੀ (ਬਾਅਦ ਵਿਚ ਸ੍ਰੀ ਗੁਰੂ ਰਾਮਦਾਸ ਜੀ) ਨੂੰ ਅਹਿਲਕਾਰਾਂ ਦੇ ਨਾਲ ਹੀ ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਸਪੱਸ਼ਟੀਕਰਨ ਦੇਣ ਲਈ ਲਾਹੌਰ ਭੇਜ ਦਿੱਤਾ। ਬਾਦਸ਼ਾਹ ਅਕਬਰ ਨੂੰ ਸਪੱਸ਼ਟੀਕਰਨ ਦਿੰਦਿਆਂ ਭਾਈ ਜੇਠਾ ਜੀ ਨੇ ਸਿੱਖ ਮੱਤ ਦੇ ਸਿਧਾਂਤਾਂ ਨੂੰ ਵਿਸਥਾਰ ਨਾਲ ਦੱਸਿਆ।

'ਸਿੱਖ ਮੱਤ ਅਨੁਸਾਰ ਜਨਮ ਅਤੇ ਜਾਤ-ਪਾਤ ਦਾ ਕੋਈ ਭਿੰਨ ਭਾਵ ਨਹੀਂ ਹੈ। ਧਰਮ ਨੂੰ ਬਣਾਉਣ ਅਤੇ ਵਿਗਾੜਨ ਦੇ ਮਨੁੱਖ ਦੇ ਆਪਣੇ ਹੀ ਕੰਮ ਹਨ। ਭੋਲੇ ਭਾਲੇ ਲੋਕਾਂ ਨੂੰ ਵਹਿਮਾਂ ਅਤੇ ਭਰਮਾਂ ਵਿਚ ਪਾ ਕੇ ਬ੍ਰਾਹਮਣ ਲੁੱਟ ਮਾਰ ਕਰਦੇ ਹਨ ਅਤੇ ਦੱਸਦੇ ਹਨ ਕਿ ਇਹ ਹੀ ਸੱਚਾ ਧਰਮ ਹੈ। ਅਕਾਲ ਪੁਰਖ ਦਾ ਕਿਸੇ ਪਸ਼ੂ ਆਦਿ ਦੇ ਰੂਪ ਦਾ ਕਾਲਪਨਿਕ ਬੁੱਤ ਬਣਾ ਕੇ ਬੁੱਤਾਂ ਦੀ ਪੂਜਾ ਕਰਦੇ ਹਨ। ਇਨਾਂ ਦੇ ਸਾਰੇ ਹੀ ਦੇਵੀ ਦੇਵਤੇ ਕਾਲਪਨਿਕ ਹਨ। ਨਿਗੁਣੇ ਦੀ ਕੁਦਰਤੀ ਪਦਾਰਥਾਂ ਰਾਹੀਂ ਪੂਜਾ ਕਰਨੀ, ਜਾਂ ਦਇਆ ਅਤੇ ਹਉਮੈ ਤਿਆਗਣ ਦੀ ਥਾਂ ਪਾਪ ਧੋਣ ਲਈ ਤੀਰਥਾਂ ਦੇ ਇਸ਼ਨਾਨ ਕਰਨੇ ਧਰਮ ਨਹੀਂ ਹੈ। ਮਨੁੱਖਾਂ ਨੂੰ ਬ੍ਰਾਹਮਣ ਨੀਚ ਕਹਿ ਕੇ ਤ੍ਰਿਸਕਾਰਦੇ ਹਨ ਅਤੇ ਉਨਾਂ ਨੂੰ ਧਾਰਮਿਕ ਗ੍ਰੰਥਾਂ ਦਾ ਪਾਠ ਕਰਨ ਨਹੀਂ ਦਿੰਦੇ ਅਤੇ ਨਾ ਹੀ ਸੁਣਨ ਦਿੰਦੇ ਹਨ। ਮਨੁੱਖ ਨੂੰ ਮਨੁੱਖ ਨਾਲੋਂ ਪਾੜਨ ਦਾ ਕੰਮ ਹੀ ਕਰਦੇ ਹਨ।

ਭਾਈ ਜੇਠਾ ਜੀ ਦਾ ਉੱਤਰ ਸੁਣ ਕੇ ਬਾਦਸ਼ਾਹ ਅਕਬਰ ਦੀ ਤਸੱਲੀ ਹੋ ਗਈ। ਭਾਈ ਜੇਠਾ ਦੀ ਇਸ ਵਿਆਖਿਆ ਨੇ ਬਾਦਸ਼ਾਹ ਅਕਬਰ ਨੂੰ ਸਾਰੇ ਮਨੁੱਖਾਂ ਲਈ ਦੀਨ-ਏ-ਇਲਾਹੀ ਧਰਮ ਅਪਨਾਉਣ ਲਈ ਪ੍ਰੇਰਿਤ ਕੀਤਾ। ਪਰ ਅਕਬਰ ਦੀ ਮੌਤ ਦੇ ਬਾਅਦ ਦੀਨ-ਏ-ਇਲਾਹੀ ਦਾ ਕਾਜ਼ੀਆਂ ਨੇ ਖ਼ਾਤਮਾ ਕਰ ਦਿੱਤਾ।

ਭਾਈ ਜੇਠਾ ਜੀ ਦੇ ਸਪੱਸ਼ਟੀਕਰਨ ਤੋਂ ਬਾਦਸ਼ਾਹ ਅਕਬਰ ਐਨਾ ਪ੍ਰਭਾਵਤ ਹੋਇਆ ਕਿ ਉਸ ਨੇ ਨਾ ਕੇਵਲ ਗੁਰੂ ਵਿਰੋਧੀਆਂ ਦੀ ਸ਼ਿਕਾਇਤ ਹੀ ਖਾਰਜ ਕਰ ਦਿੱਤੀ ਸਗੋਂ ਅਖੌਤੀ ਉਚ ਜਾਤੀ ਦੇ ਪ੍ਰਤੀਨਿਧ ਮੰਡਲ ਨੂੰ ਮਾਫੀ ਮੰਗਣ ਲਈ ਵੀ ਹੁਕਮ ਦੇ ਦਿੱਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਅਕਾਲ ਪੁਰਖ ਦੇ ਸ਼ੁਕਰਾਨੇ ਲਈ ਸ਼ਬਦ ਉਚਾਰਨ ਕੀਤਾ -

ਜਿਨ ਕਉ ਆਪ ਦੇਇ ਵਡਿਆਈ ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ
(ਅੰਗ : ੩੦੮)

ਬਾਦਸ਼ਾਹ ਅਕਬਰ ਲੰਗਰ ਛਕਦਾ ਹੋਇਆ ਬਾਦਸ਼ਾਹ ਅਕਬਰ ਸਤਿਗੁਰੂ ਅਮਰਦਾਸ ਜੀ ਦੇ ਨਤਮਸਤਕ ਹੋਇਆ। ਬਾਦਸ਼ਾਹ ਅਕਬਰ 1571 ਈ: ਨੂੰ ਧਾਰਮਿਕ ਮਹਾਂਪੁਰਸ਼ਾਂ ਨੂੰ ਮਿਲਣ ਲਈ ਨਿਕਲਿਆ ਤਾਂ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਸਾਹਿਬ ਵੀ ਆ ਗਿਆ। ਗੁਰੂ ਸਾਹਿਬ ਨੇ ਇਹ ਜ਼ਰੂਰੀ ਕਰ ਦਿੱਤਾ ਸੀ ਕਿ ਉਨਾਂ ਦੇ ਦਰਸ਼ਨ ਕਰਨ ਤੋਂ ਪਹਿਲਾਂ ਗੁਰੂ ਦੇ ਲੰਗਰ ਵਿਚ ਪੰਗਤ ਵਿਚ ਬੈਠ ਕੇ ਲੰਗਰ ਛਕ ਕੇ ਹੀ ਗੁਰੂ ਸਾਹਿਬ ਦੇ ਦਰਸ਼ਨ ਕਰਨੇ ਹਨ। ਗੁਰੂ ਸਾਹਿਬ ਦੇ ਥੜੇ ਤੱਕ ਅਕਬਰ ਦੇ ਕਰਮਚਾਰੀਆਂ ਨੇ ਕੱਪੜੇ ਦਾ ਇਕ ਥਾਨ ਵਿਛਾ ਦਿੱਤਾ। ਲੰਗਰ ਵਿਚੋਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਅਕਬਰ ਨੰਗੇ ਪੈਰੀਂ ਜਾ ਰਿਹਾ ਸੀ। ਇਸ ਗੁਰੂ ਦੇ ਦਰਸ਼ਨ ਕਰਨ ਲਈ ਕੱਪੜੇ ਉੱਤੋਂ ਜਾਣਾ ਹੈ, ਅਕਬਰ ਨੇ ਥਾਣ ਖਿੱਚ ਕੇ ਪਰਾਂ ਸੁਟਿਆ, ਨੰਗੇ ਪੈਰੀਂ ਜਾ ਕੇ ਗੁਰੂ ਸਾਹਿਬ ਨੂੰ ਮੱਥਾ ਟੇਕਿਆ ਅਤੇ ਗੁਰੂ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

ਲੰਗਰ ਚਲਾਉਣ ਲਈ ਅਕਬਰ ਨੇ ਗੁਰੂ ਸਾਹਿਬ ਨੂੰ ਜਗੀਰ ਦੇਣ ਦੀ ਪੇਸ਼ਕਸ਼ ਕੀਤੀ। ਗੁਰੂ ਸਾਹਿਬ ਨੇ ਉੱਤਰ ਦਿੱਤਾ 'ਗੁਰੂ ਦਾ ਲੰਗਰ ਕੋਈ ਰਾਜਾ ਜਾਂ ਬਾਦਸ਼ਾਹ ਨਹੀਂ ਚਲਾ ਸਕਦਾ। ਗੁਰੂ ਦਾ ਲੰਗਰ ਸਿਰਫ ਗੁਰੂ ਦੀਆਂ ਸੰਗਤਾਂ ਹੀ ਚਲਾ ਸਕਦੀਆਂ ਹਨ।'

# ਸਿੱਖ ਯੂਥ ਐਡਮਿੰਟਨ (ਕੈਨੇਡਾ) ਵੱਲੋਂ ਸਿੱਖ ਵਿਰਾਸਤ ਤੇ ਸੱਭਿਆਚਾਰ ਦੀ ਸਾਂਭ-ਸੰਭਾਲ



**ਸਰਬਜੀਤ ਕੌਰ 'ਸਰਬ'**





ਸਿੱਖ ਕੌਮ ਇਕ ਅਜਿਹੀ ਕੌਮ ਹੈ ਜੋ ਕਿ ਦੁਨੀਆਂ ਦੇ ਕਿਸੇ ਵੀ ਖਿੱਤੇ ਵਿੱਚ ਜਾ ਕੇ ਵੱਸ ਜਾਵੇ ਪਰ ਉਹ ਆਪਣੇ ਮੂਲ ਨਾਲੋਂ ਕਦੇ ਵੀ ਵੱਖ ਨਹੀਂ ਹੁੰਦੀ । ਇਨਾਂ ਸ਼ਬਦਾਂ ਨੂੰ ਸੱਚ ਸਾਬਤ ਕੀਤਾ ਹੈ ਸਿੱਖ ਯੂਥ ਐਡਮਿੰਟਨ (ਕੈਨੇਡਾ) ਦੇ ਨੌਜਵਾਨਾਂ ਨੇ, ਜਿਨਾਂ ਦਾ ਪਿਛੋਕੜ ਪੰਜਾਬ ਤੋਂ ਹੈ ਪਰ ਬੇਗਾਨੀ ਧਰਤੀ ਉੱਤੇ ਜਾ ਕੇ ਵੀ ਆਪਣੇ ਸਿੱਖ ਸੱਭਿਆਚਾਰ ਤੇ ਵਿਰਾਸਤ ਦੀ ਸੰਭਾਲ ਕਰ ਰਹੇ ਹਨ । ਇਸ ਦੀ ਝਲਕ ਪਿਛਲੇ ਦਿਨੀਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮ ਵਿੱਚ ਵੇਖਣ ਨੂੰ ਮਿਲੀ ਜਿਸ ਵਿੱਚ ਦਸਤਾਰ, ਦੁਮਾਲਾ, ਤੇ ਗੱਤਕੇ ਦੇ ਮੁਕਾਬਲੇ ਕਰਵਾਏ ਗਏ । ਇਸ ਪ੍ਰੋਗਰਾਮ ਨੂੰ ਨਪੇਰੇ ਚੜਾਉਣ ਲਈ ਸਿੱਖ ਸੰਗਤ, ਨੌਜਵਾਨ ਯੂਥ ਤੇ ਸ. ਤਜਿੰਦਰ ਸਿੰਘ ਭੱਠਲ ਦਾ ਵਿਸ਼ੇਸ਼ ਯੋਗਦਾਨ ਰਿਹੈ।

ਇਸ ਵਿਸ਼ੇਸ਼ ਪ੍ਰੋਗਰਾਮ ਉੱਤੇ ਢਾਡੀ ਦਰਬਾਰ ਦਾ ਆਯੋਜਨ ਕੀਤਾ ਗਿਆ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ । ਸ਼ਹੀਦਾਂ ਦੇ ਪਰਿਵਾਰਾਂ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਗਿਆ ਲੰਮੇ ਸਮੇਂ ਤੋਂ ਰਾਜ ਭਾਗ ਲਈ ਸੰਘਰਸ਼ਸ਼ੀਲਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ । ਧਰਮੀ ਫੌਜੀਆਂ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਗਿਆ ।

ਸਿੱਖ ਸੰਗਤ ਦਾ ਇਕੱਠ ਵੇਖ ਕੇ ਇੰਝ ਲੱਗ ਰਿਹਾ ਸੀ ਕਿ ਇਹ ਪ੍ਰੋਗਰਾਮ ਪੰਜਾਬ ਦੀ ਧਰਤੀ ਉੱਤੇ ਹੀ ਹੋ ਰਿਹਾ ਹੈ। ਸਾਡੇ ਪਰਵਾਸੀ ਸਿੱਖ ਭਾਈਚਾਰੇ ਨੇ ਜੋ ਸਿੱਖੀ ਦੀ ਸੰਭਾਲ ਬਾਹਰਲੇ ਮੁਲਕਾਂ ਵਿੱਚ ਕੀਤੀ ਹੈ ਉਹ ਇਸ ਸਮੇਂ ਪੰਜਾਬ ਵਿੱਚ ਵੇਖਣ ਨੂੰ ਨਹੀਂ ਮਿਲ ਰਹੀ । ਪੰਜਾਬ ਦੀ ਨੌਜਵਾਨ ਪੀੜੀ ਨੂੰ ਰਾਜਨੀਤੀ ਘੁਣ ਵਾਂਗ ਲੱਗ ਗਈ ਹੈ ਜੋ ਉਸ ਨੂੰ ਹੌਲੀ ਹੌਲੀ ਅੰਦਰੋਂ ਖੋਖਲਾ ਕਰ ਰਹੀ ਹੈ ।

ਜੇ ਅੱਜ ਦੇ ਸਮੇਂ ਅਸੀਂ ਪੰਜਾਬ ਦੇ ਯੂਥ ਵੇਖਦੇ ਹਾਂ ਤਾਂ ਉਨਾਂ ਵਿੱਚੋਂ ਅਨੇਕਾਂ ਨੌਜਵਾਨ ਤੁਹਾਨੂੰ ਰਾਜਨੀਤੀ ਪਾਰਟੀਆਂ ਨਾਲ ਸਬੰਧਤ ਮਿਲਣਗੇ। ਜੇਕਰ ਕੁਝ ਗਿਣੇ ਚੁਣੇ ਨੌਜਵਾਨ ਆਪਣੀ ਸਿੱਖ ਵਿਰਾਸਤ ਨੂੰ ਸੰਭਾਲਣ ਵਿੱਚ ਲੱਗੇ ਹੋਏ ਹਨ ਤਾਂ ਉਨਾਂ ਨੂੰ ਆਰਥਿਕ ਪ੍ਰੇਸ਼ਾਨੀਆਂ ਲੋਕਾਂ ਦੇ ਸਾਹਮਣੇ ਆਉਣ ਨਹੀਂ ਦਿੰਦੀਆਂ। ਸੰਘਰਸ਼ਾਂ ਦੇ ਵਿਚ ਪਈ ਪੰਜਾਬ ਦੀ ਨੌਜਵਾਨੀ ਪੀੜੀ ਜੋ ਆਪਣੇ ਸਿੱਖ ਇਤਿਹਾਸ ਨੂੰ ਹੌਲੀ ਹੌਲੀ ਮਨੋਂ ਵਿਸਾਰ ਰਹੀ ਹੈ, ਕਿਉਂਕਿ ਇੱਥੋਂ ਦੀ ਹਕੂਮਤ ਨੇ ਨੌਜਵਾਨਾਂ ਨੂੰ ਨਸ਼ਿਆਂ ਧੱਕ ਕੇ ਅਤੇ ਸਾਜਿਸ਼ੀ ਝੂਠੇ ਸਬਜਬਾਗ ਦਿਖਾ ਕੇ ਉਨਾਂ ਨੂੰ ਇਤਿਹਾਸ ਨਾਲੋਂ ਤੋੜਨ ਦਾ ਚੌਗਿਰਦਾ ਤਿਆਰ ਕਰ ਦਿੱਤਾ ਹੈ। ਕੈਨੇਡਾ, ਅਮਰੀਕਾ ਇੰਗਲੈਂਡ ਅਤੇ ਹੋਰ ਯੂਰਪੀ ਦੇਸ਼ਾਂ ਵਿੱਚ ਜਿਨਾਂ ਵਿਚ ਸਿੱਖ ਭਾਈਚਾਰਾ ਸਿੱਖ ਕੌਮ ਦਾ ਇਤਿਹਾਸ ਸੰਭਾਲ ਕੇ ਬੈਠਾ ਹੋਇਆ ਹੈ ਉਹ ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਵੀ ਉਸ ਨਾਲ ਵਾਕਿਫ ਕਰਵਾ ਰਿਹਾ ਹੈ। ਇਨਾਂ ਮੁਲਕਾਂ ਵਿੱਚ ਵੱਸਦੇ ਸਿੱਖ ਭਾਈਚਾਰੇ ਨੇ ਆਪਣੇ ਬੱਚਿਆਂ ਨੂੰ ਵੀ ਸਿੱਖੀ ਵੱਲ ਪ੍ਰੇਰਿਤ ਕਰ ਕੇ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੁਆਰਾ ਸਥਾਪਿਤ ਕੀਤਾ ਗਿਆ ਖ਼ਾਲਸਾ ਰਾਜ ਰਹਿੰਦੀ ਦੁਨੀਆਂ ਤੱਕ ਲੋਕ ਮਨਾਂ ਦਾ ਹਿੱਸਾ ਬਣਾ ਰਹੇ ਹਨ ।

# ਪੰਜਾਬ ਕਾਂਗਰਸ ਦੀ ਲੜਾਈ ਹਾਲੇ ਜਾਰੀ

## ✪ ਹਾਈਕਮਾਨ ਦੇ ਗੁੱਸੇ ਮਗਰੋਂ ਹਰੀਸ਼ ਰਾਵਤ ਦਾ ਯੂ-ਟਰਨ ✪ ਰਾਵਤ ਕੈਪਟਨ ਦੀ ਅਗਵਾਈ ਵਾਲੇ ਬਿਆਨ ਤੋਂ ਭੱਜੇ

## ਕਿਹਾ ਕਿ ਸਾਰਿਆਂ ਦੇ ਬੋਲਣ ਦਾ ਢੰਗ ਵੱਖਰਾ, ਇਸ ਨੂੰ ਬਗਾਵਤ ਨਾ ਕਹੋ : ਰਾਵਤ ✪ ਸਿੱਧੂ ਤੇ ਪ੍ਰਗਟ ਨੇ ਰਾਵਤ ਵਿਰੁਧ ਮੋਰਚਾ ਖੋਲਿਆ



**ਬਘੇਲ ਸਿੰਘ ਧਾਲੀਵਾਲ**
99142-58142

ਪੰਜਾਬ ਕਾਂਗਰਸ ਦੀ ਸਿਆਸੀ ਪੁਜੀਸ਼ਨ ਕੈਪਟਨ ਤੇ ਸਿੱਧੂ ਧੜੇ ਦੀ ਸਿਆਸੀ ਜੰਗ ਕਾਰਨ ਕਮਜ਼ੋਰ ਪੈ ਗਈ ਹੈ। ਸਿਆਸੀ ਮਾਹਿਰ ਦਸ ਰਹੇ ਹਨ ਕਿ ਜੇ ਇਹ ਪਾਟੋਧਾੜ ਰਹੀ ਤਾਂ ਇਸ ਦਾ ਲਾਭ ਸ਼੍ਰੋਮਣੀ ਅਕਾਲੀ ਦਲ ਨੂੰ ਮਿਲੇਗਾ।ਪਰ ਇਹ ਸਾਫ ਹੋ ਗਿਆ ਕਿ ਨਵਜੋਤ ਸਿੰਘ ਸਿੱਧੂ ਨੂੰ ਪਿਰੰਕਾ ਗਾਂਧੀ ਦਾ ਥਾਪੜਾ ਹੈ।ਹੁਣੇ ਜਿਹੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੇ ਕੈਪਟਨ ਵਿਰੋਧੀ ਮੰਤਰੀਆਂ ਨਾਲ ਮੁਲਾਕਾਤ ਤੋਂ ਬਾਅਦ ਇਹ ਪ੍ਰਭਾਵ ਦਿੱਤਾ ਸੀ ਕਿ ਜਿਵੇਂ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਅਹੁਦੇ ਤੋਂ ਹਟਵਾਉਣ ਦੇ ਚਾਹਵਾਨ ਮੰਤਰੀਆਂ ਤੇ ਵਿਧਾਇਕਾਂ ਦੀ ਕੋਈ ਸੁਣਵਾਈ ਨਹੀਂ ਹੋਈ ਤੇ ਕਾਂਗਰਸ ਹਾਈਕਮਾਨ ਪੂਰੀ ਤਰਾਂ ਕੈਪਟਨ ਦੀ ਪਿੱਠ 'ਤੇ ਖੜੀ ਹੈ। ਪਰ ਪੰਜਾਬ ਪਾਰਟੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਉਨਾਂ ਦੇ ਖਾਸਮ-ਖਾਸ ਪ੍ਰਗਟ ਸਿੰਘ ਵਿਧਾਇਕ ਨੇ ਰਾਵਤ ਦੇ ਬਿਆਨ ਦਾ ਵਿਰੋਧ ਕਰਕੇ ਦੱਸ ਦਿੱਤਾ ਹੈ ਕਿ ਕੈਪਟਨ ਹੁਣ ਮੁਖ ਮੰਤਰੀ ਵਜੋਂ ਮਨਜ਼ੂਰ ਨਹੀਂ। ਜਾਣਕਾਰੀ ਅਨੁਸਾਰ ਕਾਂਗਰਸ ਵਿਚ ਖਾਨਾਜੰਗੀ ਤੇਜ਼ ਹੋਵੇਗੀ। ਕੈਪਟਨ ਕਦੇ ਸਿੱਧੂ ਦਾ ਬੋਲਬਾਲਾ ਨਹੀਂ ਚਾਹੁਣਗੇ। ਕੈਪਟਨ ਵਿਰੋਧੀ ਧੜਾ ਚੁੱਪ ਕਰਕੇ ਬੈਠਣ ਦੇ ਕੋਈ ਸੰਕੇਤ ਨਹੀਂ ਦੇ ਰਿਹਾ। ਉਨਾਂ ਦਾ ਕਹਿਣਾ ਹੈ ਕਿ ਉਨਾਂ ਦੀ ਲੜਾਈ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਦੀ ਨਹੀਂ ਸੀ, ਸਗੋਂ ਉਨਾਂ ਦਾ ਵਿਰੋਧ ਤਾਂ ਮੁੱਦਿਆਂ 'ਤੇ ਆਧਾਰਿਤ ਸੀ। ਜਿਨਾਂ ਵਿਚ ਗੁਰੂ ਗਰੰਥ ਸਾਹਿਬ ਦੀਆਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾ ਦਾ ਨਾ ਮਿਲਣਾ, ਅਫ਼ਸਰਸ਼ਾਹੀ ਦਾ ਗਲਬਾ, ਦਰਜਨਾਂ ਤਰਾਂ ਦੇ ਮਾਫੀਆ ਖਿਲਾਫ਼ ਕਾਰਵਾਈ ਨਾ ਹੋਣਾ, ਨਸ਼ਿਆਂ ਦਾ ਜਾਰੀ ਰਹਿਣਾ, ਬਿਜਲੀ ਸਮਝੌਤੇ ਰੱਦ ਨਾ ਕਰਨਾ ਅਤੇ ਕਥਿਤ ਰੂਪ ਵਿਚ ਬਾਦਲਾਂ ਤੇ ਕੈਪਟਨ ਦੀ ਆਪਸੀ ਮਿਲੀਭੁਗਤ ਆਦਿ ਸ਼ਾਮਿਲ ਹਨ। ਜਾਣਕਾਰੀ ਅਨੁਸਾਰ ਕੈਪਟਨ ਨੂੰ ਹਟਾਉਣ ਦੀ ਮੰਗ ਕਰਨ ਤੋਂ ਬਾਅਦ ਕੈਪਟਨ ਵਿਰੋਧੀ ਧੜਾ ਚੁੱਪ ਕਰਕੇ ਬੈਠਣ ਦੀ ਸਥਿਤੀ ਵਿਚ ਨਹੀਂ ਰਿਹਾ। ਕਿਉਂਕਿ ਇਹ ਸਪੱਸ਼ਟ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਵਿਰੋਧੀ ਵਿਧਾਇਕਾਂ ਤੇ ਮੰਤਰੀਆਂ ਲਈ ਕਈ ਤਰਾਂ ਦੀਆਂ ਮੁਸ਼ਕਲਾਂ ਖੜੀਆਂ ਹੋ ਸਕਦੀਆਂ ਹਨ। ਉਨਾਂ ਸਾਹਮਣੇ ਕੈਪਟਨ ਦੇ ਮੁੱਖ ਮੰਤਰੀ ਹੁੰਦਿਆਂ ਸ਼ਮਸ਼ੇਰ ਸਿੰਘ ਦੂਲੋਂ ਦਾ ਉਨਾਂ ਦੇ ਵਿਰੋਧ ਦੇ ਬਾਵਜੂਦ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ ਅਤੇ ਫਿਰ ਦੂਲੋਂ ਸਮਰਥਕ ਕਰੀਬ 99 ਫ਼ੀਸਦੀ ਉਮੀਦਵਾਰਾਂ ਦੇ ਹਾਰ ਜਾਣ ਦੀ ਉਦਾਹਰਨ ਹੈ।

ਪਤਾ ਲੱਗਾ ਹੈ ਕਿ ਜਿਥੇ ਕੈਪਟਨ ਧੜਾ ਵਿਰੋਧੀਆਂ ਵਿਚੋਂ ਵਿਧਾਇਕ ਤੋੜਨ ਲਈ ਸਾਮ, ਦਾਮ, ਦੰਡ, ਭੇਦ ਦੀ ਰਣਨੀਤੀ ਅਪਣਾ ਰਿਹਾ ਹੈ, ਉਥੇ ਵਿਰੋਧੀ ਵੀ ਆਪਣੀ ਤਾਕਤ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੈਪਟਨ ਨੇ ਪਿਛੇ ਜਿਹੇ ਕਾਂਗਰਸ ਦੇ ਸੀਨੀਅਰ ਲੀਡਰ ਭੱਠਲ ਨੂੰ ਵੀ ਉਸਦੇ ਘਰ ਜਾਕੇ ਆਪਣੇ ਹਕ ਵਿਚ ਕਰ ਲਿਆ ਹੈ।ਕੈਪਟਨ ਵਿਰੋਧੀ ਜੋ ਰਣਨੀਤੀ ਬਣਾ ਰਹੇ ਦੱਸੇ ਜਾਂਦੇ ਹਨ, ਉਸ ਅਨੁਸਾਰ ਵਿਧਾਨ ਸਭਾ ਦੇ ਆਉਂਦੇ ਸੈਸ਼ਨ ਵਿਚ ਕੈਪਟਨ ਲਈ ਵਿਰੋਧੀ ਧਿਰ ਨਾਲੋਂ ਜ਼ਿਆਦਾ ਤਿੱਖੇ ਸਵਾਲ ਵਿਰੋਧੀ ਕਾਂਗਰਸੀ ਵਿਧਾਇਕਾਂ ਵਲੋਂ ਵੀ ਪੁੱਛੇ ਜਾ ਸਕਦੇ ਹਨ। ਇਹ ਵੀ ਚਰਚਾ ਹੈ ਕਿ ਇਸ ਤੋਂ ਪਹਿਲਾਂ ਕਿ ਕੈਪਟਨ ਵਿਰੋਧੀ ਮੰਤਰੀਆਂ ਨੂੰ ਮੰਤਰੀ ਮੰਡਲ ਵਿਚੋਂ ਹਟਾਉਣ ਦਾ ਕੋਈ ਫ਼ੈਸਲਾ ਲੈਣ, ਇਹ ਮੰਤਰੀ ਖ਼ੁਦ ਹੀ ਅਸਤੀਫ਼ੇ ਦੇ ਜਾਣ। ਜਾਣਕਾਰੀ ਅਨੁਸਾਰ ਇਹ ਧਿਰ ਜਿਸ ਰਣਨੀਤੀ 'ਤੇ ਵਿਚਾਰ ਕਰ ਰਹੀ ਹੈ, ਉਸ ਅਨੁਸਾਰ ਹਾਈਕਮਾਨ 'ਤੇ ਦਬਾਅ ਬਣਾਉਣ ਲਈ ਪਹਿਲਾਂ ਇਹ ਚਾਰੇ ਮੰਤਰੀ ਜਾਂ ਕੁਝ ਹੋਰ ਸਾਥੀ ਵੀ ਆਪਣੇ ਅਸਤੀਫ਼ੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜ ਸਕਦੇ ਹਨ। ਗ਼ੌਰਤਲਬ ਹੈ ਕਿ ਕੈਪਟਨ ਵਿਰੋਧੀ ਮੰਤਰੀਆਂ 'ਤੇ ਕੋਈ ਗੰਭੀਰ ਇਲਜ਼ਾਮ ਨਹੀਂ ਹਨ ਜਦੋਂ ਕਿ ਕੈਪਟਨ ਸਮਰਥਕ ਕੁਝ ਮੰਤਰੀ ਇਸ ਵੇਲੇ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਵਿਚ ਘਿਰੇ ਹੋਏ ਹਨ, ਜਿਨਾਂ ਨੂੰ ਘੇਰਨ ਦੀ ਕੋਸ਼ਿਸ਼ ਵੀ ਕੈਪਟਨ ਵਿਰੋਧੀ ਧੜਾ ਕਰ ਸਕਦਾ ਹੈ। ਉਂਜ ਅੱਜ ਕੱਲ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਕੈਪਟਨ ਨੂੰ ਇਸ ਮੁਸ਼ਕਲ ਵਿਚੋਂ ਕੱਢਣ ਅਤੇ ਕੈਪਟਨ ਦੇ ਰਣਨੀਤਕ ਪ੍ਰਬੰਧ ਨੂੰ ਸੰਭਾਲਣ ਲਈ ਅਗਵਾਈ ਕਰ ਰਹੇ ਹਨ। ਪਹਿਲਾਂ ਇਹੀ ਕੰਮ ਅੱਜ ਕੱਲ ਕੈਪਟਨ ਦੇ ਸਖ਼ਤ ਵਿਰੋਧੀ ਬਣੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਸੰਭਾਲਦੇ ਸਨ। ਪਤਾ ਲੱਗਾ ਹੈ ਕਿ ਇਸ ਵੇਲੇ ਦੋਵਾਂ ਧਿਰਾਂ ਕੋਲ ਲਗਭਗ ਬਰਾਬਰ ਬਰਾਬਰ ਵਿਧਾਇਕ ਹਨ, ਜਿਨਾਂ ਵਿਚੋਂ ਕੁਝ ਅਜੇ ਲੁਕਵੇਂ ਰੂਪ ਵਿਚ ਹਨ। ਪਤਾ ਲੱਗਾ ਹੈ ਕਿ ਕੈਪਟਨ ਵਿਰੋਧੀ ਇਸ ਗੱਲ 'ਤੇ ਵੀ ਵਿਚਾਰ ਕਰ ਰਹੇ ਹਨ ਕਿ ਜੇਕਰ ਮੰਤਰੀਆਂ ਵਲੋਂ ਅਸਤੀਫ਼ੇ ਕਾਂਗਰਸ ਪ੍ਰਧਾਨ ਨੂੰ ਭੇਜੇ ਜਾਣ ਉਪਰੰਤ ਵੀ ਕੈਪਟਨ ਖਿਲਾਫ਼ ਕੋਈ ਕਾਰਵਾਈ ਨਹੀਂ ਹੁੰਦੀ ਤਾਂ ਅਗਲਾ ਕਦਮ ਕੀ ਹੋਣਾ ਚਾਹੀਦਾ ਹੈ ? ਜਾਣਕਾਰ ਹਲਕਿਆਂ ਅਨੁਸਾਰ ਕੈਪਟਨ ਵਿਰੋਧੀ ਹਾਈਕਮਾਨ 'ਤੇ ਦਬਾਅ ਬਣਾਉਣ ਲਈ ਇਕ ਵੱਡੇ ਕਦਮ ਵਜੋਂ ਕੈਪਟਨ ਵਿਰੋਧੀ ਵਿਧਾਇਕਾਂ ਤੋਂ ਅਸਤੀਫ਼ੇ ਲੈਣ ਬਾਰੇ ਵੀ ਸੋਚ ਸਕਦੇ ਹਨ। ਪਰ ਇਹ ਅਸਤੀਫ਼ੇ ਵੀ ਸਪੀਕਰ ਨੂੰ ਨਹੀਂ ਸਗੋਂ ਕਾਂਗਰਸ ਦੀ ਹਾਈਕਮਾਨ ਨੂੰ ਹੀ ਭੇਜੇ ਜਾਣਗੇ ਕਿ ਜੇ ਸਾਡੀ ਗੱਲ ਨਹੀਂ ਸੁਣਨੀ ਤਾਂ ਇਹ ਅਸਤੀਫ਼ੇ ਸਪੀਕਰ ਨੂੰ ਭੇਜ ਕੇ ਮਨਜ਼ੂਰ ਕਰਵਾ ਲਓ। ਦੂਜੇ ਪਾਸੇ ਕੈਪਟਨ ਧੜਾ ਸਪੱਸ਼ਟ ਰੂਪ ਵਿਚ ਇਹ ਲੜਾਈ ਸਿੱਧੂ ਦੇ ਸਿਰ ਮੜੇਗਾ ਅਤੇ ਹੋ ਸਕਦਾ ਹੈ ਕਿ ਉਹ ਵੀ ਸਿੱਧੂ ਨੂੰ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਹਟਾਉਣ ਦੀ ਮੰਗ ਸ਼ੁਰੂ ਕਰ ਦੇਵੇ। ਪਰ ਇਹ ਸਪੱਸ਼ਟ ਹੈ ਕਿ ਕਾਂਗਰਸ ਹਾਈ ਕਮਾਨ ਦੀ ਹਰ ਸੰਭਵ ਕੋਸ਼ਿਸ਼ ਹੋਵੇਗੀ ਚੋਣਾਂ ਸਿਰ 'ਤੇ ਹੋਣ ਕਾਰਨ ਇਹ ਲੜਾਈ ਜਲਦੀ ਮੁਕਾ ਲਈ ਜਾਵੇ ਤੇ ਦੋਵਾਂ ਧਿਰਾਂ ਦੇ ਖਦਸ਼ੇ ਦੂਰ ਕਰਕੇ ਏਕਤਾ ਕਰਵਾ ਕੇ ਵਿਧਾਨ ਸਭਾ ਚੋਣਾਂ ਲੜੀਆਂ ਜਾਣ। ਪਰ ਇਸ ਦੀ ਸੰਭਾਵਨਾ ਘੱਟ ਨਜ਼ਰ ਆਉਂਦੀ ਹੈ।

**ਕੀ ਕਹਿਣਾ ਹੈ ਸਿੱਧੂ ਦਾ**

ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਹਾਈਕਮਾਨ ਨੂੰ ਕਿਹਾ ਹੈ ਕਿ ਉਹ ਅਜਿਹਾ ਦਰਸ਼ਨੀ ਘੋੜਾ ਬਣ ਕੇ ਪ੍ਰਧਾਨ ਨਹੀਂ ਰਹਿਣਾ ਚਾਹੁੰਦੇ, ਜਿਸ ਨੂੰ ਫੈਸਲੇ ਲੈਣ ਦਾ ਅਧਿਕਾਰ ਨਹੀਂ ਹੈ। ਜੇ ਉਨਾਂ ਨੂੰ ਫੈਸਲੇ ਲੈਣ ਦਾ ਅਧਿਕਾਰ ਨਾ ਦਿੱਤਾ ਗਿਆ ਤਾਂ ਉਹ ਇੱਟ ਦੇ ਨਾਲ ਇੱਟ ਖੜਕਾ ਦੇਣਗੇ। ਉਨਾਂ ਕਿਹਾ ਕਿ ਜੇਕਰ ਉਨਾਂ ਨੂੰ ਉਨਾਂ ਦੀ ਆਸ਼ਾ ਅਤੇ ਵਿਸ਼ਵਾਸ ਦੀ ਆਪਣੀ ਨੀਤੀ ਅਨੁਸਾਰ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਉਹ 20 ਸਾਲਾਂ ਤੱਕ ਕਾਂਗਰਸ ਦੇ ਰਾਜ ਨੂੰ ਯਕੀਨੀ ਬਣਾਉਣਗੇ ਪਰ ਜੇ ਤੁਸੀਂ ਮੈਨੂੰ ਫੈਸਲੇ ਲੈਣ ਦੀ ਇਜਾਜ਼ਤ ਨਹੀਂ ਦਿੰਦੇ ਤਾਂ ਮੈਂ ਕਿਸੇ ਦੀ ਮਦਦ ਨਹੀਂ ਕਰ ਸਕਦਾ। ਇਸ ਦੇ ਜੁਆਬ ਵਿੱਚ ਕਾਂਗਰਸ ਦੇ ਜਨਰਲ ਸਕੱਤਰ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਨੇ ਕਿਹਾ ਕਿ ਸੂਬਿਆਂ ਦੇ ਮੁਖੀਆਂ ਨੂੰ ਪਾਰਟੀ ਦੇ ਰੁਤਬੇ ਅਤੇ ਸੰਵਿਧਾਨ ਦੇ ਦਾਇਰੇ ਵਿੱਚ ਕੰਮ ਕਰਨ ਅਤੇ ਫੈਸਲਾ ਲੈਣ ਦੇ ਪੂਰੇ ਅਧਿਕਾਰ ਹਨ।

**ਰਾਵਤ ਏਕਤਾ ਕਰਵਾਉਣ ਵਿਚ ਫੇਲ**

ਪੰਜਾਬ ਦੇ ਇੰਚਾਰਜ ਜਨਰਲ ਸਕੱਤਰ ਹਰੀਸ਼ ਰਾਵਤ ਨੇ ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਸੂਬੇ ਦੇ ਅੰਦਰੂਨੀ ਕਲੇਸ਼ 'ਤੇ ਗੱਲਬਾਤ ਕਰਨ ਤੋਂ ਬਾਅਦ ਐਲਾਨ ਕੀਤਾ ਕਿ ਪੰਜਾਬ ਕਾਂਗਰਸ ਵਿਚ ਕੋਈ ਬਗ਼ਾਵਤ ਨਹੀਂ ਹੈ। ਰਾਵਤ ਦਾ ਇਹ ਰੁਖ ਸਿੱਧੇ ਤੌਰ 'ਤੇ ਮੁੱਖ ਮੰਤਰੀ ਖ਼ਿਲਾਫ ਝੰਡਾ ਚੁੱਕੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਮਰਥਕਾਂ ਲਈ ਝਟਕਾ ਹੈ।

ਪਰ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਤੇ ਵਿਧਾਇਕ ਪਰਗਟ ਸਿੰਘ ਨੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਦੇ ਬਿਆਨ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨੂੰ ਦੱਸਣ ਕਿ ਇਹ ਫ਼ੈਸਲਾ ਕਦੋਂ ਹੋਇਆ ਸੀ ਕਿ 2022 ਦੀਆਂ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਲੜੀਆਂ ਜਾਣਗੀਆਂ। ਉਨਾਂ ਵੱਲੋਂ ਦਿੱਤੇ ਇਸ ਬਿਆਨ ਦਾ ਪੰਜਾਬ ਦੇ ਲੋਕਾਂ 'ਤੇ ਮਾੜਾ ਅਸਰ ਪਿਆ ਹੈ ਕਿ ਆਉਂਦੀਆਂ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਲੜੀਆਂ ਜਾਣਗੀਆਂ, ਕਿਉਂਕਿ ਦੋ ਮਹੀਨੇ ਪਹਿਲਾਂ ਜਦੋਂ ਮਲਿਕਾਰਜੁਨ ਖੜਗੇ ਦੀ ਅਗਵਾਈ ਹੇਠ ਕਮੇਟੀ ਬਣੀ ਸੀ, ਉਸ ਸਮੇਂ ਫ਼ੈਸਲਾ ਹੋਇਆ ਸੀ ਕਿ ਪੰਜਾਬ ਦੀਆਂ ਚੋਣਾਂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਦੀ ਅਗਵਾਈ ਹੇਠ ਲੜੀਆਂ ਜਾਣਗੀਆਂ। ਨਵਜੋਤ ਸਿੰਘ ਸਿੱਧੂ ਦੇ ਇੱਟ ਨਾਲ ਇੱਟ ਖੜਕਾਉਣ ਦੇ ਬਿਆਨ ਬਾਰੇ ਪਰਗਟ ਸਿੰਘ ਨੇ ਕਿਹਾ ਕਿ ਸਿੱਧੂ ਨੇ ਇਹ ਇਸ਼ਾਰਾ ਹਰੀਸ਼ ਰਾਵਤ ਵੱਲ ਹੀ ਕੀਤਾ ਲੱਗਦਾ ਹੈ ਕਿਉਂਕਿ ਸਿੱਧੂ ਤਾਂ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਦਾ ਬੜਾ ਸਤਿਕਾਰ ਕਰਦੇ ਹਨ।ਰਾਵਤ ਕੈਪਟਨ ਦੇ ਹਕ ਵਿਚ ਭੁਗਤ ਰਹੇ ਹਨ।

ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ 2017 ਵਿੱਚ ਵੋਟਾਂ ਕੈਪਟਨ ਅਮਰਿੰਦਰ ਸਿੰਘ ਦੇ ਚਿਹਰੇ ਨੂੰ ਦੇਖ ਕੇ ਵੋਟਾਂ ਪਈਆਂ ਸਨ ਪਰ ਸਾਢੇ ਚਾਰ ਸਾਲ ਦੌਰਾਨ ਪੰਜਾਬ ਦੇ ਮੁੱਦਿਆਂ ਦਾ ਕੀ ਬਣਿਆ ? ਉਨਾਂ ਇਹ ਵੀ ਕਿਹਾ ਕਿ ਲੋਕਾਂ ਨੇ 2017 ਵਿੱਚ ਕੈਪਟਨ 'ਤੇ ਭਰੋਸਾ ਕੀਤਾ ਸੀ ਪਰ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਨਹੀਂ ਉੱਤਰੇ। ਨਿੱਜੀ ਕੰਪਨੀਆਂ ਨਾਲ ਕੀਤੇ ਸਮਝੌਤੇ ਰੱਦ ਕਰਨ ਸਬੰਧੀ ਮੰਤਰੀ ਮੰਡਲ ਵਿੱਚ ਹੋਏ ਫ਼ੈਸਲੇ ਬਾਰੇ ਵਿਧਾਇਕ ਨੇ ਕਿਹਾ ਕਿ ਸਮਝੌਤੇ ਰੱਦ ਹੋਣੇ ਚਾਹੀਦੇ ਹਨ ਪਰ ਇਸ ਮਾਮਲੇ ਵਿੱਚ ਐਵੇਂ ਨਾ ਲੱਤਾਂ ਫਸਾ ਲਈਏ ਕਿ ਜਿਵੇਂ ਬੇਅਦਬੀਆਂ ਦੇ ਮਾਮਲੇ ਵਿੱਚ ਸਰਕਾਰ ਦੀ ਹੇਠੀ ਹੋਈ ਹੈ ਤੇ ਬਿਜਲੀ ਸਮਝੌਤਿਆਂ ਦਾ ਕੰਮ ਵੀ ਹੋਰ ਪੇਚੀਦਾ ਹੋ ਜਾਵੇ। ਉਨਾਂ ਕਿਹਾ ਕਿ ਬਿਜਲੀ ਸਮਝੌਤਿਆਂ ਬਾਰੇ ਫ਼ੈਸਲਾ ਸਾਢੇ ਚਾਰ ਸਾਲ ਪਹਿਲਾਂ ਕਿਉਂ ਨਹੀਂ ਲਿਆ ਗਿਆ ? ਇਸੇ ਤਰਾਂ 31 ਹਜ਼ਾਰ ਕਰੋੜ ਦੇ ਅਨਾਜ ਘੁਟਾਲੇ ਨੂੰ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਉਠਾਉਂਦੇ ਰਹੇ ਹਨ। ਪਰਗਟ ਸਿੰਘ ਨੇ ਕਿਹਾ ਕਿ ਜਿੰਨਾ ਜ਼ੋਰ ਡਿਨਰ ਡਿਪਲੋਸੀ 'ਤੇ ਲਾਇਆ ਜਾ ਰਿਹਾ ਹੈ, ਜੇ ਇੰਨਾ ਜ਼ੋਰ ਪੰਜਾਬ ਦੇ ਮੁੱਦਿਆਂ 'ਤੇ ਲਾਇਆ ਹੁੰਦਾ ਤਾਂ ਆਹ ਦਿਨ ਨਾ ਦੇਖਣੇ ਪੈਂਦੇ।

ਕਾਂਗਰਸ ਹਾਈਕਮਾਨ ਵੱਲੋਂ ਝਾੜ ਝੰਬ ਕੀਤੇ ਜਾਣ ਮਗਰੋਂ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਮੁੱਖ ਮੰਤਰੀ ਬਾਰੇ ਕੀਤੇ ਐਲਾਨ ਦੇ ਮਾਮਲੇ 'ਚ ਯੂ-ਟਰਨ ਲੈ ਲਿਆ ਹੈ ਤੇ ਕਿਹਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਸਾਰੇ ਮੁੱਖ ਆਗੂਆਂ ਦੀ ਅਗਵਾਈ ਹੇਠ ਲੜੀਆਂ ਜਾਣਗੀਆਂ। ਹਰੀਸ਼ ਰਾਵਤ ਨੇ ਬੀਤੇ ਦਿਨੀਂ ਐਲਾਨ ਕੀਤਾ ਸੀ ਕਿ ਅਗਲੀਆਂ ਪੰਜਾਬ ਚੋਣਾਂ ਮੁੱਖ ਮੰਤਰੀ ਕੈਪਟਨ ਦੀ ਅਗਵਾਈ ਹੇਠ ਲੜੀਆਂ ਜਾਣਗੀਆਂ ਜਿਸ ਤੋਂ ਸਿੱਧੂ ਦੇ ਖੇਮੇ 'ਚ ਨਰਾਜ਼ਗੀ ਸੀ। ਉਸ ਮਗਰੋਂ ਹੀ ਸਿੱਧੂ ਨੇ ਹਾਈ ਕਮਾਨ ਨੂੰ ਤਲਖ਼ ਤੇਵਰ ਦਿਖਾਏ ਸਨ। ਵਿਧਾਇਕ ਪਰਗਟ ਸਿੰਘ ਨੇ ਸਿੱਧੇ ਤੌਰ 'ਤੇ ਹਰੀਸ਼ ਰਾਵਤ ਨੂੰ ਨਿਸ਼ਾਨੇ 'ਤੇ ਲਿਆ ਸੀ। ਸੂਤਰਾਂ ਤੋਂ ਪਤਾ ਲਗਾ ਹੈ ਕਿ ਚੋਣਾਂ 'ਚ ਅਗਵਾਈ ਕੌਣ ਕਰੇਗਾ ਇਹ ਫ਼ੈਸਲਾ ਲੈਣ ਦਾ ਅਧਿਕਾਰ ਸੋਨੀਆ ਗਾਂਧੀ ਕੋਲ ਹੈ ਪਰ ਹਰੀਸ਼ ਰਾਵਤ ਨੇ ਪਹਿਲਾਂ ਹੀ ਕੈਪਟਨ ਦੀ ਅਗਵਾਈ ਹੇਠ ਚੋਣਾਂ ਲੜੇ ਜਾਣ ਦੀ ਗੱਲ ਆਖ ਦਿੱਤੀ ਜਿਸ ਤੋਂ ਹਾਈਕਮਾਨ ਨਾਰਾਜ਼ ਦੱਸੀ ਜਾ ਰਹੀ ਹੈ। ਸੂਤਰਾਂ ਅਨੁਸਾਰ ਹੁਣ ਜਦੋਂ ਹਰੀਸ਼ ਰਾਵਤ ਦਿੱਲੀ ਵਿਚ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੂੰ ਮਿਲੇ ਸਨ ਤਾਂ ਉਨਾਂ ਨੂੰ ਹਾਈਕਮਾਨ ਨੇ ਸਪੱਸ਼ਟ ਲਫ਼ਜ਼ਾਂ ਵਿਚ ਅਜਿਹੇ ਐਲਾਨ ਕਰਨ ਤੋਂ ਵਰਜਿਆ ਸੀ ਕਿਉਂਕਿ ਇਸ ਐਲਾਨ ਨਾਲ ਪੰਜਾਬ ਕਾਂਗਰਸ ਵਿੱਚ ਨਵਾਂ ਤੂਫਾਨ ਖੜਾ ਹੋ ਗਿਆ ਸੀ। ਇਹੋ ਵਜਾ ਹੈ ਕਿ ਹੁਣ ਰਾਵਤ ਨੇ ਮੋੜਾ ਕੱਟਿਆ ਹੈ।

ਰਾਵਤ ਨੇ ਦੱਸਿਆ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਬਹੁਤ ਹੀ ਚੰਗੇ ਕੰਮ ਹੋਏ ਹਨ, 18 ਸੂਤਰੀ ਪ੍ਰੋਗਰਾਮ ਵਿੱਚੋਂ ਵੀ ਬਹੁਤ ਸਾਰੇ ਕੰਮ ਹੋ ਚੁੱਕੇ ਹਨ। ਇੰਚਾਰਜ ਦੇ ਅਹੁਦੇ ਲਈ ਬਦਲਾਅ ਬਾਰੇ ਹਰੀਸ਼ ਰਾਵਤ ਨੇ ਕਿਹਾ ਕਿ ਪੰਜਾਬ ਦੇ ਆਪਣੇ ਸਾਥੀਆਂ ਨਾਲ ਮਜ਼ਾਕ ਵਿਚ ਇਹ ਗੱਲ ਕਹੀ ਸੀ, ਉਹ ਪਾਰਟੀ ਦੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਰਾਵਤ ਨੇ ਸਿੱਧੂ ਦੇ ਬਿਆਨ ਨੂੰ ਲੈ ਕੇ ਕਿਹਾ ਕਿ ਸਾਰੇ ਲੋਕ ਸੱਭਿਅਕ ਹਨ ਅਤੇ ਉਨਾਂ ਨੂੰ ਪਤਾ ਹੈ ਕਿ ਉਨਾਂ ਕੀ ਕਰਨਾ ਹੈ । ਸਾਰਿਆਂ ਦੇ ਬੋਲਣ ਦਾ ਢੰਗ-ਤਰੀਕਾ ਵੱਖਰਾ ਹੁੰਦਾ ਹੈ, ਇਸ ਲਈ ਇਸ ਨੂੰ ਵਿਦਰੋਹ ਨਹੀਂ ਕਿਹਾ ਜਾ ਸਕਦਾ।

ਰਾਵਤ ਨੇ ਕਿਹਾ ਕਿ ਕੌਮੀ ਪੱਧਰ 'ਤੇ ਉਨਾਂ ਦੇ ਆਗੂ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਅਗਵਾਈ ਕਰਨ ਵਾਲੇ ਹਨ ਜਦਕਿ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ, ਨਵਜੋਤ ਸਿੱਧੂ ਅਤੇ ਪਰਗਟ ਸਿੰਘ ਵਰਗੇ ਨੇਤਾ ਹਨ। ਹਰੀਸ਼ ਰਾਵਤ ਨੇ ਕਿਹਾ ਕਿ ਪੰਜਾਬ 'ਚ ਇਨਾਂ ਸਾਰਿਆਂ ਦੀ ਅਗਵਾਈ ਹੇਠ ਚੋਣਾਂ ਲੜੀਆਂ ਜਾਣਗੀਆਂ। ਪੰਜਾਬ ਵਿਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਬਦਲੇ ਜਾਣ ਦੀ ਮੰਗ ਉੱਠਣ ਮਗਰੋਂ ਹਾਈਕਮਾਨ ਦੇ ਫਿਕਰ ਵਧੇ ਹਨ ਅਤੇ ਹੁਣ ਹਾਈਕਮਾਨ ਨੇ ਹਰੀਸ਼ ਰਾਵਤ ਨੂੰ ਮੁੜ ਹਦਾਇਤ ਕੀਤੀ ਹੈ ਕਿ ਉਹ ਪੰਜਾਬ ਕਾਂਗਰਸ ਦੇ ਸਾਰੇ ਧੜਿਆਂ 'ਚ ਤਾਲਮੇਲ ਬਣਾਉਣ ਅਤੇ ਉਨਾਂ ਦੇ ਸ਼ਿਕਵੇ ਦੂਰ ਕਰਨ।

**ਸਿੱਧੂ ਨੇ ਕੈਪਟਨ ਵਿਰੁਧ ਝੰਡਾ ਚੁਕਿਆ**

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਅੱਜ ਪੰਜਾਬ ਵਿਧਾਨ ਸਭਾ ਦੇ ਅਗਾਮੀ ਇੱਕ ਰੋਜ਼ਾ ਸੈਸ਼ਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਵਿਧਾਨ ਸਭਾ ਦਾ ਪੰਜ ਤੋਂ ਸੱਤ ਦਿਨ ਦਾ ਇਜਲਾਸ ਸੱਦਿਆ ਜਾਵੇ ਤਾਂ ਜੋ ਨੁਕਸਦਾਰ ਬਿਜਲੀ ਖਰੀਦ ਸਮਝੌਤਿਆਂ ਨੂੰ ਰੱਦ ਕਰਨ ਲਈ ਨਵਾਂ ਕਾਨੂੰਨ ਲਿਆਂਦਾ ਜਾ ਸਕੇ। ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਦਾ 3 ਸਤੰਬਰ ਨੂੰ ਇੱਕ ਦਿਨ ਦਾ ਇਜਲਾਸ ਹੋ ਰਿਹਾ ਹੈ। ਨਵਜੋਤ ਸਿੱਧੂ ਨੇ ਬਿਜਲੀ ਦਾ ਮੁੱਦਾ ਮੁੜ ਚੁੱਕਦਿਆਂ ਆਪਣੀ ਸਰਕਾਰ ਦੀ ਘੇਰਾਬੰਦੀ ਕੀਤੀ ਹੈ। ਵਿਰੋਧੀ ਧਿਰਾਂ ਵੱਲੋਂ ਪਹਿਲਾਂ ਹੀ ਇਜਲਾਸ ਦੇ ਦਿਨਾਂ ਵਿਚ ਵਾਧੇ ਦੀ ਗੱਲ ਕਹੀ ਜਾ ਰਹੀ ਸੀ ਅਤੇ ਨਵਜੋਤ ਸਿੱਧੂ ਨੇ ਟਵੀਟ ਕਰਕੇ ਇੱਕ ਤਰੀਕੇ ਨਾਲ ਮੁੱਖ ਮੰਤਰੀ ਅਮਰਿੰਦਰ ਸਿੰਘ ਤੋਂ ਜੁਆਬ ਮੰਗਿਆ ਹੈ। ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਦੀ ਚੰਡੀਗੜ ਫੇਰੀ ਤੋਂ ਪਹਿਲਾਂ ਨਵਜੋਤ ਸਿੱਧੂ ਨੇ ਹਾਈਕਮਾਨ ਦੇ 18 ਨੁਕਾਤੀ ਏਜੰਡੇ ਵਿਚਲੇ ਅਹਿਮ ਨੁਕਤੇ ਬਿਜਲੀ ਖਰੀਦ ਸਮਝੌਤਿਆਂ ਦਾ ਚੇਤਾ ਕਰਾਇਆ ਹੈ। ਨਵਜੋਤ ਸਿੱਧੂ ਦਾ ਕਹਿਣਾ ਹੈ ਕਿ ਸਮਝੌਤੇ ਰੱਦ ਕਰਨ ਨਾਲ ਪੰਜਾਬ ਸਰਕਾਰ ਨੂੰ ਜਨਰਲ ਵਰਗ ਸਮੇਤ ਸਾਰੇ ਘਰੇਲੂ ਖਪਤਕਾਰਾਂ ਨੂੰ 300 ਯੂਨਿਟ ਮੁਫਤ ਬਿਜਲੀ ਦੇਣ, ਘਰੇਲੂ ਟੈਰਿਫ ਘਟਾ ਕੇ 3 ਰੁਪਏ ਪ੍ਰਤੀ ਯੂਨਿਟ ਅਤੇ ਉਦਯੋਗਾਂ ਲਈ ਪੰਜ ਰੁਪਏ ਪ੍ਰਤੀ ਯੂਨਿਟ ਕਰਨ ਦੇ ਨਾਲ ਨਾਲ ਸਾਰੇ ਬਕਾਇਆ ਬਿੱਲਾਂ ਦੇ ਨਿਬੇੜੇ ਕਰਨ ਵਿਚ ਮਦਦ ਮਿਲੇਗੀ। ਸਿੱਧੂ ਨੇ ਟਵੀਟ ਕਰਕੇ ਇਕ ਵੀਡੀਓ ਸੰਦੇਸ਼ ਜਾਰੀ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਨੂੰ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੂੰ ਤੁਰੰਤ ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ ਕਿ ਪ੍ਰਾਈਵੇਟ ਬਿਜਲੀ ਪਲਾਂਟਾਂ ਨੂੰ ਅਦਾ ਕੀਤੇ ਜਾ ਰਹੇ ਟੈਰਿਫ ਨੂੰ ਜਨਤਕ ਹਿੱਤ ਵਿਚ ਘਟਾਇਆ ਜਾਵੇ, ਨਹੀਂ ਤਾਂ ਇਹ ਬਿਜਲੀ ਖ਼ਰੀਦ ਸਮਝੌਤਿਆਂ ਨੂੰ ਬੇਅਸਰ ਅਤੇ ਬੇਅਰਥ ਕਰ ਦੇਣਗੇ।

ਉਨਾਂ ਕਿਹਾ ਕਿ ਸਤਲੁਜ-ਯਮੁਨਾ ਲਿੰਕ ਪਾਣੀਆਂ ਦੀ ਵੰਡ ਸਬੰਧੀ ਸਮਝੌਤੇ ਨੂੰ ਰੱਦ ਕਰਨ ਵਾਂਗ ਹੀ ਇਸ ਇਜਲਾਸ ਦੌਰਾਨ ਬਿਜਲੀ ਖ਼ਰੀਦ ਸਮਝੌਤਿਆਂ ਨੂੰ ਰੱਦ ਕਰਨ ਵਾਲਾ ਕਾਨੂੰਨ ਪਾਸ ਕੀਤਾ ਜਾ ਸਕਦਾ ਹੈ। ਉਨਾਂ ਕਿਹਾ ਕਿ ਪੰਜਾਬ ਦੇ ਬਹੁਤ ਸਾਰੇ ਮੁੱਦੇ ਹਨ, ਜੋ ਇਕ ਦਿਨ ਦੇ ਇਜਲਾਸ ਦੌਰਾਨ ਹੱਲ ਨਹੀਂ ਹੋ ਸਕਦੇ।

ਬਾਕੀ ਸਫ਼ਾ 30 'ਤੇ



## ਸਮੇਂ ਤੋਂ ਪਹਿਲਾਂ ਹੀ ਡਿੱਗ ਜਾਵੇਗੀ ਕਾਂਗਰਸ ਸਰਕਾਰ : ਸੁਖਬੀਰ

ਤਰਨ ਤਾਰਨ-ਸਰਕਾਰਾਂ ਦਾ ਕੰਮ ਪੰਜਾਬ ਦੇ ਲੋਕਾਂ ਦੀ ਸੇਵਾ ਕਰਨਾ ਹੁੰਦਾ ਹੈ, ਪਰ ਕਾਂਗਰਸ ਸਰਕਾਰ ਦੇ ਮੌਜੂਦਾ ਹਾਲਾਤ ਅਤੇ ਕਾਟੋ ਕਲੇਸ਼ ਦੇ ਚੱਲਦਿਆਂ ਇਹ ਸਰਕਾਰ ਆਪਣਾ ਕਾਰਜਕਾਲ ਪੂਰਾ ਨਹੀਂ ਕਰ ਸਕੇਗੀ ਅਤੇ ਸਮੇਂ ਤੋਂ ਪਹਿਲਾਂ ਹੀ ਡਿੱਗ ਜਾਵੇਗੀ । ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਲੋਕਾਂ ਦੀ ਪਾਰਟੀ ਹੈ ਅਤੇ ਸਮੱਸਿਆਵਾਂ ਨੂੰ ਚੰਗੀ ਤਰਾਂ ਸਮਝਦੀ ਹੈ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐੱਸ.ਐੱਸ. ਬੋਰਡ ਦੇ ਸਾਬਕਾ ਮੈਂਬਰ ਇਕਬਾਲ ਸਿੰਘ ਸੰਧੂ ਵਲੋਂ ਕੀਤੀ ਵਰਕਰ ਰੈਲੀ ਦੌਰਾਨ ਕੀਤਾ।

# ਮੈਕਸ ਆਰਥਰ ਮੈਕਾਲਿਫ਼ ਦੀ ਸਿੱਖ ਪੰਥ ਨੂੰ ਦੇਣ

## ਰਣਜੀਤ ਸਿੰਘ

ਸਿੱਖ ਧਰਮ ਦੁਨੀਆ ਭਰ ਦੇ ਧਰਮਾਂ ਵਿਚੋਂ ਸਭ ਤੋਂ ਛੋਟੀ ਉਮਰ ਦਾ ਧਰਮ ਹੈ। ਇਸ ਧਰਮ ਦੀ ਨੀਂਹ ਅੱਜ ਤੋਂ 550 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ। ਸੰਸਾਰ ਭਰ ਦੇ ਚਿੰਤਕਾਂ ਤੇ ਵਿਦਵਾਨਾਂ ਦਾ ਧਿਆਨ ਇਸ ਧਰਮ ਨੇ ਆਪਣੇ ਵੱਲ ਖਿੱਚਿਆ ਹੈ। ਜਿਨਾਂ ਫ਼ਿਲਾਸਫ਼ਰਾਂ ਨੇ ਡੂੰਘੀ ਵਿਚਾਰ ਨਾਲ ਇਸ ਦੀ ਬਾਣੀ, ਇਹਿਤਾਸ ਤੇ ਫਿਲਾਸਫ਼ੀ ਨੂੰ ਵਾਚਿਆ ਹੈ ਉਹ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕੇ। ਅਜਿਹੇ ਵਿਦਵਾਨਾਂ ਵਿਚੋਂ ਇਕ ਆਇਰਲੈਂਡ ਦਾ ਜੰਮਪਲ ਵਿਦਵਾਨ ਸੰਨ 1864 ਵਿਚ ਪੰਜਾਬ ਆਇਆ ਤੇ ਸਿੱਖ ਧਰਮ ਤੋਂ ਪ੍ਰਭਾਵਿਤ ਹੋ ਕੇ ਸਾਰੀ ਉਮਰ ਇਸ ਦੇ ਅਧਿਐਨ ਤੇ ਉਸ ਨੇ ਖੋਜ ਉੱਤੇ ਲਾ ਦਿੱਤੀ।

ਮੈਕਸ ਆਰਥਰ ਮੈਕਾਲਿਫ਼ ਦਾ ਜਨਮ 11 ਸਤੰਬਰ ਸੰਨ 1838 ਨੂੰ ਨਿਊਕੈਸਲ ਵੈਸਟ, ਲਿਮੇਰਿਕ ਕਾਊਂਟੀ, ਆਇਰਲੈਂਡ ਵਿਖੇ ਹੋਇਆ। ਉਸ ਨੇ ਸਕੂਲੀ ਵਿਦਿਆ ਨਿਊਕੈਸਲ ਸਕੂਲ ਤੋਂ ਪ੍ਰਾਪਤ ਕੀਤੀ। ਕਾਲਜ ਦੀ ਉੱਚ ਸਿੱਖਿਆ ਉਸ ਨੇ ਆਲਬੇਨੀ ਕਾਲਜ ਅਤੇ ਕਵੀਨਜ਼ ਕਾਲਜ ਗਾਲੇ ਤੋਂ ਪ੍ਰਾਪਤ ਕੀਤੀ ਸੀ। ਉਸ ਨੇ ਮੂਲ ਭਾਸ਼ਾਵਾਂ ਵਿਚੋਂ ਯੂਨਾਨੀ ਤੇ ਲਾਤੀਨੀ ਕਲਾਸਿਕ ਪੜੀ। ਫਿਰ ਉਸ ਨੇ ਫਰੈਂਚ ਅਤੇ ਇਤਾਲਵੀ ਭਾਸ਼ਾ ਦਾ ਗਿਆਨ ਵੀ ਪ੍ਰਾਪਤ ਕੀਤਾ। ਸੰਨ 1862 ਵਿਚ ਉਹ ਇੰਡੀਅਨ ਸਿਵਲ ਸਰਵਿਸ ਪ੍ਰੀਖਿਆ ਲਈ ਚੁਣਿਆ ਗਿਆ ਅਤੇ ਉਸ ਦੀ ਨਿਯੁਕਤੀ ਫਰਵਰੀ 1864 ਵਿਚ ਪੰਜਾਬ ਵਿਚ ਹੋ ਗਈ। ਆਪਣੀ ਮਿਹਨਤ ਸਦਕਾ ਉਹ 1882 ਵਿਚ ਡਿਪਟੀ ਕਮਿਸ਼ਨਰ ਦੇ ਅਹੁਦੇ ਅਤੇ ਸੰਨ 1884 ਵਿਚ ਫਿਰੋਜ਼ਪੁਰ ਵਿਖੇ ਪਹੁੰਚਿਆ ਮੰਡਲ ਜੱਜ ਦੇ ਤੌਰ ’ਤੇ ਨਿਯੁਕਤ ਹੋ ਗਿਆ। ਇੰਡੀਅਨ ਸਿਵਲ ਸਰਵਿਸ ਦੇ ਦੌਰਾਨ ਉਸ ਦੇ ਕੈਰੀਅਰ ਨੂੰ ਕੋਈ ਖਾਸ ਇਤਿਹਾਸ ਨੋਟ ਨਹੀਂ ਮਿਲਿਆ ਪਰ ਉਸ ਦੀ ਡੂੰਘੀ ਸਮਝ ਅਤੇ ਪੰਜਾਬ ਦੇ ਲੋਕਾਂ ਪ੍ਰਤੀ ਹਮਦਰਦੀ ਅਤੇ ਉਸ ਦੀਆਂ ਧਾਰਮਿਕ ਗਤੀਵਿਧੀਆਂ ਵਿਚਲੀ ਦਿਲਚਸਪੀ ਨੇ ਉਸ ਨੂੰ ਇਕ ਪ੍ਰਸਿੱਧ ਸਰਕਾਰੀ ਉੱਚ ਅਧਿਕਾਰੀ ਬਣਾਇਆ। ਸ਼ਾਇਦ ਇਸੇ ਕਾਰਨ ਉਸ ਦੇ ਭਾਰਤ ਵਿਚ ਸਾਥੀ ਅੰਗਰੇਜ਼ਾਂ ਨਾਲ ਕਈ ਵਾਰ ਵਾਦ-ਵਿਵਾਦ ਵੀ ਰਹੇ।

ਮੈਕਾਲਿਫ਼ ਦੇ ਮਨ ਵਿਚ ਪੰਜਾਬ ਦੇ ਸੱਭਿਆਚਾਰ ਤੇ ਧਾਰਮਿਕ ਅਕੀਦਿਆਂ ਨੂੰ ਸਮਝਣ ਦਾ ਸ਼ੌਕ ਜਾਗਿਆ। ਉਸ ਨੇ ਡੇਰਾ ਗਾਜ਼ੀਖਾਨ ਵਿਚ ਸੁਲੇਮਾਨ ਪਹਾੜੀਆਂ ਹੇਠ ਸਖੀ ਸਰਵਰ ਦਾ ਮੇਲਾ ਦੇਖਿਆ ਤਾਂ ਇਸ ਦਾ ਹਾਲ ਆਪਣੇ ਲੋਕਾਂ ਲਈ ਲਿਖਿਆ। ਸੰਨ 1880 ਵਿਚ ਇਸ ਨੇ ਅੰਮ੍ਰਿਤਸਰ ਦੀ ਦੀਵਾਲੀ ਵੇਖੀ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ, ਤੇ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ। ਇਥੋਂ ਦੇ ਸ਼ਾਨਾਮੱਤੇ ਇਤਿਹਾਸ ਬਾਰੇ ਸੁਣਿਆ ਤਾਂ ਇਸ ਦਾ ਮਨ ਮੋਹਿਆ ਗਿਆ। ਸੰਨ 1880-81 ਦੇ ‘ਕਲਕੱਤਾ ਰੀਵਿਊ’ ਦੇ ਤਿੰਨੇ ਅੰਕਾਂ ਵਿਚ ਇਸ ਨੇ ਵਿਸਥਾਰਪੂਰਵਕ ਲੇਖ ਲਿਖ ਕੇ ਆਪਣੇ ਪ੍ਰਭਾਵਾਂ ਨੂੰ ਪੇਸ਼ ਕੀਤਾ। ਉਸ ਨੇ ਪੰਜਾਬ ਵਿਚ ਰਹਿੰਦਿਆਂ ਪੰਜਾਬੀ, ਸੰਸਕ੍ਰਿਤ ਤੇ ਫਾਰਸੀ ਭਾਸ਼ਾ ਦਾ ਚੰਗਾ ਅਧਿਅਨ ਕਰ ਲਿਆ। ਅੰਮ੍ਰਿਤਸਰ ਦੀ ਦੀਵਾਲੀ ਵੇਖਣ ਤੋਂ ਬਾਅਦ ਜੀਵਨ ਦੇ ਅੰਤ ਤੱਕ ਆਪਣੀ ਸਾਰੀ ਉਮਰ ਉਸ ਨੇ ਇਕ ਜਨੂਨੀ ਵਾਂਗ ਸਿੱਖ ਧਰਮ ਦੇ ਲੇਖੇ ਲਾ ਦਿੱਤੀ।

ਸੰਨ 1880-81 ਦੇ ਸਮੇਂ ਸਿੱਖਾਂ ਦਾ ਜੀਵਨ ਕਿੰਨਾ ਉੱਚਾ ਤੇ ਸੁੱਚਾ ਹੋਵੇਗਾ ਜਿਸ ਨੇ ਅੰਮ੍ਰਿਤਸਰ ਦੀ ਦੀਵਾਲੀ ਮੌਕੇ ਸੱਤ ਸਮੁੰਦਰਾਂ ਤੋਂ ਪਾਰ ਆਏ ਇਕ ਆਇਰਲੈਂਡ ਦੇ ਜੰਮਪਲ ਦਾ ਮਨ ਮੋਹ ਲਿਆ ਅਤੇ ਉਹ ਸਿੱਖੀ ਦਾ ਦੀਵਾਨਾ ਹੋ ਗਿਆ। ਇਸ ਦੇ ਪਿਛੋਕੜ ਵਿਚ ਜਾਈਏ ਤਾਂ ਪਤਾ ਲਗਦਾ ਹੈ ਕਿ ਇਸ ਵਿਚ ਬਹੁਤ ਯੋਗਦਾਨ ਓਰੀਐਂਟਲ ਕਾਲਜ ਵਾਲੇ ਪ੍ਰੋ: ਗੁਰਮੁਖ ਸਿੰਘ ਦਾ ਹੈ ਜਿਨਾਂ ਨੇ ਸਭ ਤੋਂ ਪਹਿਲਾਂ ਪੰਜਾਬੀ ਅਖ਼ਬਾਰ ਚਲਾਇਆ ਸੀ। ਦੂਜਾ ਯੋਗਦਾਨ ਭਾਈ ਕਾਨ ਸਿੰਘ ਨਾਭਾ ਹੋਰਾਂ ਦਾ ਵੀ ਹੈ ਜਿਨਾਂ ਦੀ ਉਮਰ ਉਸ ਵੇਲੇ ਕੇਵਲ 22 ਕੁ ਸਾਲ ਦੀ ਸੀ। ਉਸ ਵਕਤ ਰਿਆਸਤ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਹੋਰੀਂ ਸਨ। 46 ਸਾਲ ਦੀ ਉਮਰ ਦਾ ਆਈ. ਸੀ.ਐਸ. ਅਫ਼ਸਰ ਮਹਾਰਾਜਾ ਨਾਭਾ ਨੂੰ ਬੇਨਤੀ ਕਰਦਾ ਹੈ ਕਿ ਤੁਸੀਂ ਭਾਈ ਕਾਨ ਸਿੰਘ ਨਾਭਾ ਜੀ ਨੂੰ ਕਹੋ ਕਿ ਉਹ ਮੈਨੂੰ ਆਪਣਾ ਸ਼ਾਗਿਰਦ ਬਣਾ ਲਵੇ। ਮੈਨੂੰ ਦੋ ਸਾਲ ਵਾਸਤੇ ਗੁਰਬਾਣੀ ਤੇ ਗੁਰਮਤਿ ਦੀ ਸਿੱਖਿਆ ਦੇਵੇ। ਮਹਾਰਾਜਾ ਸਾਹਿਬ ਨੇ ਉਸ ਦੀ ਬੇਨਤੀ ਮੰਨ ਲਈ ਤੇ ਭਾਈ ਸਾਹਿਬ ਨੇ ਗੁਰਬਾਣੀ, ਸਿੱਖ ਇਤਿਹਾਸ ਨੇ ਸਿੱਖ ਫਿਲਾਸਫ਼ੀ ਤੇ ਗੁਰਮਤਿ ਗਿਆਨ ਦੀ ਚਿਣਗ ਉਸ ਦੇ ਅੰਦਰ ਜਗਾ ਦਿੱਤੀ। ਮੈਕਾਲਿਫ਼ ਨੇ ਸੰਨ 1885 ਵਿਚ ਹਾਫਿਜ਼ਾਬਾਦ ਵਾਲੀ ਜਨਮ ਸਾਖੀ ਆਪਣੇ ਖਰਚੇ ਉਤੇ ਰਾਵਲਪਿੰਡੀ ਤੋਂ ਛਪਵਾਈ। ਸਿੱਖ ਧਰਮ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਲਈ ਉਸ ਨੇ ਗਿਆਨੀ ਗਿਆਨ ਸਿੰਘ (ਰਚਿਤ ਪੰਥ ਪ੍ਰਕਾਸ਼) ਦੇ ਸਪੁੱਤਰ ਭਾਈ ਸਰਦੂਲ ਸਿੰਘ ਅਤੇ ਹੋਰ ਸਿੱਖ ਧਰਮ ਦੇ ਵਿਦਵਾਨ ਤੇ ਵਿਆਖਿਆਕਾਰ ਗਿਆਨੀ ਸੰਤ ਸਿੰਘ, ਭਾਈ ਦਿੱਤ ਸਿੰਘ, ਭਗਤ ਲਛਮਣ ਸਿੰਘ, ਭਾਈ ਦਸੌਂਧਾ ਸਿੰਘ, ਭਾਈ ਪ੍ਰੇਮ ਸਿੰਘ, ਭਾਈ ਭਗਵਾਨ ਸਿੰਘ ਤੇ ਭਾਈ ਹਜ਼ਾਰਾ ਸਿੰਘ ਆਦਿ ਨਾਲ ਵਿਚਾਰਾਂ ਕਰਨੀਆਂ ਅਰੰਭ ਕਰ ਦਿੱਤੀਆਂ। ਸੀਨਾ ਬਸੀਨਾ ਜੋ ਪਰੰਪਰਾਵਾਂ ਚਲਦੀਆਂ ਆ ਰਹੀਆਂ ਸਨ, ਉਨਾਂ ਦੀ ਵੀ ਪੁਣਛਾਣ ਉਹ ਕਰਨ ਲੱਗਾ। ਇਸ ਤੋਂ ਪਹਿਲਾਂ ਜਰਮਨ ਦਾ ਈਸਾਈ ਪਾਦਰੀ



ਡਾ: ਅਰਨੈਸਟ ਟਰੰਪ ਸਿੱਖ ਇਤਿਹਾਸ ਦੀ ਵਿਆਖਿਆ ਕਰ ਚੁੱਕਾ ਸੀ। ਉਸ ਦੀ ਪੁਸਤਕ ਸੰਨ 1877 ਵਿਚ ਛਪ ਚੁੱਕੀ ਸੀ ਜਿਸ ਤੋਂ ਸਿੱਖ ਬਿਲਕੁਲ ਸੰਤੁਸ਼ਟ ਨਹੀਂ ਸਨ।

ਟਰੰਪ ਦਾ ਲਿਖਿਆ ਹੋਇਆ ਇਤਿਹਾਸ ਤੇ ਗੁਰਬਾਣੀ ਬਾਰੇ ਜੋ ਵਿਵਾਦ ਸੀ, ਉਸ ਤੋਂ ਮੈਕਾਲਿਫ਼ ਅਣਜਾਣ ਨਹੀਂ ਸੀ। ਇਸ ਲਈ ਸੰਨ 1880 ਤੋਂ ਜਿਸ ਪ੍ਰੇਮ ਤੇ ਦਿਆਨਤਦਾਰੀ ਨਾਲ ਮੈਕਾਲਿਫ਼ ਇਸ ਕਾਰਜ ਲਈ ਲੱਗਾ ਹੋਇਆ ਸੀ, ਉਸ ਨੇ ਆਪਣੇ ਪੈਸੇ ਤੇ ਸਿਹਤ ਦੀ ਵੀ ਪ੍ਰਵਾਹ ਨਾ ਕੀਤੀ। ਨੌਕਰੀ ਦੇ ਦੌਰਾਨ ਏਨਾ ਜ਼ਿਆਦਾ ਸਮਾ ਕੱਢਣਾ ਬਹੁਤ ਮੁਸ਼ਕਿਲ ਜਾਪਿਆ। ਜੋ ਕੰਮ ਉਸ ਨੇ ਅਰੰਭ ਕੀਤਾ ਸੀ, ਉਹ ਬਹੁਤ ਮਹਾਨ ਸੀ। ਇਹ ਦੇਖਦੇ ਹੋਏ ਸੰਨ 1893 ਵਿਚ ਕਈ ਪ੍ਰਮੁੱਖ ਸਿੱਖਾਂ ਤੇ ਸਿੱਖ ਸੰਸਥਾਵਾਂ ਨੇ ਉਸ ਨੂੰ ਪ੍ਰੇਰਿਆ ਕਿ ਉਹ ਨੌਕਰੀ ਛੱਡ ਕੇ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਬਾਰੇ ਹੀ ਅਧਿਐਨ ਕਰੇ। ਉਸ ਦੀ ਹਰ ਤਰਾਂ ਨਾਲ ਸਹਾਇਤਾ ਕੀਤੀ ਜਾਵੇਗੀ। ਮੈਕਾਲਿਫ਼ ਨੂੰ ਖੁਦ ਵੀ ਇਹ ਜਨੂੰਨ ਹੀ ਸੀ ਕਿ ਉਹ ਗੁਰਬਾਣੀ ਅਤੇ ਸਾਰਾ ਸਿੱਖ ਇਤਿਹਾਸ ਅੰਗਰੇਜ਼ੀ ਵਿਚ ਲਿਖ ਕੇ ਛਪਵਾਵੇ। ਇਸ ਕਾਰਜ ਲਈ ਉਸ ਨੇ ਨੌਕਰੀ ਛੱਡ ਦਿੱਤੀ।

ਮੈਕਾਲਿਫ਼ ਹਮੇਸ਼ਾ ਸਿੱਖ ਵਿਦਵਾਨਾਂ ਨਾਲ ਘਿਰਿਆ ਰਹਿੰਦਾ ਸੀ। ਅੰਮ੍ਰਿਤਸਰ ਵਿਚ ਉਸ ਦਾ ਘਰ ਇਕ ਸੈਮੀਨਾਰ ਦੀ ਤਰਾਂ ਹੀ ਸੀ ਜਿਥੇ ਧਰਮ ਸਬੰਧੀ ਵਿਚਾਰ-ਵਟਾਂਦਰੇ ਦੇ ਨਾਲ-ਨਾਲ ਸਾਹਿਤਕ ਤੇ ਭਾਸ਼ਾਈ ਗਿਆਨ ਦੀ ਵਿਚਾਰਧਾਰਾ ਵੀ ਚੱਲਦੀ ਰਹਿੰਦੀ ਸੀ। ਉਸ ਨੇ ਅੰਗਰੇਜ਼ੀ ਜਾਣਨ ਵਾਲੇ ਸਿੱਖ ਵਿਦਵਾਨਾਂ ਦੀ ਸਲਾਹ ਵੀ ਲਈ ਅਤੇ ਉਨਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਵੱਖਰੇ-ਵੱਖਰੇ ਹਿੱਸੇ ਦੀਆਂ ਕਾਪੀਆਂ ਵੰਡੀਆਂ ਗਈਆਂ ਜਿਸ ਦਾ ਉਸ ਨੇ ਅਨੁਵਾਦ ਕੀਤਾ ਸੀ। ਜਦੋਂ ਉਸ ਨੇ ‘ਜਪੁ’ ਬਾਣੀ ਦਾ ਅਨੁਵਾਦ ਕੀਤਾ ਤਾਂ ਉਸ ਨੇ ਭਗਤ ਲਛਮਣ ਸਿੰਘ ਨੂੰ ਭੇਜਿਆ ਤੇ ਉਸ ਨੇ ਅੱਗੇ ਆਪਣੇ ਭਰਾ ਬਾਲ ਮੁਕੰਦ ਜੋ ਐਲ.ਐਲ.ਬੀ. ਸੀ ਅਤੇ ਇਕ ਹੋਰ ਉਦਾਸੀ ਮਿੱਤਰ ਜੋ ਸੰਸਕ੍ਰਿਤ ਦੇ ਮਹਾਨ ਵਿਦਵਾਨ ਸੀ ਦੀ ਮਦਦ ਨਾਲ ਇਸ ਨੂੰ ਸੋਧਿਆ। ਮੈਕਾਲਿਫ਼ ਨੇ ਕੁਝ ਸਿੱਖ ਪਤਵੰਤਿਆਂ ਨੂੰ ਅਤੇ ਵਿਦੇਸ਼ਾਂ ਵਿਚ ਉੱਘੇ ਵਿਦਵਾਨਾਂ ਨੂੰ ਵੀ ਕਾਪੀਆਂ ਭੇਜੀਆਂ। ਇਸ ਦੇ ਬਦਲੇ ਵਿਚ ਬਹੁਤ ਸਾਰੇ ਸਿੱਖ ਵਿਦਵਾਨਾਂ ਅਤੇ ਯੂਰਪੀਅਨ ਵਿਦਵਾਨਾਂ ਨੇ ਮੈਕਾਲਿਫ਼ ਨੂੰ ਪ੍ਰਸੰਸਾ ਪੱਤਰ ਭੇਜੇ।

ਮੈਕਾਲਿਫ਼ ਆਪਣਾ ਸਾਰਾ ਕੰਮ ਪੂਰਾ ਕਰਨ ਹਿੱਤ ਜਿਨਾਂ ਸਿੱਖ ਵਿਦਵਾਨਾਂ ਨੂੰ ਆਪਣੇ ਕੋਲ ਬਲਾਉਂਦਾ ਸੀ ਉਨਾਂ ਨੂੰ ਆਉਣ-ਜਾਣ ਦੇ ਕਿਰਾਏ ਤੋਂ ਇਲਾਵਾ ਅਤੇ ਬਣਦੀ ਤਨਖਾਹ ਦਾ ਇਵਜ਼ਾਨਾ ਵੀ ਦਿੰਦਾ ਸੀ ਅਤੇ ਉਨਾਂ ਦੀ ਦਿਲੋਂ ਸੇਵਾ ਵੀ ਕਰਦਾ ਸੀ। 1907 ਵਿਚ ਤੇ 1908 ਵਿਚ ਦੋ ਵਾਰ ਉਸ ਨੇ ਆਪਣੇ ਖਰਚ ’ਤੇ ਭਾਈ ਕਾਨ ਸਿੰਘ ਨੂੰ ਇੰਗਲੈਂਡ ਸੱਦ ਕੇ ਅੱਠ-ਅੱਠ ਮਹੀਨੇ ਆਪਣੇ ਕੋਲ ਰੱਖਿਆ। ਹੋਰ ਤਾਂ ਹੋਰ ਉਸ ਨੇ 30 ਸਾਲ ਦੀ ਮਿਹਨਤ ਨਾਲ ਪ੍ਰਕਾਸ਼ਿਤ ਆਪਣੀਆਂ ਲਿਖਤਾਂ ਦੇ ਸਾਰੇ ਅਧਿਕਾਰ ਭਾਈ ਕਾਨ ਸਿੰਘ ਨੂੰ ਦੇ ਦਿੱਤੇ। ਇੱਥੇ ਹੀ ਬਸ ਨਹੀਂ, ਉਸ ਨੇ ਲੰਡਨ ਦੀ ਆਪਣੀ ਆਲੀਸ਼ਾਨ ਕੋਠੀ ਦੀ ਪੇਸ਼ਕਸ਼ ਭਾਈ ਸਾਹਿਬ ਨੂੰ ਕੀਤੀ ਅਤੇ ਕਿਹਾ ਕਿ ਤੁਸੀਂ ਉਮਰ ਭਰ ਇਥੇ ਰਹਿ ਕੇ ਪੜੋ-ਲਿਖੋ। ਇਹ ਕੋਠੀ ਤੁਹਾਡੀ ਹੀ ਹੈ। ਪਰ ਭਾਈ ਸਾਹਿਬ ਦੀ ਵਿਸ਼ਾਲ ਦਿਲੀ ਇਹ ਕਿ ਉਨਾਂ ਨੇ ਧੰਨਵਾਦ ਸਹਿਤ ਇਸ ਨੂੰ ਅਸਵੀਕਾਰ ਕਰ ਦਿੱਤਾ।

ਜਦੋਂ ਕੰਮ ਪੂਰਾ ਹੋ ਗਿਆ ਤਾਂ ਮੈਕਾਲਿਫ਼ ਨੇ ਬੇਨਤੀ ਕੀਤੀ ਕਿ ਸਿੱਖ ਵਿਦਵਾਨਾਂ ਦੀ ਇਕ ਕਮੇਟੀ ਬਣਾਈ ਜਾਵੇ ਜੋ ਉਸ ਦੇ ਅਨੁਵਾਦ ਦੀ ਪੜਤਾਲ ਕਰੇ। ਉਸ ਨੂੰ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਬੁੰਗਾ ਵਲੋਂ ਵਿਸ਼ੇਸ਼ ਤੌਰ ‘ਤੇ ਬੁਲਾਇਆ ਗਿਆ ਕਿ ਉਹ ਇਸ ਸਬੰਧੀ ਸਿੱਖਾਂ ਦੀ ਇਕੱਤਰਤਾ ਨੂੰ ਸੰਬੋਧਨ ਕਰੇ। ਹਰਿਮੰਦਰ ਸਾਹਿਬ ਦੇ ਸੁਪਰਡੈਂਟ ਕਰਨਲ ਜਵਾਲਾ ਸਿੰਘ ਨੇ ਅਨੁਵਾਦ ਦੀ ਪੜਤਾਲ ਕਰਨ ਲਈ ਭਾਈ ਸਰਦੂਲ ਸਿੰਘ, ਭਾਈ ਸੰਤ ਸਿੰਘ ਤੇ ਭਾਈ ਪ੍ਰੇਮ ਸਿੰਘ ਦੀ ਇਕ ਕਮੇਟੀ ਦਾ ਮਤਾ ਰੱਖਿਆ ਜਿਸ ਨੂੰ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਜਦੋਂ ਕਮੇਟੀ ਦਾ ਕੰਮ ਪੂਰਾ ਹੋ ਗਿਆ ਤਾਂ ਮੈਕਾਲਿਫ਼ ਨੇ ਕਾਰਜ ਦੀ ਸਫ਼ਲਤਾ ਲਈ ਅਖੰਡ ਪਾਠ ਕਰਵਾਇਆ ਅਤੇ ਉਨਾਂ ਲਈ ਨਿੱਜੀ ਤੌਰ ’ਤੇ ਵਿਸ਼ੇਸ਼ ਅਰਦਾਸ ਕੀਤੀ ਗਈ। ਅਖੀਰ ਵਿਚ ਕਮੇਟੀ ਨੇ ਆਪਣੀ ਰਾਏ ਇਸ ਤਰਾਂ ਦਰਜ ਕੀਤੀ।

‘ਅਸੀਂ ਅੰਗਰੇਜ਼ੀ ਨਾਲ ਜਾਣੂ ਵਿਦਵਾਨ ਸਿੱਖਾਂ ਦੀ ਕਮੇਟੀ ਰਾਹੀਂ ਮੈਕਾਲਿਫ਼ ਵਲੋਂ ਅਨੁਵਾਦਿਤ ਗ੍ਰੰਥ ਨੂੰ ਧਿਆਨ ਨਾਲ ਵਾਚਿਆ ਹੈ। ਜਿੱਥੇ ਕੋਈ ਗ਼ਲਤੀ ਜਾਪਦੀ ਸੀ, ਅਸੀਂ ਸਾਰੇ ਮਿਲ ਕੇ ਵਿਚਾਰ-ਵਟਾਂਦਰਾ ਕਰ ਲੈਂਦੇ ਸੀ ਤੇ ਇਸ ਨੂੰ ਸੋਧ ਦਿੰਦੇ। ਇਸ ਲਈ ਅਸੀਂ ਹੁਣ ਸਾਰੇ ਇਕ ਮੱਤ ਨਾਲ ਦੱਸ ਰਹੇ ਹਾਂ ਕਿ ਸ਼੍ਰੀ ਮੈਕਾਲਿਫ਼ ਦੁਆਰਾ ਲਿਖਿਆ ਅਨੁਵਾਦ ਪੂਰੀ ਤਰਾਂ ਸੋਧਿਆ ਗਿਆ ਹੈ ਅਤੇ ਸਹੀ ਹੈ। ਅਨੁਵਾਦ ਨੂੰ ਸਿੱਖਾਂ ਦੇ ਧਾਰਮਿਕ ਸਿਧਾਂਤਾਂ ਦੇ ਅਨੁਕੂਲ ਬਣਾਉਣ ਵਿਚ ਸਭ ਤੋਂ ਵੱਧ ਧਿਆਨ ਰੱਖਿਆ ਗਿਆ ਹੈ। ਅਨੁਵਾਦ ਸਾਰੇ ਵਿਆਕਰਣਕ ਨਿਯਮਾਂ ਦੇ ਅਨੁਸਾਰ ਕੀਤਾ ਗਿਆ ਹੈ। ਅਨੁਵਾਦ ਕਰਨ ਲਈ ਮੈਕਾਲਿਫ਼ ਨੇ ਗੁਰੂਆਂ, ਸੰਤਾਂ ਤੇ ਸੂਫੀਆਂ ਦੇ ਜੀਵਨ ਬਿਰਤਾਂਤ ਵੀ ਸ਼ਾਮਿਲ ਕੀਤੇ ਹਨ ਜਿਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ।

ਇਸ ਉਪਰੰਤ ਮੈਕਾਲਿਫ਼ ਨੇ ਇਹ ਸਾਰਾ ਅਨੁਵਾਦ ਔਕਸਫੋਰਡ ਯੂਨੀਵਰਸਟੀ, ਇੰਗਲੈਂਡ ਵਿਚ ਭੇਜਿਆ। ਪ੍ਰਕਾਸ਼ਨ ਦੇ ਪ੍ਰਬੰਧ ਲਈ ਅਤੇ ਸਬੂਤਾਂ ਦੀ ਜਾਂਚ ਲਈ ਭਾਈ ਕਾਨ ਸਿੰਘ ਨਾਭਾ ਇੰਗਲੈਂਡ ਵਿਚ ਹੀ ਰਹੇ। ਸੰਨ 1909 ਵਿਚ ਇਹ ਕਿਤਾਬ 6 ਹਿੱਸਿਆਂ ਵਿਚ ਛਪ ਗਈ ਜਿਸ ਨਾਲ ਮੈਕਾਲਿਫ਼ ਦੇ ਦਿਲ ਨੂੰ ਬਹੁਤ ਪ੍ਰਸੰਨਤਾ ਹੋਈ। 1909 ਵਿਚ 6 ਜਿਲਦਾਂ ਵਿਚ ਛਪੇ ਇਸ ‘ਸਿੱਖ ਰਿਲੀਜਨ’ ਗ੍ਰੰਥ ਵਿਚ ਮੈਕਾਲਿਫ਼ ਨੇ ਕੀ ਕੁੱਝ ਕੀਤਾ। ਸਭ ਤੋਂ ਪਹਿਲੀ ਗੱਲ ਉਸ ਨੇ ਇਹ ਕੀਤੀ ਕਿ ਡਾ. ਅਰਨੈਸਟ ਟਰੰਪ ਦੁਆਰਾ ਸਿੱਖ ਧਰਮ, ਗੁਰਬਾਣੀ ਤੇ ਇਤਿਹਾਸ ਬਾਰੇ ਜੋ ਗ਼ਲਤ ਬਿਆਨੀ ਕੀਤੀ, ਉਸ ਨੂੰ ਦਰੁਸਤ ਕੀਤਾ। ਫਿਰ ਉਸ ਨੇ ਹਰ ਨੁਕਤੇ ਨੂੰ ਸਿੱਖਾਂ ਦੇ ਪ੍ਰਵਾਣਿਤ ਦ੍ਰਿਸ਼ਟੀਕੋਣ ਤੋਂ ਪੂਰੀ ਇਮਾਨਦਾਰੀ ਨਾਲ ਪੇਸ਼ ਕੀਤਾ। ਪਹਿਲੀ ਜਿਲਦ ਵਿਚ ਮੈਕਾਲਿਫ਼ ਨੇ ਸਿੱਖ ਧਰਮ ਬਾਰੇ ਸੰਖੇਪ ਜਾਣਕਾਰੀ ਦੇਣ ਉਪਰੰਤ ਗੁਰੂ ਨਾਨਕ ਦੇਵ ਜੀ ਦਾ ਜੀਵਨ ’ਤੇ ਉਨਾਂ ਦੀਆਂ ਚੋਣਵੀਆਂ ਬਾਣੀਆਂ ਬਾਰੇ ਅੰਗਰੇਜ਼ੀ ਵਿਚ ਅਨੁਵਾਦ ਕੀਤਾ। ਦੂਜੀ ਜਿਲਦ ਵਿਚ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦਾ ਜੀਵਨ ’ਤੇ ਉਨਾਂ ਦੀਆਂ ਚੋਣਵੀਆਂ ਬਾਣੀਆਂ ਦਾ ਅਨੁਵਾਦ ਪੇਸ਼ ਕੀਤਾ। ਤੀਜੀ ਜਿਲਦ ਵਿਚ ਗੁਰੂ ਅਰਜਨ ਦੇਵ ਜੀ ਦੀ ਜੀਵਨੀ ਤੇ ਉਨਾਂ ਦੀਆਂ ਚੋਣਵੀਆਂ ਬਾਣੀਆਂ ਦਾ ਅਨੁਵਾਦ ਹੈ। ਚੌਥੀ ਜਿਲਦ ਵਿਚ ਛੇਵੇਂ, ਸੱਤਵੇਂ, ਅੱਠਵੇਂ ਤੇ ਨੌਂਵੇਂ ਗੁਰੂ ਸਾਹਿਬ ਦਾ ਜੀਵਨ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਸ਼ਾਮਿਲ ਹੈ। ਪੰਜਵੀ ਜਿਲਦ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਅਤੇ ਉਨਾਂ ਦੀ ਚੋਣਵੀਂ ਬਾਣੀ ਦੇ ਅਨੁਵਾਦ ਤੋਂ ਇਲਾਵਾ ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਦਰਜ ਹੈ। ਛੇਵੀਂ ਜਿਲਦ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂਆਂ ਦੀ ਬਾਣੀ ਤੋਂ ਇਲਾਵਾ ਜੋ ਹੋਰ ਬਾਣੀਕਾਰ ਜਿਵੇਂ 15 ਭਗਤ, 11 ਭੱਟ ਤੇ 3 ਗੁਰਸਿੱਖਾਂ ਦਾ ਜੀਵਨ ਬਿਰਤਾਂਤ ’ਤੇ ਉਨਾਂ ਦੀ ਚੋਣਵੀ ਬਾਣੀ ਦਾ ਅੰਗਰੇਜ਼ੀ ਅਨੁਵਾਦ ਅੰਕਿਤ ਹੈ। 2500 ਪੰਨਿਆਂ ਦਾ ਇਹ ਗ੍ਰੰਥ ਜੋ 6 ਜਿਲਦਾਂ ਵਿਚ ਮੌਜੂਦ ਹੈ ਜਿਸ ਵਿਚ ਲੱਗਭਗ ਅੱਧੇ ਪੰਨੇ ਗੁਰਬਾਣੀ ਦੇ ਅਨੁਵਾਦ ਦੇ ਅਤੇ ਜੀਵਨੀਆਂ ਨਾਲ ਸਬੰਧਿਤ ਹਨ। ਮੈਕਾਲਿਫ਼ ਨੇ ਕੇਵਲ ਇਹ 6 ਜਿਲਦਾਂ ਵਾਲਾ ਗ੍ਰੰਥ ਹੀ ਨਹੀਂ ਲਿਖਿਆ, ਸਗੋਂ ਉਸ ਨੇ ਵਿਸ਼ਵ ਭਰ ਵਿਚ ਹੋਣ ਵਾਲੇ ਧਾਰਮਿਕ ਸੰਮੇਲਨਾਂ ਵਿਚ ਸਿੱਖ ਧਰਮ ਦੀ ਪ੍ਰਤੀਨਧਤਾ ਵੀ ਕੀਤੀ। 1897 ਵਿਚ ਰੋਮ ਵਿਚ ਹੋਈ ‘ਕਾਂਗਰਸ ਆਫ ਓਰੀਐਂਟਲਿਸਟਸ’ ਵਿਚ ਉਸ ਨੇ ਪਵਿੱਤਰ ਗੁਰਬਾਣੀ ਬਾਰੇ ਆਪਣਾ ਖੋਜ ਪੱਤਰ ਪੜਿਆ। 1899 ਵਿਚ ਇਸੇ ਹੀ ਕਾਂਗਰਸ ਸੰਮੇਲਨ ਵਿਚ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਖੋਜ ਪੱਤਰ ਪੇਸ਼ ਕੀਤਾ। 1905 ਵਿਚ ਪੈਰਿਸ ਵਿਚ ਹੋਈ ਇਸ ਕਾਂਗਰਸ ਵਿਚ ਸਿੱਖਾਂ ਦੇ ਸ਼ਾਂਤਮਈ ਧਾਰਮਿਕ ਸਮੂਹ ਤੋਂ ਜੰਗਜੂ ਕੌਮ ਵਿਚ ਬਦਲਣ ਦਾ ਇਤਿਹਾਸ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ। ਦੇਸ਼ ਵਿਚ ਵੀ ਵੱਖ-ਵੱਖ ਥਾਵਾਂ ’ਤੇ ਜਿਥੇ ਵੀ ਉਹ ਜਾਂਦਾ, ਸਿੱਖ ਧਰਮ ਇਕ ਨਿਵੇਕਲਾ ਧਰਮ ਵਿਸ਼ੇ ‘ਤੇ ਵਿਚਾਰ ਪੇਸ਼ ਕਰਦਾ ਸੀ। 1899 ਵਿਚ ਉਸ ਨੇ ਸਿੱਖ ਸੰਗਤਾਂ ਨੂੰ ਖ਼ਾਲਸੇ ਦੀ ਦੂਜੀ ਸ਼ਤਾਬਦੀ ਮਨਾਉਣ ਲਈ ਉਤਸ਼ਾਹਿਤ ਕੀਤਾ ਅਤੇ ਮਾਇਕ ਤੌਰ ’ਤੇ ਇਸ ਵਿਚ ਆਪਣਾ ਯੋਗਦਾਨ ਵੀ ਪਾਇਆ। ਸਿੱਖ ਧਰਮ ਪ੍ਰਤੀ ਉਸ ਦੀ ਕਿੰਨੀ ਕੁ ਸ਼ਰਧਾ ਸੀ, ਉਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਜਦੋਂ 1911 ਵਿਚ ਐਨਸਾਈਕਲੋ ਪੀਡੀਆ ਬ੍ਰਿਟੈਨਿਕਾ ਛਾਪਿਆ ਗਿਆ ਤਾਂ ਸਿੱਖਾਂ ਨਾਲ ਸਬੰਧਤ ਹਰ ਇੰਦਰਾਜ ਮੈਕਾਲਿਫ਼ ਨੇ ਲਿਖਿਆ।

ਮੈਕਾਲਿਫ਼ ਦੇ ਜ਼ਿਹਨ ਵਿਚ ਸਿੱਖ ਧਰਮ ਤੇ ਸਿੱਖੀ ਪ੍ਰਤੀ ਸ਼ਰਧਾ ਏਨੀ ਘਰ ਕਰ ਗਈ ਸੀ ਕਿ ਇਕ ਤਰਾਂ ਨਾਲ ਪੂਰੀ ਤਰਾਂ ਸਿੱਖੀ ਦੇ ਰੰਗ ਵਿਚ ਰੰਗਿਆ ਗਿਆ। ਸੱਤ ਸਮੁੰਦਰੋਂ ਪਾਰ ਮੈਕਾਲਿਫ਼ ਨੇ ਆਪਣੀ ਵਸੀਅਤ ਵਿਚ ਲਿਖਿਆ ਕਿ ਮੇਰੀਆਂ ਅੰਤਮ ਰਸਮਾ ਈਸਾਈ ਮੱਤ ਅਨੁਸਾਰ ਕਰਨ ਦੀ ਬਜਾਏ ਸਿੱਖ ਰਹੁਰੀਤਾਂ ਅਨੁਸਾਰ ਨਿਭਾਈਆਂ ਜਾਣ। 15 ਮਾਰਚ, 1913 ਦੀ ਰਾਤ ਨੂੰ 8 ਵੱਜ ਕੇ 10 ਮਿੰਟ ’ਤੇ ਮੈਕਾਲਿਫ਼ ਇਸ ਨਾਸ਼ਵਾਨ ਸੰਸਾਰ ਨੂੰ ਵੈਸਟ ਕੈਨਸਿੰਗ ਲੰਡਨ ਵਿਖੇ ਆਪਣੇ ਘਰ ਸਿਨਕਲੇਅਰ ਗਾਰਡਨਜ਼ ਵਿਖੇ ਅਲਵਿਦਾ ਕਹਿ ਗਿਆ। ਮੌਤ ਤੋਂ ਦਸ ਮਿੰਟ ਪਹਿਲਾਂ ਉਸ ਨੇ ਜਪੁਜੀ ਸਾਹਿਬ ਦਾ ਪਾਠ ਸੰਪੂਰਨ ਕੀਤਾ ਤੇ ਅਰਦਾਸ ਕੀਤੀ ਸੀ। ਮੈਕਾਲਿਫ਼ ਦੀ ਮੌਤ ਦੀ ਖਬਰ ਪੰਜਾਬ ਵਿਚ ਉਸ ਦੇ ਅਣਗਿਣਤ ਦੋਸਤਾਂ ਲਈ ਇਕ ਵੱਡਾ ਨਿੱਜੀ ਸਦਮਾ ਸੀ। ਰਾਵਲਪਿੰਡੀ ਦੇ ਸਿੱਖਾਂ ਨੇ ਮੈਕਾਲਿਫ਼ ਮੈਮੋਰੀਅਲ ਸੁਸਾਇਟੀ ਦੀ ਸਥਾਪਨਾ ਕੀਤੀ।

ਮੈਕਾਲਿਫ਼ ਨੂੰ ਇਸ ਗੱਲ ਦਾ ਵੀ ਪਛਤਾਵਾ ਸੀ ਕਿ ਉਸ ਦੇ ਇਸ ਪਵਿੱਤਰ ਕਾਰਜ ਨੂੰ ਸਰਕਾਰੀ ਸਰਪ੍ਰਸਤੀ ਨਹੀਂ ਸੀ ਮਿਲੀ। ਸਰਕਾਰਾਂ ਦੇ ਰਵੱਈਏ ਤੋਂ ਸੰਕੇਤ ਲੈਂਦਿਆਂ ਸਿੱਖ ਕੌਮ ਦਾ ਇਕ ਹਿੱਸਾ ਵੀ ਠੰਢਾ ਹੋ ਗਿਆ। ਉਸ ਦੀਆਂ ਅੰਤਿਮ ਰਸਮਾਂ ਸਮੇਂ ਈਸਾਈ ਕਹਿ ਰਹੇ ਸਨ ਕਿ ਉਹ ਆਪਣੇ ਆਪ ਨੂੰ ਈਸਾਈ ਨਹੀਂ ਸੀ ਮੰਨਦਾ ਇਸ ਲਈ ਈਸਾਈ ਧਰਮ ਮੁਤਾਬਕ ਉਸ ਨੂੰ ਕਬਰ ਵਿਚ ਨਹੀਂ ਦਫ਼ਨਾਵਾਂਗੇ। ਤੰਗ ਨਜ਼ਰੀਏ ਵਾਲੇ ਸਿੱਖ ਕਹਿ ਰਹੇ ਸਨ ਕਿ ਉਹ ਕੇਸਾਧਾਰੀ ਨਹੀਂ ਸੀ, ਇਸ ਲਈ ਸਿੱਖ ਰਹੁ ਰੀਤਾਂ ਅਨੁਸਾਰ ਸਸਕਾਰ ਨਹੀਂ ਹੋ ਸਕਦਾ। ਅਖੀਰ ਇਹ ਫੈਸਲਾ ਕੀਤਾ ਗਿਆ ਕਿ ਉਸ ਦੀ ਦੇਹ ਨੂੰ ਤਾਬੂਤ ਵਿਚ ਪਾ ਕੇ ਪੰਜ ਮਿੰਟ ਲਈ ਕਬਰ ਵਿਚ ਰੱਖਿਆ ਜਾਵੇ, ਇਸ ਉਪਰੰਤ ਉਸ ਦਾ ਸਸਕਾਰ ਕੀਤਾ ਜਾਵੇ। ਛੇਤੀ ਹੀ ਸਿੱਖਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਹਫ਼ਤੇ ਕੁ ਬਾਅਦ ਅੰਬਾਲੇ ਵਿਚ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਹੋਈ ਤਾਂ ਇਕ ਮਤਾ ਪਾਸ ਕਰਕੇ ਉਸੇ ਦੀ ਸਿੱਖ ਧਰਮ ਪ੍ਰਤੀ ਕੀਤੇ ਕਾਰਜਾਂ ਦੀ ਭਰਪੂਰ ਪ੍ਰਸੰਸਾ ਦਾ ਮਤਾ ਪਾਸ ਕੀਤਾ ਗਿਆ। ਇਤਿਹਾਸ ਤੇ ਗੁਰਬਾਣੀ ਦੇ ਖੋਜੀਆਂ ਲਈ ਮੈਕਾਲਿਫ਼ ਦਾ ਗ੍ਰੰਥ ‘ਸਿੱਖ ਰਿਲੀਜਨ’ ਚਾਨਣ ਮੁਨਾਰੇ ਦਾ ਕੰਮ ਕਰਦਾ ਰਹੇਗਾ।

# ਪੁਲਾੜ ਦਾ ਸੈਰ-ਸਪਾਟਾ ਜਾਂ ਪੁਲਾੜ ਦਾ ਨਿੱਜੀਕਰਨ



**ਸੁਖਵੰਤ ਹੁੰਦਲ**

12 ਜੁਲਾਈ ਨੂੰ ਵਿਰਜਨ ਗਲੈਕਟਿਕ ਦੇ ਮਾਲਕ ਰਿਚਰਡ ਬਰੈਨਸਨ ਨੇ ਅਤੇ ਫਿਰ 20 ਜੁਲਾਈ ਨੂੰ ਬਲੂ ਓਰੀਜਨ ਦੇ ਮਾਲਕ ਜੈੱਫ ਬੈਜੋ ਨੇ ਆਪਣੀ ਆਪਣੀ ਕੰਪਨੀ ਦੇ ਰਾਕਟਾਂ 'ਤੇ ਪੁਲਾੜ ਵਿੱਚ ਉਡਾਣਾਂ ਭਰੀਆਂ ਹਨ। ਰਿਚਰਡ ਬਰੈਨਸਨ ਸਮੁੰਦਰ ਦੇ ਤਲ ਤੋਂ 53.5 ਮੀਲ ਦੀ ਉਚਾਈ ਤੱਕ ਗਿਆ ਹੈ। ਇਹ ਉਚਾਈ ਉਸ ਉਚਾਈ ਤੋਂ ਸਾਢੇ-ਤਿੰਨ ਮੀਲ ਉੱਪਰ ਹੈ ਜਿਸ ਨੂੰ ਨਾਸਾ (ਨੈਸ਼ਨਲ ਐਰੋਨੌਟਿਕ ਐਂਡ ਸਪੇਸ ਐਡਮਿਨਸਟ੍ਰੇਸ਼ਨ) ਪੁਲਾੜ ਦੀ ਹੇਠਲੀ ਹੱਦ ਸਮਝਦੀ ਹੈ। ਉੱਪਰ ਜਾ ਕੇ ਬਰੈਨਸਨ ਅਤੇ ਉਸ ਦੇ ਸਾਥੀਆਂ ਨੇ ਤਿੰਨ ਮਿੰਟ ਦੇ ਸਮੇਂ ਲਈ ਭਾਰ-ਰਹਿਤ ਹੋਣ ਦਾ ਅਨੁਭਵ ਕੀਤਾ ਅਤੇ ਉਸ ਉਚਾਈ ਤੋਂ ਆਲੇ ਦੁਆਲੇ ਦੇ ਨਜ਼ਾਰਿਆਂ ਦਾ ਆਨੰਦ ਮਾਣਿਆ। ਜੈੱਫ ਬੈਜੋ ਸਮੁੰਦਰ ਦੇ ਤਲ ਤੋਂ 66 ਕੁ ਮੀਲ ਦੀ ਉਚਾਈ ਤੱਕ ਗਿਆ। ਇਹ ਉਚਾਈ ਉਸ ਉਚਾਈ ਤੋਂ ਕੁੱਝ ਕੁ ਮੀਲ ਉੱਪਰ ਹੈ ਜਿਸ ਨੂੰ ਵਰਲਡ ਏਅਰ ਸਪੋਰਟਸ ਫੈਡਰੇਸ਼ਨ ਪੁਲਾੜ ਦੀ ਹੇਠਲੀ ਹੱਦ ਸਮਝਦੀ ਹੈ। ਇਸ ਉਚਾਈ 'ਤੇ ਜਾ ਕੇ ਬੈਜੋ ਅਤੇ ਉਸ ਦੇ ਸਾਥੀਆਂ ਨੇ ਵੀ ਤਿੰਨ ਕੁ ਮਿੰਟ ਦੇ ਸਮੇਂ ਲਈ ਭਾਰ-ਰਹਿਤ ਹੋਣ ਦਾ ਅਨੁਭਵ ਕੀਤਾ ਅਤੇ ਆਲੇ ਦੁਆਲੇ ਦੇ ਸੁੰਦਰ ਨਜ਼ਾਰਿਆਂ ਦਾ ਆਨੰਦ ਮਾਣਿਆ।

ਇਨਾਂ ਉਡਾਣਾਂ ਦੀ ਕਾਮਯਾਬੀ ਤੋਂ ਬਾਅਦ ਬਰੈਨਸਨ, ਬੈਜੋ ਅਤੇ ਉਨਾਂ ਦੀ ਇਸ ਪ੍ਰਾਪਤੀ 'ਤੇ ਤਾੜੀਆਂ ਮਾਰਨ ਵਾਲੇ ਲੋਕਾਂ ਨੇ ਬਿਆਨ ਦਿੱਤੇ ਹਨ ਕਿ ਇਨਾਂ ਉਡਾਣਾਂ ਨਾਲ ਪੁਲਾੜ ਦੀ ਯਾਤਰਾ ਵਿੱਚ ਇਕ 'ਨਵੇਂ ਯੁੱਗ' ਦੀ ਸ਼ੁਰੂਆਤ ਹੋ ਗਈ ਹੈ। ਇਹ ਨਵਾਂ ਯੁੱਗ ਮਨੁੱਖਤਾ ਲਈ ਬਹੁਤ ਸਾਰੇ ਫਾਇਦੇ ਲੈ ਕੇ ਆਵੇਗਾ। ਬਰੈਨਸਨ, ਬੈਜੋ ਅਤੇ ਐਲਨ ਮਸਕ ਦੀਆਂ ਕੰਪਨੀਆਂ ਵਲੋਂ ਵਿਕਸਿਤ ਕੀਤੀ ਜਾ ਰਹੀ ਤਕਨਾਲੋਜੀ ਪੁਲਾੜ ਤਕਨਾਲੋਜੀ ਵਿੱਚ ਸੁਧਾਰ ਕਰੇਗੀ। ਇਸ ਨਾਲ ਪੁਲਾੜ ਸੈਰ-ਸਪਾਟੇ ਨੂੰ ਹੁਲਾਰਾ ਮਿਲੇਗਾ ਅਤੇ ਇਹ ਵੱਧ ਤੋਂ ਵੱਧ ਲੋਕਾਂ ਦੀ ਪਹੁੰਚ ਵਿੱਚ ਆ ਜਾਵੇਗਾ। ਪੁਲਾੜ ਵਿੱਚ ਖਣਿਜ ਪਦਾਰਥਾਂ ਦੇ ਬਹੁਤ ਵੱਡੇ ਭੰਡਾਰ ਹਨ ਅਤੇ ਸਾਨੂੰ ਉਨਾਂ ਨੂੰ ਕੱਢਣ (ਮਾਈਨ ਕਰਨ) ਦੇ ਮੌਕੇ ਮਿਲਣਗੇ। ਅਸੀਂ ਭਵਿੱਖ ਵਿੱਚ ਖਾਣਾਂ 'ਚੋਂ ਖਣਿਜ ਕੱਢਣ ਦੇ ਕਾਰਜ ਅਤੇ ਭਾਰੀ ਸਨਅਤ (ਹੈਵੀ ਇੰਡਸਟਰੀ) ਨੂੰ ਪੁਲਾੜ ਵਿੱਚ ਲੈ ਜਾਵਾਂਗੇ, ਜਿਸ ਨਾਲ ਧਰਤੀ ਤੋਂ ਪ੍ਰਦੂਸ਼ਨ ਘਟੇਗਾ ਅਤੇ ਮੌਸਮਾਂ ਦੀ ਤਬਦੀਲੀ (ਕਲਾਈਮੇਟ ਚੇਂਜ) ਵਰਗੀਆਂ ਵਾਤਾਵਰਨ ਦੇ ਸੰਕਟ ਨਾਲ ਸਬੰਧਤ ਮੁਸ਼ਕਲਾਂ ਨੂੰ ਹੱਲ ਕਰਨ ਵਿੱਚ ਮਦਦ ਮਿਲੇਗੀ।

ਦੂਸਰੇ ਪਾਸੇ ਇਨਾਂ ਉਡਾਣਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਨਾਲ ਦੇਖਣ ਵਾਲੇ ਲੋਕ ਇਨਾਂ ਉਡਾਣਾਂ ਦੀ ਕਾਮਯਾਬੀ 'ਤੇ ਤਾੜੀਆਂ ਮਾਰਨ ਦੀ ਥਾਂ ਇਨਾਂ ਉਡਾਣਾਂ ਬਾਰੇ ਕਈ ਤਰਾਂ ਦੇ ਸਵਾਲ ਉਠਾ ਰਹੇ ਹਨ। ਉਨਾਂ ਦਾ ਕਹਿਣਾ ਹੈ ਕਿ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਇਹ ਖਰਬਾਂਪਤੀ ਅੱਜ ਪੁਲਾੜ ਦੀ ਹੇਠਲੀ ਹੱਦ ਤੱਕ ਇਸ ਲਈ ਜਾ ਸਕੇ ਹਨ, ਕਿਉਂਕਿ ਪਿਛਲੇ 60-70 ਸਾਲਾਂ ਦੇ ਸਮੇਂ ਦੌਰਾਨ ਸਰਕਾਰਾਂ ਵਲੋਂ ਖਰਚੇ ਕਰਕੇ ਪੁਲਾੜ ਨਾਲ ਸੰਬੰਧਿਤ ਇਕ ਬੁਨਿਆਦੀ ਢਾਂਚਾ ਤਿਆਰ ਕੀਤਾ ਗਿਆ ਸੀ, ਜਿਹੜੀ ਤਕਨੌਲੋਜੀ ਦੇ ਘਨੇੜੀ ਚੜ ਕੇ ਇਹ ਖਰਬਾਂਪਤੀ ਪੁਲਾੜ ਵਿੱਚ ਪਹੁੰਚੇ ਹਨ, ਉਹ ਪਹਿਲਾਂ ਹੀ ਸਰਕਾਰੀ ਖਰਚੇ 'ਤੇ ਤਿਆਰ ਹੋ ਚੁੱਕੀ ਸੀ। ਪੁਲਾੜ ਦੇ ਸੈਰ ਸਪਾਟੇ ਲਈ ਇਹ ਜਿਹੜੀ ਦੌੜ ਸੁਰੂ ਹੋਈ ਹੈ, ਇਸ ਦੇ ਵਾਤਾਵਰਨ ਦੇ ਸੰਕਟ ਨਾਲ ਸੰਬੰਧਿਤ ਆਲਮੀ ਤਪਸ (ਗਲੋਬਲ ਵਾਰਮਿੰਗ) 'ਤੇ ਕੀ ਅਸਰ ਪਏਗਾ? ਪੁਲਾੜ ਵਿੱਚ ਮਾਈਨਿੰਗ ਦੇ ਕਾਰਜ ਨਾਲ ਕਿਸ ਤਰਾਂ ਦਾ ਪ੍ਰਦੂਸਨ ਫੈਲੇਗਾ? ਸਾਨੂੰ ਇਨਾਂ ਸਵਾਲ 'ਤੇ ਗੌਰ ਕਰਨਾ ਪਵੇਗਾ। ਸਭ ਤੋਂ ਵੱਡੀ ਗੱਲ ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਪੁਲਾੜ ਨੂੰ ਸਾਰੀ ਮਨੁੱਖਤਾ ਦੀ ਸਾਂਝੀ ਮਲਕੀਅਤ ਮੰਨਿਆ ਗਿਆ ਹੈ। ਹੁਣ ਜਦੋਂ ਪ੍ਰਾਈਵੇਟ ਕਾਰਪੋਰੇਸਨਾਂ ਪੁਲਾੜ 'ਤੇ ਮਾਈਨਿੰਗ ਕਰਨ ਅਤੇ ਬਸਤੀਆਂ ਵਸਾਉਣ ਦੀ ਗੱਲ ਕਰ ਰਹੀਆਂ ਹਨ, ਤਾਂ ਇਸ ਨਾਲ 'ਪੁਲਾੜ ਮਨੁੱਖਤਾ ਦੀ ਸਾਂਝੀ ਮਲਕੀਅਤ ਹੈ' ਦੇ ਦਾਅਵੇ 'ਤੇ ਕੀ ਅਸਰ ਪਏਗਾ? ਇਹ ਲੋਕ ਇਹ ਗੱਲ ਤਾਂ ਮੰਨਦੇ ਹਨ ਕਿ ਪ੍ਰਾਈਵੇਟ ਕਾਰਪੋਰੇਸ਼ਨਾਂ ਵੱਲੋਂ ਪੁਲਾੜ ਨਾਲ ਸਬੰਧਤ ਇਨਾਂ ਸਰਗਰਮੀਆਂ ਨਾਲ ਇਕ 'ਨਵੇਂ ਯੁੱਗ' ਦੀ ਸ਼ੁਰੂਆਤ ਹੋ ਰਹੀ ਹੈ, ਪਰ ਇਸ 'ਨਵੇਂ ਯੁੱਗ' ਦਾ ਨਤੀਜਾ ਸਮੁੱਚੀ ਮਨੁੱਖਤਾ ਦੀ ਭਲਾਈ ਵਿੱਚ ਨਿਕਲੇ, ਇਸ ਬਾਰੇ ਉਹ ਵੱਡੇ ਸਵਾਲ ਖੜੇ ਕਰ ਰਹੇ ਹਨ।

ਇਨਾਂ ਵਿਚਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਅਸੀਂ ਪੁਲਾੜ ਨਾਲ ਸਬੰਧਤ ਇਨਾਂ ਸਰਗਰਮੀਆਂ ਨਾਲ ਜੁੜੇ ਕੁੱਝ ਪੱਖਾਂ ਬਾਰੇ ਗੱਲ ਕਰਾਂਗੇ। ਸਭ ਤੋਂ ਪਹਿਲੀ ਗੱਲ ਪੁਲਾੜ ਦੇ ਸੈਰ ਸਪਾਟੇ ਬਾਰੇ ਕਰਦੇ ਹਾਂ। ਪੁਲਾੜ ਦੀ ਸੈਰ ਬਾਰੇ ਤਿੰਨ ਤਰਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਸਭ ਤੋਂ ਪਹਿਲੀ ਵਿੱਚ ਪੁਲਾੜ ਦੀ ਹੇਠਲੀ ਹੱਦ ਤੱਕ ਰਾਕਟ ਦੇ ਝੂਟੇ ਬਾਰੇ ਕਿਹਾ ਜਾ ਰਿਹਾ ਹੈ ਜਿਸ ਤਰਾਂ ਰਿਚਰਡ ਬਰੈਨਸਨ ਅਤੇ ਜੈੱਫ ਬੈਜੋ ਨੇ ਕੀਤਾ ਹੈ। ਇਸ ਝੂਟੇ ਦੀ ਕੀਮਤ ਪ੍ਰਤੀ ਵਿਅਕਤੀ 2 ਤੋਂ 3 ਲੱਖ ਡਾਲਰ ਵਿਚਕਾਰ ਦੱਸੀ ਜਾ ਰਹੀ ਹੈ। ਦੂਸਰੀ ਪੇਸ਼ਕਸ਼ ਵਿੱਚ ਧਰਤੀ ਦੇ ਆਰਬਿਟ ਤੱਕ ਲੈ ਕੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਇਸ ਵਿੱਚ ਜਾਣ ਵਾਲੇ ਲੋਕ ਧਰਤੀ ਦੇ ਆਰਬਿਟ ਵਿੱਚ ਕੁੱਝ ਦਿਨ ਲੰਘਾਉਣਗੇ। ਇਸ ਦਾ ਟੈਸਟ ਕਰਨ ਲਈ ਐਲਨ ਮਸਕ ਦੀ ਕੰਪਨੀ ਸਪੇਸ ਐਕਸ ਇਸ ਸਾਲ ਦੇ ਸਤੰਬਰ ਵਿੱਚ ਉਡਾਣ ਭਰੇਗੀ। ਇਸ ਤੋਂ ਬਿਨਾਂ ਉਹ ਇੰਟਰਨੈਸ਼ਨਲ ਸਪੇਸ ਸਟੇਸ਼ਨ ਤੱਕ ਦਾ ਪ੍ਰਾਈਵੇਟ ਟ੍ਰਿਪ ਵੀ ਪੇਸ਼ ਕਰੇਗੀ ਅਤੇ ਚੰਦ ਦੁਆਲੇ ਗੇੜਾ ਕੱਢਣ ਦਾ ਵੀ। ਇਸ ਉਡਾਣ 'ਤੇ ਜਾਣ ਦਾ ਖਰਚਾ ਲੱਖਾਂ-ਤੋਂ ਕ੍ਰੋੜਾਂ ਡਾਲਰਾਂ ਵਿਚਕਾਰ ਹੋਵੇਗਾ। ਉਦਾਹਰਨ ਲਈ ਸੰਨ 2001 ਵਿੱਚ ਇਕ ਅਮਰੀਕਨ ਬਿਜਨਿਸਮੈਨ ਡੈਨਿਸ ਟੀਟੋ ਨੇ ਸਪੇਸ ਐਡਵੈਂਚਰ ਕੰਪਨੀ ਨੂੰ ਇੰਟਰਨੈਸਨਲ ਸਪੇਸ ਸਟੇਸ਼ਨ 'ਤੇ ਜਾਣ ਲਈ 2 ਕਰੋੜ (20 ਮਿਲੀਅਨ) ਡਾਲਰ ਦੇ ਕਰੀਬ ਪੈਸੇ ਦਿੱਤੇ ਸਨ। ਸਪੇਸ ਐਡਵੈਂਚਰ ਨੇ ਉਸ ਸਮੇਂ ਰੂਸੀ ਸਪੇਸ ਏਜੰਸੀ ਰੌਸਕੌਸਮੌਸ ਦੇ ਰੌਕਟ 'ਤੇ ਟੀਟੋ ਨੂੰ ਸਪੇਸ ਸਟੇਸਨ ਵਿੱਚ ਭੇਜਿਆ ਸੀ। ਉਸ ਤੋਂ ਬਾਅਦ ਸਪੇਸ ਐਡਵੈਂਚਰ 6 ਹੋਰ ਲੋਕਾਂ ਨੂੰ ਸਪੇਸ ਸਟੇਸ਼ਨ ਤੱਕ ਲੈ ਕੇ ਗਈ ਸੀ ਅਤੇ ਇਨਾਂ ਸਾਰਿਆਂ ਨੇ ਆਪਣੇ ਆਪਣੇ ਟ੍ਰਿੱਪ ਲਈ 2 ਕਰੋੜ (20 ਮਿਲੀਅਨ) ਤੋਂ ਲੈ ਕੇ 4 ਕਰੋੜ (40 ਮਿਲੀਅਨ) ਡਾਲਰ ਤੱਕ ਕੀਮਤ ਦਿੱਤੀ ਸੀ। ਕੁੱਝ ਸਾਲ ਪਹਿਲਾਂ ਅਮਰੀਕਾ ਦੀ ਸਿਲੀਕੌਨ ਵੈਲੀ ਵਿਚਲੀ ਇਕ ਕੰਪਨੀ ਓਰੀਅਨ ਸਪੈਨ ਨੇ ਪੁਲਾੜ ਯਾਤਰਾ ਬਾਰੇ ਆਪਣੀਆਂ ਯੋਜਨਾਵਾਂ ਦਸਦਿਆਂ ਦਾਅਵਾ ਕੀਤਾ ਸੀ ਕਿ ਉਹ ਬਹੁਤ ਛੇਤੀ ਧਰਤੀ ਤੋਂ 200 ਮੀਲ ਦੀ ਉਚਾਈ ਉੱਤੇ ਇਕ ਔਰੋਰਾ ਨਾਂ ਦਾ ਸਪੇਸ ਸਟੇਸ਼ਨ ਸਥਾਪਤ ਕਰੇਗੀ। ਕੰਪਨੀ ਅਨੁਸਾਰ ਇਹ ਸਪੇਸ ਸਟੇਸ਼ਨ ਇਕ 'ਲਗਜ਼ਰੀ ਹੋਟਲ' ਵਰਗਾ ਹੋਵੇਗਾ। ਇਸ ਸਟੇਸ਼ਨ 'ਤੇ ਜਾਣ ਲਈ ਕੰਪਨੀ 12 ਦਿਨਾਂ ਦੇ ਇਕ ਟ੍ਰਿੱਪ ਦਾ ਪੈਕੇਜ ਦੇਵੇਗੀ, ਜਿਸ ਦੀ ਕੀਮਤ 95 ਲੱਖ (9.5 ਮਿਲੀਅਨ) ਡਾਲਰ ਹੋਵੇਗੀ। ਉਨਾਂ ਦੇ ਇਸ ਦਾਅਵੇ ਬਾਰੇ ਬਹੁਤ ਸਾਰੇ ਲੋਕਾਂ ਨੇ ਸ਼ੰਕਾ ਜਾਹਰ ਕੀਤਾ ਸੀ ਕਿ 95 ਲੱਖ ਡਾਲਰ ਵਿੱਚ ਇਕ ਵਿਅਕਤੀ ਨੂੰ 12 ਦਿਨਾਂ ਲਈ ਪੁਲਾੜ ਵਿੱਚ ਰੱਖਣਾ ਸੰਭਵ ਨਹੀਂ ਹੈ। ਫਿਰ ਵੀ ਉਨਾਂ ਦਾ ਦਾਅਵਾ, ਸਾਨੂੰ ਧਰਤੀ ਦੇ ਆਰਬਿਟ ਤੱਕ ਪੁਲਾੜ ਯਾਤਰਾਵਾਂ ਦੀਆਂ ਸੰਭਾਵਨਾਵਾਂ ਦੇ ਦਰਸ਼ਨ ਜ਼ਰੂਰ ਕਰਵਾ ਦਿੰਦਾ ਹੈ। ਪੁਲਾੜ ਯਾਤਰਾ ਬਾਰੇ ਤੀਜੀ ਪੇਸ਼ਕਸ਼ ਵਿੱਚ ਇੰਟਰਨੈਸ਼ਨਲ ਸਪੇਸ ਸਟੇਸ਼ਨ ਤੋਂ ਅਗਾਂਹ ਪੁਲਾੜ ਦੇ ਧੁਰ ਅੰਦਰ ਚੰਦ ਤੱਕ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਪੁਲਾੜ ਦੀ ਇਸ ਤਰਾਂ ਦੀ ਯਾਤਰਾ ਦੀ ਪੇਸ਼ਕਸ਼ ਕਰਨ ਵਾਲੀ ਇਕ ਕੰਪਨੀ ਸਪੇਸ ਐਡਵੈਂਚਰ ਦਾ ਕਹਿਣਾ ਹੈ ਕਿ ਉਹ ਇਸ ਯਾਤਰਾ ਦੀ ਪਹਿਲੀ ਉਡਾਣ ਲਈ 15-15 ਕ੍ਰੋੜ (150-150 ਮਿਲੀਅਨ) ਡਾਲਰ ਦੀਆਂ ਦੋ ਟਿਕਟਾਂ ਵੇਚ ਚੁੱਕੀ ਹੈ।

ਜੁਲਾਈ ਵਿੱਚ ਭਰੀਆਂ ਗਈਆਂ ਉਡਾਣਾਂ ਤੋਂ ਬਾਅਦ ਆ ਰਹੀਆਂ ਖਬਰਾਂ ਅਨੁਸਾਰ ਉਪ੍ਰੋਕਤ ਬਿਆਨੀ ਪਹਿਲੀ ਤਰਾਂ ਦੀ ਯਾਤਰਾ ਲਈ ਲੋਕ ਟਿਕਟਾਂ ਖ੍ਰੀਦ ਰਹੇ ਹਨ। ਵਿਰਜਨ ਗਲੈਕਟਿਕ ਦੇ ਸੀ ਈ ਓ ਨੇ ਦੱਸਿਆ ਹੈ ਕਿ ਉਨਾਂ ਦੀ ਕੰਪਨੀ ਕੋਲੋਂ 2.5 ਲੱਖ ਡਾਲਰ ਪ੍ਰਤੀ ਟਿਕਟ ਦੇ ਹਿਸਾਬ ਨਾਲ 600 ਲੋਕਾਂ ਨੇ ਟਿਕਟਾਂ ਖ੍ਰੀਦੀਆਂ ਹੋਈਆਂ ਹਨ। ਉਹ ਦੋ ਹੋਰ ਟੈਸਟ ਉਡਾਣਾਂ ਭਰਨਗੇ ਅਤੇ 2022 ਵਿੱਚ ਰੈਗੂਲਰ ਕਮਰਸ਼ੀਅਲ ਫਲਾਈਟਾਂ ਸ਼ੁਰੂ ਕਰਨਗੇ। ਇਸ ਸਮੇਂ ਉਨਾਂ ਦਾ ਇਰਾਦਾ ਸਾਲ ਵਿੱਚ 400 ਫਲਾਈਟਾਂ ਸ਼ੁਰੂ ਕਰਨ ਦਾ ਹੈ। ਇਹ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਦੂਜੀਆਂ ਕੰਪਨੀਆਂ ਵੀ ਆਪਣੀਆਂ ਕਮਰਸ਼ੀਅਲ ਫਲਾਈਟਾਂ ਛੇਤੀ ਹੀ ਸ਼ੁਰੂ ਕਰਨਗੀਆਂ। ਸਾਰੀਆਂ ਕੰਪਨੀਆਂ ਵੱਲੋਂ ਸਾਲ ਵਿੱਚ ਕੁੱਲ ਕਿੰਨੀਆਂ ਫਲਾਈਟਾਂ ਚਲਾਈਆਂ ਜਾਣਗੀਆਂ, ਅਤੇ ਸਪੇਸ ਟੂਰਿਜ਼ਮ ਇੰਡਸਟਰੀ ਕਿੰਨੀ ਕੁ ਹੱਦ ਤੱਕ ਅਤੇ ਕਿੰਨੀ ਕੁ ਤੇਜ਼ੀ ਨਾਲ ਵਧੇਗੀ, ਇਸ ਸਮੇਂ ਇਹ ਗੱਲ ਪੂਰੀ ਤਰਾਂ ਸਪੱਸ਼ਟ ਨਹੀਂ। ਪਰ ਇਕ ਅੰਦਾਜੇ ਅਨੁਸਾਰ ਅਗਲੇ ਦਹਾਕੇ ਦੌਰਾਨ ਸਪੇਸ ਟੂਰਿਜਮ ਇੰਡਸਟਰੀ ਵਿੱਚ ਹਰ ਸਾਲ 17.15 ਫੀਸਦੀ ਦਾ ਵਾਧਾ ਹੋਵੇਗਾ ਅਤੇ ਸੰਨ 2031 ਤੱਕ ਇਹ ਇੰਡਸਟਰੀ 2.58 ਅਰਬ (ਬਿਲੀਅਨ) ਡਾਲਰ ਸਾਲਾਨਾ ਦੀ ਸਨੱਅਤ ਤੱਕ ਪਹੁੰਚ ਜਾਵੇਗੀ।

ਜੇ ਅਸੀਂ ਵੱਖ ਵੱਖ ਪੁਲਾੜ ਯਾਤਰਾਵਾਂ ਦੀਆਂ ਕੀਮਤਾਂ ਨੂੰ ਦੇਖੀਏ ਤਾਂ ਇਹ ਗੱਲ ਸਪੱਸ਼ਟਤਾ ਨਾਲ ਕਹਿ ਸਕਦੇ ਹਾਂ ਕਿ ਇਹ ਯਾਤਰਾਵਾਂ ਆਮ ਬੰਦੇ ਲਈ ਨਹੀਂ ਸਗੋਂ ਅਰਬਾਂ/ਖਰਬਾਂ ਪਤੀਆਂ ਲਈ ਹਨ। ਇਹ ਦੇਖਦਿਆਂ ਕੁੱਝ ਲੋਕਾਂ ਦੇ ਮਨ ਵਿੱਚ ਖਿਆਲ ਆ ਸਕਦਾ ਹੈ ਕਿ ਇਹ ਅਮੀਰਾਂ ਦੀਆਂ ਖੇਡਾਂ ਹਨ ਜਾਂ ਅਮੀਰਾਂ ਵੱਲੋਂ ਆਪਣੀ ਦੌਲਤ ਦਾ ਭੱਦਾ ਵਿਖਾਵਾ ਹੈ, ਇਸ ਲਈ ਆਮ ਬੰਦੇ ਦਾ ਇਸ ਨਾਲ ਕੀ ਸੰਬੰਧ। ਉਹ ਇਸ ਬਾਰੇ ਕਿਉਂ ਸੋਚੇ? ਪਰ ਇਸ ਵਰਤਾਰੇ ਨੂੰ ਆਲੋਚਨਾਤਮਕ ਨਜ਼ਰੀਏ ਨਾਲ ਦੇਖਣ ਵਾਲੇ ਲੋਕ ਇਹ ਗੱਲ ਉਭਾਰ ਰਹੇ ਹਨ ਕਿ ਬੇਸ਼ੱਕ ਪੁਲਾੜ ਸੈਰ-ਸਪਾਟੇ ਦੀ ਇਹ ਖੇਡ ਦੇਖਣ ਨੂੰ ਕੁੱਝ ਅਰਬਾਂ/ਖਰਬਾਂ ਪਤੀਆਂ ਦੀ ਹੀ ਖੇਡ ਲੱਗੇ, ਪਰ ਇਸ ਤੋਂ ਨਿਕਲਣ ਵਾਲੇ ਨਤੀਜੇ ਆਮ ਲੋਕਾਂ ਦੇ ਜੀਵਨ ਨੂੰ ਬੁਰੀ ਤਰਾਂ ਪ੍ਰਭਾਵਿਤ ਕਰ ਸਕਦੇ ਹਨ।



ਉਦਾਹਰਨ ਲਈ ਉਹ ਇਨਾਂ ਯਾਤਰਵਾਂ ਕਾਰਨ ਵਾਤਾਵਰਨ ਨੂੰ ਨੁਕਸਾਨ, ਆਲਮੀ ਤਪਸ (ਗਲੋਬਲ ਵਾਰਮਿੰਗ) ਵਿੱਚ ਵਾਧੇ ਅਤੇ ਮੌਸਮਾਂ ਦੀ ਤਬਦੀਲੀ (ਕਲਾਈਮੇਟ ਚੇਂਜ) ਵਿੱਚ ਵਾਪਰਨ ਵਾਲੀਆਂ ਬਦਤਰ ਸੰਭਾਵਨਾਵਾਂ ਵੱਲ ਧਿਆਨ ਦਿਵਾ ਰਹੇ ਹਨ। ਵਾਤਾਵਰਨ ਨਾਲ ਸਬੰਧਤ ਇਹ ਤਬਦੀਲੀਆਂ ਵਿਸਵ ਪੱਧਰ 'ਤੇ ਗਰਮੀ ਦੀਆਂ ਲਹਿਰਾਂ, ਸੋਕਿਆਂ, ਹੜਾਂ, ਜੰਗਲਾਂ ਦੀਆਂ ਅੱਗਾਂ ਆਦਿ ਵਰਗੀਆਂ ਕੁਦਰਤੀ ਆਫਤਾਂ ਵਿੱਚ ਵਾਧਾ ਕਰਕੇ ਆਮ ਲੋਕਾਂ ਦੇ ਜੀਵਨ ਨੂੰ ਹੋਰ ਬਦਤਰ ਬਣਾ ਸਕਦੀਆਂ ਹਨ।

ਇਹ ਨਵਾਂ ਸ਼ੁਰੂ ਹੋਇਆ ਪੁਲਾੜ ਮੁਕਾਬਲਾ ਵਾਤਾਵਰਨ 'ਤੇ ਕਿਸ ਤਰਾਂ ਅਸਰ ਪਾ ਸਕਦਾ ਹੈ, ਇਸ ਬਾਰੇ 19 ਜੁਲਾਈ ਦੇ ਗਾਰਡੀਅਨ ਵਿੱਚ ਇਕ ਆਰਟੀਕਲ ਛਪਿਆ ਹੈ ਜਿਸ ਦਾ ਨਾਂ ਹੈ 'ਖਰਬਾਂਪਤੀਆਂ ਦਾ ਇਹ ਪੁਲਾੜ ਮੁਕਾਬਲਾ ਕਿਸ ਤਰਾਂ ਪ੍ਰਦੂਸ਼ਨ ਲਈ ਇਕ ਵੱਡੀ ਪੁਲਾਂਘ ਹੋਵੇਗਾ'। ਇਸ ਆਰਟੀਕਲ ਵਿੱਚ ਬਾਲਣ (ਫਿਊਲ) ਅਤੇ ਇੰਡਸਟਰੀ ਕਾਰਨ ਵਾਯੂਮੰਡਲ 'ਤੇ ਪੈਂਦੇ ਅਸਰਾਂ ਦਾ ਅਧਿਐਨ ਕਰਨ ਵਾਲੀ ਯੂਨੀਵਰਸਿਟੀ ਕਾਲਜ ਲੰਡਨ ਵਿੱਚ ਐਸੋਸੀਏਟਿਡ ਪ੍ਰੋਫੈਸਰ ਐਲੋਈਜ਼ ਮਾਰੇਅ ਪੁਲਾੜ ਦੀਆਂ ਉਡਾਣਾਂ ਕਾਰਨ ਵਾਤਾਵਰਨ 'ਤੇ ਪੈਣ ਵਾਲੇ ਅਸਰਾਂ ਬਾਰੇ ਦਸਦੀ ਹੈ। ਉਸ ਅਨੁਸਾਰ ਸਪੇਸ ਐਕਸ ਦੇ ਫਾਲਕਨ 9 ਰਾਕਟ ਬਾਲਣ (ਫਿਊਲ) ਲਈ ਕੈਰੋਸੀਨ ਵਰਤਦੇ ਹਨ ਅਤੇ ਨਾਸਾ ਦੇ ਨਿਊ ਸਪੇਸ ਲਾਂਚ ਸਿਸਟਮ ਵਿਚਲੇ ਰਾਕਟ ਲਿਕੁਇਡ ਹਾਈਡ੍ਰੋਜਨ ਵਰਤਦੇ ਹਨ। ਇਹ ਬਾਲਣ ਵਾਯੂਮੰਡਲ ਵਿੱਚ ਕਈ ਤਰਾਂ ਦੇ ਪਦਾਰਥ ਛੱਡਦੇ ਹਨ, ਜਿਵੇਂ ਕਾਰਬਨ-ਡਾਈਅਕਸਾਈਡ, ਪਾਣੀ, ਕਲੋਰੀਨ ਅਤੇ ਕਈ ਹੋਰ ਰਸਾਇਣਕ ਪਦਾਰਥ। ਇਕ ਰਾਕਟ ਲਾਂਚ ਤਕਰੀਬਨ 300 ਟਨ ਕਾਰਬਨ-ਡਾਈਅਕਸਾਈਡ ਵਾਯੂਮੰਡਲ ਵਿੱਚ ਛੱਡਦਾ ਹੈ। ਰਾਕਟਾਂ ਵਲੋਂ ਵਾਯੂਮੰਡਲ ਵਿੱਚ ਛੱਡੇ ਜਾਂਦੇ ਇਹ ਪਦਾਰਥ ਗਰੀਨ ਹਾਊਸਾਂ ਵਾਂਗ ਕੰਮ ਕਰਕੇ ਵਿਸਵ ਪੱਧਰ 'ਤੇ ਆਲਮੀ ਤਪਸ ਦੇ ਵਾਧੇ ਦਾ ਕਾਰਨ ਬਣ ਸਕਦੇ ਹਨ, ਇਹ ਓਜੋਨ ਦੀ ਤਹਿ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਸ ਸੰਬੰਧ ਵਿੱਚ ਛਪੇ ਇਕ ਹੋਰ ਆਰਟੀਕਲ ਵਿੱਚ ਦੱਸਿਆ ਗਿਆ ਹੈ ਕਿ ਵਿਰਜਿਨ ਗਲੈਕਟਿਕ ਵਲੋਂ ਵਰਤਿਆ ਜਾਂਦਾ ਸਪੇਸਸ਼ਿੱਪ ਟੂ, ਇਕ ਤਰਾਂ ਦੀ ਸਿੰਥੈਟਿਕ ਰਬਰ ਨੂੰ ਬਾਲਣ ਦੇ ਤੌਰ 'ਤੇ ਵਰਤਦਾ ਹੈ ਅਤੇ ਇਸ ਦੇ ਬਲਣ ਨਾਲ ਨਾਈਟਰਸ ਅਕਸਾਈਡ ਗੈਸ ਪੈਦਾ ਹੁੰਦੀ ਹੈ, ਜਿਹੜੀ ਕਿ ਇਕ ਸ਼ਕਤੀਸ਼ਾਲੀ ਗ੍ਰੀਨ ਹਾਊਸ ਗੈਸ ਹੈ। ਇਸ ਆਰਟੀਕਲ ਵਿੱਚ ਅਗਾਂਹ ਦੱਸਿਆ ਗਿਆ ਹੈ ਕਿ ਇਹ ਬਾਲਣ ਵਾਯੂਮੰਡਲ ਦੇ ਉਪਰਲੇ ਹਿੱਸੇ (ਧਰਤੀ ਤੋਂ 30-50 ਕਿਲੋਮੀਟਰ ਦੀ ਉਚਾਈ 'ਤੇ) ਵਿੱਚ ਬਲੈਕ ਕਾਰਬਨ ਛੱਡਦਾ ਹੈ। ਇਸ ਥਾਂ 'ਤੇ ਵੱਡੀ ਮਾਤਰਾਂ ਵਿੱਚ ਇਕੱਤਰ ਹੋਏ ਬਲੈਕ ਕਾਰਬਨ ਦੇ ਕਣ (ਪਾਰਟੀਕਲ) ਕਈ ਤਰਾਂ ਦੇ ਅਸਰ ਪਾ ਸਕਦੇ ਹਨ। ਇਹ ਓਜੋਨ ਦੀ ਤਹਿ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਸੂਰਜ ਦੀ ਰੋਸ਼ਨੀ ਦੇ ਧਰਤੀ ਤੱਕ ਪਹੁੰਚਣ ਵਿੱਚ ਰੁਕਾਵਟ ਬਣ ਸਕਦੇ ਹਨ ਅਤੇ ਪ੍ਰਮਾਣੂ ਸਰਦੀ (ਨਿਊਕਲੀਅਰ ਵਿੰਟਰ ਇਫੈਕਟ) ਪੈਦਾ ਕਰਨ ਦਾ ਕਾਰਨ ਬਣ ਸਕਦੇ ਹਨ।

ਇਸ ਤਰਾਂ ਪੁਲਾੜ ਦੇ ਸੈਰ ਸਪਾਟੇ ਲਈ ਪੁਲਾੜ ਦੀਆਂ ਉਡਾਣਾਂ ਵਿੱਚ ਹੋਣ ਵਾਲੇ ਵਾਧੇ ਕਾਰਨ ਵਾਤਾਵਰਨ 'ਤੇ ਇਸ ਤਰਾਂ ਦੇ ਮਾੜੇ ਅਸਰ ਪੈਣ ਦੀਆਂ ਸੰਭਾਵਨਾਵਾਂ ਬਾਰੇ ਖਦਸ਼ੇ ਜਾਹਿਰ ਕੀਤੇ ਜਾ ਰਹੇ ਹਨ ਅਤੇ ਵਾਤਾਵਰਨ 'ਤੇ ਪੈਣ ਵਾਲੇ ਇਹ ਮਾੜੇ ਅਸਰ ਵਿਸ਼ਵ ਪੱਧਰ 'ਤੇ ਆਲਮੀ ਤਪਸ (ਗਲੋਬਲ ਵਾਰਮਿੰਗ) ਵਿੱਚ ਵਾਧਾ ਕਰਕੇ ਅਤੇ ਮੌਸਮਾਂ ਦੀ ਤਬਦੀਲੀ (ਕਲਾਈਮੇਟ ਚੇਂਜ) ਨੂੰ ਤੇਜ ਕਰਕੇ ਸਮੁੱਚੀ ਮਨੁੱਖਤਾ ਅਤੇ ਧਰਤੀ ਦੇ ਹੋਰ ਜੀਵ ਜੰਤੂਆਂ ਲਈ ਵੱਡੀਆਂ ਸਮੱਸਿਆਵਾਂ ਖੜੀਆਂ ਕਰ ਸਕਦੇ ਹਨ।

ਇਨਾਂ ਪੁਲਾੜ ਉਡਾਣਾਂ ਦੀ ਕਾਮਯਾਬੀ ਤੋਂ ਬਾਅਦ ਪੁਲਾੜ ਦੇ ਸੈਰ ਸਪਾਟੇ ਤੋਂ ਇਲਾਵਾ ਪੁਲਾੜ ਵਿੱਚ ਖਣਿਜ ਪਦਾਰਥਾਂ ਦੀ ਮਾਈਨਿੰਗ ਕਰਨ ਦੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ। ਪੁਲਾੜ ਵਿੱਚ ਪਲਾਟੀਨਮ ਗਰੁੱਪ ਨਾਲ ਸਬੰਧਤ ਧਾਤਾਂ, ਰੇਅਰ ਐਲੀਮੈਂਟ, ਹੀਲੀਅਮ, ਪਾਣੀ, ਲੋਹਾ, ਨਿੱਕਲ, ਸੋਨਾ ਆਦਿ ਧਾਤਾਂ ਦੇ ਵੱਡੇ ਭੰਡਾਰ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਇਕ ਅੰਦਾਜੇ ਅਨੁਸਾਰ ਪੁਲਾੜ ਵਿੱਚ ਘੱਟੋ ਘੱਟ 700 ਅਰਬ ਅਰਬ (ਬਿਲੀਅਨ ਬਿਲੀਅਨ) ਡਾਲਰ ਦੇ ਕੀਮਤ ਦੇ ਖਣਿਜ ਪਦਾਰਥ ਮੌਜੂਦ ਹਨ। ਇਨਾਂ ਖਣਿਜ ਪਦਾਰਥਾਂ ਵਿੱਚੋਂ ਹੀਲੀਅਮ ਊਰਜਾ ਦਾ ਇਕ ਵੱਡਾ ਸ੍ਰੋਤ ਹੋ ਸਕਦੀ ਹੈ ਅਤੇ ਇਸ ਨੂੰ ਇਕ ਸਾਫ ਬਾਲਣ (ਕਲੀਨ ਫਿਊਲ) ਦੱਸਿਆ ਜਾ ਰਿਹਾ ਹੈ। ਚੰਦ 'ਤੇ ਪਾਣੀ ਦਾ ਲੱਭਣਾ ਹਾਈਡ੍ਰੋਜਨ ਫਿਊਲ ਦਾ ਇਕ ਵੱਡਾ ਸ੍ਰੋਤ ਬਣ ਸਕਦਾ ਹੈ। ਇਸ ਲਈ ਹੀ ਚੰਦ 'ਤੇ ਪਾਣੀ ਲੱਭਣ ਦੀ ਤੁਲਨਾ ਧਰਤੀ 'ਤੇ ਤੇਲ ਲੱਭਣ ਨਾਲ ਕੀਤੀ ਜਾ ਰਹੀ ਹੈ। ਇਕ ਆਰਟੀਕਲ ਵਿੱਚ ਲਿਖਿਆ ਹੈ ਕਿ ਚੰਦ 'ਤੇ ਪਾਣੀ ਲੱਭਣ ਨਾਲ ਚੰਦ ਦੀ ਸਥਿਤੀ ਪੁਲਾੜ ਵਿੱਚ ਇਕ ਵੱਡੇ ਗੈਸ ਸਟੇਸ਼ਨ ਵਰਗੀ ਬਣ ਜਾਵੇਗੀ। ਇਸ ਦੇ ਨਾਲ ਨਾਲ ਇਹ ਵੀ ਕਿਹਾ ਜਾ ਰਿਹਾ ਹੈ ਕਿ ਪੁਲਾੜ ਦੀ ਮਾਈਨਿੰਗ ਕਾਰਨ ਸਾਨੂੰ ਕੁੱਝ ਇਸ ਤਰਾਂ ਦੇ ਖਣਿਜ ਪਦਾਰਥ ਮਿਲ ਸਕਦੇ ਹਨ, ਜਿਹੜੇ ਧਰਤੀ 'ਤੇ ਨਹੀਂ ਹਨ ਅਤੇ ਇਹ ਖਣਿਜ ਪਦਾਰਥ ਮਨੁੱਖਤਾ ਦੇ ਫਾਇਦੇ ਲਈ ਨਵੀਆਂ ਦਵਾਈਆਂ ਬਣਾਉਣ ਦੇ ਕੰਮ ਆ ਸਕਦੇ ਹਨ।

ਪੁਲਾੜ ਵਿੱਚ ਖਣਿਜ ਪਦਾਰਥਾਂ ਦੀ ਦੌਲਤ ਤੱਕ ਪਹੁੰਚਣ ਤੋਂ ਇਲਾਵਾ ਮਾਈਨਿੰਗ ਦੀ ਸਨਅਤ ਨੂੰ ਪੁਲਾੜ ਵਿੱਚ ਲਿਜਾਣ ਨਾਲ ਧਰਤੀ ਦੇ ਵਾਤਾਵਰਨ ਨੂੰ ਬਚਾਉਣ ਦੇ ਦਾਅਵੇ ਵੀ ਕੀਤੇ ਜਾ ਰਹੇ ਹਨ। ਇਹਨਾਂ ਦਾਅਵਿਆਂ ਅਨੁਸਾਰ ਮਾਈਨਿੰਗ ਇਕ ਪ੍ਰਦੂਸਣ ਫੈਲਾਉਣ ਵਾਲੀ ਸਨਅਤ ਹੈ ਅਤੇ ਜੇ ਇਹ ਸਨਅਤ ਪੁਲਾੜ ਵਿੱਚ ਚਲੀ ਜਾਵੇ ਤਾਂ ਇਸ ਸਨਅਤ ਕਾਰਨ ਧਰਤੀ 'ਤੇ ਫੈਲਣ ਵਾਲਾ ਪ੍ਰਦੂਸ਼ਣ ਖਤਮ ਹੋ ਜਾਵੇਗਾ। ਬੀ ਬੀ ਸੀ ਦੇ ਸਾਇੰਸ ਫੋਕਸ ਮੈਗਜੀਨ ਵਿੱਚ ਛਪੇ ਇਕ ਆਰਟੀਕਲ ਵਿੱਚ ਪੁਲਾੜ ਵਿੱਚ ਮਾਈਨਿੰਗ ਕਰਨ ਲਈ ਬਣਾਈ ਗਈ ਯੂ ਕੇ ਸਥਿਤ ਕੰਪਨੀ ਐਸਟਰੋਇਡ ਦਾ ਬਾਨੀ ਮਿੱਚ ਹੰਟਰ-ਸਕੱਲਨ ਕਹਿੰਦਾ ਹੈ ਕਿ ਮਾਈਨਿੰਗ ਅਤੇ ਪ੍ਰਦੂਸਣ ਫੈਲਾਉਣ ਵਾਲੀਆਂ ਹੋਰ ਸਨਅਤਾਂ ਦੇ ਪੁਲਾੜ ਵਿੱਚ ਜਾਣ ਨਾਲ 'ਧਰਤੀ ਸੂਰਜ ਮੰਡਲ ਦਾ ਇਕ ਸੁਰੱਖਿਅਤ ਬਾਗ ਬਣ ਜਾਵੇਗੀ।'

ਪੁਲਾੜ ਵਿੱਚ ਮਾਈਨਿੰਗ ਬਾਰੇ ਕੀਤੇ ਜਾ ਰਹੇ ਇਹਨਾਂ ਦਾਅਵਿਆਂ ਬਾਰੇ ਕਈ ਤਰਾਂ ਦੇ ਸਵਾਲ ਉੱਠ ਰਹੇ ਹਨ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਇਹ ਪਤਾ ਨਹੀਂ ਕਿ ਪੁਲਾੜ ਵਿੱਚ ਮਾਈਨਿੰਗ ਦਾ ਕਾਰਜ ਸ਼ੁਰੂ ਹੋ ਵੀ ਸਕੇਗਾ ਜਾਂ ਨਹੀਂ। ਜੇ ਇਹ ਹੋ ਸਕੇਗਾ ਤਾਂ ਕਦੋਂ ਹੋ ਸਕੇਗਾ? ਅਗਲੇ ਇਕ ਦੋ ਦਹਾਕਿਆਂ ਵਿੱਚ ਜਾਂ ਇਸ ਨੂੰ ਇਸ ਤੋਂ ਜ਼ਿਆਦਾ ਸਮਾਂ ਲੱਗੇਗਾ? ਦੂਸਰੀ ਗੱਲ ਇਹ ਹੈ ਕਿ ਧਰਤੀ ਉੱਤੇ ਮਾਈਨਿੰਗ ਇਕ ਬਹੁਤ ਹੀ ਪ੍ਰਦੂਸ਼ਣ ਫੈਲਾਉਣ ਵਾਲੀ ਸਨਅਤ ਹੈ। ਕੀ ਪੁਲਾੜ ਵਿੱਚ ਵੀ ਇਸ ਤਰਾਂ ਹੀ ਹੋਵੇਗਾ? ਕੀ ਪੁਲਾੜ ਵਿਚਲੇ ਪ੍ਰਦੂਸ਼ਣ ਦਾ ਧਰਤੀ 'ਤੇ ਕੋਈ ਅਸਰ ਹੋਵੇਗਾ? ਜੇ ਪੁਲਾੜ ਵਿੱਚ ਮਾਈਨਿੰਗ ਦੇ ਪ੍ਰਦੂਸ਼ਣ ਨਾਲ ਕੋਈ ਨੁਕਸਾਨ ਹੋਵੇਗਾ ਤਾਂ ਉਸ ਲਈ ਕੌਣ ਜਿੰਮੇਵਾਰ ਹੋਵੇਗਾ? ਧਰਤੀ ਉੱਤੇ ਬਹੁਤੀ ਵਾਰ ਅਜਿਹਾ ਹੁੰਦਾ ਹੈ ਕਿ ਮਾਈਨਿੰਗ ਨਾਲ ਸਬੰਧਤ ਕਾਰਪੋਰੇਸ਼ਨਾਂ ਮਾਈਨਿੰਗ ਕਾਰਨ ਹੋਏ ਪ੍ਰਦੂਸ਼ਣ ਨਾਲ ਨਿਪਟਣ ਦੀ ਆਪਣੀ ਜਿੰਮੇਵਾਰੀ ਤੋਂ ਟਾਲਾ ਵੱਟ ਜਾਂਦੀਆਂ ਹਨ ਅਤੇ ਇਸ ਪ੍ਰਦੂਸਣ ਨਾਲ ਨਿਪਟਣ ਦੀ ਜਿੰਮੇਵਾਰੀ ਸਥਾਨਕ ਲੋਕਾਂ ਅਤੇ ਸਰਕਾਰਾਂ ਸਿਰ ਪੈ ਜਾਂਦੀ ਹੈ। ਬਹੁਤੀ ਵਾਰੀ ਕਾਰਪੋਰੇਸ਼ਨਾਂ ਨੂੰ ਪ੍ਰਦੂਸ਼ਣ ਕਾਰਨ ਹੋਏ ਨੁਕਸਾਨ ਨਾਲ ਨਿਪਟਣ ਲਈ ਮਜਬੂਰ ਕਰਨ ਲਈ ਉਨਾਂ ਨੂੰ ਅਦਾਲਤਾਂ ਵਿੱਚ ਲਿਜਾਣਾ ਪੈਂਦਾ ਹੈ, ਜਿੱਥੇ ਕੇਸ ਸਾਲਾਂ ਬੱਧੀ ਲਟਕਦੇ ਰਹਿੰਦੇ ਹਨ। ਪਰ ਪੁਲਾੜ ਵਿੱਚ ਪ੍ਰਦੂਸ਼ਣ ਬਾਰੇ ਸਾਡੇ ਕੋਈ ਕਾਨੂੰਨ ਹੀ ਨਹੀਂ ਹਨ। ਇਸ ਲਈ ਕਾਰਪੋਰੇਸ਼ਨਾਂ ਨੂੰ ਇਸ ਪ੍ਰਦੂਸਣ ਦੀ ਜਿੰਮੇਵਾਰੀ ਉਠਾਉਣ ਲਈ ਕਿਸ ਤਰਾਂ ਮਜਬੂਰ ਕੀਤਾ ਜਾ ਸਕੇਗਾ? ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਅਜੇ ਇਹ ਪਤਾ ਨਹੀਂ ਕਿ ਪੁਲਾੜ ਵਿੱਚ ਮਾਈਨਿੰਗ ਲਿਜਾਣ ਲਈ ਕਿੰਨਾ ਸਮਾਂ ਲੱਗੇਗਾ।

ਬਾਕੀ ਸਫ਼ਾ 31 'ਤੇ

# ਮੱਕੀ ਦੇ ਫ਼ਾਇਦੇ



ਡਾ. ਹਰਸ਼ਿੰਦਰ ਕੌਰ, ਐਮ. ਡੀ.

ਜਦੋਂ ਸਾਡੇ ਆਪਣੇ ਸੱਤੂ ਅਮਰੀਕਾ ਵੱਲੋਂ ਓਟਸ ਕਹਿ ਕੇ ਛੇ ਗੁਣਾ ਵੱਧ ਰੇਟ ਉੱਤੇ ਵੇਚੇ ਜਾਣ ਤਾਂ ਸਾਨੂੰ ਬਹੁਤ ਚੰਗਾ ਜਿਹਾ ਲੱਗਦਾ ਹੈ ਅਤੇ ਉਨਾਂ ਨੂੰ ਖਾ ਕੇ ਆਪਣੇ ਆਪ ਨੂੰ ਅਗਾਂਹਵਧੂ ਮਹਿਸੂਸ ਕਰਨ ਲੱਗ ਪੈਂਦੇ ਹਾਂ। ਇੰਜ ਹੀ ਸਾਨੂੰ ਸੜਕ ਦੇ ਕਿਨਾਰੇ 'ਤੇ ਖੜੇ ਛੱਲੀ ਚੱਬਦਿਆਂ ਉਜੱਡ ਲੱਗਦਾ ਹੈ ਪਰ ਨਾਂ ਬਦਲ ਕੇ 10 ਗੁਣਾ ਮਹਿੰਗੇ ਕੌਰਨ 5 ਤਾਰਾ ਹੋਟਲ ਵਿਚ ਬਹਿ ਕੇ ਖਾਣੇ ਚੰਗੇ ਲੱਗਦੇ ਹਨ।

ਅਮਰੀਕਾ ਵਿਚ ਮੱਕੀ ਦੇ ਦਾਣਿਆਂ ਨੂੰ ਲਗਭਗ ਹਰ ਕਿਸਮ ਦੇ ਖਾਣੇ ਵਿਚ ਵਰਤਿਆ ਜਾਣ ਲੱਗ ਪਿਆ ਹੈ। ਮੱਕੀ ਵਿਚ ਕੁਦਰਤੀ ਸ਼ੱਕਰ ਤੇ ਕਾਰਬੋਹਾਈਡਰੇਟ ਕਾਫੀ ਹਨ। ਪੌਪਕੌਰਨ ਵਜੋਂ ਬਹੁਤ ਮਸ਼ਹੂਰ ਹੋਈ ਮੱਕੀ ਅਮਰੀਕਾ, ਕਨੇਡਾ, ਯੂਰਪ ਵਿਚ ਸੌਸ ਜਾਂ ਹੋਰ ਖਾਣਿਆਂ ਨੂੰ ਗਾੜਾ ਕਰਨ ਲਈ ਕੌਰਨ ਫਲੌਰ ਵਜੋਂ ਵਰਤੀ ਜਾ ਰਹੀ ਹੈ। ਚਿੱਪਸ, ਟੌਰਟਿਲਾ, ਕਰੈਕਰ ਆਦਿ ਵਿਚ ਵਰਤੀ ਜਾ ਰਹੀ ਮੱਕੀ ਦੁਨੀਆ ਦੇ ਲਗਭਗ ਹਰ ਹਿੱਸੇ ਵਿਚ ਬੱਚੇ ਤੋਂ ਵੱਡੇ ਤੱਕ ਵਰਤੀ ਜਾ ਰਹੀ ਹੈ।

ਸ਼ਾਇਦ ਬਹੁਤਿਆਂ ਨੂੰ ਪਤਾ ਨਾ ਹੋਵੇ ਪਰ ਦਸ ਹਜ਼ਾਰ ਸਾਲ ਪਹਿਲਾਂ ਮੈਕਸੀਕੋ ਵਿਚ ਜੰਗਲੀ ਘਾਹ 'ਤੀਓਸਿੰਤੇ' ਤੋਂ ਮੱਕੀ ਦੇ ਦਾਣੇ ਕੱਢੇ ਜਾਂਦੇ ਸਨ। ਹੌਲੀ-ਹੌਲੀ ਇਸ ਨੂੰ ਉਗਾਉਣ ਦੇ ਢੰਗ ਬਦਲਦੇ ਰਹੇ ਤੇ ਮੌਜੂਦਾ ਮੱਕੀ ਹੋਂਦ ਵਿਚ ਆ ਗਈ। ਅਮਰੀਕਾ ਵਿਚ ਵੱਡੀ ਤਾਦਾਦ ਵਿਚ ਉੱਗਦੀ ਮੱਕੀ ਵੇਖ ਇੰਗਲੈਂਡ ਦੇ ਕੁੱਝ ਕਿਸਾਨਾਂ ਨੇ ਇਸ ਨੂੰ ਇੰਗਲੈਂਡ ਵਿਚ ਵੀ ਬੀਜਣਾ ਸ਼ੁਰੂ ਕਰ ਦਿੱਤਾ।

ਸੰਨ 1621 ਵਿਚ ਸ਼ੁਕਰਾਨੇ ਵਜੋਂ ਕੀਤੇ ਰਾਤ ਦੇ ਖਾਣੇ ਵਿਚ ਮੱਕੀ ਦੀ ਵਰਤੋਂ ਕੀਤੀ ਗਈ। ਇਸ ਬੀਜ ਅੰਦਰ ਪਾਣੀ ਦੀ ਇੱਕ ਬੂੰਦ ਹੁੰਦੀ ਹੈ ਜੋ ਭੁੰਨੇ ਜਾਣ ਉੱਤੇ ਫਟ ਕੇ ਵਿਚਕਾਰਲਾ ਹਿੱਸਾ ਬਾਹਰ ਕੱਢ ਦਿੰਦੀ ਹੈ ਤੇ ਇਹੀ ਉਛਲਦੇ ਕੁੱਦਦੇ ਦਾਣਿਆਂ ਨੇ ਉਦੋਂ ਜਸ਼ਨ ਨੂੰ ਦੂੱਗਣਾ ਕਰ ਦਿੱਤਾ।

ਹੁਣ ਛੱਲੀ ਕਈ ਰੰਗਾਂ ਵਿਚ ਮਿਲਦੀ ਹੈ। ਲਾਲ, ਚਿੱਟੇ, ਜਾਮਨੀ, ਨੀਲੇ, ਕਾਲੇ ਤੇ ਸੁਨਿਹਰੀ ਰੰਗ ਵਿਚ। ਇੱਕ ਚਿੱਟੇ ਤੇ ਪੀਲੇ ਦਾ ਸੁਮੇਲ 'ਡੈਂਟ ਕੌਰਨ' ਜ਼ਿਆਦਾਤਰ ਜਾਨਵਰਾਂ ਦੇ ਚਾਰੇ ਲਈ ਵਰਤਿਆ ਜਾਂਦਾ ਹੈ ਜਾਂ ਟੌਰਟਿਲਾ ਚਿੱਪਸ ਬਣਾਉਣ ਲਈ।

ਪੁਰਾਣੇ ਸਮਿਆਂ ਵਿਚ ਜਿਉਂ ਜਿਉਂ ਇਸ ਦੀ ਵਰਤੋਂ ਵਧਦੀ ਗਈ ਤਿਉਂ-ਤਿਉਂ ਹੀ ਅੰਤੜੀਆਂ ਦਾ ਕੈਂਸਰ ਘਟਦਾ ਗਿਆ। ਹੁਣ ਇਸ ਦੇ ਕਾਰਨਾਂ ਦੀ ਸਮਝ ਆ ਚੁੱਕੀ ਹੈ। ਦਰਅਸਲ ਮੱਕੀ ਅੰਤੜੀਆਂ ਵਿਚ ਬੈਠੇ ਚੰਗੇ ਬੈਕਟੀਰੀਆ ਦੀ ਖ਼ੁਰਾਕ ਹੁੰਦੀ ਹੈ। ਚੰਗੇ ਬੈਕਟੀਰੀਆ ਮੱਕੀ ਨੂੰ ਖਾ ਕੇ ਵਧ ਫੁੱਲ ਜਾਂਦੇ ਹਨ ਤੇ ਮਾੜੇ ਕੀਟਾਣੂਆਂ ਨੂੰ ਸੌਖਿਆਂ ਢਾਅ ਲੈਂਦੇ ਹਨ। ਇੰਜ ਮਾੜੇ ਬੈਕਟੀਰੀਆ 'ਕੋਲਨ ਕੈਂਸਰ' ਵਰਗੀ ਬੀਮਾਰੀ ਕਰ ਹੀ ਨਹੀਂ ਸਕਦੇ।

ਫਾਈਬਰ ਭਰਪੂਰ ਮੱਕੀ ਖਾਣ ਨਾਲ ਦਿਲ ਦੇ ਰੋਗ ਤੇ ਟਾਈਪ 2 ਸ਼ੱਕਰ ਰੋਗ ਹੋਣ ਦਾ ਖ਼ਤਰਾ ਵੀ ਟਲ ਜਾਂਦਾ ਹੈ। ਇਸ ਵਿਚ ਵਿਟਾਮਿਨ ਸੀ ਵੀ ਹੈ ਜੋ ਐਂਟੀਆਕਸੀਡੈਂਟ ਹੋਣ ਕਰ ਕੇ ਸੈੱਲਾਂ ਦੀ ਟੁੱਟ ਫੁੱਟ ਤੋਂ ਵੀ ਬਚਾਓ ਕਰ ਦਿੰਦਾ ਹੈ। ਪੀਲੀ ਮੱਕੀ ਵਿਚਲੇ ਕੈਰੋਟੀਨਾਇਡ-ਲਿਓਟੀਨ ਅਤੇ ਜ਼ੀਜ਼ੈਂਥੀਨ ਅੱਖਾਂ ਦੀ ਸਿਹਤ ਲਈ ਬਹੁਤ ਵਧੀਆ ਹਨ। ਇਹ ਚਿੱਟਾ ਮੋਤੀਆ ਹੋਣ ਤੋਂ ਵੀ ਕੁੱਝ ਹਦ ਤਕ ਬਚਾਓ ਕਰ ਦਿੰਦੇ ਹਨ।

ਵਿਟਾਮਿਨ ਬੀ, ਈ ਅਤੇ ਕੇ ਦੇ ਨਾਲ-ਨਾਲ ਮੈਗਨੀਸ਼ੀਅਮ ਤੇ ਪੋਟਾਸ਼ੀਅਮ ਵੀ ਮੱਕੀ ਵਿਚ ਹਨ। ਵੱਖੋ-ਵੱਖ ਰੰਗਾਂ ਦੇ ਆਧਾਰ ਉੱਤੇ ਵੱਖ ਤੱਤ ਹੁੰਦੇ ਹਨ। ਨੀਲੀ ਛੱਲੀ ਵਿਚ ਫਾਈਟੋਨਿਊਟਰੀਐਂਟ ਵੱਧ ਹੁੰਦੇ ਹਨ। ਇਨਾਂ ਨੂੰ ਚਿੱਪਸ ਜਾਂ ਟਾਕੋ ਵਿਚ ਵਰਤਿਆ ਜਾਂਦਾ ਹੈ।

ਛੱਲੀ ਵਿਚ ਕਾਰਬੋਹਾਈਡਰੇਟ ਤੇ ਸ਼ੱਕਰ ਹੁੰਦੇ ਹਨ। ਜੇ ਵੱਧ ਮਾਤਰਾ ਵਿਚ ਨਾ ਖਾਧੀ ਜਾਏ ਤਾਂ ਇਨਾਂ ਦਾ ਏਨਾ ਨੁਕਸਾਨ ਨਹੀਂ ਹੈ।

ਕੁੱਝ ਸਾਲਾਂ ਤੋਂ ਛੱਲੀ ਨੂੰ ਜੈਨੇਟਿਕ ਢੰਗ ਨਾਲ ਤਬਦੀਲ ਕੀਤਾ ਗਿਆ ਹੈ ਤਾਂ ਜੋ ਇਸ ਨੂੰ ਕੀੜਾ ਨਾ ਲੱਗੇ। ਹਾਲੇ ਤੱਕ ਇਸ ਜੈਨੇਟਿਕ ਤਬਦੀਲੀ ਨਾਲ ਮਾੜੇ ਅਸਰ ਦਿਸਣੇ ਸ਼ੁਰੂ ਨਹੀਂ ਹੋਏ। ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਸ ਤਬਦੀਲੀ ਨਾਲ ਚੰਗੇ ਅਸਰ, ਜੋ ਸਰੀਰ ਉੱਤੇ ਪੈਂਦੇ ਸਨ, ਉਹ ਘੱਟ ਗਏ ਹਨ ਜਾਂ ਵਧੇ ਹਨ।

ਅੱਜ ਕੱਲ ਕੌਰਨ ਫਲੋਰ, ਕੌਰਨ ਮੀਲ, ਕੌਰਨ ਸਿਰਪ ਅਤੇ ਕੌਰਨ ਤੇਲ ਕਾਫੀ ਵਿਕਣੇ ਸ਼ੁਰੂ ਹੋ ਚੁੱਕੇ ਹਨ। ਇਨਾਂ ਦੀ ਖ਼ਰਬਾਂ ਦੀ ਮਾਰਕਿਟ ਬਣ ਚੁੱਕੀ ਹੈ ਤੇ ਇੰਟਰਨੈੱਟ ਇਨਾਂ ਦੀ ਤਾਰੀਫ਼ ਕਰਦਿਆਂ ਥੱਕਦਾ ਨਹੀਂ ਕਿਉਂਕਿ ਆਮ ਛੱਲੀ ਨੂੰ 600 ਗੁਣਾ ਮਹਿੰਗਾ ਕਰ ਕੇ ਵੇਚਣਾ ਹੁੰਦਾ ਹੈ।

100 ਗ੍ਰਾਮ ਉਬਲੀ ਪੀਲੀ ਛੱਲੀ ਵਿਚ 96 ਕੈਲਰੀਆਂ ਹੁੰਦੀਆਂ ਹਨ, 9.4 ਗ੍ਰਾਮ ਪ੍ਰੋਟੀਨ, 74.26 ਗ੍ਰਾਮ ਕਾਰਬੋਹਾਈਡ੍ਰੇਟ, 4.5 ਗ੍ਰਾਮ ਖੰਡ, 73 ਫੀਸਦੀ ਪਾਣੀ, 7.3 ਗ੍ਰਾਮ ਫਾਈਬਰ ਅਤੇ 1.5 ਗ੍ਰਾਮ ਥਿੰਦਾ ਹੁੰਦਾ ਹੈ।

ਖੰਡ ਵਾਧੂ ਮਾਤਰਾ ਵਿਚ ਭਾਵੇਂ ਹੈ ਪਰ ਗਲਾਈਸੀਮਿਕ ਇੰਡੈਕਸ ਘੱਟ ਹੋਣ ਸਦਕਾ ਸ਼ੱਕਰ ਰੋਗੀ ਵੀ ਇਸ ਨੂੰ ਖਾ ਸਕਦੇ ਹਨ। ਖਾਣ ਤੋਂ ਬਅਦ ਇਕਦਮ ਸਰੀਰ ਅੰਦਰ ਸ਼ੱਕਰ ਦੀ ਮਾਤਰਾ ਵਧਦੀ ਨਹੀਂ। ਇਸੇ ਲਈ ਇਸ ਨੂੰ ਸਿਹਤਮੰਦ ਖ਼ੁਰਾਕ ਗਿਣਿਆ ਜਾਂਦਾ ਹੈ।

ਘੱਟ ਖੁਰਨ ਵਾਲੇ ਫਾਈਬਰ ਹੈਮੀਸੈਲੂਲੋਜ਼, ਸੈਲੂਲੋਜ਼ ਤੇ ਲਿਗਨਿਨ ਹੀ ਪੀਲੀ ਛੱਲੀ ਨੂੰ ਅੰਤੜੀਆਂ ਲਈ ਵਧੀਆ ਸਾਬਤ ਕਰਦੇ ਹਨ।

ਛੱਲੀ ਵਿਚਲੀ ਪ੍ਰੋਟੀਨ 'ਜ਼ੀਨ' ਬਹੁਤੀ ਵਧੀਆ ਕਿਸਮ ਦੀ ਨਹੀਂ ਹੁੰਦੀ ਕਿਉਂਕਿ ਇਸ ਵਿਚ ਕੁੱਝ ਵਧੀਆ ਅਮਾਈਨੋ ਏਸਿਡ ਨਹੀਂ ਹੁੰਦੇ। ਕਈ ਫੈਕਟਰੀਆਂ ਛੱਲੀ ਵਿਚਲੇ ਜ਼ੀਨ ਨੂੰ ਵਰਤ ਕੇ ਉਸ ਵਿੱਚੋਂ ਗੂੰਦ, ਸਿਆਹੀ, ਟਾਫੀਆਂ ਜਾਂ ਸੁੱਕੇ ਮੇਵਿਆਂ ਉੱਤੇ ਚਾੜ੍ਹੀ ਖੰਡ, ਦਵਾਈਆਂ ਉੱਤੇ ਚਾੜ੍ਹੀ ਖੰਡ ਆਦਿ ਤਿਆਰ ਕਰਦੇ ਹਨ।

ਰਿਫਾਈਨਲਡ ਕੌਰਨ ਤੇਲ ਬਹੁਤ ਮਹਿੰਗੇ ਭਾਅ ਵਿਕਦਾ ਹੈ। ਛੱਲੀ ਵਿਚਲੇ ਲਿਨੋਲਿਕ ਏਸਿਡ ਦੀ ਵਰਤੋਂ ਇਸ ਵਿਚ ਕੀਤੀ ਜਾਂਦੀ ਹੈ ਜੋ ਵਿਟਾਮਿਨ ਈ, ਯੂਬੀ ਕਉਈਨੋਨ ਤੇ ਫਾਈਟੋਸਟੀਰੋਲ ਵਿਚ ਭਰਪੂਰ ਹਨ ਅਤੇ ਕੋਲੈਸਟਰੋਲ ਘਟਾਉਂਦੇ ਹਨ।

ਵਿਟਾਮਿਨ ਤੇ ਮਿਨਰਲ ਛੱਲੀ ਵਿਚ ਕਾਫੀ ਭਰੇ ਪਏ ਹਨ ਇਸੇ ਲਈ ਮੱਕੀ ਦਾ ਆਟਾ ਕਾਫੀ ਸਿਹਤਮੰਦ ਗਿਣਿਆ ਜਾਂਦਾ ਹੈ।

ਮੈਂਗਨੀਜ਼ ਬਹੁਤੀ ਵੱਡੀ ਮਾਤਰਾ ਵਿਚ ਛੱਲੀ ਵਿੱਚੋਂ ਹਜ਼ਮ ਨਹੀਂ ਹੁੰਦਾ ਕਿਉਂਕਿ ਛੱਲੀ ਵਿਚ ਫਾਈਟਿਕ ਏਸਿਡ ਵੱਧ ਹੁੰਦਾ ਹੈ। ਫਾਸਫੋਰਸ ਚੰਗੀ ਮਾਤਰਾ ਵਿਚ ਛੱਲੀ ਵਿੱਚੋਂ ਹਜ਼ਮ ਹੋ ਕੇ ਬੱਚੇ ਦੇ ਵਧਣ ਫੁੱਲਣ ਅਤੇ ਸਰੀਰ ਦੇ ਪੱਠਿਆਂ ਨੂੰ ਸਿਹਤਮੰਦ ਰੱਖਣ ਵਿਚ ਸਹਾਈ ਹੁੰਦਾ ਹੈ। ਭੁੰਨੀ ਛੱਲੀ ਜਾਂ ਪੌਪ ਕੌਰਨ ਵਿਚ ਵੀ ਫਾਸਫੋਰਸ ਦੀ ਮਾਤਰਾ ਓਨੀ ਹੀ ਰਹਿੰਦੀ ਹੈ।

ਛੱਲੀ ਵਿਚਲਾ ਮੈਗਨੀਸ਼ੀਅਮ ਦਿਲ ਦੇ ਰੋਗਾਂ ਅਤੇ ਹੋਰ ਵੀ ਕਈ ਕਰੌਨਿਕ ਬੀਮਾਰੀਆਂ ਤੋਂ ਬਚਾਓ ਕਰਦਾ ਹੈ। ਜ਼ਿੰਕ ਭਾਵੇਂ ਛੱਲੀ ਵਿਚ ਹੈ, ਪਰ ਇਹ ਵੀ ਫਾਈਟਿਕ ਏਸਿਡ ਸਦਕਾ ਸਰੀਰ ਅੰਦਰ ਜਜ਼ਬ ਨਹੀਂ ਹੁੰਦਾ। ਦਿਲ ਨੂੰ ਸਿਹਤਮੰਦ ਰੱਖਣ ਵਾਲਾ ਕੌਪਰ ਛੱਲੀ ਵਿੱਚੋਂ ਸਰੀਰ ਹਜ਼ਮ ਕਰ ਲੈਂਦਾ ਹੈ।

ਪੈਂਟੋਥੀਨਿਕ ਏਸਿਡ (ਵਿਟਾਮਿਨ ਬੀ 5), ਫੋਲਿਕ ਏਸਿਡ (ਵਿਟਾਮਿਨ ਬੀ 9), ਵਿਟਾਮਿਨ ਬੀ 6, ਨਾਇਆਸਿਨ, ਵਿਟਾਮਿਨ ਬੀ ਤਿੰਨ ਤੇ ਪੋਟਾਸ਼ੀਅਮ ਵੀ ਛੱਲੀ ਵਿਚ ਹਨ।

ਪੋਟਾਸ਼ੀਅਮ ਦਿਲ ਲਈ ਸਿਹਤਮੰਦ ਹੈ। ਛੱਲੀ ਵਿਚਲਾ ਵਿਟਾਮਿਨ ਬੀ ਤਿੰਨ ਸਰੀਰ ਉਦੋਂ ਹੀ ਹਜ਼ਮ ਕਰ ਸਕਦਾ ਹੈ ਜੇ ਛੱਲੀ ਉੱਤੇ ਨਿੰਬੂ ਲਾਇਆ ਗਿਆ ਹੋਵੇ।

ਮਿਨਰਲ ਜ਼ਿਆਦਾ ਉਦੋਂ ਹਜ਼ਮ ਹੁੰਦੇ ਹਨ ਜਦੋਂ ਪੌਪਕੌਰਨ ਬਣਾ ਕੇ ਖਾਧੇ ਜਾਣ।

ਐਂਟੀਆਕਸੀਡੈਂਟ :- ਇਕ ਖ਼ਾਸ ਗੱਲ ਮੱਕੀ ਵਿਚ ਇਹ ਹੈ ਕਿ ਕੁਦਰਤੀ ਤੌਰ ਉੱਤੇ ਐਂਟੀਆਕਸੀਡੈਂਟ ਹੋਰ ਤਰਾਂ ਦੇ ਅੰਨ ਨਾਲੋਂ ਇਸ ਵਿਚ ਸਭ ਤੋਂ ਵੱਧ ਹਨ।

1. ਫੈਰੂਲਿਕ ਏਸਿਡ ਮੱਕੀ ਵਿਚ ਕਣਕ, ਸੱਤੂ ਤੇ ਚੌਲਾਂ ਨਾਲੋਂ ਕਿਤੇ ਵੱਧ ਹੈ।
2. ਐਂਥੋਸਾਇਆਨਿਨ ਛੱਲੀ ਨੂੰ ਨੀਲਾ, ਜਾਮਨੀ ਤੇ ਲਾਲ ਰੰਗ ਦਿੰਦੇ ਹਨ।
3. ਜ਼ੀਜ਼ੈਂਥੀਨ ਅੱਖਾਂ ਨੂੰ ਸਿਹਤਮੰਦ ਰੱਖਣ ਵਿਚ ਸਹਾਈ ਹੁੰਦੇ ਹਨ।
4. ਲਿਊਟੀਨ ਕਾਫ਼ੀ ਮਾਤਰਾ ਵਿਚ ਛੱਲੀ ਵਿਚ ਹੈ ਜੋ ਅੱਖਾਂ ਨੂੰ ਨੀਲੀ ਲਾਈਟ ਦੇ ਮਾੜੇ ਅਸਰਾਂ ਤੋਂ ਬਚਾਉਂਦੀ ਹੈ।
5. ਫਾਈਟਿਕ ਏਸਿਡ :- ਇਸ ਦੇ ਹੋਣ ਨਾਲ ਜ਼ਿੰਕ ਅਤੇ ਲੋਹ ਕਣ ਨੂੰ ਹਜ਼ਮ ਕਰਨ ਵਿਚ ਦਿੱਕਤ ਆਉਂਦੀ ਹੈ।

ਇੱਕ ਨੁਕਤਾ ਬਹੁਤ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਹਰ ਤਰਾਂ ਦੇ ਅੰਨ ਨਾਲੋਂ ਸਭ ਤੋਂ ਵੱਧ ਉਹ ਐਂਟੀਆਕਸੀਡੈਂਟ ਮੱਕੀ ਵਿਚ ਹਨ ਜੋ ਅੱਖਾਂ ਲਈ ਸਿਹਤਮੰਦ ਹੁੰਦੇ ਹਨ।

ਪੌਪ ਕੌਰਨ :- ਭਾਵੇਂ ਪੌਪ ਕੌਰਨ ਬਹੁਤ ਜ਼ਿਆਦਾ ਵਰਤੋਂ ਵਿਚ ਆ ਰਹੇ ਹਨ ਤੇ ਮਹਿੰਗੇ ਭਾਅ ਵਿਕ ਰਹੇ ਹਨ ਪਰ ਇਨਾਂ ਉੱਤੇ ਲਾਏ ਵਾਧੂ ਲੂਣ ਅਤੇ ਘਿਓ ਜਾਂ ਤੇਲ ਸਦਕਾ ਅਤੇ ਨਾਲ ਪੀਤੇ ਠੰਡੇ (ਕੋਲਡ ਡਰਿੰਕ) ਇਸ ਦੇ ਚੰਗੇ ਅਸਰਾਂ ਨੂੰ ਲਗਭਗ ਖ਼ਤਮ ਹੀ ਕਰ ਦਿੰਦੇ ਹਨ। ਇਸੇ ਲਈ ਘਰ ਵਿਚ ਪ੍ਰੈੱਸ਼ਰ ਕੁੱਕਰ ਜਾਂ ਏਅਰ ਫਰਾਇਰ ਵਿਚ ਬਿਨਾਂ ਤੇਲ ਜਾਂ ਘਿਓ ਦੇ, ਬਣਾ ਕੇ ਖਾਣੇ ਚਾਹੀਦੇ ਹਨ।

ਅੱਖਾਂ ਲਈ :- ਮੱਕੀ ਵਿਚਲੇ ਭਾਰੀ ਮਾਤਰਾ ਵਿਚ ਲਿਊਟੀਨ ਤੇ ਜ਼ੀਜ਼ੈਂਥੀਨ ਸਦਕਾ ਮੈਕੂਲਰ ਡੀਜੈਨਰੇਸ਼ਨ ਅਤੇ ਚਿੱਟਾ ਮੋਤੀਆ ਰੋਕਿਆ ਜਾ ਸਕਦਾ ਹੈ। ਇਨਾਂ ਨੂੰ ਮੈਕੂਲਰ ਪਿਗਮੈਂਟ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਅੱਖ ਅੰਦਰਲੀ ਪਰਤ ਰੈਟੀਨਾ ਉੱਤੇ ਪਏ ਹੁੰਦੇ ਹਨ ਤੇ ਅੱਖਾਂ ਦੀ ਰੌਸ਼ਨੀ ਬਰਕਰਾਰ ਰੱਖਦੇ ਹਨ।

356 ਲੋਕਾਂ ਨੂੰ ਰੈਗੂਲਰ ਮੱਕੀ ਖੁਆਉਣ ਬਾਅਦ ਪਤਾ ਲੱਗਿਆ ਕਿ ਉਨਾਂ ਵਿਚ ਅੱਖ ਵਿਚਲੀ ਪਰਤ ਦਾ ਸੁੱਕਣਾ 43 ਫੀਸਦੀ ਘੱਟ ਗਿਆ।

ਅੰਤੜੀਆਂ ਲਈ :- 18 ਸਾਲਾਂ ਤੱਕ ਚੱਲੀ ਖੋਜ ਵਿਚ 47,228 ਬੰਦੇ ਸ਼ਾਮਲ ਕੀਤੇ ਗਏ ਜਿਨਾਂ ਨੂੰ ਰੋਜ ਮੱਕੀ ਖੁਆਈ ਗਈ। ਇਨਾਂ ਵਿਚ ਅੰਤੜੀਆਂ ਦਾ ਰੋਗ-'ਡਾਈਵਰਟੀਕੁਲੋਗਿਸ ਬੀਮਾਰੀ' 28 ਫੀਸਦੀ ਘੱਟ ਹੋ ਗਈ। ਇਸ ਬੀਮਾਰੀ ਵਿਚ ਅਫਾਰਾ, ਗੈਸ, ਟੱਟੀ ਵਿਚ ਲਹੂ ਆਦਿ ਵੇਖਣ ਨੂੰ ਮਿਲਦਾ ਹੈ।

ਸ਼ੱਕਰ ਰੋਗੀਆਂ ਲਈ :- ਛੱਲੀ ਵਿਚਲੇ ਪੌਲੀਫਿਨੋਲ ਟਾਈਪ-2 ਸ਼ੱਕਰ ਰੋਗ ਤੋਂ ਬਚਾਉਂਦੇ ਹਨ ਕਿਉਂਕਿ ਛੱਲੀ ਕੋਲੈਸਟਰੋਲ ਘਟਾਉਂਦੀ ਹੈ।

ਇਰਾਨ ਦੇ ਯੂਨੀਵਰਸਿਟੀ ਔਫ ਮੈਡੀਕਲ ਸਾਈਂਸਿਸ ਵਿਚ ਹੋਈ ਖੋਜ ਰਾਹੀਂ ਪਤਾ ਲੱਗਿਆ ਕਿ ਛੱਲੀ ਵਿਚਲੇ ਪੌਲੀਫਿਨੋਲ ਲਹੂ ਵਿੱਚੋਂ ਸ਼ੱਕਰ ਦੀ ਮਾਤਰਾ ਘਟਾ ਦਿੰਦੇ ਹਨ ਅਤੇ ਇਨਸੂਲਿਨ ਵਧਾ ਦਿੰਦੇ ਹਨ।

ਐਲਜ਼ੀਮਰ ਬੀਮਾਰੀ :- ਅੱਜ ਦੇ ਦਿਨ 5 ਕਰੋੜ ਲੋਕ ਇਸ ਬੀਮਾਰੀ ਤੋਂ ਪੀੜਤ ਹਨ ਤੇ ਸੰਨ 2030 ਤੱਕ ਇਹ ਗਿਣਤੀ 7.5 ਕਰੋੜ ਪਹੁੰਚ ਜਾਣ ਵਾਲੀ ਹੈ ਜਿਸ ਨਾਲ ਯਾਦਾਸ਼ਤ ਦੀ ਘਾਟ ਵਾਲੇ ਮਰੀਜ਼ ਚੁਫ਼ੇਰੇ ਦਿਸਣ ਲੱਗ ਪੈਣੇ ਹਨ। ਛੱਲੀ ਵਿਚਲਾ ਵਿਟਾਮਿਨ ਬੀ ਇਕ (ਥਾਇਆਮੀਨ) ਜਿੱਥੇ ਦਿਮਾਗ਼ ਨੂੰ ਤੰਦਰੁਸਤ ਰੱਖਦਾ ਹੈ ਉੱਥੇ ਐਸੀਟਾਈਲ ਕੋਲੀਨ ਬਣਾ ਦਿੰਦਾ ਹੈ ਜਿਸ ਨਾਲ ਯਾਦਾਸ਼ਤ ਤੇਜ਼ ਹੁੰਦੀ ਹੈ। ਰੋਜ਼ਾਨਾ 1.1 ਮਿਲੀਗ੍ਰਾਮ ਥਾਇਆਮੀਨ 18 ਸਾਲਾਂ ਤੋਂ ਘੱਟ ਉਮਰ ਵਿਚ ਚਾਹੀਦੀ ਹੁੰਦੀ ਹੈ। ਸੌ ਗ੍ਰਾਮ ਛੱਲੀ ਵਿਚ 0.3 ਮਿਲੀਗ੍ਰਾਮ ਥਾਇਆਮੀਨ ਹੁੰਦੀ ਹੈ।

ਹੱਡੀਆਂ ਦੀ ਤਾਕਤ :- ਛੱਲੀ ਵਿਚਲਾ ਮੈਂਗਨੀਜ਼ ਹੱਡੀਆਂ ਨੂੰ ਸਿਹਤਮੰਦ ਰੱਖਦਾ ਹੈ ਤੇ ਸਰੀਰ ਨੂੰ ਤਾਕਤ ਬਖਸ਼ਦਾ ਹੈ। ਮੈਂਗਨੀਜ਼ ਦੀ ਕਮੀ ਨਾਲ ਹੱਡੀਆਂ ਕਮਜ਼ੋਰ ਹੁੰਦੀਆਂ ਹਨ, ਵੱਧਣਾ ਫੁੱਲਣਾ ਘੱਟ ਹੋ ਜਾਂਦਾ ਹੈ ਅਤੇ ਸ਼ਕਰਾਣੂਆਂ ਦੀ ਵੀ ਕਮੀ ਹੋ ਜਾਂਦੀ ਹੈ। ਛੱਲੀ (100 ਗ੍ਰਾਮ) ਵਿਚ 127 ਮਿਲੀਗ੍ਰਾਮ ਮੈਂਗਨੀਜ਼ ਹੁੰਦਾ ਹੈ।

ਕਬਜ਼ ਠੀਕ ਹੋਣੀ :-ਛੱਲੀ ਵਿਚਲੇ ਫ਼ਾਈਬਰ ਸਦਕਾ ਕਬਜ਼ ਵੀ ਠੀਕ ਹੋ ਜਾਂਦੀ ਹੈ।

ਵਾਲਾਂ ਲਈ :- ਕੌਰਨ ਤੇਲ ਸਿਰ ਉੱਤੇ ਰੋਜ਼ ਰਾਤ ਝੱਸਣ ਨਾਲ ਸਿਰ ਦੀ ਚਮੜੀ ਸਿਹਤਮੰਦ ਹੋ ਜਾਂਦੀ ਹੈ। ਇਸ ਵਿਚਲਾ ਵਿਟਾਮਿਨ ਸੀ, ਕੋਲਾਜਨ ਬਣਾਉਣ ਵਿਚ ਮਦਦ ਕਰਦਾ ਹੈ ਤੇ ਵਾਲਾਂ ਨੂੰ ਵੀ ਝੜਨ ਤੋਂ ਰੋਕਦਾ ਹੈ।

ਕੋਲੈਸਟਰੋਲ ਘਟਾਉਣਾ :- ਇੱਕ ਖੋਜ ਵਿਚ 54 ਬੰਦਿਆਂ ਤੇ ਔਰਤਾਂ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਅੱਧਿਆਂ ਨੂੰ ਓਲਿਵ ਤੇਲ ਵਿਚ ਪਕਾਇਆ ਖਾਣਾ ਖਾਣ ਲਈ ਦਿੱਤਾ ਗਿਆ ਤੇ ਬਾਕੀਆਂ ਨੂੰ ਕੌਰਨ ਤੇਲ ਵਿਚਲਾ। ਨਤੀਜਿਆਂ ਵਿਚ ਪਤਾ ਲੱਗਿਆ ਕਿ ਐਲ.ਡੀ.ਐਲ. ਕੋਲੈਸਟਰੋਲ ਕੌਰਨ ਤੇਲ ਨਾਲ 11 ਫੀਸਦੀ ਘਟਿਆ ਜਦਕਿ ਓਲਿਵ ਤੇਲ ਨਾਲ ਸਿਰਫ਼ 3.5 ਫੀਸਦੀ।

ਚਮੜੀ ਲਈ : ਛੱਲੀ ਵਿਚਲੇ ਲਾਈਕੋਪੀਨ ਅਤੇ ਵਿਟਾਮਿਨ ਸੀ ਕੋਲਾਜਨ ਮਜ਼ਬੂਤ ਕਰ ਕੇ ਚਮੜੀ ਦੀ ਲਚਕ ਬਰਕਰਾਰ ਰੱਖਦੇ ਹਨ ਅਤੇ ਝੁਰੜੀਆਂ ਪੈਣ ਤੋਂ ਰੋਕਦੇ ਹਨ। ਪ੍ਰੋਟੀਨ ਦੀ ਮਾਤਰਾ ਵੀ ਛੱਲੀ ਵਿਚ ਕਾਫ਼ੀ ਹੋਣ ਸਦਕਾ ਚਮੜੀ ਲਈ ਫ਼ਾਇਦੇਮੰਦ ਸਾਬਤ ਹੋ ਚੁੱਕੀ ਹੈ।

ਭਰੂਣ ਲਈ :- ਛੱਲੀ ਵਿਚਲੇ ਥਾਇਆਮੀਨ ਤੇ ਪੈਂਟੋਥੀਨਿਕ ਏਸਿਡ ਜਿੱਥੇ ਜੱਚਾ ਲਈ ਫ਼ਾਇਦੇਮੰਦ ਹਨ ਉੱਥੇ ਭਰੂਣ ਦੇ ਦਿਮਾਗ਼ ਨੂੰ ਵੀ ਸਿਹਤਮੰਦ ਰੱਖਦੇ ਹਨ।

ਕੁੱਝ ਮਾੜੇ ਅੰਸ਼ :- 1. ਮੱਕੀ ਵਿਚਲੇ ਫਾਈਟੇਟ ਖ਼ੁਰਾਕ ਵਿੱਚੋਂ ਲੋਹ ਕਣ ਅਤੇ ਜ਼ਿੰਕ ਹਜ਼ਮ ਨਹੀਂ ਹੋਣ ਦਿੰਦੇ। ਇਸੇ ਲਈ ਮੱਕੀ ਨੂੰ ਕੁੱਝ ਦੇਰ ਪਾਣੀ ਵਿਚ ਗੁੰਨ ਕੇ ਰੱਖਣ ਨਾਲ ਜਾਂ ਪੁੰਗਰ ਕੇ ਖਾਣ ਨਾਲ ਫਾਈਟੇਟ ਘਟਾਏ ਜਾ ਸਕਦੇ ਹਨ।

2. ਸਾਂਭ ਕੇ ਰੱਖੀਆਂ ਛੱਲੀਆਂ ਵਿਚ ਕਈ ਵਾਰ ਉੱਲੀ (ਮਾਈਕੋਟੌਕਸਿਨ) ਲੱਗ ਸਕਦੀ ਹੈ। ਜ਼ਿਆਦਾ ਮਾਤਰਾ ਵਿਚ ਇਹ ਖਾਂਦੇ ਰਹਿਣ ਨਾਲ ਮੌਤ ਹੋ ਸਕਦੀ ਹੈ। ਕੈਂਸਰ ਅਤੇ ਭਰੂਣ ਦੇ ਦਿਮਾਗ਼ ਦੇ ਨੁਕਸ ਵੀ ਵੇਖੇ ਜਾ ਸਕਦੇ ਹਨ। ਏਸੇ ਤਰਾਂ ਦੀ ਛੱਲੀ ਖਾਣ ਨਾਲ ਸੰਨ 2004 ਅਪ੍ਰੈਲ ਵਿਚ ਕੀਨੀਆ ਵਿਚ 125 ਬੰਦੇ ਮਰ ਗਏ ਸਨ। ਇਹੀ ਕਾਰਨ ਹੈ ਕਿ ਮੱਕੀ ਦਾ ਠੀਕ ਢੰਗ ਤੇ ਸਹੀ ਥਾਂ ਉੱਤੇ ਸੁਕਾਇਆ ਜਾਣਾ ਚਾਹੀਦਾ ਹੈ ਤਾਂ ਜੋ ਇਸ ਵਿਚਲੀ ਨਮੀ ਸਦਕਾ ਇਸ ਨੂੰ ਉੱਲੀ ਨਾ ਲੱਗੇ।

3. ਕਣਕ ਦੀ ਐਲਰਜੀ :- ਆਮ ਤੌਰ ਉੱਤੇ ਕਣਕ ਦੀ ਐਲਰਜੀ ਵਾਲੇ ਮਰੀਜ਼ ਮੱਕੀ ਖਾ ਸਕਦੇ ਹੁੰਦੇ ਹਨ। ਕੁੱਝ ਜਣਿਆਂ ਵਿਚ ਮੱਕੀ ਤੋਂ ਵੀ ਤਗੜੀ ਐਲਰਜੀ ਵੇਖੀ ਗਈ ਹੈ। ਇਹ ਐਲਰਜੀ ਮੱਕੀ ਵਿਚਲੇ ਅੰਸ਼ 'ਜ਼ੀਨ' ਕਰ ਕੇ ਹੈ ਜੋ ਗਲੱਟਨ ਵਾਂਗ ਹੀ ਲੱਛਣ ਵਿਖਾ ਸਕਦਾ ਹੈ ਤੇ ਗਲੱਟਨ ਦੇ ਹੀ ਟੱਬਰ ਦਾ ਇੱਕ ਅੰਸ਼ ਹੈ। ਕਈ ਵਾਰ ਬਜ਼ਾਰੋਂ ਲਏ ਮੱਕੀ ਦੇ ਆਟੇ ਵਿਚ ਪਹਿਲਾਂ ਤੋਂ ਹੀ ਮੈਦਾ ਜਾਂ ਕਣਕ ਦਾ ਆਟਾ ਮਿਲਾਇਆ ਹੁੰਦਾ ਹੈ ਜਿਸ ਸਦਕਾ ਸੀਲੀਅਕ ਬੀਮਾਰੀ ਵਾਲੇ ਮਰੀਜ਼ਾਂ ਨੂੰ ਲੱਛਣ ਦਿੱਸਣ ਲੱਗ ਪੈਂਦੇ ਹਨ।

ਕੁੱਝ ਜਣਿਆਂ ਨੂੰ ਮੱਕੀ ਤੋਂ ਐਲਰਜੀ ਹੋ ਸਕਦੀ ਹੈ ਜਿਸ ਨਾਲ ਮੱਕੀ ਖਾਂਦਿਆਂ ਸਾਰ ਉਨਾਂ ਨੂੰ ਅਫ਼ਾਰਾ ਮਹਿਸੂਸ ਹੋਣ ਲੱਗ ਪੈਂਦਾ ਹੈ ਜਾਂ ਟੱਟੀਆਂ ਲੱਗ ਸਕਦੀਆਂ ਹਨ।

4. ਕੌਰਨ ਸਿਰਪ :- ਇਹ ਖੰਡ ਤੋਂ ਵੀ ਵੱਧ ਖ਼ਤਰਨਾਕ ਹੈ। ਇਸ ਦੀ ਵਰਤੋਂ ਨਾਲ ਮੋਟਾਪਾ, ਦਿਲ ਦੇ ਰੋਗ, ਕੈਂਸਰ, ਫੈੱਟੀ ਜਿਗਰ (ਜਿਗਰ ਵਿਚ ਥਿੰਦਾ ਜੰਮਣਾ) ਸ਼ੱਕਰ ਰੋਗ ਤੇ ਹੋਰ ਕਈ ਤਰਾਂ ਦੇ ਮਾੜੇ ਰੋਗ ਹੋ ਸਕਦੇ ਹਨ। ਇਸ ਵਿਚ ਖ਼ੁਰਾਕੀ ਤੱਤ ਬਚਦੇ ਹੀ ਨਹੀਂ। ਸਿਰਫ਼ ਮਿੱਠਾ ਹੁੰਦਾ ਹੈ ਤੇ ਉਹ ਵੀ ਖੰਡ ਤੋਂ ਦੁਗਣਾ।

ਕੌਰਨ ਵਿੱਚੋਂ ਸਿਰਫ਼ ਇਹ ਵਾਲਾ ਮਿੱਠਾ ਕੱਢ ਕੇ ਉਸ ਨੂੰ ਸ਼ੇਕ, ਪੇਸਟਰੀਆਂ, ਕੇਕ, ਟਾਫੀਆਂ, ਆਈਸਕ੍ਰੀਮ ਆਦਿ ਵਿਚ ਵਰਤਿਆ ਜਾਂਦਾ ਹੈ। ਇਸ ਨਾਲ ਯੂਰਿਕ ਏਸਿਡ ਵੀ ਵੱਧ ਜਾਂਦਾ ਹੈ।

ਹੋਰ ਕਿਸਮਾਂ :- ਮੱਕੀ ਦੇ ਫ਼ਾਇਦੇ ਵੇਖਦਿਆਂ ਦੁਨੀਆ ਭਰ ਵਿਚ ਇਸ ਨੂੰ ਭਾਰੀ ਮਾਤਰਾ ਵਿਚ ਉਗਾਉਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਇਕੱਲੇ ਅਮਰੀਕਾ ਵਿਚ 370 ਮਿਲੀਅਨ ਮੀਟਰਿਕ ਟਨ ਅਤੇ ਚੀਨ ਵਿਚ 271 ਮਿਲੀਅਨ ਮੀਟਰਿਕ ਟਨ ਛੱਲੀ ਉਗਾਈ ਜਾਂਦੀ ਹੈ।

ਡੈਂਟ ਕੌਰਨ :- ਜ਼ਿਆਦਾਤਰ ਅਮਰੀਕਾ ਵਿਚ ਜਾਨਵਰਾਂ ਲਈ ਉਗਾਇਆ ਜਾਂਦਾ ਹੈ।

ਭਾਰਤੀ ਛੱਲੀ : ਭਾਰਤੀ ਛੱਲੀ ਨੂੰ 'ਫਲਿੰਟ ਕੌਰਨ' ਕਿਹਾ ਜਾਂਦਾ ਹੈ ਜਿਸ ਵਿਚ ਘੱਟ ਕਾਰਬੋਹਾਈਡਰੇਟ ਹੁੰਦੇ ਹਨ। ਇਸ ਬਾਰੇ ਇਹ ਜਾਣਕਾਰੀ ਹਾਸਲ ਹੋਈ ਹੈ ਕਿ ਪਾਵਨੀ ਕਬੀਲੇ ਵਾਲੇ ਇਸ ਨੂੰ ਈਸਾ ਮਸੀਹ ਤੋਂ 1000 ਸਾਲ ਪਹਿਲਾਂ ਤੋਂ ਹੀ ਵਰਤਦੇ ਰਹੇ ਸਨ। ਇਸ ਨਾਲ ਲਹੂ ਦੀ ਕਮੀ ਠੀਕ ਹੋ ਜਾਂਦੀ ਹੈ ਕਿਉਂਕਿ ਇਸ ਵਿਚ ਲੋਹ ਕਣ, ਫੋਲਿਕ ਏਸਿਡ ਤੇ ਵਿਟਾਮਿਨ ਬੀ 6 ਹਨ।

ਸੌ ਗ੍ਰਾਮ ਛੱਲੀ ਵਿਚ 2.71 ਮਿਲੀਗ੍ਰਾਮ ਲੋਹ ਕਣ ਹਨ। ਛੱਲੀ ਵਿਚਲਾ ਬੀਟਾ-ਕਰਿਪਟੋਜ਼ੈਂਥੀਨ ਫੇਫੜਿਆਂ ਦੇ ਕੈਂਸਰ ਨੂੰ ਹੋਣ ਤੋਂ ਰੋਕਦਾ ਹੈ। ਕੌਰਨ ਅੰਦਰਲਾ ਫਿਰੂਲਿਕ ਏਸਿਡ ਵੀ ਕੈਂਸਰ ਦੇ ਸੈੱਲਾਂ ਨੂੰ ਵਧਣ ਤੋਂ ਰੋਕਦਾ ਹੈ।

ਟੂਨੀਕੇਟ ਮੱਕੀ ਜਾਂ ਪੌਡ ਕੌਰਨ :- ਦੱਖਣੀ ਅਮਰੀਕਾ ਵਿਚ ਜੰਗਲੀ ਉੱਗੀ ਮੱਕੀ ਨੂੰ ਟੂਨੀਕੇਟ ਕਹਿੰਦੇ ਹਨ।

ਅੱਜ ਕੱਲ ਪੈਪਸੀ ਤੇ ਕੋਕਾ ਕੋਲਾ ਵਾਲੇ ਛੱਲੀ ਵਿੱਚੋਂ ਹੀ ਕੌਰਨ ਸਵੀਟਨਰ ਬਣਾ ਕੇ ਉਸ ਵਿਚ ਪਾ ਰਹੇ ਹਨ। ਅੱਜ ਦੇ ਦਿਨ ਦੁਨੀਆ ਭਰ ਵਿਚ ਛੱਲੀ ਤੋਂ ਲਗਭਗ 3500 ਵੱਖੋ ਵੱਖਰੀਆਂ ਚੀਜ਼ਾਂ ਬਣਾਈਆਂ ਜਾ ਰਹੀਆਂ ਹਨ।

ਗਰਮੀਆਂ ਵਿਚ ਲੱਗਦੀ ਛੱਲੀ ਬਹੁਤਾ ਪਾਣੀ ਨਹੀਂ ਮੰਗਦੀ। ਦੁਨੀਆ ਭਰ ਵਿਚ ਡਰਿਪ ਇਰੀਗੇਸ਼ਨ ਨਾਲ ਛੱਲੀਆਂ ਉਗਾਈਆਂ ਜਾ ਰਹੀਆਂ ਹਨ। ਲਗਭਗ ਇੱਕ ਇੰਚ ਪਾਣੀ ਹਰ ਹਫ਼ਤੇ ਸ਼ੁਰੂਆਤੀ ਸਮੇਂ ਵਿਚ ਚਾਹੀਦਾ ਹੁੰਦਾ ਹੈ।

ਜੇ ਪੰਜਾਬ ਵਿਚ ਛੱਲੀਆਂ ਲਾਉਣੀਆਂ ਵਧਾ ਕੇ, ਝੋਨਾ ਘਟਾ ਲਿਆ ਜਾਵੇ ਤਾਂ ਜਿੱਥੇ ਪਾਣੀ ਦੀ ਬਚਤ ਹੋ ਜਾਵੇਗੀ, ਉੱਥੇ ਪੰਜਾਬੀਆਂ ਦੀ ਸਿਹਤ ਵੀ ਵਧੀਆ ਹੋ ਜਾਵੇਗੀ।

# ਲਾਗਣ

**ਮਨਦੀਪ ਰਿੰਪੀ**
੯੮੧੪੩-੮੫੯੧੮

ਅੱਜ ਉਸ ਨੂੰ ਭੋਰਾ ਨੀਂਦ ਨਹੀਂ ਸੀ ਆ ਰਹੀ। ਉਹ ਕਦੇ ਛੱਤ 'ਤੇ ਲੱਗੇ ਹੌਲੀ ਹੌਲੀ ਘੁੰਮਦੇ ਪੱਖੇ ਵੱਲ ਵੇਖਦੀ ਤੇ ਕਦੇ ਸਾਹਮਣੇ ਕੰਧ ਵੱਲ ਟਿਕਟਿਕੀ ਲਗਾ ਕੇ ਵੇਖਣ ਲੱਗਦੀ ਜਿਹਦੀ ਅੱਧੀ ਕੁ ਸਫ਼ੈਦੀ ਲਹਿ ਗਈ ਸੀ ਸਲਾਬ ਆਉਣ ਕਾਰਨ। ਕਦੇ ਉਹ ਆਪਣੇ ਆਪ ਨੂੰ ਧੋਖਾ ਦੇਣ ਲਈ ਅੱਖਾਂ ਬੰਦ ਕਰ ਲੈਂਦੀ, ਖੌਰੇ ਅੱਖਾਂ ਬੰਦ ਕੀਤਿਆਂ ਹੀ ਨੀਂਦ ਆ ਜਾਵੇ। ਉਹ ਕਰਵਟ ਲੈਣਾ ਚਾਹੁੰਦੀ ਸੀ, ਪਰ ਲੈ ਨਹੀਂ ਸੀ ਰਹੀ ਇਹ ਸੋਚ ਕੇ ਕਿਧਰੇ ਉਹਦੀ ਧੀ ਨਾ ਜਾਗ ਜਾਵੇ। ਉਂਜ ਵੀ ਆਪਣੇ ਫ਼ਿਕਰਾਂ ਦੀ ਪੰਡ ਆਪਣੀ ਧੀ ਦੇ ਸਿਰ ਕਾਹਨੂੰ ਧਰਨੀ। ਇਹ ਸੋਚ ਕੇ ਉਹ ਉਂਜ ਹੀ ਪਈ ਰਹੀ। ਮਨ ਵਿੱਚ ਕਿਧਰੇ ਇਹ ਵੀ ਸੀ ਕਿ 'ਮੇਰੀ ਧੀ ਵੀ ਹਾਲੇ ਸੁੱਤੀ ਨਹੀਂ, ਉਹ ਵੀ ਮੇਰੇ ਵਾਂਗੂੰ ਅੱਖਾਂ ਮੀਚ ਸੌਣ ਦੀ ਜੱਦੋਜਹਿਦ ਤਾਂ ਨਹੀਂ ਕਰ ਰਹੀ?' ਫਿਰ ਉਹ ਆਪਣੀ ਮਾਂ ਬਾਰੇ ਸੋਚਣ ਲੱਗੀ, 'ਜਦੋਂ ਮੈਂ ਜਾਗਦੀ ਹੁੰਦੀ ਸਾਂ ਤਾਂ ਮੇਰੀ ਮਾਂ ਦੀ ਨੀਂਦ ਵੀ ਆਪਣੇ ਆਪ ਕਿਧਰੇ ਗਵਾਚ ਜਾਂਦੀ ਸੀ।'

ਅੱਜ ਉਹਨੂੰ ਮੁੜ ਮੁੜ ਉਹ ਦਿਨ ਚੇਤੇ ਆ ਰਹੇ ਸਨ ਜਦੋਂ ਉਹ ਤੀਹਾਂ ਨੂੰ ਢੁੱਕ ਗਈ ਸੀ, ਪਰ ਰਿਸ਼ਤਾ ਕਿਧਰੇ ਨਹੀਂ ਸੀ ਜੁੜਦਾ। ਜਿੱਥੇ ਵੀ ਗੱਲ ਤੁਰਦੀ ਝੱਟ ਜਵਾਬ ਮਿਲ ਜਾਂਦਾ। ਕਿੰਨੀ ਥਾਂ ਦੇਖ ਦਿਖਾਈ ਹੋਈ। ਇੱਕ ਦਿਨ ਅਜਿਹਾ ਵੀ ਆਇਆ ਕਿ ਦੇਖ ਦਿਖਾਈ ਦੇ ਨਾਂ 'ਤੇ ਮਨ ਮਸੋਸ ਕੇ ਰਹਿ ਜਾਂਦਾ। ਭੋਰਾ ਚਿੱਤ ਨਾ ਕਰਦਾ ਤਿਆਰ ਹੋਣ ਲਈ, ਪਰ ਪਿਓ ਦੀ ਘੂਰ ਵੇਖ ਤਿਆਰ ਹੋ ਕੇ ਬੈਠ ਜਾਂਦੀ। ਉਂਜ, ਸਰਬਜੀਤ ਸ਼ਕਲ ਸੂਰਤੋਂ ਇੰਨੀ ਮਾੜੀ ਵੀ ਨਹੀਂ ਸੀ। ਮੰਨਿਆ ਕਿ ਪਰੀਆਂ ਵਰਗੀ ਸੋਹਣੀ ਤਾਂ ਨਹੀਂ ਸੀ। ਫਿਰ ਵੀ ਜਦੋਂ ਪਹਿਨ ਪੱਚਰ ਕੇ ਨਿਕਲਦੀ ਤਾਂ ਬਥੇਰੀ ਜੱਚਦੀ। ਉਂਝ ਵੀ ਦਸਵੀਂ ਕਰ ਲਈ ਸੀ ਜਦੋਂਕਿ ਉਨਾਂ ਦੀ ਰਿਸ਼ਤੇਦਾਰੀ 'ਚ ਤਾਂ ਕੋਈ ਕੁੜੀ ਅੱਠ ਨਹੀਂ ਸੀ ਟੱਪੀ।

ਜਿਹੜਾ ਕੋਈ ਵੇਖਣ ਆਉਂਦਾ ਪਸੰਦ ਪਤਾ ਨਹੀਂ ਕਿਉਂ ਨੀਂ ਸੀ ਕਰਕੇ ਜਾਂਦਾ, ਉਹ ਹਮੇਸ਼ਾ ਸੋਚਦੀ। ਇੱਕ ਦੋ ਮੁੰਡਿਆਂ ਨੇ ਆਪ ਮੂਹਰੇ ਹੋ ਕੇ ਰਿਸ਼ਤੇ ਘੱਲੇ, ਪਰ ਉੱਥੇ ਰਿਸ਼ਤਾ ਕਰਨਾ ਉਹਦੇ ਪਿਓ ਨੂੰ ਗਵਾਰਾ ਨਹੀਂ ਸੀ। ਉਹਦਾ ਪਿਉ ਕੱਬੇ ਸੁਭਾਅ ਦਾ ਬੰਦਾ ਸੀ। ਕਹਿੰਦਾ ਸੀ ਕਿ ਲੋਕਾਂ ਨੇ ਕਹਿਣਾ ਕੁੜੀ ਨੇ ਮੁੰਡਾ ਆਪੇ ਪਸੰਦ ਕਰ ਲਿਆ। ਮਾਪੇ ਮਰ ਗਏ ਸੀ ਭਲਾ? ਨਾਲੇ ਸਾਡੇ ਘਰਾਂ 'ਚ ਆਪੇ ਪਸੰਦ ਕਰਨ ਵਾਲੇ ਸਾਕ ਨੀਂ ਪੁੱਗਦੇ। ਅਸੀਂ ਇੱਜ਼ਤਦਾਰ ਬੰਦੇ ਹਾਂ। ਸਰਬਜੀਤ ਨੂੰ ਯਾਦ ਹੈ ਕਿ ਉਹਦੇ ਨਾਲ ਪੜਦੀ ਸੁਖਜੀਤ ਜਦੋਂ ਚਾਈਂ ਚਾਈਂ ਆਪਣੇ ਮਾਮੇ ਦੇ ਮੁੰਡੇ ਦਾ ਸਾਕ ਲਿਆਈ, ਉਹਦੀ ਮਾਂ ਨੇ ਸੁਖਜੀਤ ਨੂੰ ਸਾਫ਼ ਨਾਂਹ ਕਰਦਿਆਂ ਕਿਹਾ ਸੀ, 'ਧੀਏ, ਮੇਰੀ ਕਿਸੇ ਨੇ ਨਹੀਂ ਮੰਨਣੀ। ਤੈਨੂੰ ਇਹਦੇ ਪਿਓ ਦਾ ਤਾਂ ਪਤਾ ਈ ਐ। ਜੇ ਕਿਧਰੇ ਉਹਦੇ ਕੰਨੀਂ ਇਹ ਗੱਲ ਪੈ ਗਈ ਤਾਂ ਉਹਨੇ ਸਰਬਜੀਤ ਤੇ ਮੇਰੇ ਹੱਡ ਗੋਡੇ ਭੰਨ ਦੇਣੇ। ਉਹਨੇ ਸਾਡਾ ਜਿਉਣਾ ਦੁੱਭਰ ਕਰ ਦੇਣੈ। ਆਪੇ ਵੇਖੂ ਇਹਦਾ ਪਿਉ ਜਿੱਥੇ ਰਿਸ਼ਤਾ ਕਰਨਾ ਹੋਊ।' ਸੁਖਜੀਤ ਨੇ ਚੁੱਪੀ ਵੱਟ ਲਈ। ਮੁੜ ਕਦੇ ਵੀ ਸਰਬਜੀਤ ਲਈ ਰਿਸ਼ਤੇ ਦੀ ਗੱਲ ਨਾ ਤੋਰੀ।

ਸਰਬਜੀਤ ਦੇ ਪਿਓ ਨੇ ਉਹਨੂੰ ਤੇ ਉਹਦੀ ਮਾਂ ਨੂੰ ਕਹਿ ਰੱਖਿਆ ਸੀ ਕਿ 'ਜੇ ਕਿਧਰੇ ਬਾਹਰੋਂ ਕੋਈ ਅਜਿਹੀ ਗੱਲ ਸੁਣਨ ਨੂੰ ਮਿਲੀ ਜਿਸ ਨਾਲ ਮੈਨੂੰ ਅੱਖਾਂ ਨੀਵੀਆਂ ਕਰਨੀਆਂ ਪੈਣ ਤਾਂ ਮੈਂ ਤੁਹਾਡੇ ਦੋਵਾਂ ਮਾਵਾਂ ਧੀਆਂ ਦੇ ਡੱਕਰੇ ਕਰ ਆਪ ਫਾਹਾ ਲੈ ਕੇ ਮਰਨਾ ਪਸੰਦ ਕਰੂੰ, ਪਰ ਕਿਸੇ ਅੱਗੇ ਅੱਖਾਂ ਨੀਵੀਆਂ ਕਰਕੇ ਨਈ ਜਿਉਣਾ'। ਪਿਉ ਦੇ ਮੂੰਹੋਂ ਨਿਕਲੀਆਂ ਇਹ ਗੱਲਾਂ ਸਰਬਜੀਤ ਲਈ ਪੱਥਰ 'ਤੇ ਲਕੀਰ ਸਨ। ਉਹਨੇ ਇਹ ਇਸ ਤਰਾਂ ਆਪਣੀ ਰੂਹ ਨਾਲ ਗੁੰਦ ਲਈਆਂ ਕਿ ਕਿਸੇ ਮੁੰਡੇ ਵੱਲ ਅੱਖ ਚੁੱਕ ਕੇ ਵੇਖਣਾ ਤਾਂ ਦੂਰ ਦੀ ਗੱਲ, ਕੋਲੋਂ ਲੰਘਦੀ ਹੋਈ ਵੀ ਕੰਬ ਜਾਂਦੀ ਸੀ। ਜੇ ਕੋਈ ਮੁੰਡਾ ਉਹਦੇ ਨਾਲ ਕੋਈ ਗੱਲ ਕਰਨ ਦੀ ਕੋਸ਼ਿਸ਼ ਵੀ ਕਰਦਾ ਤਾਂ ਉਹ ਘਬਰਾ ਕੇ ਪਾਸਾ ਵੱਟ ਲੈਂਦੀ।

ਖ਼ੈਰ, ਜਦੋਂ ਉਹਦੀ ਸਹੇਲੀ ਸੁਖਜੀਤ ਵਿਆਹ ਤੋਂ ਬਾਅਦ ਪਹਿਲੀ ਵਾਰ ਉਹਨੂੰ ਮਿਲਣ ਆਈ ਤਾਂ ਸਿਲਕ ਦੇ ਗੁਲਾਬੀ ਰੰਗ ਦੇ ਸੂਟ ਅਤੇ ਤਿੱਲੇਦਾਰ ਪੰਜਾਬੀ ਜੁੱਤੀ ਵਿੱਚ ਸੁਖਜੀਤ ਉਹਨੂੰ ਐਨੀ ਸੋਹਣੀ ਲੱਗੀ ਕਿ ਉਹ ਉਹਦੇ ਵੱਲ ਨੀਝ ਲਾ ਕੇ ਵੇਖਦੀ ਰਹਿ ਗਈ। ਸੁਖਜੀਤ ਹੱਸ ਕੇ ਆਖਣ ਲੱਗੀ, 'ਮੇਰਾ ਸੂਟ ਤੇ ਜੁੱਤੀ ਨਾ ਵੇਖ। ਵੇਖੀਂ ਜਦੋਂ ਤੂੰ ਮੁਕਲਾਵੇ ਜਾਣਾ ਤੈਨੂੰ ਵੀ ਸਿਲਕ ਦਾ ਸੂਟ ਤੇ ਤਿੱਲੇ ਦੀ ਕੱਢੀ ਹੋਈ ਜੁੱਤੀ ਮਿਲਣੀ ਸ਼ਗਨਾਂ 'ਚ।' ਸਰਬਜੀਤ ਦੇ ਮਨ ਵਿੱਚ ਵੀ ਤਿੱਲੇਦਾਰ ਪੰਜਾਬੀ ਜੁੱਤੀ ਤੇ ਸਿਲਕ ਦੇ ਸੂਟ ਦੀ ਰੀਝ ਕਰਵਟ ਲੈਣ ਲੱਗੀ। ਉਹਦੀਆਂ ਸੋਚਾਂ ਦੀਆਂ ਤੰਦਾਂ ਹੁਣ ਵਿਆਹ ਦੇ ਨਾਲ ਨਾਲ ਸਿਲਕ ਦੇ ਸੂਟ ਅਤੇ ਤਿੱਲੇਦਾਰ ਪੰਜਾਬੀ ਜੁੱਤੀ ਦੇ ਆਲੇ-ਦੁਆਲੇ ਲਿਪਟਣ ਲੱਗੀਆਂ।

ਜਦੋਂ ਰਿਸ਼ਤੇ ਦੀ ਗੱਲ ਸਿਰੇ ਨਾ ਚੜਦੀ ਤਾਂ ਉਹ ਖਿੱਝ ਜਾਂਦੀ। ਇੱਕ ਦਿਨ ਇੱਕ ਮੁੰਡਾ ਉਹਨੂੰ ਵੇਖਣ ਆਇਆ ਤੇ ਝੱਟ ਨਾਂਹ ਵਿੱਚ ਸਿਰ ਮਾਰ ਗਿਆ। ਸਰਬਜੀਤ ਸੋਚਾਂ ਵਿੱਚ ਪੈ ਗਈ ਕਿ ਆਪ ਕਿੰਨਾ ਕੁ ਸੋਹਣਾ ਸੁਨੱਖਾ ਸੀ? ਪੱਕਾ ਰੰਗ, ਮੋਟੇ ਨੈਣ ਨਕਸ਼ ਤੇ ਆਵਾਜ਼ ਗਲੇ 'ਚੋਂ ਜ਼ੋਰ ਲਾਇਆਂ ਮਸਾਂ ਹੀ ਨਿਕਲਦੀ ਸੀ।



## ਲਾਗਣ

ਕਈ ਵਾਰ ਉਹਨੂੰ ਆਪਣੇ ਪਿਓ 'ਤੇ ਵੀ ਗੁੱਸਾ ਆਉਂਦਾ ਕਿ ਕਿਹੋ ਜਿਹੇ ਨਾਲ ਉਹਦਾ ਸਾਕ ਕਰਨ ਲੱਗਿਆ ਸੀ? ਪਰ ਪਿਓ ਦੀਆਂ ਅੱਖਾਂ ਵੇਖ ਡਰ ਜਾਂਦੀ ਅਤੇ ਚੁੱਪਚਾਪ ਸਿਰ 'ਤੇ ਚੁੰਨੀ ਲੈ ਨੀਵੀਂ ਪਾ ਬੈਠ ਜਾਂਦੀ। ਫਿਰ ਉਹ ਆਪਣੇ ਮਨ ਨੂੰ ਸਮਝਾਉਣ ਲਈ ਸਿਲਕ ਦੇ ਸੂਟ ਅਤੇ ਤਿੱਲੇਦਾਰ ਜੁੱਤੀ ਬਾਰੇ ਹੀ ਸੋਚਣ ਲੱਗਦੀ।

ਪਤਾ ਨਹੀਂ ਕਿੰਨੇ ਕੁ ਮੁੰਡੇ ਸਰਬਜੀਤ ਦੇ ਪਿਓ ਨੇ ਪਸੰਦ ਕੀਤੇ, ਪਰ ਦੇਖ ਦਿਖਾਈ ਤੋਂ ਅੱਗੇ ਗੱਲ ਨਾ ਤੁਰਦੀ। ਹੁਣ ਇੱਕ ਮੁੰਡਾ ਹੋਰ ਉਹਦੇ ਪਿਉ ਨੂੰ ਜਚ ਗਿਆ ਸੀ ਤਿੱਖੇ ਨੈਣ ਨਕਸ਼, ਸੋਹਣਾ ਸੁਨੱਖਾ, ਪਰ ਗੱਲ ਮੁੰਡੇ ਦੀ ਪਸੰਦ ਨਾਪਸੰਦ 'ਤੇ ਖੜੀ ਸੀ। ਸਰਬਜੀਤ ਤੇ ਉਹਦੀ ਮਾਂ ਘਬਰਾਈਆਂ ਹੋਈਆਂ ਸਨ। ਮੁੰਡਾ ਤੇ ਉਸ ਦੀ ਭਰਜਾਈ ਮੋਗੇ ਤੋਂ ਸਰਬਜੀਤ ਨੂੰ ਵੇਖਣ ਆਏ। ਸਰਬਜੀਤ ਹਮੇਸ਼ਾ ਦੀ ਤਰਾਂ ਨੀਵੀਂ ਪਾਈ ਬੈਠੀ ਰਹੀ। ਜੋ ਕੁਝ ਪੁੱਛਿਆ ਉਹਦਾ ਜਵਾਬ ਸਲੀਕੇ ਨਾਲ ਦੇ ਰਹੀ ਸੀ। ਹਮੇਸ਼ਾ ਵਾਂਗ ਉਸ ਦੀ ਦੀ ਹਿੰਮਤ ਨਾ ਪਈ ਮੁੰਡੇ ਵੱਲ ਵੇਖਣ ਦੀ। ਉਨਾਂ ਚਾਹ ਪਾਣੀ ਪੀਤਾ ਅਤੇ ਘਰ ਜਾ ਕੇ ਸਲਾਹ ਕਰਕੇ ਸੁਨੇਹਾ ਘੱਲਣ ਦੀ ਗੱਲ ਆਖ ਤੁਰ ਗਏ। ਸਰਬਜੀਤ ਦਾ ਪਿਓ ਹਮੇਸ਼ਾਂ ਵਾਂਗ ਸਰਬਜੀਤ ਨੂੰ ਹੀ ਅੱਖਾਂ ਨਾਲ ਤਾੜਦਾ ਰਿਹਾ ਤੇ ਸਰਬਜੀਤ ਡਰ ਗਈ ਕਿ ਇਸ ਵਾਰ ਵੀ ਪੱਕਾ ਜਵਾਬ ਹੀ ਮਿਲਣਾ। ਉਹ ਸਾਰੀ ਰਾਤ ਜਾਗਦੀ ਰਹੀ ਤੇ ਉਹਦੀਆਂ ਅੱਖਾਂ 'ਚੋਂ ਹੰਝੂ ਸਿੰਮਦੇ ਰਹੇ। ਉਹ ਰੱਬ ਕੋਲੋਂ ਪੁੱਛ ਰਹੀ ਸੀ ਕਿ ਉਹਨੇ ਕੀ ਗੁਨਾਹ ਕੀਤਾ? ਕੀ ਉਹ ਸਾਰੀ ਉਮਰ ਕੁਆਰੀ ਹੀ ਰਹੇਗੀ, ਆਪਣੇ ਮਾਂ ਬਾਪ 'ਤੇ ਬੋਝ ਬਣੀ ਹੋਈ? ਉਹਦੇ ਹਾਣ ਦੀਆਂ ਸਭ ਵਿਆਹੀਆਂ ਗਈਆਂ ਸਨ। ਹੁਣ ਤਾਂ ਗੁਆਂਢ ਦੀਆਂ ਔਰਤਾਂ ਵੀ ਗੱਲਾਂ ਗੱਲਾਂ 'ਚ ਪੁੱਛਦੀਆਂ ਰਹਿੰਦੀਆਂ ਸਨ ਕਿ ਵੇਖਿਆ ਕੋਈ ਰਿਸ਼ਤਾ? ਬਣੀ ਕੋਈ ਗੱਲ? ਕਿਸੇ ਪੰਡਤ ਨੂੰ ਟੇਵਾ ਵਿਖਾ ਲੈਂਦੇ। ਉਨਾਂ ਦੀ ਗੁਆਂਢਣ ਬਾਂਸੋ ਤਾਂ ਟੋਟਕੇ ਵੀ ਦੱਸ ਜਾਂਦੀ। ਸਰਬਜੀਤ ਦੀ ਮਾਂ ਨੇ ਵੀ ਪਤਾ ਨਹੀਂ ਕਿੰਨੇ ਟੋਟਕੇ ਵਰਤ ਕੇ ਵੇਖ ਲਏ। ਉਹ ਆਪਣੀ ਧੀ ਬਾਰੇ ਸੋਚ ਕੇ ਦਿਨ ਰਾਤ ਫ਼ਿਕਰਾਂ ਨਾਲ ਘੁਲਦੀ ਰਹਿੰਦੀ।

ਇੱਕ ਦਿਨ ਸਰਬਜੀਤ ਦੀ ਚਾਚੀ ਮੋਗੇ ਵਾਲਾ ਰਿਸ਼ਤਾ ਸਿਰੇ ਨਾ ਚੜਦਾ ਵੇਖ ਗੁਆਂਢਣ ਨੂੰ ਆਖਣ ਲੱਗੀ, 'ਇਹ ਰਿਸ਼ਤਾ ਵੀ ਸਿਰੇ ਨਈਂ ਲੱਗਦਾ। ਇਹਦਾ ਨੀਂ ਛੇਤੀ ਛੇਤੀ ਸਾਕ ਹੋਣਾ ਕਿੱਧਰੇ। ਅੱਜ ਕੱਲ ਤਾਂ ਚੰਗੀਆਂ ਭਲੀਆਂ ਦੇ ਰਿਸ਼ਤੇ ਨਈਂ ਛੇਤੀ ਹੁੰਦੇ... ਅਗਲੇ ਸੌ ਨੱਕ ਬੁੱਲ ਕੱਢਦੇ ਨੇ... ਇਹ ਤਾਂ ਉਂਜ ਵੀ ਬਹੁਤੀ ਸੋਹਣੀ ਨਹੀਂ। ਮੇਰੀ ਕੁੜੀ ਵੱਲ ਵੇਖੋ ਪਰੀਆਂ ਵਰਗੀ ਐ... ਚਾਹੇ ਅੱਜ ਵਿਆਹ ਬਾਰੇ ਸੋਚਾਂ ਕੱਲ ਨੂੰ ਛੱਤੀ ਰਿਸ਼ਤੇ ਆ ਜਾਣ, ਪਰ ਮੈਂ ਸੋਚਦੀ ਆਂ ਪਹਿਲਾਂ ਇਹਦਾ ਰਿਸ਼ਤਾ ਨਿੱਬੜੇ... ਨਹੀਂ ਤਾਂ ਐਵੇਂ ਮਾਵਾਂ ਧੀਆਂ ਹਉਕਾ ਲੈਣਗੀਆਂ ਮੇਰੀ ਧੀ 'ਤੇ।' ਜਦੋਂ ਸਰਬਜੀਤ ਤੇ ਉਹਦੀ ਮਾਂ ਦੇ ਕੰਨਾਂ ਵਿੱਚ ਇਹ ਗੱਲਾਂ ਪਈਆਂ ਤਾਂ ਦੋਵੇਂ ਸੁੰਨ ਰਹਿ ਗਈਆਂ। ਪਰ ਉਹ ਇਹ ਸੋਚ ਕੇ ਚੁੱਪ ਕਰ ਗਈਆਂ ਕਿ ਘਰ ਵਿੱਚ ਕਲੇਸ਼ ਕਾਹਨੂੰ ਕਰਨਾ। ਮੋਗੇ ਵਾਲੇ ਮੁੰਡੇ ਬਾਰੇ ਦੋ ਚਾਰ ਦਿਨ ਘਰ ਵਿੱਚ ਚਰਚਾ ਹੁੰਦੀ ਰਹੀ, ਪਰ ਉੱਥੋਂ ਕੋਈ ਸੁੱਖ ਸੁਨੇਹਾ ਨਾ ਆਉਣ ਕਾਰਨ ਉਨਾਂ ਨੂੰ ਇਹ ਰਿਸ਼ਤਾ ਵੀ ਹੱਥੋਂ ਨਿਕਲਦਾ ਜਾਪਿਆ, ਪਰ ਇੱਕ ਦਿਨ ਵਿਚੋਲੇ ਦਾ ਫ਼ੋਨ ਆ ਗਿਆ ਕਿ ਮੁੰਡੇ ਨੂੰ ਤੁਹਾਡੀ ਧੀ ਪਸੰਦ ਹੈ। ਸਹਿਮਤੀ ਨਾਲ ਵਿਆਹ ਦਾ ਦਿਨ ਪੱਕਾ ਕਰ ਲਓ। ਮੁੰਡੇ ਵਾਲੇ ਤਾਂ ਝੱਟ ਮੰਗਣੀ ਪੱਟ ਵਿਆਹ ਵਾਲੀ ਗੱਲ ਕਰ ਰਹੇ ਨੇ। ਬਾਕੀ ਤੁਸੀਂ ਦੱਸੋ। ਸਰਬਜੀਤ ਦੇ ਪਿਉ ਨੇ ਹਾਮੀ ਭਰਨ ਲੱਗਿਆਂ ਦੇਰ ਨਾ ਲਾਈ। ਘਰ ਵਿੱਚ ਖ਼ੁਸ਼ੀ ਦਾ ਮਾਹੌਲ ਬਣ ਗਿਆ। ਮੁੰਡੇ ਵੱਲੋਂ 'ਹਾਂ' ਦੀ ਗੱਲ ਸੁਣ ਕੇ ਸਰਬਜੀਤ ਦੀਆਂ ਅੱਖਾਂ ਮੂਹਰੇ ਸਿਲਕ ਦਾ ਸੂਟ ਅਤੇ ਤਿੱਲੇਦਾਰ ਪੰਜਾਬੀ ਜੁੱਤੀ ਘੁੰਮਣ ਲੱਗੀ। ਉਹ ਅੱਜ ਵਾਰ ਵਾਰ ਆਪਣੇ ਆਪ ਨੂੰ ਸ਼ੀਸ਼ੇ ਵਿੱਚ ਨਿਹਾਰ ਰਹੀ ਸੀ। ਭਾਵੇਂ ਉਹ ਆਪਣੇ ਮਾਂ ਪਿਓ ਕੋਲੋਂ ਤਿੱਲੇਦਾਰ ਜੁੱਤੀ ਤੇ ਸਿਲਕ ਦਾ ਸੂਟ ਲੈ ਸਕਦੀ ਸੀ। ਉਨਾਂ ਕਿਹੜਾ ਮਨਾ ਕਰਨਾ ਸੀ, ਚਾਈਂ ਚਾਈਂ ਲੈ ਕੇ ਦੇਣਾ ਸੀ, ਪਰ ਉਹਨੂੰ ਤਾਂ ਆਪਣੇ ਸਹੁਰਿਆਂ ਵੱਲੋਂ ਸਿਲਕ ਦਾ ਸੂਟ ਤੇ ਪੰਜਾਬੀ ਤਿੱਲੇਦਾਰ ਜੁੱਤੀ ਚਾਹੀਦੀ ਸੀ ਤਾਂ ਕਿ ਉਹ ਵੀ ਆਪਣੀਆਂ ਸਹੇਲੀਆਂ ਨੂੰ ਚਾਵਾਂ ਨਾਲ ਵਿਖਾ ਸਕੇ। ਸਰਬਜੀਤ ਨੇ ਕਦੇ ਵੀ ਆਪਣੇ ਬਾਰੇ ਨਹੀਂ ਸੀ ਸੋਚਿਆ ਜਿਵੇਂ ਆਮ ਕੁੜੀਆਂ ਆਪਣੇ ਜੀਵਨ ਸਾਥੀ ਬਾਰੇ ਸੋਚਦੀਆਂ ਹਨ ਕਿ ਉਹ ਬਹੁਤ ਪਿਆਰ ਕਰੇਗਾ, ਹਰ ਰੀਝ ਪੁਗਾਏਗਾ। ਉਹ ਤਾਂ ਇਹੋ ਸੋਚਦੀ ਸੀ ਕਿ ਉਹ ਕਦੇ ਆਪਣੇ ਪਤੀ ਨੂੰ ਦੁਖੀ ਨਹੀਂ ਹੋਣ ਦੇਵੇਗੀ। ਉਸ ਦੀ ਖ਼ੂਬ ਸੇਵਾ ਕਰੇਗੀ। ਉਸ ਦੀ ਚੰਗੀ ਮਾੜੀ ਗੱਲ ਮੰਨੇਗੀ। ਜੇ ਮੈਂ ਉਸ ਨਾਲ ਚੰਗਾ ਨਿਭਾਂਗੀ ਤਾਂ ਭਲਾ ਉਹ ਮੇਰੇ ਨਾਲ ਕਿਵੇਂ ਮਾੜਾ ਹੋ ਸਕਦਾ ਹੈ?

**ਬਾਕੀ ਸਫ਼ਾ 31 'ਤੇ**

# ਬਦਲਦਾ ਸਮਾਂ



**ਗੁਰਜਿੰਦਰ ਸਿੰਘ ਸਾਹਦੜਾ**

ਪੰਜਾਬ ਦੀ ਗੱਲ, ਕੋਈ ਸਮਾਂ ਸੀ ਜਦੋਂ ਸ਼ਾਇਦ ਧਾੜਵੀ ਲੁਟੇਰਿਆਂ ਤੋਂ ਡਰਦਿਆਂ ਜਾਂ ਵਿਆਹਾਂ ਤੇ ਹੋਣ ਵਾਲੇ ਖ਼ਰਚਿਆਂ ਕਰਕੇ ਕਈ ਘਰਾਂ ਵਿੱਚ ਕੁੜੀਆਂ ਨੂੰ ਜਨਮ ਲੈਂਦਿਆਂ ਹੀ ਗਲ ਘੁੱਟ ਕੇ ਮਾਰ ਦਿੱਤਾ ਜਾਂਦਾ ਸੀ। ਸਿੱਟੇ ਵਜੋਂ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਬਹੁਤ ਘੱਟ ਸੀ। ਬਹੁਤੇ ਘਰਾਂ ਵਿਚ ਚਾਰ-ਚਾਰ, ਪੰਜ-ਪੰਜ ਮੁੰਡੇ ਹੁੰਦੇ ਸਨ ਤੇ ਕੁੜੀ ਲਾ ਪਾ ਕੇ ਇੱਕ ਅੱਧੀ। ਉਹ ਵੀ ਤਾਂ ਰੱਖ ਲਈ ਜਾਂਦੀ ਸੀ, ਵੱਟੇ ਦਾ ਰਿਸ਼ਤਾ (ਜਿਨਾਂ ਦਾ ਓਦਾਂ ਰਿਸ਼ਤਾ ਨੀ ਸੀ ਹੁੰਦਾ) ਕਰ ਕੇ ਨੂੰਹ ਘਰ ਲਿਆਵਾਂਗੇ। ਸਾਰੇ ਮੁੰਡਿਆਂ ਦਾ ਰਿਸ਼ਤਾ ਹੁੰਦਾ ਵੀ ਨਹੀਂ ਸੀ ਤੇ ਜ਼ਮੀਨ ਘਟਣ ਦੇ ਡਰ ਕਰਕੇ ਕਰਿਆ ਵੀ ਨੀ ਜਾਂਦਾ ਸੀ। ਆਮ ਤੌਰ 'ਤੇ ਇੱਕਾ ਦੂਆ ਈ ਵਿਆਹੇ ਜਾਂਦੇ ਸਨ ਤੇ ਬਾਕੀ ਛੜੇ ਰੱਖ ਲਏ ਜਾਂਦੇ ਸਨ। ਜਿਨਾਂ ਦਾ ਫਿਰ ਵੀ ਨਹੀਂ ਹੰਦਾ ਸੀ ਉਹ ਬੰਗਾਲ ਬਿਹਾਰ ਜਾਂ ਹੋਰ ਕਿਤੋਂ ਮੁੱਲ ਦੀ ਤੀਵੀਂ ਲੈ ਆਉਂਦੇ ਸਨ। ਉਸ ਸਮੇਂ ਇਹ ਇੱਕ ਬਹੁਤ ਵੱਡੀ ਕੁਰੀਤੀ ਸੀ ਤੇ ਇਸ ਦੇ ਵਿਰੋਧ ਵਿੱਚ ਗੁਰੂ ਸਾਹਿਬ ਨੇ ਅਵਾਜ਼ ਉਠਾਉਂਦਿਆਂ ਆਪਣੇ ਸਿੱਖਾਂ ਤੇ ਸਿੰਘਾਂ ਨੂੰ ਕੁੜੀਮਾਰਾਂ ਨਾਲ ਰੋਟੀ-ਬੇਟੀ ਦੀ ਸਾਂਝ ਰੱਖਣ ਤੋਂ ਵਰਜਿਆ ਸੀ। ਖ਼ੈਰ, ਉਹ ਗੱਲ ਅੱਜ ਦੇ ਬਹੁਤੇ 'ਸਿੱਖ ਤੇ ਸਿੰਘ' ਭੁੱਲ ਚੁੱਕੇ ਨੇ। ਸਮਾਂ ਬਦਲਿਆ ਕੁੜੀਆਂ ਤੇ ਹੋਰ ਜ਼ੁਲਮ ਵੱਧ ਗਏ, ਅਲਟਰਾਸਾਊਂਡ ਮਸ਼ੀਨਾਂ ਆ ਗਈਆਂ



**ਹਰਫਾਂ ਦੇ ਨੂਰ**

ਤੇ ਧੀਆਂ ਦਾ ਕੁੱਖ ਵਿਚ ਈ ਕਤਲ ਹੋਣ ਲੱਗ ਗਿਆ। ਨਾਲ ਈ ਦਾਜ ਦੀ ਮੰਗ ਵੀ ਬਹੁਤ ਵੱਧ ਗਈ। ਮੁੰਡਿਆਂ ਨੂੰ ਇੱਕ ਤਰਾਂ ਨਾਲ ਬੋਲੀ ਲਾ ਕੇ ਵੇਚਿਆ ਜਾਣ ਲੱਗ ਗਿਆ। ਸਿੱਟੇ ਵਜੋਂ ਕੁੜੀਆਂ ਦੀ ਪੁੱਛਗਿੱਛ ਹੋਰ ਵੀ ਘਟ ਗਈ।

ਫਿਰ ਚੱਲਿਆ ਬਾਹਰ ਜਾਣੀ ਫ਼ੌਰਨ ਦਾ ਦੌਰ। ਇੱਕ ਕੁੜੀ ਬਾਹਰ ਚਲੀ ਗਈ ਤਾਂ ਮਗਰੇ ਸਾਰਾ ਟੱਬਰ ਬਾਹਰ। ਬਾਹਰਲੇ ਮੁੰਡਿਆਂ ਦੀ ਬੋਲੀ ਹੋਰ ਵੱਧ ਗਈ। ਕੁੜੀ ਵਾਲਿਆਂ ਜ਼ਮੀਨਾਂ ਵੇਚ, ਕਰਜ਼ੇ ਚੱਕ ਅੱਧਖੜਾਂ ਨਾਲ ਵੀ ਕੁੜੀਆਂ ਨਰੜ ਦਿੱਤੀਆਂ ਤੇ ਔਖੇ ਹੋ ਹੋ ਠੋਕ ਵਜਾ ਕੇ ਸ਼ਾਹੀ ਵਿਆਹ ਕਰੇ। ਕਈਆਂ ਲਈ ਇਹ ਸੈੱਟ ਬੈਠੇ ਤੇ ਕਈ 'ਕਾਕੇ' ਵਿਆਹ ਕਰਾ ਕੇ ਮੁੜ ਕੇ ਆਏ ਈ ਨਾ। ਘਰਾਂ ਦੇ ਘਰ ਉੱਜੜੇ। ਕੁੜੀਆਂ ਐਧਰੇ ਰੁਲ ਗਈਆਂ।

ਖ਼ੈਰ ਫਿਰ ਦੌਰ ਚੱਲਿਆ **IELTS** ਦਾ। ਸਿੱਟੇ ਵਜੋਂ ਕੁੜੀਆਂ ਵਿਚਾਰੀਆਂ ਦੀ ਕਦਰ ਵੱਧ ਗਈ। ਲੋਕਾਂ ਨੇ ਆਪਣੇ ਪੁੱਤਾਂ (ਜਿਨਾਂ ਵਿਚ ਨਿਕੰਮੇ ਤੇ ਆਵਾਰਾ ਵੀ ਸਨ) ਨੂੰ ਬਾਹਰ ਕੱਢਣ ਲਈ ਪੜਾਈ ਤੋਂ ਲੈ ਕੇ ਵਿਆਹ, ਵੀਜ਼ਾ, ਟਿਕਟਾਂ, ਫ਼ੀਸਾਂ ਤੱਕ ਦੇ ਖ਼ਰਚੇ ਕਰਨੇ ਸ਼ੁਰੂ ਕਰ ਦਿੱਤੇ। ਕੱਚੇ-ਪੱਕੇ, ਜਾਇਜ਼-ਨਾਜਾਇਜ਼ ਸਭ ਵਿਆਹ ਕੀਤੇ। ਵੱਖ ਵੱਖ ਦਾਅ ਪੇਚ ਲੜਾਏ।ਪਰ ਹੁਣ ਇੱਥੇ ਵੀ ਕੁਝ ਲਾਲਚੀ ਲੋਕਾਂ ਕਰਕੇ ਜਾਂ ਕਿਤੇ ਕਿਤੇ ਕੁੜੀਆਂ ਦੀ ਗਲਤੀ ਕਰਕੇ, ਮੁੰਡਿਆਂ ਦੇ ਨਸ਼ੇ ਕਰਕੇ ਧੋਖਾਧੜੀ ਦੇ ਮਾਮਲੇ ਬਹੁਤ ਵੱਧ ਗਏ।

ਅੰਤ ਵਿੱਚ ਮੁੰਡੇ ਵਾਲਿਆਂ, ਕੁੜੀ ਵਾਲਿਆਂ ਦੋਵਾਂ ਨੂੰ ਸਲਾਹ ਹੈ ਕਿ ਬਾਅਦ ਵਿਚ ਪਛਤਾਉਣ ਤੇ ਇੱਕ ਦੂਜੇ ਸਿਰ ਭਾਂਡਾ ਭੰਡਣ ਨਾਲ਼ੋਂ ਜੋ ਕਰਨਾ ਪਹਿਲਾਂ ਈ ਸੋਚ ਸਮਝ ਕੇ ਕਰੋ। ਪੰਜਾਬ ਦਾ ਨਾਂ ਪਹਿਲਾਂ ਹੀ ਬਹੁਤ ਡੋਬਿਆ ਜਾ ਚੁੱਕਾ ਏ। ਸੰਭਲ਼ ਜਾਓ ਹੁਣ ਕਿਧਰੇ ਇਹ ਨਾ ਹੋਵੇ ਤੁਹਾਡੇ ਇਨਾਂ ਲੱਛਣਾਂ ਕਰ ਕੇ ਤੁਹਾਡੇ ਲਈ ਬਾਹਰਲੇ ਵੀ ਆਪਣੇ ਦਰਵਾਜ਼ੇ ਬੰਦ ਕਰ ਲੈਣ। ਬੇਗਾਨੀ ਧੀ ਲਿਆਉਣ ਤੋਂ ਪਹਿਲਾਂ ਨਸ਼ਈ ਪੁੱਤ ਦਾ ਇਲਾਜ ਕਰਾਓ ਤੇ ਕੁੜੀਓ ਤੁਸੀਂ ਵੀ ਜੇ ਹੁਣ ਭਰੂਣ ਹੱਤਿਆ ਨੂੰ ਠੱਲ ਪਈ ਆ ਤਾਂ ਅਜਿਹਾ ਕੰਮ ਨਾ ਕਰਿਓ ਕਿ ਮਾਪਿਆਂ ਨੂੰ ਦੋਬਾਰਾ ਉਹੀ ਗਲਤ ਰਾਹ ਚੁਣਨ ਲਈ ਮਜਬੂਰ ਹੋਣਾ ਪਵੇ।

# ਕਾਦਰ ਦੀ ਕੁਦਰਤ ਦਾ ਫ਼ੈਸਲਾ




ਖ਼ੁਦ ਦੇ ਫਾਇਦੇ ਲਈ ਦੂਸਰਿਆਂ ਨੂੰ ਦੋਸ਼ੀ ਸਾਬਿਤ ਕਰਨ ਦਾ ਵਰਤਾਰਾ ਸ਼ਰੇਆਮ ਹੋ ਰਿਹਾ ਹੈ, ਪਰ ਕੁਦਰਤ ਸਮਾਂ ਆਉਣ 'ਤੇ ਆਪਣੇ ਹੀ ਤਰੀਕੇ ਨਾਲ ਸੱਚ ਨੂੰ ਪ੍ਰਗਟ ਕਰਦੀ ਹੈ।

ਇਹ ਯਕੀਨਨ ਸੱਚ ਹੈ ਕਿ...ਕੁਦਰਤ ਦੇ ਦਰਬਾਰ ਵਿਚ ਚਤੁਰਾਈਆਂ ਕੰਮ ਨਹੀਂ ਆਉਂਦੀਆਂ, ਮਨ ਨੂੰ ਮੈਲ ਰਹਿਤ ਕਰ ਸਿੱਧੀ ਨੀਯਤ ਨਾਲ ਕਰਮ ਕਰਨ ਵਾਲਿਆਂ ਲਈ ਵਕਾਲਤ ਕੁਦਰਤ ਖ਼ੁਦ ਕਰਦੀ ਹੈ।

ਇਸ ਖ਼ੂਬਸੂਰਤ ਸੰਸਾਰ ਵਿਚ ਹਰ ਚੀਜ਼ ਕੁਦਰਤ ਦਾ ਹਿੱਸਾ ਹੈ, ਏਥੋਂ ਤੱਕ ਕੇ ਅਸੀਂ ਵੀ। ਜੇ ਕੁਦਰਤ ਸਾਨੂੰ ਵਧਣ-ਫੁਲਣ ਦੇ ਮੌਕੇ ਦਿੰਦੀ ਹੈ ਤਾਂ ਸਾਡਾ ਸੰਤੁਲਨ ਬਣਾਉਣਾ ਵੀ ਜਾਣਦੀ ਹੈ। ਜਦੋਂ ਕੁਦਰਤ ਅੰਗੜਾਈ ਲੈਂਦੀ ਹੈ ਤਾਂ ਆਪਣੇ ਪਿਆਰਿਆਂ ਨੂੰ ਆਪ ਸੰਭਾਲਦੀ ਹੈ। ਫਿਰ ਜ਼ਿਆਦਾ ਤਕਲੀਫ਼ ਵਿਚ ਸਵਾਰਥੀ, ਲਾਲਚੀ ਤੇ ਚਤਰ ਮਰਦੇ ਨੇ। ਦੁਨੀਆਵੀਂ ਵਾਧੇ-ਘਾਟੇ ਅਸਲ ਵਿਚ ਸਾਡੀ ਸਹਿਣਸ਼ੀਲਤਾ ਤੇ ਅਧਾਰਿਤ ਹੁੰਦੇ ਹਨ। ਸਹਿਣਸ਼ਕਤੀ ਕਾਇਮ ਹੈ ਤਾਂ ਹਰ ਘਾਟਾ ਮਾਮੂਲੀ ਹੁੰਦਾ ਹੈ, ਮਾਨਸਿਕ ਰੋਗੀਆਂ ਦੇ ਤਾਂ ਪੀੜੀਆਂ ਤੱਕ ਪੂਰੇ ਨਹੀਂ ਹੋ ਸਕਦੇ।

ਸੰਸਾਰ ਅੰਦਰ ਜੋ ਅਸੀਂ ਵੰਡ ਰਹੇ ਹਾਂ ਉਹੀ ਕਈ ਹਜ਼ਾਰ ਗੁਣਾ ਹੋ ਕੇ ਸਾਨੂੰ ਵਾਪਿਸ ਮਿਲ ਰਿਹਾ ਹੈ। ਬਹੁਤ ਕੁਝ ਹੰਡਾਇਆ, ਆਪਣਿਆਂ ਦੀ ਬੇਰੁਖੀ ਤੱਕ ਜੋ ਅੱਜ ਵੀ ਲਗਾਤਾਰ ਜ਼ਾਰੀ ਹੈ। ਪਰ ਕਦੇ ਕਿਸੇ ਦਾ ਬੁਰਾ ਕਰਨਾ ਤਾਂ ਦੂਰ ਦੀ ਗੱਲ ਸੋਚ ਵਿੱਚ ਵੀ ਬੁਰਾ ਨਹੀਂ ਕੀਤਾ, ਬਦਲੇ ਵਿੱਚ ਕੁਦਰਤ ਨੇ ਬੇਹਿਸਾਬ ਪਿਆਰ, ਮਹੁੱਬਤ, ਸਨਮਾਨ ਤੇ ਮਾਨ ਬਖਸ਼ਿਆ ਹੈ। ਸਬਰ ਦੇ ਇਮਤਿਹਾਨ ਵੀ ਬਹੁਤ ਲਏ, ਫਿਰ ਜਦੋਂ ਖੁਸ਼ੀਆਂ ਦੇ ਫੁੱਲ ਖਿੜਦੇ ਨੇ ਤਾਂ ਕੰਢਿਆਂ ਤੇ ਵੀ ਜੋਬਨ ਆ ਜਾਂਦਾ ਹੈ। ਜਿਸ ਤਰਾਂ ਸਿਆਣੇ ਕਹਿੰਦੇ ਹਨ ਕਿ... 'ਹੱਥਾਂ 'ਚੋਂ ਤਾਂ ਕੋਈ ਖੋਹ ਸਕਦਾ ਪਰ ਕੁਦਰਤ ਦੀਆਂ ਲਿਖੀਆਂ ਤਕਦੀਰਾਂ ਨੂੰ ਕੌਣ ਮਿਟਾਊ? ਜਿਹਦੀਆਂ ਜੜਾਂ ਕੁਦਰਤ ਲਾਵੇ ਉਹਨੂੰ ਕੌਣ ਪੱਟੂ? ਸਿਰਜਨਹਾਰੇ ਦੀ ਸ੍ਰਿਸ਼ਟੀ ਵਿਚ ਅਸੀਂ ਸਾਰੇ ਮਿਟਣਹਾਰੇ ਹਾਂ! ਸਿਰਫ਼ ਕਠਪੁਤਲੀਆਂ ਹਾਂ ਓਹਦੀਆਂ, ਉਸ ਦੇ ਇਸ਼ਾਰਿਆਂ 'ਤੇ ਤੁਰੇ-ਫਿਰਦੇ, ਨੱਚਦੇ-ਟੱਪਦੇ ਅਤੇ ਜਿਉਂਦੇ-ਮਰਦੇ ਹਾਂ, ਪਰ ਲਾਲਚ ਦੂਜਿਆਂ ਦਾ... ਖਾਣ ਤੱਕ ਕਰਦੇ ਹਾਂ।

ਹੇ ਕੁਦਰਤ ਤੂੰ ਬੇਹੱਦ ਬਖਸ਼ਿਸ਼ ਕੀਤੀ ਹੈ, ਪਰ ਐਸੇ ਲਾਲਚੀ ਰਿਸ਼ਤੇ ਕਿਉਂ ਪੈਂਦਾ ਕੀਤੇ, ਜਿਹੜੇ ਹਰ ਸਮੇਂ ਮਨ ਕੁੜੱਤਨ ਭਰ ਮੇਰਾ... ਖਾਣ ਤੱਕ ਉਤਾਬਲੇ ਰਹਿੰਦੇ ਹਨ? ਹੋਰਾਂ ਦੀ ਕੀ ਗੱਲ ਕਰਾ ਕਦੇ-ਕਦੇ ਤਾਂ ਖ਼ੂਨ ਦੇ ਰਿਸ਼ਤੇ ਵੀ ਗਿਰਝਾਂ ਤੋਂ ਘੱਟ ਨਹੀਂ ਲਗਦੇ ਤਾਕ ਵਿੱਚ ਬੈਠੇ, ਐਨੇ ਸਵਾਰਥੀਆਂ ਨੂੰ ਕਿੰਝ ਰੱਖਾ ਮੈਂ ਮਨ ਮੰਦਿਰ ਅੰਦਰ?

ਕਰ-ਕਰ ਸਾਜ਼ਿਸ਼ੇ ਉਹਨੇ, ਹਰ ਵਾਰ ਚੀਕੜ ਮੇਂ ਗਿਰਾਯਾ ਥਾ ਹਮੇਂ।
ਰਹੀ ਕਿਰਪਾ ਕੁਦਰਤ ਤੇਰੀ, ਮਗਰ ਹਮ ਖਿਲ ਕੇ ਕਮਲ ਹੋ ਗਏ।

**ਹਰਫੂਲ ਭੁੱਲਰ**
੯੮੭੬੮੭੦੧੫੭

# ਖਟਿਆਸ ਤੇ ਮਟਿਆਸ ਨਾਲ ਭਰਿਆ ਹੈ ਨਨਾਣ ਭਰਜਾਈ ਦਾ ਰਿਸ਼ਤਾ



ਗਗਨਦੀਪ ਧਾਲੀਵਾਲ ਝਲੂਰ

ਹਰੇ ਹਰੇ ਬਾਗ਼ਾਂ ਵਿੱਚ ਉੱਚੀਆਂ ਹਵੇਲੀਆਂ,
ਨਨਾਣ ਤੇ ਭਰਜਾਈ ਆਪਾਂ ਗੂੜੀਆਂ ਸਹੇਲੀਆਂ

ਦੋਸਤੋ ਮਨੁੱਖ ਸਮਾਜਿਕ ਪ੍ਰਾਣੀ ਹੋਣ ਕਰਕੇ ਸਮਾਜ ਵਿੱਚ ਵਿਚਰਦਿਆਂ ਕਈ ਰਿਸ਼ਤੇ ਨਿਭਾਉਂਦਾ ਹੈ । ਇੱਕ ਔਰਤ ਵੀ ਕਈ ਰੂਪਾਂ ਵਿੱਚ ਰਿਸ਼ਤੇ ਨਿਭਾਉਂਦੀ ਹੈ ਜਿਵੇਂ ਕਿ ਮਾਂ, ਧੀ, ਭੈਣ, ਪਤਨੀ, ਨੂੰਹ-ਸੱਸ, ਨਨਾਣ-ਭਰਜਾਈ ਆਦਿ ।ਦੋਸਤੋ ਇਨਾਂ ਰਿਸ਼ਤਿਆਂ ਵਿੱਚੋਂ ਇੱਕ ਅਨੋਖਾ ਰਿਸ਼ਤਾ ਨਨਾਣ-ਭਰਜਾਈ ਦਾ ਹੁੰਦਾ ਹੈ ਜੋ ਕਿ ਅਪਣੱਤ, ਪਿਆਰ, ਖਟਿਆਸ-ਮਠਿਆਸ ਨਾਲ ਭਰਿਆ ਹੁੰਦਾ ਹੈ। ਦੋਸਤੋ ਪਤੀ ਦੀ ਭੈਣ ਨੂੰ ਨਣਦ ਆਖਿਆ ਜਾਂਦਾ ਹੈ। ਜਦੋਂ ਨਵੀਂ ਵਿਆਹੀ ਕੁੜੀ ਸਹੁਰੇ ਘਰ ਆਉਂਦੀ ਹੈ ਤਾਂ ਉਸ ਨੂੰ ਕਈ ਰਿਸ਼ਤੇ ਨਿਭਾਉਣੇ ਪੈਂਦੇ ਹਨ। ਉਹ ਇੱਕ ਰਿਸ਼ਤਾ ਨਨਾਣ-ਭਰਜਾਈ ਦਾ ਵੀ ਨਿਭਾਉਂਦੀ ਹੈ।ਪਰ ਇਹ ਰਿਸ਼ਤਾ ਹੁਣ ਕੁੱਝ ਬਦਲ ਗਿਆ ਹੈ, ਹੁਣ ਭਾਬੀ ਸ਼ਬਦ ਬਹੁਤ ਘੱਟ ਵਰਤਿਆ ਜਾਂਦਾ ਹੈ । ਹੁਣ ਭਾਬੀ ਨੂੰ ਦੀਦੀ ਕਹਿ ਦਿੱਤਾ ਜਾਂਦਾ ਹੈ।ਜ਼ਿਆਦਾਤਰ ਤਾਂ ਨਾਮ ਨਾਲ ਹੀ ਬੁਲਾਇਆ ਜਾਂਦਾ ਹੈ। ਨਨਾਣ ਨੂੰ ਮਲਵਈ ਬੋਲੀ ਵਿੱਚ ਨਣਦ ਵੀ ਕਿਹਾ ਜਾਂਦਾ ਹੈ। ਦੇਖਣ ਵਿੱਚ ਆਇਆ ਹੈ ਕਿ ਕਈ ਵਾਰ ਕੁੜੀ ਦੇ ਸਹੁਰੇ ਘਰ ਆਉਣ ਤੋਂ ਪਹਿਲਾਂ ਹੀ ਨਣਦ ਦਾ ਵਿਆਹ ਕਰ ਦਿੱਤਾ ਜਾਂਦਾ ਹੈ ਜਿਸ ਕਾਰਨ ਵਿਆਹੀਆਂ ਹੋਈਆਂ ਨਨਾਣਾਂ ਦਾ ਭਰਜਾਈ ਨਾਲ ਮੇਲ-ਮਿਲਾਪ ਬਹੁਤ ਘੱਟ ਹੁੰਦਾ ਹੈ, ਸਗੋਂ ਖ਼ਾਸ ਪ੍ਰੋਗਰਾਮ ਦੇ ਮੌਕੇ 'ਤੇ ਹੀ ਮੇਲ ਹੁੰਦਾ ਹੈ। ਅੱਜ ਕੱਲ ਹਰ ਘਰ ਦੀ ਲੜਕੀ ਪੜੀ ਲਿਖੀ ਹੋਣ ਕਰਕੇ ਨੌਕਰੀ ਕਰਦੀ ਹੈ ਜਿਸ ਕਾਰਨ ਉਸ ਕੋਲ ਆਪਣੀ ਭਰਜਾਈ ਲਈ ਸਮਾਂ ਬਹੁਤ ਥੋੜਾ ਹੁੰਦਾ ਹੈ ਜਾਂ ਕਈ ਵਾਰ ਭਰਜਾਈ ਨੌਕਰੀ ਕਰਦੀ ਹੈ ਜਿਸ ਕਾਰਨ ਉਸ ਕੋਲ ਸਿਰਫ ਐਤਵਾਰ ਦਾ ਦਿਨ ਹੀ ਹੁੰਦਾ ਹੈ ਰਿਸ਼ਤੇਦਾਰਾਂ ਨੂੰ ਮਿਲਣ ਦਾ। ਦੋਸਤ ਭਰਜਾਈ ਕਈ ਵਾਰ ਵੱਡੀ ਹੁੰਦੀ ਹੈ ਜੋ ਮਾਂ ਸਮਾਨ ਹੁੰਦੀ ਹੈ ਜੋ ਕਿ ਬਹੁਤ ਖਿਆਲ ਰੱਖਦੀ ਹੈ। ਕਿਸੇ ਨੇ ਠੀਕ ਹੀ ਕਿਹਾ ਹੈ :-

ਜੱਗ ਜਿਊਣ ਵੱਡੀਆਂ ਭਰਜਾਈਆਂ
ਪਾਣੀ ਮੰਗੇ ਦੁੱਧ ਦਿੰਦੀਆਂ।

ਕਈ ਵਾਰ ਨਣਦ ਛੋਟੀ ਹੋਣ ਕਾਰਨ ਕੁਆਰੀ ਹੁੰਦੀ ਹੈ। ਅਕਸਰ ਹੀ ਕੁਆਰੀ ਨਣਦ ਤੇ ਭਾਬੀ ਇੱਕੋ ਉਮਰ ਹਾਣ ਦੀਆਂ ਹੀ ਹੁੰਦੀਆਂ ਹਨ। ਭਾਬੀ ਦੇ ਆ ਜਾਣ 'ਤੇ ਰਿਸ਼ਤੇ ਵਿੱਚ ਖਟਿਆਸ ਵੀ ਆ ਜਾਂਦੀ ਹੈ। ਕਈ ਵਾਰ ਨਣਦ ਭਰਜਾਈ ਦੇ ਹਰ ਕੰਮ ਵਿੱਚ ਟੋਕਾ-ਟਾਕੀ ਕਰਦੀ ਹੈ, ਭਰਜਾਈ ਨੂੰ ਪਸੰਦ ਹੀ ਨਹੀਂ ਕਰਦੀ। ਨਨਾਣ ਤੇ ਭਰਜਾਈ ਦਾ ਰਿਸ਼ਤਾ ਕਦੇ ਪਿਆਰ ਭਰਿਆ ਕਦੇ ਕੁੜੱਤਣ ਭਰਿਆ ਦੇਖਿਆ ਜਾ ਸਕਦਾ ਹੈ। ਕਈ ਵਾਰੀ ਤਾਂ ਨਣਦ ਆਪਣੇ ਭਰਾ ਨੂੰ ਭਾਬੀ ਖ਼ਿਲਾਫ਼ ਚੁੱਕ ਦਿੰਦੀ ਹੈ ਤੇ ਉਹ ਲੜਾਈ ਝਗੜਾ ਕਰਦਾ ਹੈ।

ਇਸਦੇ ਉਲਟ ਜੇਕਰ ਸੁਭਾਵਿਕ ਹੀ ਉਸ ਦਾ ਆਪਣੇ ਪਤੀ ਨਾਲ ਕਿਸੇ ਗੱਲ ਤੋਂ ਝਗੜਾ ਹੋ ਜਾਵੇ ਤਾਂ ਉਹ ਸਮਝਦੀ ਹੈ ਕਿ ਜ਼ਰੂਰ ਨਣਦ ਨੇ ਲੂਤੀ ਲਾਈ ਹੈ।

ਨਨਾਣੇ ਪੁਆੜੇ ਹੱਥੀਏ, ਰਾਤੀਂ ਤੂੰ ਮੈਨੂੰ ਮਾਰ ਪਵਾਈ

ਜੇਕਰ ਨਨਾਣ ਭਰਜਾਈ ਵਿੱਚ ਆਪਸੀ ਪਿਆਰ ਹੋਵੇ ਤਾਂ ਇਸ ਰਿਸ਼ਤੇ ਦੀ ਕੋਈ ਥਾਂ ਨਹੀਂ ਲੈ ਸਕਦਾ ।

ਭਾਬੀ ਤੇਰੇ ਰੰਗ ਵਰਗਾ,
ਮੈਨੂੰ ਬੇਰੀ ਹੇਠੋਂ ਬੇਰ ਥਿਆਇਆ ।

ਪਰ ਕਈ ਵਾਰ ਇਹ ਰਿਸ਼ਤਾ ਨਫ਼ਰਤ ਦਾ ਰੂਪ ਧਾਰ ਲੈਂਦਾ ਜਿਸ ਨਾਲ ਘਰ ਵਿੱਚ ਕਲੇਸ਼ ਬਣਿਆ ਰਹਿੰਦਾ ਹੈ। ਰਿਸ਼ਤੇ ਵਿੱਚ ਫਿੱਕ ਪੈ ਜਾਂਦੀ ਹੈ।ਜਿੱਥੇ ਨਨਾਣ ਭਰਜਾਈ ਆਪਸ ਵਿੱਚ ਸਹੇਲੀਆਂ ਭੈਣਾਂ ਵਾਂਗ ਰਹਿੰਦੀਆਂ ਹਨ ਉਸ ਘਰ ਵਿੱਚ ਪਿਆਰ ਦੇ ਫੁੱਲ ਮਹਿਕਦੇ ਹਨ, ਜਿਸ ਘਰ ਵਿੱਚ ਰਿਸ਼ਤਾ ਤਣਾਅਪੂਰਨ ਰਹਿੰਦਾ ਹੈ ਉੱਥੇ ਘਰ ਨਰਕ ਵਾਂਗ ਜਾਪਦਾ ਹੈ। ਨਨਾਣ ਭਰਜਾਈ ਦੇ ਰਿਸ਼ਤੇ ਨੂੰ ਲੈ ਕੇ ਬੋਲੀਆਂ ਵੀ ਘੜੀਆਂ ਗਈਆਂ ਹਨ :-

ਉੱਚੇ ਟਿੱਬੇ ਮੈਂ ਤਾਣਾ ਤਣਦੀ,
ਉੱਤੋਂ ਦੀ ਲੰਘ ਗਈ ਵੱਛੀ,
ਨਨਾਣੇ ਮੋਰਨੀਏ ਘਰ ਜਾ ਕੇ ਨਾ ਦੱਸੀ,
ਨਨਾਣੇ .....।

ਨਣਦ ਤੇ ਭਰਜਾਈ ਦਾ ਰਿਸ਼ਤਾ ਸਹੇਲੀ ਤੇ ਭੈਣ ਵਰਗਾ ਹੁੰਦਾ ਹੈ ਭਰਜਾਈ ਆਪਣੇ ਦਿਲ ਦੀਆਂ ਗੱਲਾਂ ਦੱਸਦੀ ਹੈ :-

ਇੱਕ ਤਾਂ ਨਣਦੇ ਤੂੰ ਨੀਂ ਪਿਆਰੀ,
ਦੂਜਾ ਪਿਆਰਾ ਤੇਰਾ ਵੀਰ,
ਨੀਂ ਜਦ ਰੋਂਦਾ ਨਣਦੇ,
ਅੱਖਾਂ 'ਚੋਂ ਵਗਦਾ ਨੀਰ,
ਨੀਂ ਜਦ ........।

ਦੋਸਤੋ ਕਈ ਵਾਰ ਦੇਖਣ ਵਿੱਚ ਆਇਆ ਹੈ ਕਿ ਜਿੱਥੇ ਨਨਾਣ ਦੀ ਮੁਖ਼ਤਿਆਰੀ ਹੁੰਦੀ ਹੈ ਉੱਥੇ ਅਕਸਰ ਹੀ ਘਰ ਬਰਬਾਦ ਹੋ ਜਾਂਦੇ ਹਨ। ਉਹ ਹਮੇਸ਼ਾ ਹੀ ਭਰਜਾਈ ਨੂੰ ਨੀਵਾਂ ਦਿਖਾਉਣ ਵਿੱਚ ਲੱਗੀ ਰਹਿੰਦੀ ਹੈ।ਠੀਕ ਹੀ ਕਿਹਾ ਹੈ ਕਿ :- ਉਹ ਘਰ ਨਹੀਂ ਵਸਦੇ,
ਜਿਥੇ ਨਣਦਾਂ ਦੀ ਸਰਦਾਰੀ ਹੋਵੇ।

ਸੱਸ ਦਾ ਵੀ ਫਰਜ ਬਣਦਾ ਹੈ ਕਿ ਆਪਣੇ ਬਾਬਲ ਦਾ ਘਰ ਛੱਡ ਕੇ ਆਈ ਨੂੰਹ ਨੂੰ ਆਪਣੀ ਧੀ ਬਣਾਵੇ ਤੇ ਘਰ ਦੀ ਜ਼ਿੰਮੇਵਾਰੀ ਸੌਂਪੇ ਤਾਂ ਜੋ ਆਪਸੀ ਸਾਂਝ ਪਿਆਰ ਬਣਿਆ ਰਹੇ। ਨਣਦ ਭਰਜਾਈ ਦੇ ਰਿਸ਼ਤੇ ਦੀ ਖ਼ਾਸੀਅਤ ਇਹ ਵੀ ਹੈ ਕਿ ਨਣਦ ਕਈ ਵਾਰ ਭਰਜਾਈ ਦੀ ਹਮਾਇਤ ਵੀ ਕਰਦੀ ਹੈ। ਆਪਣੀ ਮਾਂ ਨੂੰ ਸਮਝਾਉਂਦੀ ਹੈ ਕਿ ਉਹ ਵੀ ਇਸ ਘਰ ਦੀ ਧੀ ਹੈ। ਨਣਦ ਭਰਜਾਈ ਦਾ ਰਿਸ਼ਤਾ ਦੋਸਤੀ ਦਾ ਵੀ ਹੁੰਦਾ ਹੈ ਜੋ ਹਰ ਗੱਲ ਇੱਕ ਦੂਜੇ ਨੂੰ ਦੱਸਦੀਆਂ ਹਨ। ਦੋਸਤੋ ਮਾਂ-ਬਾਪ ਦੇ ਤੁਰ ਜਾਣ ਤੋਂ ਬਾਅਦ ਨਣਦ ਨੇ ਹਮੇਸ਼ਾ ਭਰਜਾਈ ਦੇ ਮੱਥੇ ਲੱਗਣਾ ਹੁੰਦਾ ਹੈ । ਸੋ ਨਣਦ ਨੂੰ ਵੀ ਚਾਹੀਦਾ ਹੈ ਕਿ ਉਹ ਪਿਆਰ ਨਾਲ ਰਿਸ਼ਤਾ ਨਿਭਾਵੇ। ਦੇਖਣ ਵਿੱਚ ਆਇਆ ਹੈ ਕਿ ਕਈ ਵਾਰ ਕੁੜੀ ਸਹੁਰੇ ਘਰ ਆਉਣ ਸਾਰ ਅੱਡ ਹੋ ਜਾਂਦੀ ਹੈ । ਨਿੱਕੀ ਨਿੱਕੀ ਗੱਲ 'ਤੇ ਨਣਦ ਨਾਲ ਖਾਰ ਖਾਂਦੀ ਹੈ। ਜੇਕਰ ਭਰਜਾਈ ਨਣਦ ਨੂੰ ਆਪਣੀ ਸਹੇਲੀ ਜਾਂ ਭੈਣ ਬਣਾ ਲਵੇ ਤਾਂ ਰਿਸ਼ਤਾ ਉਮਰਾਂ ਤੱਕ ਨਿਭ ਜਾਵੇਗਾ। ਸੋ ਦੋਵਾਂ ਦਾ ਫਰਜ਼ ਬਣਦਾ ਹੈ ਕਿ ਇਹ ਰਿਸ਼ਤਾ ਦਿਲੋਂ ਪਿਆਰ ਸਤਿਕਾਰ ਨਾਲ ਨਿਭਾਇਆ ਜਾਵੇ ।ਜੇਕਰ ਇੱਕ ਦੂਜੇ ਦੀ ਕਦਰ ਕੀਤੀ ਜਾਵੇ ਤਾਂ ਹੀ ਰਿਸ਼ਤਾ ਚਿਰ ਸਥਾਈ ਨਿਭ ਸਕਦਾ ਹੈ।

# ਮਨ ਦੇ ਦਰਵਾਜ਼ੇ



ਹਰਕੀਰਤ ਕੌਰ
੯੭੭੯੧੧੮੦੬੬

ਕਦੇ ਘਰ ਦੇ ਦਰਵਾਜ਼ਿਆਂ, ਬੂਹੇ, ਬਾਰੀਆਂ, ਝਰਨਿਆਂ ਉੱਪਰ ਗੌਰ ਫਰਮਾਉਣਾ ਅਤੇ ਵੇਖਣਾ ਕਿ ਕਿਵੇਂ ਇੱਕ ਦਮ ਬੰਦ ਦਰਵਾਜ਼ੇ, ਬੂਹੇ, ਬਾਰੀਆਂ ਖੋਲਦਿਆਂ ਹੀ ਕਮਰਿਆਂ ਵਿੱਚ ਕਿਵੇਂ ਚਾਨਣ ਦਾ ਪਸਾਰਾ ਹੋ ਜਾਂਦਾ ਹੈ, ਕਿਵੇਂ ਦਰਵਾਜ਼ੇ ਦੀ ਤਖਤੀ ਖੁਲਦਿਆਂ ਹੀ ਸਰ-ਸਰ ਕਰਦੀ ਹਵਾ, ਪੂਰੇ ਕਮਰੇ ਵਿੱਚ ਸਮਾ ਜਾਂਦੀ ਹੈ। ਪਰ ਇੱਥੇ ਕਿਧਰੇ ਇਹ ਭੁਲੇਖਾ ਨਾ ਖਾ ਲੈਣਾ ਕਿ ਤੁਹਾਡੇ ਜਾਂ ਤੁਹਾਡੇ ਪਰਿਵਾਰਿਕ ਜਨਾਂ ਦੇ ਮਨ, ਦਿਮਾਗ ਦੇ ਦਰਵਾਜ਼ੇ ਵੀ ਖੁੱਲੇ ਹੋਣਗੇ। ਦੁਨੀਆਂ ਦੇ ਕਿਸੇ ਹਿੱਸੇ ਵਿੱਚ ਚਲੇ ਜਾਵੋ ਚਾਹੇ ਹਰਿਆਵਲ ਨਾਲ ਭਰੇ ਉੱਚੇ ਪਰਬਤਾਂ ਦੀ ਚੋਟੀ ਤੇ, ਚਾਹੇ ਰੰਗ ਬਿਰੰਗੀਆਂ ਫੁੱਲਵਾੜੀਆਂ ਦੀਆਂ ਖੁਸ਼ਬੋਆਂ ਵਿੱਚ ਚਲੇ ਜਾਵੋ, ਜੇਕਰ ਮਨ ਦੇ ਦਰਵਾਜ਼ੇ ਚਿੰਤਾ, ਲਾਲਸਾ, ਈਰਖਾ, ਦਵੇਸ਼ ਨਾਲ ਬੰਦ ਪਏ ਨੇ ਤਾਂ ਇਹ ਸੋਹਣੀਆਂ ਫਿਜ਼ਾਵਾਂ ਤੁਹਾਡੇ ਬੰਦ ਪਏ ਦਰਵਾਜ਼ਿਆਂ ਨੂੰ ਕਦੇ ਨਹੀਂ ਖੋਲ ਸਕਣਗੀਆਂ। ਕੁਝ ਸਮੇਂ ਲਈ ਕੁਦਰਤ ਦਾ ਇਹ ਨਜ਼ਾਰਾ ਵੇਖ ਖੁਸ਼ੀ ਮਿਲੀ ਵੀ ਤਾਂ ਉਹ ਕੁਝ ਪਲਾਂ ਦੀ ਹੋਵੇਗੀ ਸਦੀਵੀ ਨਹੀਂ।

ਮਨ ਦੇ ਬੰਦ ਪਏ ਦਰਵਾਜ਼ਿਆਂ ਨੂੰ ਖੋਲਣ ਦਾ ਇੱਕ ਤਰੀਕਾ ਹੈ ਆਪਣੀ ਸੋਚ ਦੇ ਦਾਇਰੇ ਨੂੰ ਵੱਡਾ ਕਰਨਾ। ਮਨ ਦੀਆਂ ਬੰਦ ਪਈਆਂ ਖਿੜਕੀਆਂ ਸੁਚੇਤ ਸੋਚ ਤੇ ਸਕਾਰਾਤਮਕ ਨਜ਼ਰੀਏ ਨਾਲ ਖੁੱਲਿਆ ਕਰਦੀਆਂ ਹਨ। ਜਦੋਂ ਸਾਡੀ ਸੋਚ ਸਕਾਰਾਤਮਕ ਦ੍ਰਿਸ਼ਟੀਕੋਣ ਧਾਰਨ ਕਰਦੀ ਹੈ ਤਾਂ ਸਾਡੀ ਹਰ ਕਲਪਨਾ ਹਵਾ ਵਾਂਗ ਰੁਮਕਦੀ ਹੋਈ ਸਾਡੇ ਜਿਹਨ ਵਿੱਚ ਜਾ ਬਿਰਾਜ ਦੀ ਹੈ।

ਸਾਡੇ ਮਨਾਂ ਦੇ ਦਰਵਾਜ਼ਿਆਂ ਨੂੰ ਖੁਦਗਰਜ਼ੀ ਦੀ ਜੰਗ ਨੇ ਅਜਿਹਾ ਜਕੜਿਆ ਕਿ ਅਸੀਂ ਆਪਣੇ ਪਰਾਏ ਦੀ ਪਹਿਚਾਣ ਭੁੱਲ ਮਾਇਆ ਇਕੱਠੀ ਕਰਨ ਦੀ ਦੌੜ ਦੌੜਨ ਲੱਗੇ, ਇਸ ਦੌੜ ਵਿੱਚ ਦੌੜਦੇ ਏਨੇ ਅੱਗੇ ਆ ਗਏ ਕਿ ਪਿੱਛੇ ਬਹੁਤ ਕੁਝ



ਛੁੱਟ ਗਿਆ। ਇਹ ਦੌੜ ਇਕੱਲੀ ਆਪਣੇ ਆਪ ਉੱਠਣ ਦੀ ਹੀ ਨਹੀ ਬਲਕਿ ਜਿਆਦਾਤਰ ਨਾਲਦਿਆਂ ਨੂੰ ਸੁੱਟਣ ਦੀ ਵੀ ਹੁੰਦੀ ਹੈ।

ਮਨ ਦੇ ਦਰਵਾਜ਼ਿਆਂ ਨੂੰ ਖੋਲਣ ਲਈ ਸਾਡੀ ਸੋਚ ਅਸਮਾਨ ਵਾਂਗ ਅਸੀਮ ਹੋਣੀ ਜਰੂਰੀ ਹੈ, ਸਾਡੀ ਸੋਚ ਦਾ ਪਰਬਤ ਵਾਂਗ ਵਿਸ਼ਾਲ ਹੋਣਾ ਜਰੂਰੀ ਹੈ। ਦੁਨੀਆਂ ਦੇ ਜਿੰਨੇ ਵੀ ਕਾਮਯਾਬ ਵਿਅਕਤੀਆਂ ਦੀ ਜੀਵਨੀ ਪੜੀਏ ਤਾਂ ਉਨਾਂ ਦੀ ਕਾਮਯਾਬੀ ਦਾ ਰਾਜ ਉਹਨਾਂ ਦੀ ਸੋਚ ਦਾ ਵਿਸ਼ਾਲ ਦਾਇਰਾ ਸਿੱਧ ਹੁੰਦਾ ਹੈ। ਸੌੜੀ ਸੋਚ ਉਹਨਾਂ ਲੋਕਾਂ ਤੋਂ ਕੋਹਾਂ ਦੂਰ ਰਹੀ ਤੇ ਉਹਨਾਂ ਦੇ ਮਸਤਕ ਵਿੱਚ ਗਿਆਨ ਦੇ ਜੁਗਨੂੰ ਜਗਣ ਲੱਗ ਪਏ, ਉਨਾਂ ਜੁਗਨੂੰਆਂ ਨੇ ਮਨ ਰੂਪੀ ਦਰਵਾਜ਼ਿਆਂ ਨੂੰ ਅਜਿਹਾ ਖੋਲਿਆ ਕਿ ਉਨਾਂ ਆਪਣੇ ਜੀਵਨ ਦੇ ਨਾਲ ਨਾਲ ਉਨਾਂ ਹੋਰਨਾਂ ਲੋਕਾਂ ਦੇ ਜੀਵਨ ਵੀ ਰੁਸ਼ਨਾ ਦਿੱਤੇ।

ਪ੍ਰਮਾਤਮਾ ਕ੍ਰਿਪਾ ਕਰੇ ਸਾਡੀ ਸੋਚ ਦੇ ਦਰਵਾਜ਼ੇ ਵੀ ਖੁੱਲਣ, ਸਾਡੀ ਸੋਚ ਵੀ ਵਿਸ਼ਾਲ ਹੋਵੇ ਅਤੇ ਅਸੀਂ ਵੀ ਸਕਾਰਾਤਮਕ ਨਜ਼ਰੀਏ ਨਾਲ ਜ਼ਿੰਦਗੀ ਜੀਵੀਏ। ਸਾਡੇ ਮਸਤਕ ਵਿੱਚ ਵੀ ਗਿਆਨ ਦੇ ਚਾਨਣ ਦੀ ਲਾਟ ਜਗੇ, ਜੋ ਸਾਡੇ ਮਨ ਦੇ ਬੰਦ ਪਏ ਦਰਵਾਜ਼ਿਆਂ ਨੂੰ ਖੋਲ ਸਾਡਾ ਆਪਾ ਰੁਸ਼ਨਾ ਦੇਵੇ।

# ਪ੍ਰਸ਼ੰਸਾ ਜ਼ਿੰਦਗੀ ਬਦਲ ਦਿੰਦੀ ਹੈ



ਮਾਸਟਰ ਸੰਜੀਵ ਧਰਮਾਣੀ
੯੪੭੮੫੬੧੩੫੬

ਮਨੁੱਖ ਦਾ ਜੀਵਨ ਭਾਵਨਾਵਾਂ 'ਤੇ ਕੇਂਦਰਿਤ ਹੈ। ਭਾਵਨਾਵਾਂ ਸਾਡੇ ਜੀਵਨ ਨੂੰ ਨਵੀਂ ਰੂਹਾਨੀਅਤ ਪ੍ਰਦਾਨ ਕਰਦੀਆਂ ਹਨ। ਭਾਵਨਾਵਾਂ ਦਾ ਵੇਗ ਮਨੁੱਖੀ ਜੀਵਨ ਨੂੰ ਨਵੀਂ ਦਿਸ਼ਾ ਤੇ ਦਸ਼ਾ ਪ੍ਰਦਾਨ ਕਰਦਾ ਹੈ। ਮਨੁੱਖੀ ਮਨ ਦੀ ਇਹ ਲਾਲਸਾ ਹੁੰਦੀ ਹੈ ਕਿ ਉਸ ਦੁਆਰਾ ਕੀਤੇ ਚੰਗੇ ਤੇ ਸਮਾਜ ਭਲਾਈ ਦੇ ਕਾਰਜਾਂ ਅਤੇ ਨਵੀਆਂ ਨਰੋਈਆਂ ਪ੍ਰਾਪਤੀਆਂ ਦੀ ਤਾਰੀਫ਼ ਹੋਵੇ। ਇਹ ਤਾਰੀਫ਼ ਦੇ ਪਿਆਰੇ, ਉਤਸ਼ਾਹਵਰਧਕ ਅਤੇ ਠੰਢਕ ਪਹੁੰਚਾਉਣ ਵਾਲੇ ਸ਼ਬਦ ਮਿਹਨਤੀ ਤੇ ਮੰਜ਼ਿਲਾਂ ਸਰ ਕਰਨ ਵਾਲੇ ਮਨੁੱਖ ਲਈ ਖੁਸ਼ੀ, ਸਨੇਹ, ਅਪਣੱਤ ਅਤੇ ਪਿਆਰ ਦਾ ਪੈਗਾਮ ਬਣਦੇ ਹਨ। 'ਪ੍ਰਸ਼ੰਸਾ' ਸ਼ਬਦ ਨੂੰ ਜੇਕਰ ਥੋੜਾ ਗਹੁ ਨਾਲ ਸਮਝੀਏ ਤਾਂ ਇਸ ਵਿੱਚ ਪਾਕਿ - ਪਵਿੱਤਰਤਾ, ਰਜ਼ਾਯੁਕਤ ਤੇ ਸੱਚੀ ਸ਼ਾਬਾਸ਼ੀ ਸਮਾਹਿਤ ਹੁੰਦੀ ਹੈ। ਪ੍ਰਸ਼ੰਸਾ ਭਰੇ ਦੋ ਸ਼ਬਦ ਕਿਸੇ ਦੀ ਜ਼ਿੰਦਗੀ ਵਿੱਚ ਭਾਰੀ ਬਦਲਾਅ ਲਿਆਉਂਦੇ ਹਨ। ਪ੍ਰਸ਼ੰਸਾ ਕਿਸੇ ਦੇ ਜੀਵਨ ਵਿੱਚੋਂ ਨਕਾਰਾਤਮਕਤਾ ਖ਼ਤਮ ਕਰ ਦੇਣ ਦੀ ਸਮਰੱਥਾ ਰੱਖਦੀ ਹੈ। ਇਨਸਾਨ ਆਪਣੀ ਸੱਚੀ ਤਾਰੀਫ਼ ਸੁਣ ਕੇ ਹਮੇਸ਼ਾਂ ਕੁਝ ਹੋਰ , ਚੰਗਾ ਤੇ ਸਮਾਜ ਭਲਾਈ ਦਾ ਕਾਰਜ ਉਸਾਰੂ ਢੰਗ ਨਾਲ ਕਰਨ ਨੂੰ ਤਰਜੀਹ ਦਿੰਦਾ ਹੈ। ਕਈ ਵਾਰ ਇਨਸਾਨ ਜੀਵਨ ਵਿੱਚ ਨਿਰਾਸ਼, ਹਤਾਸ਼ ਤੇ ਅੰਦਰੋਂ ਟੁੱਟ ਗਿਆ ਹੁੰਦਾ ਹੈ, ਜੋ ਜ਼ਿੰਦਗੀ ਨੂੰ ਜਿਊਣ ਦੀ ਥਾਂ ਕੇਵਲ ਢੋਅ ਰਿਹਾ ਹੁੰਦਾ ਹੈ। ਦੇਖਣ ਨੂੰ ਉਹ ਆਮ ਇਨਸਾਨਾਂ ਵਾਂਗ ਪ੍ਰਤੀਤ ਹੁੰਦਾ ਜਾਪਦਾ ਹੈ, ਪਰ ਅੰਦਰੋਂ ਹੀ ਅੰਦਰ ਟੁੱਟ ਗਿਆ ਹੁੰਦਾ ਹੈ ਤੇ ਇੱਕ ਜ਼ਿੰਦਾ ਲਾਸ਼ ਬਣ ਜਾਂਦਾ ਹੈ। ਅਜਿਹਾ ਵੀ ਜ਼ਿੰਦਗੀ ਵਿੱਚ ਕਈ ਵਾਰ ਵਾਪਰਦਾ ਹੈ। ਉਹ ਕੇਵਲ ਨਕਾਰਾਤਮਕ ਭਾਵਨਾ ਤੋਂ ਹੀ ਗ੍ਰਸਤ ਹੋਇਆ ਰਹਿੰਦਾ ਹੈ। ਕਈ ਵਾਰ ਸਾਨੂੰ ਪਤਾ ਵੀ ਨਹੀਂ ਹੁੰਦਾ, ਅਜਿਹਾ ਇਨਸਾਨ ਆਮ ਵਿਚਰਦਾ ਦਿਖਾਈ ਤਾਂ ਦਿੰਦਾ ਹੈ, ਪਰ ਅਜਿਹੀ ਸਥਿਤੀ ਵਿੱਚ ਉਹ ਆਤਮਹੱਤਿਆ ਵੱਲ ਜਾ ਰਿਹਾ ਹੁੰਦਾ ਹੈ। ਜਿਸ ਬਾਰੇ ਅਸੀਂ ਅਚਾਨਕ ਹਾਦਸਾ ਬੀਤ ਜਾਣ ਬਾਅਦ ਕਈ ਵਾਰ ਅਚੰਭਤ ਵੀ ਹੋ ਜਾਂਦੇ ਹਾਂ ਕਿ ਇਹ ਕਿਵੇਂ ਹੋ ਗਿਆ ? ਜਾਂ ਇਹ ਤਾਂ ਕਦੇ ਸੋਚਿਆ ਹੀ ਨਹੀਂ ਸੀ, ਆਦਿ ਆਦਿ। ਸੋ ਜੇਕਰ ਕੋਈ ਵੀ ਇਨਸਾਨ , ਵਿਦਿਆਰਥੀ, ਬੱਚਾ, ਬਜ਼ੁਰਗ ਜਾਂ ਕੋਈ ਵੀ ਹੋਰ ਕੁਝ ਵੀ ਚੰਗਾ ਕਰਦਾ ਹੈ ਤਾਂ ਰੱਬ ਦਾ ਵਾਸਤਾ, ਉਸ ਦੀ ਸੱਚੇ ਦਿਲੋਂ ਪ੍ਰਸ਼ੰਸਾ ਜ਼ਰੂਰ ਕਰਨੀ ਬਣਦੀ ਹੈ। ਕੀ ਪਤਾ ਸਾਡੇ ਵੱਲੋਂ ਦਿੱਤੀ ਸ਼ਾਬਾਸ਼ੀ ਪ੍ਰਸ਼ੰਸਾ ਉਸ ਦੇ ਜੀਵਨ ਵਿੱਚ ਕੀ ਚੰਗੀ ਤੇ ਸਕਾਰਾਤਮਕ ਤਬਦੀਲੀ ਲੈ ਆਏ। ਜ਼ਰੂਰੀ ਨਹੀਂ ਅਜਿਹੀ ਸਕਾਰਾਤਮਕ ਤਬਦੀਲੀ ਅਸੀਂ ਅਨੁਭਵ ਹੀ ਕਰ ਸਕੀਏ। ਅਜਿਹੀ ਤਬਦੀਲੀ ਅਪ੍ਰਤੱਖ ਵੀ ਹੋ ਸਕਦੀ ਹੈ ਤੇ ਪ੍ਰਤੱਖ ਵੀ। ਕਿਸੇ ਦੀ ਪ੍ਰਸ਼ੰਸਾ ਕਰਕੇ ਸ਼ਾਇਦ ਅਸੀਂ ਤਾਂ ਕਦੇ ਭੁੱਲ ਸਕਦੇ ਹਾਂ, ਪਰ ਪ੍ਰਸ਼ੰਸਾ ਪ੍ਰਾਪਤ ਕਰਨ ਵਾਲਾ ਉਹ ਇਨਸਾਨ ਤੁਹਾਨੂੰ ਜੀਵਨ ਭਰ ਕਦੇ ਨਹੀਂ ਭੁੱਲਦਾ। ਪ੍ਰਸ਼ੰਸਾ ਬਾਰੇ ਇੱਕ ਗੱਲ ਸੱਚ ਹੈ ਕਿ ਹਰ ਕੋਈ ਇਨਸਾਨ ਕਿਸੇ ਦੂਸਰੇ ਚੰਗੇ, ਮਿਹਨਤੀ, ਸੱਚੇ ਤੇ ਉਸਾਰੂ ਕਾਰਜ ਕਰਨ ਵਾਲੇ ਅਤੇ ਪ੍ਰਾਪਤੀਆਂ ਹਾਸਲ ਕਰਨ ਵਾਲੇ ਇਨਸਾਨ ਦੀ ਪ੍ਰਸ਼ੰਸਾ ਨਹੀਂ ਕਰਦਾ, ਕਿਉਂ ਜੋ ਪ੍ਰਸ਼ੰਸਾ ਕੇਵਲ ਵੱਡਾ ਹੌਸਲਾ ਰੱਖਣ ਵਾਲੇ, ਦੂਰਗਾਮੀ ਸੋਚ ਦੇ ਧਾਰਨੀ ਵਿਅਕਤੀ, ਮਹਾਨ ਆਤਮਾ, ਕਿਸੇ ਫੱਕਰ ਫ਼ਕੀਰ, ਉੱਚ ਕੋਟੀ ਦੇ ਰੂਹਾਨੀ ਇਨਸਾਨ ਜਾਂ ਮਹਾਂਪੁਰਖ ਦੇ ਮੂੰਹੋਂ ਹੀ ਨਿਕਲ ਸਕਦੀ ਹੈ ਜਾਂ ਕੀਤੀ ਜਾ ਸਕਦੀ। ਪ੍ਰਸ਼ੰਸਾ ਹਾਵ ਭਾਵ ਰਾਹੀਂ, ਬੋਲ ਕੇ, ਲਿਖ ਕੇ ਕਈ ਤਰਾਂ ਨਾਲ ਵਿਅਕਤ ਕੀਤੀ ਜਾ ਸਕਦੀ ਹੈ। ਵਿਦਵਾਨਾਂ ਦਾ ਕਹਿਣਾ ਹੈ ਕਿ ਜਿਹੜਾ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਛੋਟੀ ਤੋਂ ਛੋਟੀ ਪ੍ਰਾਪਤੀ ਦੀ ਵਧਾ ਚੜ੍ਹਾ ਕੇ ਪ੍ਰਸ਼ੰਸਾ ਕਰਦਾ ਹੈ, ਉਹ ਹੀ ਸਭ ਤੋਂ ਚੰਗਾ ਤੇ ਮਹਾਨ ਅਧਿਆਪਕ ਹੁੰਦਾ ਹੈ, ਪਰ ਕਿਸੇ ਦੀ ਪ੍ਰਸ਼ੰਸਾ ਕਰਨ ਲਈ ਵੱਡੇ ਜਿਗਰੇ ਦਾ ਹੋਣਾ ਲਾਜ਼ਮੀ ਹੈ। ਮੁੱਕਦੀ ਗੱਲ ਇਹ ਹੈ ਕਿ ਪ੍ਰਸ਼ੰਸਾ ਦੀ ਇਨਸਾਨੀ ਜੀਵਨ ਵਿੱਚ ਇੰਨੀ ਅਹਿਮੀਅਤ ਹੈ ਕਿ ਜਿਵੇਂ ਸਾਹ ਲੈਣ ਲਈ ਆਕਸੀਜਨ ਦੀ। ਕਿਸੇ ਦੀ ਪ੍ਰਸ਼ੰਸਾ ਕਰਨਾ ਬਹੁਤ ਵੱਡੀ ਮਹਾਨਤਾ ਭਰਪੂਰ ਤੇ ਤਵੱਜੋ ਵਾਲੀ ਗੱਲ ਹੈ, ਕੋਈ ਆਮ ਗੱਲ ਨਹੀਂ, ਕਿਉਂਕਿ ਪ੍ਰਸ਼ੰਸਾ ਇੱਕ ਵੇਗ ਹੈ, ਤਪਦਿਆਂ ਹਿਰਦਿਆਂ ਨੂੰ ਠੰਡਕ ਪਹੁੰਚਾਉਣ ਵਾਲਾ ਸੋਮਾ ਹੈ, ਇੱਕ ਖ਼ੁਸ਼ੀ ਹੈ, ਇੱਕ ਉਮੰਗ ਹੈ, ਪ੍ਰਸ਼ੰਸਾ ਇੱਕ ਤਰੰਗ ਹੈ, ਪ੍ਰਸ਼ੰਸਾ ਸਕਾਰਾਤਮਕਤਾ ਹੈ, ਪ੍ਰਸ਼ੰਸਾ ਇੱਕ ਸ਼ਕਤੀ ਹੈ, ਪ੍ਰਸ਼ੰਸਾ ਇੱਕ ਦਿਸ਼ਾ ਹੈ, ਪ੍ਰਸ਼ੰਸਾ ਇੱਕ ਦਸ਼ਾ ਹੈ, ਪ੍ਰਸ਼ੰਸਾ ਜ਼ਿੰਦਗੀ ਹੈ, ਪ੍ਰਸ਼ੰਸਾ ਜਿਊਣ ਦਾ ਢੰਗ ਹੈ, ਪ੍ਰਸ਼ੰਸਾ ਜੀਵਨ ਦਾ ਆਧਾਰ ਹੈ, ਪ੍ਰਸ਼ੰਸਾ ਇੱਕ ਅਨੁਭਵ ਹੈ, ਪ੍ਰਸ਼ੰਸਾ ਇੱਕ ਮਹਾਨਤਾ ਹੈ।

# 13.70 ਕਰੋੜ ਰੋਜ਼ਾਨਾ ਨਾਲ ਸਿੰਥੈਟਿਕ ਡਰੱਗ ਤੇ ਹੋਰ ਨਸ਼ਿਆਂ ਵਿਚ ਡੁੱਬੇ ਪੰਜਾਬੀ

**ਮੋਹਨ ਸ਼ਰਮਾ**

ਪੰਜਾਬ ਦੀ ਆਰਥਿਕ, ਸਮਾਜਿਕ, ਮਾਨਸਿਕ ਅਤੇ ਬੌਧਿਕ ਕੰਗਾਲੀ ਦਾ ਜ਼ਿਕਰ ਕਰਦਿਆਂ ਪ੍ਰਸਿੱਧ ਮਰਹੂਮ ਲੇਖਕ ਅਤੇ ਚਿੰਤਕ ਜਸਵੰਤ ਸਿੰਘ ਕੰਵਲ ਨੇ ਲਿਖਿਆ ਸੀ, 'ਪੰਜਾਬ ਨੂੰ ਗੋਡਿਆਂ ਭਾਰ ਨੇਜ਼ਿਆਂ, ਤਲਵਾਰਾਂ ਅਤੇ ਰਫ਼ਲਾਂ ਨੇ ਨਹੀਂ ਕੀਤਾ, ਸਗੋਂ ਢਾਈ-ਤਿੰਨ ਇੰਚ ਦੀਆਂ ਸਿਗਰਟਾਂ, ਸ਼ਰਾਬ ਦੀਆਂ ਬੋਤਲਾਂ ਅਤੇ ਸਰਿੰਜਾਂ ਦੀਆਂ ਸੂਈਆਂ ਨੇ ਕੀਤਾ ਹੈ।' ਸੱਚਮੁੱਚ ਪੰਜਾਬ ਦੀ ਹਾਲਤ ਉਸ ਖੰਡਹਰ ਹਵੇਲੀ ਵਰਗੀ ਹੈ ਜਿਸਦੀਆਂ ਦਰਾੜਾਂ ਭਰਨ ਉਪਰੰਤ ਰੰਗ ਰੋਗਨ ਕਰਕੇ ਉਸ ਉੱਤੇ ਮੋਟੇ ਅੱਖਰਾਂ ਵਿੱਚ 'ਰੰਗਲੀ ਹਵੇਲੀ' ਲਿਖਿਆ ਹੋਵੇ। ਨਸ਼ਿਆਂ ਦੇ ਵਿਆਪਕ ਪ੍ਰਕੋਪ ਕਾਰਨ ਪੰਜਾਬ ਵਿੱਚ ਵਿਕਾਸ ਦੀ ਖੜੋਤ ਅਤੇ ਸਿਰਜਣਾਤਮਕ ਸ਼ਕਤੀਆਂ ਦੀਆਂ ਪੁਲਾਂਘਾਂ ਨੂੰ ਜੂੜ ਪੈਣ ਕਰਕੇ ਸਮਾਜ ਰੋਗੀ ਹੈ ਅਤੇ ਰੋਗੀ ਸਮਾਜ ਕਦੇ ਵੀ ਦੇਸ ਦੀ ਤਰੱਕੀ ਵਿੱਚ ਭਾਈਵਾਲ ਨਹੀਂ ਬਣ ਸਕਦਾ। ਪੀੜਤ ਲੋਕਾਂ ਦੇ ਘਰਾਂ ਵਿੱਚ ਵਿਛੇ ਸੱਥਰਾਂ ਉੱਪਰ ਇਹ ਪ੍ਰਸ਼ਨ ਧੁਖ ਰਹੇ ਹਨ ਕਿ ਇਹ ਕਿਹੋ ਜਿਹਾ ਵਿਕਾਸ ਹੈ, ਜਿਸ ਨੇ ਸਮਾਜਿਕ ਚੂਲ਼ਾਂ ਹੀ ਹਿਲਾ ਕੇ ਰੱਖ ਦਿੱਤੀਆਂ ਹਨ। ਘਰਾਂ ਦੇ ਚੁੱਲੇ ਠੰਢੇ ਪਰ ਸਿਵਿਆਂ ਦੀ ਅੱਗ ਪ੍ਰਚੰਡ ਹੈ। ਲੋਕਾਂ ਦੀ ਹਾਲਤ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਹੈ। ਪੰਜਾਬ ਦੀ ਜਵਾਨੀ ਬੇਰੁਜ਼ਗਾਰੀ, ਬੇਵਸਾਹੀ ਅਤੇ ਦਿਸ਼ਾ ਹੀਣਤਾ ਦਾ ਸ਼ਿਕਾਰ ਹੋ ਕੇ ਭਟਕਣ ਦੀ ਲਪੇਟ ਵਿੱਚ ਆ ਗਈ ਹੈ।

ਨਸ਼ਈ ਪੁੱਤ ਦੀਆਂ ਹਰਕਤਾਂ ਤੋਂ ਪੋਟਾ-ਪੋਟਾ ਦੁਖੀ ਹੋ ਕੇ ਬਾਪ ਦੀ ਹੰਝੂਆਂ ਨਾਲ ਭਿੱਜੀ ਚਿੱਟੀ ਦਾਹੜੀ, ਸ਼ਮਸ਼ਾਨਘਰਾਂ, ਖੋਲ਼ਿਆਂ, ਖੇਡ ਮੈਦਾਨਾਂ ਅਤੇ ਧਰਮਸ਼ਾਲਾਵਾਂ ਵਿੱਚ ਨਸ਼ਿਆਂ ਕਾਰਨ ਬੇਸੁੱਧ ਹੋਏ ਨੌਜਵਾਨ, ਬੇਰੁਜ਼ਗਾਰੀ ਦੇ ਝੰਬੇ ਪਏ ਟੈਂਕੀਆਂ 'ਤੇ ਚੜ ਕੇ ਨੌਕਰੀਆਂ ਦੀ ਮੰਗ ਕਰ ਰਹੇ ਪੜੇ-ਲਿਖੇ ਬੇਰੁਜ਼ਗਾਰ ਅਤੇ ਪੰਜਾਬ ਵਿੱਚ ਹੋ ਰਹੀ ਕੁਰੱਪਸ਼ਨ, ਭਾਈ-ਭਤੀਜਾਵਾਦ ਅਤੇ ਹਰਾਮ ਦੀ ਕਮਾਈ ਕਰਨ ਵਾਲੇ 'ਮਲਿਕ ਭਾਗੋਆਂ' ਤੋਂ ਦੁਖੀ ਹੋ ਕੇ ਆਪਣੀ ਜਨਮ ਭੂੰਮੀ ਪੰਜਾਬ ਨੂੰ ਅਲਵਿਦਾ ਕਹਿ ਕੇ ਵਿਦੇਸ਼ੀ ਧਰਤੀ 'ਤੇ ਵਸਣ ਵਾਲੀ ਜਵਾਨੀ ਅਤੇ ਉਨਾਂ ਦੇ ਮਾਪਿਆਂ ਦੇ ਹੋਠਾਂ 'ਤੇ ਕਿਸ ਤਰਾਂ ਦੇ ਗੀਤ ਹੋਣਗੇ ? ਇਸਦਾ ਅੰਦਾਜ਼ਾ ਸਹਿਜੇ ਹੀ ਲੱਗ ਸਕਦਾ ਹੈ। ਇਸ ਵੇਲੇ ਪੰਜਾਬ ਦੀਆਂ ਬਰੂਹਾਂ 'ਤੇ ਆਫ਼ਤਾਂ ਦੇ ਢੇਰ ਹਨ। ਕਰਜ਼ਿਆਂ ਹੇਠ ਦੱਬੀ ਕਿਸਾਨੀ, ਕਾਰਪੋਰੇਟ ਘਰਾਣਿਆਂ ਵੱਲੋਂ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਬਾਜ਼ ਅੱਖ ਅਤੇ ਉਨਾਂ ਨੂੰ ਸਿਆਸੀ ਸਰਪ੍ਰਸਤੀ, ਘਰ-ਘਰ ਮੌਤ ਦਾ ਫਰਮਾਨ ਵੰਡਦੇ ਨਸ਼ੇ ਦੇ ਵਪਾਰੀ, ਬੇਕਾਰ ਡਿਗਰੀਆਂ ਵੰਡਦੇ ਅਖੌਤੀ ਵਿੱਦਿਅਕ ਅਦਾਰੇ, ਦਵਾਈਆਂ ਦੇ ਵਪਾਰ ਰਾਹੀਂ ਨਸ਼ਾ ਅਤੇ ਬਿਮਾਰੀਆਂ ਵੰਡਣ ਵਾਲਾ ਮਾਫ਼ੀਆ, ਰੇਤ ਮਾਫ਼ੀਆ, ਡਰੱਗ ਮਾਫ਼ੀਆ, ਕੇਬਲ ਮਾਫ਼ੀਆ, ਸ਼ਰਾਬ ਮਾਫ਼ੀਆ, ਬਜਰੀ ਮਾਫ਼ੀਆ ਅਤੇ ਇਸ ਤਰਾਂ ਦੇ ਹੀ ਹੋਰ ਘੁਟਾਲਿਆਂ ਨੇ ਪੰਜਾਬੀ ਦੀ ਨੀਂਹ ਹਿੱਲਾ ਦਿੱਤੀ ਹੈ। ਦੇਸ਼ ਦਾ ਵਿਕਾਸ ਸੜਕਾਂ, ਫਲਾਈ ਓਵਰ, ਗਲੀਆਂ-ਨਾਲੀਆਂ, ਦਰਵਾਜ਼ੇ ਜਾਂ ਸਟਰੀਟ ਲਾਈਟਾਂ ਨਹੀਂ ਹਨ, ਸਗੋਂ ਇਨਾਂ ਦੀ ਵਰਤੋਂ ਕਰਨ ਵਾਲਿਆਂ ਦਾ ਰਹਿਣ-ਸਹਿਣ ਦਾ ਪੱਧਰ ਉੱਚਾ ਕਰਨਾ ਹੈ। ਭਲਾ ਜੇ ਵਰਤੋਂ ਕਰਨ ਵਾਲੇ ਹੀ ਨਾ ਰਹੇ ਫਿਰ ਇਸ ਮਸਨੂਈ ਮਹਾਨਤਾ ਦਾ ਫਾਇਦਾ ਹੀ ਕੀ ? ਸਰਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਪਿਛਲੇ ਦੋ ਦਹਾਕਿਆਂ ਵਿੱਚ ਨਸ਼ੱਈਆਂ ਦੀ ਗਿਣਤੀ ਵਿੱਚ 213 ਫੀਸਦੀ ਦਾ ਵਾਧਾ ਹੋਇਆ ਹੈ। ਨਸ਼ਾ ਕਰਨ ਵਾਲਿਆਂ ਵਿੱਚ 41 ਫੀਸਦੀ ਨਸ਼ਈ ਚਿੱਟੇ ਦਾ ਨਸ਼ਾ ਕਰਦੇ ਹਨ ਅਤੇ ਉਨਾਂ ਦਾ ਪ੍ਰਤੀ ਨਸ਼ਈ ਔਸਤ ਖਰਚਾ 1300 ਰੁਪਏ ਹੈ। 5.20 ਲੱਖ ਰੋਜ਼ਾਨਾ ਸ਼ਰਾਬ ਦੇ ਢੱਕਣ ਖੁੱਲਦੇ ਹਨ ਅਤੇ ਪੰਜਾਬੀ ਅੱਠ ਕਰੋੜ ਦੀ ਰੋਜ਼ਾਨਾ ਸ਼ਰਾਬ ਡਕਾਰ ਜਾਂਦੇ ਹਨ। 13.70 ਕਰੋੜ ਰੋਜ਼ਾਨਾ ਸਿੰਥੈਟਿਕ ਡਰੱਗ ਅਤੇ ਹੋਰ ਨਸ਼ਿਆਂ ਉੱਤੇ ਖਰਚ ਹੁੰਦੇ ਹਨ। ਸ਼ਰਾਬ ਪੀਣ ਵਾਲਿਆਂ ਵਿੱਚੋਂ 31 ਫੀਸਦੀ ਹੈਪੇਟਾਈਟਸ ਸੀ ਦਾ ਸ਼ਿਕਾਰ ਹਨ ਅਤੇ 20 ਫੀਸਦੀ ਹੈਪੇਟਾਈਟਸ ਬੀ ਦੀ ਲਪੇਟ ਵਿੱਚ ਆਏ ਹੋਏ ਹਨ। 70 ਹਜ਼ਾਰ ਸ਼ਰਾਬੀਆਂ ਦੇ ਲਿਵਰ ਖਰਾਬ ਹੋ ਗਏ ਹਨ। ਹਰ ਪਿੰਡ ਵਿੱਚ ਸ਼ਰਾਬੀਆਂ ਦੀਆਂ ਮੌਤਾਂ ਕਾਰਨ ਔਸਤ 16 ਵਿਧਵਾਵਾਂ ਨਰਕ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ। ਨਸ਼ਿਆਂ ਕਾਰਨ ਹੀ 60 ਫੀਸਦੀ ਦੁਰਘਟਨਾਵਾਂ, 90 ਫੀਸਦੀ ਤੇਜ਼ ਹਥਿਆਰਾਂ ਨਾਲ ਹਮਲੇ, 69 ਫੀਸਦੀ ਬਲਾਤਕਾਰ, 74 ਫੀਸਦੀ ਡਕੈਤੀਆਂ, 80 ਫੀਸਦੀ ਦੁਸ਼ਮਣੀ ਕੱਢਣ ਵਾਲੇ ਹਮਲੇ, ਲੁੱਟ-ਖੋਹ ਅਤੇ ਹੋਰ ਜੁਰਮ ਦੀਆਂ ਘਟਨਾਵਾਂ ਨਾਲ ਥਾਣਿਆਂ ਦੇ ਰੋਜ਼ਨਾਮਚੇ ਭਰੇ ਜਾ ਰਹੇ ਹਨ। ਪੰਜਾਬ ਦੇ 39.22 ਲੱਖ ਪਰਿਵਾਰਾਂ ਵਿੱਚੋਂ ਕੋਈ ਵਿਰਲਾ ਪਰਿਵਾਰ ਹੀ ਨਸ਼ਿਆਂ ਦੇ ਸੇਕ ਤੋਂ ਬਚਿਆ ਹੈ। ਦੁਖਾਂਤਕ ਪੱਖ ਇਹ ਵੀ ਹੈ ਕਿ ਕਈ ਪਿੰਡਾਂ ਦੀ ਪਛਾਣ ਇਸ ਕਰਕੇ ਬਣੀ ਹੋਈ ਹੈ ਕਿ ਉਸ ਪਿੰਡ ਵਿੱਚ ਨਸ਼ਾ ਸ਼ਰੇਆਮ ਵਿਕਦਾ ਹੈ। ਕਈ ਪਿੰਡ ਨਸ਼ੱਈਆਂ ਵਜੋਂ ਅਤੇ ਕਈ ਪਿੰਡ ਇਸ ਕਰਕੇ ਵੀ ਮਸ਼ਹੂਰ ਹਨ ਕਿ ਉਸ ਪਿੰਡ ਵਿੱਚ ਪਿਛਲੇ 5-6 ਵਰਿਆਂ ਤੋਂ ਕੋਈ ਨੌਜਵਾਨ ਸਿਹਰਾ ਬੰਨ ਕੇ ਨਹੀਂ ਢੁੱਕਿਆ ਅਤੇ ਕਈ ਪਿੰਡ ਵਿਧਵਾਵਾਂ ਦੇ ਪਿੰਡਾਂ ਵਜੋਂ ਵੀ ਜਾਣੇ ਜਾਂਦੇ ਹਨ।

ਪੰਜਾਬ ਵਿੱਚ ਹੁਣ ਤੱਕ 15 ਵਿਧਾਨ ਸਭਾ ਅਤੇ 17 ਲੋਕ ਸਭਾ ਦੀਆਂ ਚੋਣਾਂ ਹੋ ਚੁੱਕੀਆਂ ਹਨ। ਸਿਆਸਤਦਾਨਾਂ ਨੇ ਵਾਅਦਿਆਂ, ਲਾਰਿਆਂ ਅਤੇ ਤਰਾਂ ਤਰਾਂ ਦੇ ਸਰ ਸ਼ਬਜ ਵਿਖਾ ਕੇ ਲੋਕਾਂ ਨੂੰ ਰੱਜ ਕੇ ਲੁੱਟਿਆ ਹੈ। ਸਿਆਸੀ ਲੋਕ ਮੁਫ਼ਤ ਆਟਾ-ਦਾਲ, ਗੈਸ ਸਿਲੰਡਰ, ਭਾਂਡੇ, ਸੂਟ, ਸਿਲਾਈ ਮਸ਼ੀਨਾਂ ਅਤੇ ਨਸ਼ੇ ਵੰਡ ਕੇ ਰਾਜ ਸਤਾ ਦੀ ਪੌੜੀ 'ਤੇ ਚੜਦੇ ਰਹੇ ਹਨ। ਇਸ ਸਮੇਂ ਦੇ ਦਰਮਿਆਨ ਲੋਕਾਂ ਦੇ ਘਰਾਂ ਵਿੱਚ ਸੱਥਰ ਅਤੇ ਆਗੂਆਂ ਦੇ ਘਰਾਂ ਵਿੱਚ ਗਲੀਚੇ ਵਿਛਦੇ ਰਹੇ ਹਨ। 2017 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਉਸ ਸਮੇਂ ਦੀ ਰਾਜ ਸਤਾ 'ਤੇ ਕਾਬਜ਼ ਪਾਰਟੀ ਪ੍ਰਤੀ ਲੋਕਾਂ ਅੰਦਰ ਇਸ ਆਧਾਰ 'ਤੇ ਗੁੱਸਾ ਸੀ ਕਿ ਨਸ਼ਾ ਤਸਕਰੀ ਨੂੰ ਰੋਕਣ ਲਈ ਉਨਾਂ ਨੇ ਰਾਜ ਧਰਮ ਨਹੀਂ ਨਿਭਾਇਆ। ਪੀੜਤ ਵਿਧਵਾ ਔਰਤਾਂ ਵੱਲੋਂ ਚਿੱਟੀਆਂ ਚੁੰਨੀਆਂ ਅਤੇ ਲੋਕਾਂ ਵੱਲੋਂ ਹਰ ਰੋਜ਼ ਨਸ਼ਿਆਂ ਕਾਰਨ ਬਲਦੇ ਸਿਵਿਆਂ ਦੇ ਰੋਸ ਵਜੋਂ ਸਿਵਿਆਂ ਦਾ ਆਕਾਰ ਵੱਡਾ ਕਰਨ ਅਤੇ ਨਾਲ ਹੀ ਸਿਵੇ ਬਾਲਣ ਲਈ ਲੱਕੜਾਂ ਦੀ ਮੰਗ ਕਰਕੇ ਵਿਦਰੋਹ ਦਾ ਪ੍ਰਗਟਾਵਾ ਕੀਤਾ ਗਿਆ ਸੀ। ਬੱਸ, ਕਾਂਗਰਸ ਪਾਰਟੀ ਦੇ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਦੀ ਦੁਖਦੀ ਰਗ 'ਤੇ ਹਮਦਰਦੀ ਦਾ ਫੈਹਾ ਰੱਖਦਿਆਂ ਗੁਟਕਾ ਸਾਹਿਬ 'ਤੇ ਹੱਥ ਰੱਖ ਕੇ ਸਹੁੰ ਖਾਂਦਿਆਂ ਵਾਅਦਾ ਕੀਤਾ ਕਿ ਰਾਜ ਸਤਾ ਪ੍ਰਾਪਤ ਹੋਣ ਦੇ ਇੱਕ ਮਹੀਨੇ ਦੇ ਅੰਦਰ-ਅੰਦਰ ਉਹ ਪੰਜਾਬ ਵਿੱਚ ਨਸ਼ਿਆਂ ਦਾ ਲੱਕ ਤੋੜ ਦੇਣਗੇ। ਫਰਵਰੀ 2017 ਵਿੱਚ ਕਾਂਗਰਸ ਸਰਕਾਰ ਹੋਂਦ ਵਿੱਚ ਆਈ। ਅਪਰੈਲ 2017 ਵਿੱਚ ਮੁੱਖ ਮੰਤਰੀ ਵੱਲੋਂ ਨਸ਼ੇ ਦੇ ਖਾਤਮੇ ਲਈ ਐੱਸ.



ਟੀ.ਐਫ਼ ਦਾ ਗਠਨ ਕੀਤਾ ਗਿਆ ਅਤੇ ਇਸਦੇ ਮੁਖੀ ਵਜੋਂ ਛਤੀਸਗੜ ਤੋਂ ਵਿਸ਼ੇਸ਼ ਤੌਰ 'ਤੇ ਇਮਾਨਦਾਰ ਅਧਿਕਾਰੀ ਹਰਪ੍ਰੀਤ ਸਿੰਘ ਸਿੱਧੂ ਨੂੰ ਲਾਇਆ ਗਿਆ। ਉਸ ਨੂੰ ਨਸ਼ਿਆਂ ਦੇ ਖਾਤਮੇ ਲਈ ਵਿਸ਼ੇਸ਼ ਅਧਿਕਾਰ ਵਜੋਂ ਪੰਜਾਬ ਪੁਲਿਸ ਦੇ ਮੁਖੀ ਪ੍ਰਤੀ ਨਹੀਂ ਸਗੋਂ ਮੁੱਖ ਮੰਤਰੀ ਪ੍ਰਤੀ ਜਵਾਬਦੇਹ ਬਣਾਇਆ ਗਿਆ। ਉਸ ਨੂੰ ਨਸ਼ਿਆਂ ਨਾਲ ਸਬੰਧਤ ਫਾਈਲਾਂ ਸਿੱਧੀਆਂ ਹੀ ਮੁੱਖ ਮੰਤਰੀ ਨੂੰ ਭੇਜਣ ਲਈ ਕਿਹਾ ਗਿਆ। ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿੱਚ ਉਸ ਦੀ ਪਸੰਦ ਦੇ ਹੋਰ ਕਈ ਪੁਲਿਸ ਅਧਿਕਾਰੀ ਵੀ ਲਾ ਦਿੱਤੇ ਗਏ। ਐੱਸ.ਟੀ.ਐਫ਼ ਦੇ ਮੁਖੀ ਨੂੰ ਦਿੱਤਾ ਇਹ ਵਿਸ਼ੇਸ਼ ਅਧਿਕਾਰ ਪੁਲਿਸ ਦੇ ਉਸ ਵੇਲੇ ਦੇ ਡੀ.ਜੀ.ਪੀ. ਨੂੰ ਪਸੰਦ ਨਹੀਂ ਆਇਆ। ਕਿਉਂਕਿ ਪੰਜਾਬ ਦੇ ਐੱਸ.ਐੱਸ.ਪੀ., ਐੱਸ.ਟੀ.ਐੱਫ਼. ਦੇ ਮੁਖੀ ਦੇ ਅਧੀਨ ਨਹੀਂ ਸਨ, ਸਗੋਂ ਡੀ.ਜੀ.ਪੀ. ਦੇ ਅਧੀਨ ਸਨ, ਇਸ ਲਈ ਜ਼ਿਲਾ ਪੱਧਰ 'ਤੇ ਵੀ ਵੱਖ ਵੱਖ ਜ਼ਿਲਿਆਂ ਦੇ ਐੱਸ.ਐੱਸ.ਪੀ ਅਤੇ ਜ਼ਿਲਾ ਐੱਸ.ਟੀ.ਐਫ਼ ਮੁਖੀਆਂ ਵਿਚਕਾਰ ਕੋਈ ਵਧੀਆ ਤਾਲਮੇਲ ਸਥਾਪਤ ਨਹੀਂ ਹੋ ਸਕਿਆ। ਜ਼ਿਲਾ ਪੱਧਰ 'ਤੇ ਆਪਸੀ ਤਾਲਮੇਲ ਤੋਂ ਬਿਨਾਂ ਚੰਗੇ ਨਤੀਜਿਆਂ ਦੀ ਆਸ ਨਹੀਂ ਕੀਤੀ ਜਾ ਸਕਦੀ। ਫਿਰ ਵੀ ਐੱਸ.ਟੀ.ਐੱਫ. ਟੀਮ ਇਸ ਖੇਤਰ ਵਿੱਚ ਸਰਗਰਮ ਰਹੀ ਅਤੇ ਉਨਾਂ ਨੇ ਤਿੰਨ ਮਹੀਨਿਆਂ ਵਿੱਚ ਜਿੱਥੇ ਅੰਦਾਜ਼ਨ 6 ਹਜ਼ਾਰ ਤਸਕਰਾਂ ਨੂੰ ਗ੍ਰਿਫਤਾਰ ਕੀਤਾ, ਉੱਥੇ ਹੀ 4700 ਮੁਕੱਦਮੇ ਵੀ ਦਰਜ ਕੀਤੇ ਗਏ। ਇਸ ਟਾਸਕ ਫੋਰਸ ਨੂੰ ਵੱਡੀ ਸਫਲਤਾ ਉਦੋਂ ਮਿਲੀ ਜਦੋਂ 13 ਜੂਨ 2017 ਨੂੰ ਪੁਲਿਸ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ। ਤਲਾਸ਼ੀ ਦਰਮਿਆਨ ਉਸ ਦੀ ਕੋਠੀ ਵਿੱਚੋਂ 10.50 ਲੱਖ ਕੈਸ਼, 3500 ਪੌਂਡ, 4 ਕਿਲੋ ਹੈਰੋਇਨ ਅਤੇ 3 ਕਿਲੋ ਸਮੈਕ ਦੇ ਨਾਲ-ਨਾਲ 2 ਏ.ਕੇ. 47 ਰਾਈਫਲਾਂ ਵੀ ਬਰਾਮਦ ਕੀਤੀਆਂ ਗਈਆਂ। ਜਦੋਂ ਗ੍ਰਿਫਤਾਰ ਇੰਸਪੈਕਟਰ ਤੋਂ ਪੁੱਛ-ਗਿੱਛ ਕੀਤੀ ਗਈ ਤਾਂ ਗੰਢੇ ਦੀਆਂ ਪਰਤਾਂ ਦੀ ਤਰਾਂ ਰਾਜ਼-ਦਰ-ਰਾਜ਼ ਖੁੱਲਦੇ ਗਏ ਅਤੇ ਨਸ਼ਿਆਂ ਦੀ ਸਪਲਾਈ ਲਾਈਨ ਦੇ ਨੈੱਟਵਰਕ ਵਿੱਚ ਵੱਡੇ ਮੱਗਰਮੱਛਾਂ ਦੇ ਨਾਂ ਸਾਹਮਣੇ ਆ ਗਏ। ਇਹ ਵੀ ਗੱਲ ਪ੍ਰਤਖ ਰੂਪ ਵਿੱਚ ਸਾਹਮਣੇ ਆਈ ਕਿ ਸਮਗਲਰ ਰੇਸ ਦੇ ਘੋੜਿਆਂ ਦੀ ਤਰਾਂ ਚੋਣਾਂ ਵਿੱਚ ਸਿਆਸਤਦਾਨਾਂ 'ਤੇ ਖਰਚ ਕਰਦੇ ਹਨ ਅਤੇ ਫਿਰ ਉਨਾਂ ਦੀ ਛਤਰ ਛਾਇਆ ਹੇਠ ਹੀ ਇਹ ਧੰਦਾ ਵਧਦਾ-ਫੁੱਲਦਾ ਹੈ। ਛਾਣਬੀਣ ਵਿੱਚ ਇਹ ਵੀ ਸਾਹਮਣੇ ਆਇਆ ਕਿ ਤਰਨਤਾਰਨ ਜ਼ਿਲੇ ਨਾਲ ਸਬੰਧਤ ਇੱਕ ਸਰਪੰਚ ਕੋਲੋਂ ਫੜੀ 78 ਕਿੱਲੋ ਹੈਰੋਇਨ ਵੱਟੇ ਖਾਤੇ ਪਾ ਦਿੱਤੀ ਗਈ ਅਤੇ ਨਾਲ ਹੀ ਅਜਿਹੇ ਹੋਰ 50 ਕੇਸ ਵੀ ਖੁਰਦ-ਬੁਰਦ ਕਰ ਦਿੱਤੇ ਗਏ। ਐੱਸ.ਟੀ.ਐੱਫ. ਦੀ ਟੀਮ ਨੇ ਜਦੋਂ ਵੱਡੇ ਤਸਕਰ ਰਾਜਾ ਕੰਧੋਲਾ ਤੋਂ ਪੁੱਛ-ਗਿੱਛ ਕੀਤੀ ਅਤੇ ਸਮਰਾਲਾ ਵਿਖੇ ਉਸ ਦੇ ਫਾਰਮ ਹਾਊਸ 'ਤੇ ਰੇਡ ਕੀਤੀ ਤਾਂ ਉੱਥੋਂ ਪੁਲਿਸ ਦੀਆਂ ਵਰਦੀਆਂ ਵੀ ਮਿਲੀਆਂ। ਨਸ਼ਿਆਂ ਦੇ ਵੱਡੇ ਕਾਰੋਬਾਰ ਦੀਆਂ ਦੂਰ ਦੂਰ ਤਕ ਫੈਲੀਆਂ ਤੰਦਾ ਵੀ ਸਾਹਮਣੇ ਆਈਆਂ। ਐੱਸ.ਟੀ.ਐਫ. ਦੇ ਮੁਖੀ ਵੱਲੋਂ ਡੂੰਘਾਈ ਨਾਲ ਕੀਤੀ ਪੜਤਾਲ ਵਿੱਚ ਪੁਲਿਸ ਦੇ ਕੁਝ ਉੱਚ ਅਧਿਕਾਰੀ, ਪੰਜਾਬ ਦੇ ਹੁਕਮਰਾਨ, ਵਿਰੋਧੀ ਰਾਜਸੀ ਪਾਰਟੀਆਂ ਦੇ ਆਗੂ ਅਤੇ ਕੇਂਦਰ ਸਰਕਾਰ ਦੇ ਕੁਝ ਅਹਿਲਕਾਰਾਂ ਦੇ ਨਾਂ ਸਾਹਮਣੇ ਆਉਣ ਨਾਲ ਖਲਬਲੀ ਜਿਹੀ ਮੱਚ ਗਈ। ਕੁਝ ਪੁਲਿਸ ਅਧਿਕਾਰੀਆਂ ਅਤੇ ਸਿਆਸਤਦਾਨਾਂ ਨੇ ਮੁੱਖ ਮੰਤਰੀ ਨੂੰ ਮਿਲ ਕੇ ਇਹ ਦਲੀਲ ਦਿੱਤੀ ਕਿ ਸ਼ਾਮਲ ਪੁਲਿਸ ਅਧਿਕਾਰੀਆਂ 'ਤੇ ਐਕਸ਼ਨ ਲੈਣ ਨਾਲ ਜਿੱਥੇ ਪੁਲਿਸ ਵਿਭਾਗ ਦਾ ਮਨੋਬਲ ਗਿਰੇਗਾ, ਉੱਥੇ ਹੀ ਅਮਨ ਕਾਨੂੰਨ ਦੀ ਸਥਿਤੀ ਵਿਗੜਨ ਦਾ ਵੀ ਖਦਸ਼ਾ ਹੈ। ਸਿਆਸੀ ਚਾਲਾਂ, ਵਿਰੋਧੀਆਂ ਦੀਆਂ ਰੁਕਾਵਟਾਂ ਅਤੇ ਪੰਜਾਬ ਪੁਲਿਸ ਦੀਆਂ ਕੁਝ ਕਾਲੀਆਂ ਭੇਡਾਂ ਦੀ ਮਿਲੀ ਭੁਗਤ ਕਾਰਨ ਜਿੱਥੇ ਇੱਕ ਵਾਰ ਐੱਸ.ਟੀ.ਐਫ਼. ਦੀ ਨਸ਼ਿਆਂ ਦਾ ਲੱਕ ਤੋੜਨ ਦੀ ਕਾਰਵਾਈ 'ਤੇ ਵਿਰਾਮ ਚਿੰਨ ਲੱਗ ਗਿਆ, ਉੱਥੇ ਹੀ ਨਸ਼ੇ ਦੇ ਵੱਡੇ ਮੱਗਰਮੱਛਾਂ ਨੇ ਆਪਣੇ ਇਸ ਅਨੈਤਿਕ ਕਾਰੋਬਾਰ ਨੂੰ ਜਾਰੀ ਰੱਖਿਆ। ਸਮਾਜ ਵਿਰੋਧੀ ਨਸ਼ੇ ਦੇ ਸੁਦਾਗਰਾਂ, ਪੁਲੀਸ ਦੇ ਕੁਝ ਦਾਗੀ ਅਧਿਕਾਰੀਆਂ ਅਤੇ ਸਿਆਸਤਦਾਨਾਂ ਦੇ ਦਬਾਅ ਕਾਰਨ ਮੁੱਖ ਮੰਤਰੀ ਨੇ ਐੱਸ.ਟੀ.ਐਫ਼. ਦੇ ਮੁਖੀ ਹਰਪ੍ਰੀਤ ਸਿੱਧੂ ਨੂੰ ਜੂਨ 2018 ਵਿੱਚ ਇਸ ਅਹੁਦੇ ਤੋਂ ਲਾਂਭੇ ਕਰਕੇ ਉਨਾਂ ਨੂੰ ਮੁੱਖ ਮੰਤਰੀ ਨੇ ਆਪਣੇ ਦਫਤਰ ਵਿੱਚ ਐਡੀਸ਼ਨਲ ਪ੍ਰਿੰਸੀਪਲ ਸਕੱਤਰ ਦੇ ਅਹੁਦੇ 'ਤੇ ਲਾ ਕੇ ਨਸ਼ੇ ਦੇ ਸੁਦਾਗਰਾਂ ਨੂੰ ਉਨਾਂ 'ਤੇ ਲਟਕਦੀ ਤਲਵਾਰ ਤੋਂ ਮੁਕਤ ਕਰ ਦਿੱਤਾ। ਇੰਜ ਨਸ਼ਿਆਂ ਦਾ ਲੱਕ ਟੁੱਟਣ ਦੀ ਥਾਂ ਨਸ਼ਿਆਂ ਦੇ ਲੱਕ ਨੂੰ ਹੋਰ ਮਜ਼ਬੂਤ ਕਰਨ ਵਾਲਾ ਇਹ ਕਦਮ ਪੰਜਾਬੀਆਂ ਲਈ 'ਕਾਲੇ ਦਿਨ' ਵਜੋਂ ਯਾਦ ਰਹੇਗਾ।

**ਬਾਕੀ ਸਫ਼ਾ 31 'ਤੇ**

---

**ਭਾਗ 1**

# ਲਿਸ਼ਕ ਪੁਸ਼ਕ ਨਾ ਵੇਖ ਭਰਾਵਾ



**ਰਿਸ਼ੀ ਗੁਲਾਟੀ**

ਆਪਣੇ ਪਿੰਡ ਦੇ ਸਕੂਲ ਵਿੱਚ ਮੈਂ ਤੀਜੀ ਵਿੱਚ ਪੜਦਾ ਸੀ ਪਰ ਨਾਲਦਿਆਂ ਨੂੰ ਵੇਖ ਸ਼ਹਿਰ ਦੇ ਅੰਗ੍ਰੇਜ਼ੀ ਸਕੂਲ ਵਿਚ ਦਾਖਲਾ ਲੈਣ ਦੀ ਮੇਰੀ ਜਿੱਦ ਸਿਰੇ ਚੜ ਗਈ। ਨਵੇਂ ਸਕੂਲ ਵਿੱਚ ਦੂਜੀ ਜਮਾਤ ਵਿੱਚ ਦਾਖਲਾ ਮਿਲਿਆ। ਇਸ ਅੰਞਾਣੀ ਉਮਰ ਵਿੱਚ ਚੰਗੇ ਸਕੂਲ ਜਾਂ ਚੰਗੀ ਪੜਾਈ ਬਾਰੇ ਥੋੜੀ ਪਤਾ ਸੀ, ਇਹ ਤਾਂ ਆਂਢ-ਗੁਆਂਢ ਦੇ ਹੋਰ ਬੱਚੇ ਜੀਪ 'ਤੇ ਸਕੂਲ ਜਾਂਦੇ ਸੀ, ਖਾਕੀ ਨਿੱਕਰ ਤੇ ਚਿੱਟੀਆਂ ਸ਼ਰਟਾਂ ਨਾਲ, ਬੂਟ-ਜੁਰਾਬਾਂ ਪਾ ਕੇ ਤੇ ਬਾਊ ਬਣਕੇ। ਬੱਸ ਇਸੇ ਗੱਲ ਦੀ ਰੀਸ ਸੀ ਕਿ ਮੈਂ ਵੀ ਜੀਪ 'ਤੇ ਚੜ ਕੇ ਸ਼ਹਿਰ ਪੜਨ ਜਾਣਾ ਹੈ। ਪਤਾ ਨਹੀਂ ਮਾਪੇ ਭਾਰ ਝੱਲਦੇ ਸਨ ਜਾਂ ਨਹੀਂ, ਪਰ ਉਨਾਂ ਨੇ ਸੁੱਖਾਂ ਲੱਧੇ, ਪਹਿਲ ਪਲੇਠੀ ਦੇ ਪੁੱਤ ਨੂੰ ਅੰਗ੍ਰੇਜ਼ੀ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਪੜਾਈ ਵਿੱਚ ਮਾੜਾ ਤਾਂ ਨਹੀਂ ਕਹਿ ਸਕਦੇ, ਠੀਕ ਸਾਂ। ਪਿੰਡ ਦੇ ਸਕੂਲ ਵਿੱਚ ਪੜਦਿਆਂ ਤਾਂ ਸ਼ਾਹੀ ਠਾਠ ਸਨ। ਮਾਸਟਰਜੀਆਂ ਲਈ ਘਰੋਂ ਚਾਹ ਲੈ ਕੇ ਜਾਣ ਦਾ ਆਪਣਾ ਹੀ ਆਨੰਦ ਸੀ ਤੇ ਖੂਬ ਟੌਹਰ ਬਣਦੀ ਸੀ। ਸ਼ਹਿਰ ਵਾਲੇ ਸਕੂਲ ਵਿਚ ਦਾਖਲਾ ਲੈ ਟੌਹਰਾਂ ਧਰੀਆਂ ਧਰਾਈਆਂ ਰਹਿ ਗਈਆਂ ਤੇ ਪੜਾਈ ਸ਼ੁਰੂ ਕਰਨੀ ਪੈ ਗਈ।

ਸਮਾਂ ਆਪਣੀ ਤੋਰ ਤੁਰਦਾ ਗਿਆ ਤੇ ਆਉਣ ਵਾਲੇ ਕੁਝ ਕੁ ਸਾਲਾਂ ਵਿੱਚ ਫ਼ੀਸ, ਕਿਤਾਬਾਂ ਤੇ ਵਰਦੀ ਦਾ ਖਰਚ ਏਨਾ ਕੁ ਵਧ ਗਿਆ ਕਿ ਜਿੱਥੇ ਬਾਕੀ ਬੱਚੇ ਪੈਂਟ ਵਿੱਚ ਸ਼ਰਟ ਪਾ ਕੇ ਬਾਊ ਬਣੇ ਫਿਰਦੇ ਰਹਿੰਦੇ ਸਨ, ਮੇਰੀ ਪੈਂਟ ਵਿੱਚੋਂ ਸ਼ਰਟ ਬਾਹਰ ਨਿਕਲੀ ਹੋਈ ਸੀ ਤਾਂ ਜੋ ਬੈਠਣ ਵਾਲੀ ਥਾਂ ਤੇ ਲੱਗੀਆਂ ਟਾਕੀਆਂ ਕੋਈ ਦੇਖ ਨਾ ਸਕੇ। ਉਦੋਂ ਇਹ ਨਹੀਂ ਸੀ ਪਤਾ ਕਿ ਅੱਜ ਦੇ ਗ਼ਰੀਬੀ ਦਾਅਵੇ ਭਵਿੱਖ ਦਾ ਫ਼ੈਸ਼ਨ ਹੋਣਗੇ।

ਕੁੱਲ ਬੱਤੀ ਰੁਪਏ ਮਹੀਨਾ ਫ਼ੀਸ ਸੀ ਜੋ ਕਿ ਦੋ ਮਹੀਨਿਆਂ ਬਾਅਦ ਦੇਣੀ ਹੁੰਦੀ ਸੀ, ਉਹੀ ਭਾਰੀ ਪਈ ਹੋਈ ਸੀ, ਨਾਲ ਦਸ ਰੁਪਏ ਜੁਰਮਾਨਾ ਪਾ ਕੇ ਕੁੱਲ ਚੁਹੱਤਰ ਰੁਪਏ ਬਣ ਜਾਂਦੇ ਸਨ। ਜਿਸਦਾ ਭੁਗਤਾਨ ਸਕੂਲ ਦੇ ਦਫ਼ਤਰ ਵਿੱਚ ਮੇਰੀਆਂ ਕਈ ਪੇਸ਼ੀਆਂ ਤੋਂ ਬਾਅਦ ਕੀਤਾ ਜਾਂਦਾ ਸੀ। ਪੈਸਿਆਂ ਲਈ ਘੰਟਿਆਂਬੱਧੀ ਆੜਤੀਆਂ ਦੀ ਦੁਕਾਨ 'ਤੇ ਬੈਠਣਾ ਪੈਂਦਾ ਸੀ ਤੇ ਕਈ ਵਾਰੀ ਸਕੂਲੋਂ ਲੇਟ ਹੋਣ ਕਰਕੇ ਜੋ ਝਿੜਕਾਂ ਮਿਲਦੀਆਂ ਸਨ, ਉਹ ਤਾਂ ਅੱਜ ਤੱਕ ਕਿਸੇ ਗਿਣਤੀ ਵਿੱਚ ਹੀ ਨਹੀਂ ਲਈਆਂ। ਉਹ ਪਲ ਹੁਣ ਤੱਕ ਮੇਰੇ ਕਾਲਜੇ ਵਿਚ ਕਿੱਲ ਵਾਂਗ ਠੁਕੇ ਪਏ ਹਨ, ਜਦੋਂ ਦਸਵੀਂ ਵਿਚ ਦਾਖਲਾ ਲੇਟ ਹੋਣ ਕਰਕੇ ਪ੍ਰਿੰਸੀਪਲ ਨੇ ਦਸ ਰੁਪਏ ਜੁਰਮਾਨਾ ਕਰ ਦਿੱਤਾ ਤੇ ਪੈਸੇ ਨਾ ਹੋਣ ਕਰਕੇ ਲੋਕਾਂ ਸਾਹਮਣੇ ਮੇਰੀ ਖੂਬ ਬੇਇੱਜ਼ਤੀ ਕਰ ਸਕੂਲੋਂ ਪੱਕਾ ਹੀ ਕੱਢ ਦਿੱਤਾ।

ਸਾਡੇ ਕਈ ਰਿਸ਼ਤੇਦਾਰ 'ਖਾਣ-ਪੀਣ' ਦੇ ਚੰਗੇ ਸ਼ੌਕੀਨ ਸਨ ਤੇ ਕੋਈ ਨਾ ਕੋਈ ਪਿੰਡ ਆਇਆ ਹੀ ਰਹਿੰਦਾ ਸੀ। ਫਿਰ ਤਾਂ ਦੁਪਹਿਰੇ ਹੀ ਮਿੱਟੀ ਦੇ ਤੇਲ ਵਾਲੇ ਸਟੋਵ ਤੇ ਪਤੀਲਾ ਚੜ ਜਾਂਦਾ ਤੇ ਕਈ ਹੱਥ ਸਟੋਵ ਦੀ ਬੋਕੀ ਚਲਾ ਕੇ ਹਵਾ ਭਰਨ ਲਈ ਤਤਪਰ ਰਹਿੰਦੇ। ਚੂੰਢੀਆਂ ਹੱਡੀਆਂ ਨਾਲ ਭਰੇਤੇ ਤੇ ਮਸਾਲਿਆਂ ਦੀ ਗੰਧ ਵਾਲੇ ਭਾਂਡਿਆਂ ਨੂੰ ਸਾਫ਼ ਕਰਨ ਤੋਂ ਮੇਰੀ ਮਾਤਾ ਇਨਕਾਰੀ ਸੀ ਤੇ ਕਦੀ ਉਨਾਂ ਨੂੰ ਮਜ਼ਬੂਰ ਵੀ ਨਹੀਂ ਕੀਤਾ ਗਿਆ ਸੀ। ਪਾਪਾ ਦੀ ਮੌਤ ਤੋਂ ਬਾਅਦ ਜਦੋਂ ਸਾਡੇ 'ਤੇ ਬੁਰਾ ਵਕਤ ਆਇਆ ਤਾਂ ਉਨਾਂ ਭੱਦਰ ਪੁਰਸ਼ਾਂ ਵਿੱਚੋਂ ਮੈਨੂੰ ਕੋਈ ਨਹੀਂ ਲੱਭਾ, ਜਿਨਾਂ ਨੇ ਸਾਡੀ ਹੱਟੀ ਦੇ ਸਾਹਮਣੇ ਰੂੜੀ 'ਤੇ ਸੈਂਖੀਆਂ ਦੇ ਢੇਰ ਲਾਏ ਸਨ ਅਤੇ ਹੱਟੀ ਵਿਚ ਲੱਗੇ ਕੈਲੰਡਰਾਂ ਵਾਲੇ ਦੇਵੀ-ਦੇਵਤਿਆਂ ਨੂੰ 'ਮੋਟਾ ਸੰਤਰਾ' ਦੇ ਮੁਸ਼ਕਾਟ ਨਾਲ ਸਰੋਸਾਰ ਕੀਤਾ ਸੀ। ਹੋ ਸਕਦਾ ਹੈ ਕਿ ਇਹ ਨਿਆਣੀ ਮੱਤ ਦਾ ਭੁਲੇਖਾ ਹੋਵੇ ਕਿ ਜਿੰਨਾ ਖਰਚ ਉਨਾਂ ਦੀ ਆਓ-ਭਗਤ 'ਤੇ ਕੀਤਾ ਜਾਂਦਾ ਸੀ, ਜੇਕਰ ਉਹੀ ਸਾਡੀਆਂ ਪੜਾਈਆਂ ਤੇ ਕੀਤਾ ਜਾਂਦਾ ਤਾਂ ਮੈਂ ਸ਼ਾਇਦ ਕਿਸੇ ਚੰਗੇ ਮੁਕਾਮ 'ਤੇ ਪਹੁੰਚਿਆ ਹੁੰਦਾ। ਅਜਿਹਾ ਵੀ ਨਹੀਂ ਕਿ ਜੋ ਮੁਕਾਮ ਹਾਸਲ ਕੀਤਾ, ਬੁਰਾ ਹੈ। ਕੰਪਿਊਟਰ ਲਾਈਨ ਨੂੰ ਚੰਗੇ ਤੇ ਸਨਮਾਨਿਤ ਕੰਮਾਂ ਵਿੱਚ ਗਿਣਿਆ ਜਾਂਦਾ ਹੈ, ਬੀ. ਕਾਮ., ਐਮ. ਕਾਮ. ਅਤੇ ਐਮ. ਬੀ. ਏ. ਪੜਿਆਂ ਨੂੰ ਪ੍ਰੋਫੈਸ਼ਨਲ ਅਕਾਊਂਟਸ ਸਿਖਾ ਚੁੱਕਾ ਹਾਂ। ਕਈ ਮਾੜੇ ਘਰਾਂ ਦੇ ਲੜਕੇ ਜੋ ਸਿਰਫ਼ ਮੁਨੀਮ ਬਣਨ ਆਏ ਸਨ, ਅਕਾਊਂਟਸ ਸਿੱਖਣ ਤੋਂ ਬਾਅਦ ਪਾਰਟ ਟਾਈਮ ਕੰਮ ਕਰਨ ਦੇ ਨਾਲ-ਨਾਲ ਪੜਾਈ ਕਰਕੇ ਚੰਗੀਆਂ ਡਿਗਰੀਆਂ ਪ੍ਰਾਪਤ ਕਰ ਚੁੱਕੇ ਹਨ ਅਤੇ ਅੱਜ ਵਧੀਆ ਮੁਕਾਮ 'ਤੇ ਪੁੱਜ ਚੁੱਕੇ ਹਨ। ਹੁਣ ਤੱਕ ਦੋ ਕਿਤਾਬਾਂ 'ਜ਼ਿੰਦਗੀ ਅਜੇ ਬਾਕੀ ਹੈ' ਅਤੇ 'ਆਕਰਸ਼ਣ ਦਾ ਸਿਧਾਂਤ' ਵੀ ਲਿਖ ਚੁੱਕਿਆ ਹਾਂ, ਤੀਜੀ ਕਿਤਾਬ 'ਅਰਧਨਾਰੀ' ਦੇ ਅਗਲੇ ਸਾਲ ਛਪਣ ਦੀ ਆਸ ਹੈ। ਵੱਡੀ ਪ੍ਰਾਪਤੀ ਇਹ ਵੀ ਹੈ ਕਿ 'ਜ਼ਿੰਦਗੀ ਅਜੇ ਬਾਕੀ ਹੈ' ਉਸ ਜਮਾਤ (ਗਿਆਰਵੀਂ ਬਾਹਰਵੀਂ) ਦੇ ਵਿਦਿਆਰਥੀਆਂ ਲਈ ਪੰਜਾਬ ਸਰਕਾਰ ਵੱਲੋਂ ਮਨਜ਼ੂਰ ਹੋ ਗਈ, ਜਿਹੜੀ ਜਮਾਤ ਵਿਚ ਮੈਂ ਕਦੇ ਬੈਠਿਆਂ ਹੀ ਨਹੀਂ। ਹਾਲਾਂਕਿ ਪੜਾਈ ਨਾਲ ਜੁੜੇ ਮੇਰੇ ਜ਼ਖ਼ਮ ਹੁਣ ਤੱਕ ਭਰ ਜਾਣੇ ਚਾਹੀਦੇ ਸਨ ਪਰ ਪਤਾ ਨਹੀਂ ਕਿਉਂ ਇਹ ਨਾਸੂਰ ਬਣ ਗਏ। ਬੇਸ਼ੱਕ ਪੜ-ਲਿਖਕੇ ਨੌਕਰੀ ਲਈ ਨਾ ਤਾਂ ਸਾਡੇ ਕੋਲ ਜੈੱਕ ਸੀ ਤੇ ਨਾ ਹੀ ਚੈੱਕ ਪਰ ਦਿਲ ਵਿੱਚ ਇੱਕ ਟੀਸ ਹੈ ਕਿ ਕਾਸ਼ ਮੈਂ ਵੀ ਪੜਿਆ ਲਿਖਿਆ ਹੁੰਦਾ।

ਜਾਪਦਾ ਹੈ ਕਿ ਕਿਸੇ ਸ਼ਾਇਰ ਨੇ ਸ਼ਾਇਦ ਮੇਰੇ ਲਈ ਹੀ ਲਿਖਿਆ ਸੀ;

ਲਿਸ਼ਕ ਪੁਸ਼ਕ ਨਾ ਵੇਖ ਭਰਾਵਾ, ਵੇਖ ਨਾ ਸੁੰਦਰ ਮੁਖੜੇ
ਹਰ ਮੁਖੜੇ ਅੰਦਰ ਦਿਲ ਹੈ, ਹਰ ਦਿਲ ਅੰਦਰ ਦੁਖੜੇ।

## ਆਰਥਿਕ ਸੰਕਟ ਵਿਚ...

ਲਗਪਗ 300 ਏਕੜ ਜ਼ਮੀਨ ਲੋਕਾਂ ਦੇ ਨਾਜਾਇਜ਼ ਕਬਜ਼ੇ ਹੇਠ ਹੈ। ਕੁਝ ਜ਼ਮੀਨਾਂ ’ਤੇ ਸ਼੍ਰੋਮਣੀ ਕਮੇਟੀ ਨੇ ਪਿਛਲੇ ਸਾਲਾਂ ਦੌਰਾਨ ਵਿੱਦਿਅਕ ਅਤੇ ਸਿਹਤ ਸੰਸਥਾਵਾਂ ਖੋਲ ਦਿੱਤੀਆਂ ਸਨ। ਇਹ ਬਹੁਤੀਆਂ ਸੰਸਥਾਵਾਂ ਮਾਲੀ ਤੌਰ ’ਤੇ ਘਾਟੇ ਵਿਚ ਜਾਣ ਕਾਰਨ ਇਹ ਜ਼ਮੀਨਾਂ ਵੀ ਸ਼੍ਰੋਮਣੀ ਕਮੇਟੀ ਲਈ ਮਾਲੀ ਵਸੀਲੇ ਜੁਟਾਉਣ ਦੀ ਵਰਤੋਂ ’ਚ ਨਹੀਂ ਆ ਸਕੀਆਂ। ਹੁਣ ਸਮਾਂ ਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸੇਵਾਵਾਂ ਅਤੇ ਪ੍ਰਬੰਧਾਂ ਨੂੰ ਨਿਰੰਤਰ ਜਾਰੀ ਰੱਖਣ ਲਈ ‘ਗੋਲਕ’ ਉੱਤੇ ਨਿਰਭਰਤਾ ਦੀ ਬਜਾਏ ਬਦਲਵੇਂ ਆਰਥਿਕ ਵਸੀਲੇ ਪੈਦਾ ਕਰਨ ਬਾਰੇ ਸੋਚਣਾ ਚਾਹੀਦਾ ਹੈ।

ਸਥਾਈ ਵਿੱਤੀ ਸਰੋਤਾਂ ਦੀ ਭਾਲ ਲਈ ਸਾਡੇ ਕੋਲ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਦੀ ਤਿਜਾਰਤੀ ਵਿਉਂਤਬੰਦੀ ਨਾਲ ਵਰਤੋਂ ਕਰਨ, ਸਿੱਖ ਧਾਰਮਿਕ ਜੀਵਨ ਦੀ ਵਰਤੋਂ ਵਾਲੀਆਂ ਅਤੇ ਗੁਰੂ-ਘਰਾਂ ਲਈ ਲੋੜੀਂਦੀਆਂ ਵਸਤਾਂ ਤਿਆਰ ਕਰਨ ਦੇ ਰਾਹ ਮੌਜੂਦ ਹਨ ਜਿਨਾਂ ਰਾਹੀਂ ਜਿੱਥੇ ਸਿੱਖ ਸੰਸਥਾਵਾਂ ਆਪਣੇ ਮਜ਼ਬੂਤ ਵਿੱਤੀ ਸਰੋਤ ਸਥਾਪਿਤ ਕਰ ਸਕਦੀਆਂ ਹਨ, ਉੱਥੇ ਸਿੱਖ ਨੌਜਵਾਨੀ ਲਈ ਰੁਜ਼ਗਾਰ ਦਾ ਇਕ ਵੱਡਾ ਰਾਹ ਵੀ ਖੁੱਲੇਗਾ। ਜੇ ਸ਼੍ਰੋਮਣੀ ਕਮੇਟੀ ਆਪਣੀ ਜ਼ਮੀਨ ਠੇਕੇ ’ਤੇ ਦੇਣ ਦੀ ਬਜਾਏ 14 ਹਜ਼ਾਰ ਏਕੜ ਜ਼ਮੀਨ ਦੀ ਵਰਤੋਂ ਕੁਦਰਤੀ ਖੇਤੀ ਅਤੇ ਖੇਤੀ ਆਧਾਰਿਤ ਉਦਯੋਗ ਲਗਾਉਣ ਲਈ ਕਰੇ ਤਾਂ ਇਹ ਸ਼੍ਰੋਮਣੀ ਕਮੇਟੀ ਲਈ ਵੱਡਾ ਆਰਥਿਕ ਸਾਧਨ ਬਣ ਸਕਦੀ ਹੈ। ਕੁਦਰਤੀ ਖੇਤੀ ਅਤੇ ਫ਼ਲਾਂ-ਸਬਜ਼ੀਆਂ ਦੇ ਨਵੇਂ-ਨਵੇਂ ਬੀਜਾਂ ਦੀ ਖੋਜ ਅਤੇ ਸੁਧਾਈ ਦੇ ਖੇਤਰ ’ਚ ਨਾਮਧਾਰੀ ਸੰਪਰਦਾ, ਪਿੰਗਲਵਾੜਾ ਸੁਸਾਇਟੀ ਅਤੇ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਕਾਰਜਾਂ ਤੋਂ ਸੇਧ ਲਈ ਜਾ ਸਕਦੀ ਹੈ। ਕੁਝ ਸਾਲ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਸਥਿਤ ਕਿਲਾ ਲੋਹਗੜ ਸਾਹਿਬ ਵਿਖੇ ਜਿੱਥੇ ਕਿ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਸਤਰ ਬਣਾਉਣ ਦਾ ਕਾਰਖ਼ਾਨਾ ਹੁੰਦਾ ਸੀ, ਉੱਥੇ ਮੁੜ ਰਵਾਇਤੀ ਸਿੱਖ ਸ਼ਸਤਰ ਤਿਆਰ ਕਰਨ ਦਾ ਕਾਰਖ਼ਾਨਾ ਲਾਉਣ ਅਤੇ ਦੂਜੇ ਰਾਜਾਂ ’ਚ ਬੇਹੱਦ ਗ਼ੁਰਬਤ ਭਰੀ ਜ਼ਿੰਦਗੀ ਜੀਅ ਰਹੇ ਸਿਕਲੀਗਰ ਸਿੱਖ ਕਾਰੀਗਰਾਂ ਨੂੰ ਇੱਥੇ ਲਿਆ ਕੇ ਰੁਜ਼ਗਾਰ ਦੇਣ ਦਾ ਐਲਾਨ ਕੀਤਾ ਸੀ। ਇਹ ਐਲਾਨ ਸਿਰਫ਼ ਐਲਾਨ ਬਣ ਕੇ ਹੀ ਰਹਿ ਗਿਆ। ਸਿਕਲੀਗਰ ਸਿੱਖ ਭਾਈਚਾਰਾ ਗੁਰੂ ਸਾਹਿਬਾਨ ਵੇਲੇ ਵੀ ਸਰਬਲੋਹ ਦੇ ਸ਼ਸਤਰ ਤਿਆਰ ਕਰਨ ਦੀ ਸੇਵਾ ਕਰਦਾ ਸੀ ਜਿਨਾਂ ਦੇ ਹੱਥਾਂ ’ਚ ਅਜੇ ਵੀ ਲਾਜਵਾਬ ਕਲਾਤਮਕ ਹੁਨਰ ਮੌਜੂਦ ਹੈ।

ਹਾਲਾਂਕਿ ਸ਼੍ਰੋਮਣੀ ਕਮੇਟੀ ਵੱਲੋਂ 1947 ਤੋਂ ਪਹਿਲਾਂ ਦਾ ਅੰਮ੍ਰਿਤਸਰ ’ਚ ਸ੍ਰੀ ਗੁਰੂ ਰਾਮਦਾਸ ਦਸਤਕਾਰੀ ਸਕੂਲ ਚਲਾਇਆ ਜਾਂਦਾ ਸੀ ਜਿੱਥੇ ਕਿ ਸਰਬਲੋਹ ਦੀਆਂ ਕਿਰਪਾਨਾਂ ਤਿਆਰ ਕੀਤੀਆਂ ਜਾਂਦੀਆਂ ਸਨ। ਬਦਲਦੇ ਸਮੇਂ ਮੁਤਾਬਕ ਢੁੱਕਵੀਂ ਕਾਰੋਬਾਰੀ ਵਿਉਂਤਬੰਦੀ ਦੀ ਘਾਟ ਸਦਕਾ ਇਹ ਕਾਰਖ਼ਾਨਾ 1997 ’ਚ ਬੰਦ ਹੋ ਗਿਆ। ਸਿੱਖੀ ਦੇ ਸ਼ਸਤਰ ਅਤੇ ਕਕਾਰ ਤਿਆਰ ਕਰਨ ਲਈ ਜੇ ਸ਼੍ਰੋਮਣੀ ਕਮੇਟੀ ਆਪਣੇ ਕਾਰਖ਼ਾਨੇ ਲਗਾਉਣ ਦਾ ਉੱਦਮ ਕਰੇ ਤਾਂ ਇਸ ਨਾਲ ਵੱਡੀ ਗਿਣਤੀ ’ਚ ਸਿਕਲੀਗਰ ਸਿੱਖ ਪਰਿਵਾਰਾਂ ਨੂੰ ਰੁਜ਼ਗਾਰ ਵੀ ਮੁਹੱਈਆ ਕਰਵਾਇਆ ਜਾ ਸਕੇਗਾ ਅਤੇ ਨਾਲ ਹੀ ਰਵਾਇਤੀ ਤਰੀਕੇ ਨਾਲ ਤਿਆਰ ਕੀਤੇ ਗਏ ਮਿਆਰੀ ਸ਼ਸਤਰ ਅਤੇ ਕਕਾਰ ਵੀ ਵਾਜਿਬ ਮੁੱਲ ’ਤੇ ਸੰਗਤ ਨੂੰ ਮੁਹੱਈਆ ਕਰਵਾਏ ਜਾ ਸਕਣਗੇ। ਸ਼੍ਰੋਮਣੀ ਕਮੇਟੀ ਨੂੰ ਗੁਰਦੁਆਰਾ ਸੇਵਾ-ਸੰਭਾਲ ਦੇ ਵਿਆਪਕ ਪ੍ਰਬੰਧਾਂ ਤੇ ਮਨੁੱਖਤਾ ਦੀ ਭਲਾਈ ਦੇ ਬਹੁਪੱਖੀ ਕਾਰਜਾਂ ਨੂੰ ਸੁਚਾਰੂ ਤੇ ਨਿਰਵਿਘਨ ਚੱਲਦੇ ਰੱਖਣ ਲਈ ਵਿੱਤੀ ਖ਼ੁਦਮੁਖਤਾਰੀ ਵਾਲੇ ਅਜਿਹੇ ਵਸੀਲੇ ਪੈਦਾ ਕਰਨ ਵੱਲ ਤੁਰੰਤ ਤਵੱਜੋ ਦੇਣੀ ਚਾਹੀਦੀ ਹੈ।

## ਪੰਜਾਬ ਦੀ ਆਰਥਿਕਤਾ...

ਕੇਂਦਰੀ ਸਰਕਾਰ ਦੇ ਹੱਥਾਂ ਵਿਚ ਅਜਿਹੇ ਨੀਤੀ ਫੈਸਲਿਆਂ ਦੀ ਭਰਮਾਰ ਕਾਰਨ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਵਿਤੀ ਪਾੜਾ ਵਧ ਰਿਹਾ ਹੈ। ਇਸ ਲਈ ਮੁਲਕ ਵਿਚ ਫੈਡਰਲ ਢਾਂਚਾ ਜੋ ਦਿਨ-ਬ-ਦਿਨ ਕੇਂਦਰੀਕਰਨ ਵੱਲ ਵਧ ਰਿਹਾ ਹੈ, ਨੂੰ ਤੁਰੰਤ ਰੋਕਣ ਦੀ ਲੋੜ ਹੈ।

ਪੰਜਾਬ ਦੀ ਆਰਥਿਕਤਾ ਦੀ ਬਹਾਲੀ ਤੇ ਸੁਰਜੀਤੀ ਸੂਬੇ ਅਤੇ ਕੇਂਦਰ, ਦੋਹਾਂ ਦੇ ਹਿੱਤ ’ਚ ਹੈ ਕਿਉਂਕਿ ਪੰਜਾਬ ਲਗਾਤਾਰ ਕੇਂਦਰੀ ਅੰਨ ਭੰਡਾਰ ਵਿਚ ਅਹਿਮ ਯੋਗਦਾਨ ਪਾ ਕੇ ਮੁਲਕ ਨੂੰ ਅੰਨ ਸੁਰੱਖਿਆ ਦੇ ਰਿਹਾ ਹੈ। ਮੁਲਕ ਦੀ ਸੁਰੱਖਿਆ ਦੇ ਮੱਦੇਨਜ਼ਰ ਪੰਜਾਬ ਦੀ ਖਾਸ ਭੂਮਿਕਾ ਹੈ। ਪੰਜਾਬ ਦਾ ਆਰਥਿਕ ਸੰਕਟ ਡੂੰਘਾ ਹੋਣ ਅਤੇ ਲਗਾਤਾਰ ਰਹਿਣ ਨਾਲ ਇਹ ਦੋਵੇਂ ਸੁਰੱਖਿਆਵਾਂ ਖਤਰੇ ਵਿਚ ਹਨ। ਪੰਜਾਬ ਦੇ ਸੰਭਾਵੀ ਆਰਥਿਕ ਵਿਕਾਸ ਦੀ ਪ੍ਰਾਪਤੀ ਲਈ ਰਾਜ ਅਤੇ ਕੇਂਦਰੀ ਸਰਕਾਰ, ਦੋਹਾਂ ਨੂੰ ਮਿਲ ਕੇ ਇਨਾਂ ਔਕੜਾਂ ਨੂੰ ਦੂਰ ਕਰਨਾ ਚਾਹੀਦਾ ਹੈ। ਕੇਂਦਰ ਸਰਕਾਰ ਦੀ ਪਹਿਲਕਦਮੀ ਨਾਲ ਹੀ ਆਰਥਿਕ ਵਿਕਾਸ ਦੀ ਪ੍ਰਕਿਰਿਆ ਨੂੰ ਲੀਹ ਤੇ ਪਾਇਆ ਜਾ ਸਕਦਾ ਹੈ।

ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਆਰਥਿਕਤਾ ਦੀ ਸੁਰਜੀਤੀ ਲਈ ਪੰਜਾਬ ਦੇ ਲੋਕਾਂ ਸਾਹਮਣੇ ਆਪੋ-ਆਪਣਾ ਏਜੰਡਾ ਰੱਖਣ। ਇਨਾਂ ਨੂੰ ਨੀਵੇਂ ਦਰਜੇ ਦੀ ਸਿਆਸਤ ਤੋਂ ਬਚਣਾ ਚਾਹੀਦਾ ਹੈ। ਸਿਆਸੀ ਪਾਰਟੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਪੰਜਾਬ ਵਿਚ ਪੂੰਜੀ ਨਿਵੇਸ਼ ਦੀ ਘਾਟ ਕਿਵੇਂ ਪੂਰੀ ਕੀਤੀ ਜਾਵੇਗੀ। ਪੰਜਾਬ ਨੂੰ ਇਸ ਵਕਤ ਵਿਸ਼ੇਸ਼ ਪੂੰਜੀ ਨਿਵੇਸ਼ ਪੈਕੇਜ ਦੀ ਲੋੜ ਹੈ। ਇਹ ਪੈਕੇਜ ਵਿਕਾਸ ਦੇ ਰਾਹ ਵਿਚ ਆਈਆਂ ਔਕੜਾਂ ਦੂਰ ਕਰਨ ਵਿਚ ਸਫ਼ਲ ਹੋਵੇਗਾ। ਇਸ ਨਾਲ ਪੰਜਾਬ ਦੀ ਲੰਮੇ ਸਮੇਂ ਤੋਂ ਉਡੀਕੀ ਜਾਂਦੀ ਖੇਤੀਬਾੜੀ ਤੋਂ ਸਨਅਤੀ ਆਰਥਿਕਤਾ ਵੱਲ ਜਾਣ ਲਈ ਲੋੜੀਂਦੀਆਂ ਢਾਂਚਾ ਤਬਦੀਲੀਆਂ ਲਿਆਉਣ ਵਿਚ ਸਹਾਈ ਹੋਵੇਗਾ।

## ਅ.ਫਗਾਨਿਸਤਾਨ, ਤਾਲਿਬਾਨ

ਦੀ ਜ਼ੋਰਦਾਰ ਭਾਵਨਾ ਦਾ ਅਹਿਸਾਸ ਹੋ ਗਿਆ ਹੈ। ਇਸ ਤੋਂ ਇਲਾਵਾ ਅੱਜ ਤਾਲਿਬਾਨ ਨੇ ਵੰਨ-ਸਵੰਨੇ ਰਿਸ਼ਤੇ ਬਣਾਏ ਹੋਏ ਹਨ। ਉਨਾਂ ਮਾਸਕੋ, ਪੇਈਚਿੰਗ, ਤਹਿਰਾਨ, ਜਕਾਰਤਾ, ਦੋਹਾ ਤੇ ਇਸਤਾਂਬੁਲ ਵਰਗੇ ਮਹਾਂਨਗਰਾਂ ਦੇ ਦਰਸ਼ਨ ਕਰਨ ਤੋਂ ਬਾਅਦ ਆਪਣਾ ਸੌੜਾ ਨਜ਼ਰੀਆ ਵੀ ਤਿਆਗ ਦਿੱਤਾ ਹੈ। ਪੱਛਮੀ ਮੀਡੀਆ ਤੇ ਖ਼ੁਫ਼ੀਆ ਤੰਤਰ ਅੱਜ ਉਨਾਂ ਨੂੰ ਸਲਾਮਾਂ ਠੋਕਦਾ ਹੈ ਤੇ ਉਨਾਂ ਦੀ ਖ਼ੁਸ਼ਾਮਦ ਕਰਦਾ ਹੈ।

ਸੰਭਾਵੀ ਤੌਰ ’ਤੇ ਐੱਸਸੀਓ (ਸ਼ੰਘਾਈ) ਨਾਲ ਸਬੰਧਾਂ ਵਾਲਾ ਨਿਰਪੱਖ ਸਾਰਕ ਮੁਲਕ ਹੋਣ ਦੇ ਨਾਤੇ ਅਫ਼ਗ਼ਾਨਿਸਤਾਨ ਨੂੰ ਪ੍ਰਭੂਤਾ ਸੰਪੰਨ, ਮਜ਼ਬੂਤੀ ਨਾਲ ਆਜ਼ਾਦ ਮੁਲਕ ਬਣਿਆ ਰਹਿਣ ਦੀ ਪੱਕੀ ਯਕੀਨਦਹਾਨੀ ਵਜੋਂ ਭਾਰਤ ਤਾਲਿਬਾਨ ਦੀ ਕੌਮਾਂਤਰੀ ਵਾਜਬੀਅਤ ਨੂੰ ਹੁਲਾਰਾ ਦੇਣ ਵਿਚ ਮਦਦ ਕਰ ਸਕਦਾ ਹੈ। ਤਾਲਿਬਾਨ ਨੂੰ ਅਲੱਗ-ਥਲੱਗ ਕਰਨ ਦਾ ਮਤਲਬ ਉਨਾਂ ਦੀ 1990ਵਿਆਂ ਵਾਲੀ ਹਕੂਮਤ ਦੇ ਰਾਹ ਤੋਰਨਾ ਹੋਵੇਗਾ, ਜਦੋਂ ਸਾਊਦੀ ਤੇ ਅਮੀਰਾਤੀ ਖ਼ੁਫ਼ੀਆ ਤੰਤਰ ਨੇ ਅਮਰੀਕੀ ਸ਼ਹਿ ਨਾਲ ਉਨਾਂ ਦਾ ਇਰਾਨ ਖਿਲਾਫ਼ ਮਹਿਜ਼ ਭੂ-ਸਿਆਸੀ ਸਾਧਨ ਵਜੋਂ ਸ਼ੋਸ਼ਣ ਕੀਤਾ ਸੀ। ਅਸਲ ਵਿਚ ਹਿੰਦੂ ਕੁਸ਼ ਪਹਾੜੀ ਖਿੱਤੇ ਵਿਚ ਵਹਾਬੀਅਤ (ਵਹਾਬੀ ਮੁਹਿੰਮ ਇਸਲਾਮ ਦੀ ਉਹ ਧਾਰਾ ਹੈ ਜਿਹੜੀ ਕੱਟੜ ਤੇ ਹਜ਼ਰਤ ਮੁਹੰਮਦ ਦੇ ਵੇਲੇ ਦੇ ਇਸਲਾਮ ਦੇ ਨਿਯਮਾਂ ਮੁਤਾਬਕ ਚੱਲਣ ਉਤੇ ਜ਼ੋਰ ਦਿੰਦੀ ਹੈ ਜੋ ਸਾਊਦੀ ਅਰਬ ਦੀ ਮੁੱਖ ਇਸਲਾਮੀ ਧਾਰਾ ਹੈ) ਦੇ ਬੁੱਲੇ ਆਉਣ ਲੱਗੇ ਹਨ। ਹਾਲਾਂਕਿ 2001 ਵਿਚ ਸੱਤਾ ਤੋਂ ਬੇਦਖ਼ਲ ਕਰ ਦਿੱਤੇ ਜਾਣ ਤੋਂ ਬਾਅਦ ਦੇ ਦਹਾਕੇ ਦੌਰਾਨ ਤਾਲਿਬਾਨ ਨੇ ਚੰਗੀ ਤਰਾਂ ਅੰਤਰਝਾਤ ਮਾਰੀ ਅਤੇ ਸਮਝਿਆ ਕਿ ਉਨਾਂ ਕਿਹੜੀਆਂ ਬੱਜਰ ਗ਼ਲਤੀਆਂ ਕੀਤੀਆਂ ਤੇ ਫਿਰ ਇਸ ਤੋਂ ਬਾਅਦ ਹੀ ਉਨਾਂ ਖ਼ੁਦ ਨੂੰ ਸਾਊਦੀਆਂ ਤੇ ਅਮੀਰਾਤੀਆਂ ਤੋਂ ਲਾਂਭੇ ਕਰਨਾ ਸ਼ੁਰੂ ਕਰ ਦਿੱਤਾ। ਹੁਣ ਤਾਂ ਕਿੰਨਾ ਸਮਾਂ ਹੋ ਗਿਆ ਹੈ ਕਿ ਉਨਾਂ ਸਾਊਦੀ ਅਰਬ ਦੀ ਫੇਰੀ ਤੱਕ ਨਹੀਂ ਪਾਈ। ਉਂਜ, ਅਮਰੀਕਾ ਵੱਲੋਂ ਇਸ ਵੇਲੇ ਸਾਊਦੀਆਂ ਨੂੰ ਮੁੜ ਸਰਗਰਮ ਹੋਣ ਲਈ ਮਨਾਇਆ ਜਾ ਰਿਹਾ ਹੈ ਜੋ ਬਹੁਤ ਚਿੰਤਾਜਨਕ ਵਰਤਾਰਾ ਹੈ। ਭਾਰਤ ਨੂੰ ਅਜਿਹੇ ਨਿੰਦਣਯੋਗ ਦੋਗਲੇਪਣ ਦਾ ਵਿਰੋਧ ਕਰਨਾ ਚਾਹੀਦਾ ਹੈ, ਜਿਥੇ ਇਕ ਪਾਸੇ ਅਮਰੀਕਾ ਵੱਲੋਂ ਤਾਲਿਬਾਨ ਨੂੰ ਬਲੈਕਮੇਲ ਕਰਨ ਲਈ ਅਫ਼ਗ਼ਾਨ ਔਰਤਾਂ ਦੇ ਹੱਕਾਂ ਦੀ ਗੱਲ ਕੀਤੀ ਜਾਂਦੀ ਹੈ ਅਤੇ ਦੂਜੇ ਪਾਸੇ ਇਸ ਦੇ ਬਰਾਬਰ ਉਹ ਅਫ਼ਗ਼ਾਨਿਸਤਾਨ ਵਿਚ ਮੁੜ ਵਹਾਬੀ ਅਕੀਦੇ ਦੇ ਪਸਾਰ ਲਈ ਸਾਊਦੀ ਅਰਬ ਨੂੰ ਹੱਲਾਸ਼ੇਰੀ ਦਿੰਦਾ ਹੈ।

ਭਾਰਤ ਨੂੰ ਅਸ਼ਰਫ਼ ਗ਼ਨੀ ਦੇ ਸਾਬਕਾ ਡਿਪਟੀ ਅਮਰੁੱਲਾ ਸਲੇਹ ਦੀ ਉਸ ਕਾਰਵਾਈ ਤੋਂ ਲਾਂਭੇ ਹੀ ਰਹਿਣਾ ਚਾਹੀਦਾ ਹੈ ਜਿਸ ਤਹਿਤ ਉਸ ਨੇ ਨੌਰਦਰਨ ਅਲਾਇੰਸ (ਉੱਤਰੀ ਗੱਠਜੋੜ) ਦੀ ਤਰਜ਼ ਉਤੇ ਤਾਲਿਬਾਨ ਨੂੰ ਟੱਕਰ ਦੇਣ ਦਾ ਐਲਾਨ ਕੀਤਾ ਹੈ। ਸਲੇਹ ਦੀ ਇਸ ਮੁਹਿੰਮ ਦਾ ਖ਼ੁਸ਼ਗਵਾਰ ਅੰਤ ਨਹੀਂ ਹੋ ਸਕਦਾ ਤੇ ਨਾ ਹੋਵੇਗਾ। ਹੁਣ ਤੱਕ ਤਾਲਿਬਾਨ ਨੇ ਅਫ਼ਗ਼ਾਨ ਖ਼ੁਫ਼ੀਆ ਏਜੰਸੀ ਦੀਆਂ ‘ਐਕਸ’ ਫਾਈਲਾਂ ਫਰੋਲ ਕੇ ਸਲੇਹ ਦੀਆਂ ਪਾਕਿਸਤਾਨ ਦੀ ਸੁਰੱਖਿਆ ਤੇ ਸਥਿਰਤਾ ਖਿਲਾਫ਼ ਕੀਤੀਆਂ ਸਰਗਰਮੀਆਂ ਦੀ ਪੂਰੀ ਜਾਣਕਾਰੀ ਲੈ ਲਈ ਹੋਵੇਗੀ। ਉਹ ਹੁਣ ‘ਮਰ-ਮੁੱਕ ਚੁੱਕਾ’ ਮਾਮਲਾ ਬਣ ਗਿਆ ਹੈ।

ਵਿਰਲੇ-ਟਾਵੇਂ ਖੇਤਰਾਂ ’ਚ ਨਾਰਾਜ਼ਗੀ-ਨਾਖ਼ੁਸ਼ੀ ਨੂੰ ਛੱਡ ਦੇਈਏ ਤਾਂ ਆਖਿਆ ਜਾ ਸਕਦਾ ਹੈ ਕਿ ਤਾਲਿਬਾਨ ਦਾ ਕਿਤੇ ਵੀ ਅਜਿਹਾ ਵਿਰੋਧ ਨਹੀਂ ਜੋ ਉਨਾਂ ਨੂੰ ਟੱਕਰ ਦੇ ਸਕੇ। ਵਿਦੇਸ਼ੀ ਤਾਕਤਾਂ ਵੀ ਅਜਿਹੇ ਟਕਰਾਅ ਦੀ ਅੱਗ ਉਤੇ ਤੇਲ ਪਾਉਣ ਦੀ ਹਿੰਮਤ ਨਹੀਂ ਕਰਨਗੀਆਂ ਜਿਸ ਨਾਲ ਇਸਲਾਮੀ ਸਟੇਟ ਵਰਗਿਆਂ ਨੂੰ ਹੁਲਾਰਾ ਮਿਲਦਾ ਹੋਵੇ। ਜਿਥੋਂ ਤੱਕ ਅਫ਼ਗ਼ਾਨ ਲੋਕਾਂ ਦਾ ਸਵਾਲ ਹੈ, ਉਹ ਚਾਰ ਦਹਾਕਿਆਂ ਤੋਂ ਜਾਰੀ ਖ਼ਾਨਾਜੰਗੀ ਤੇ ਭਿਆਨਕ ਹਿੰਸਾ ਤੋਂ ਅੱਕ-ਥੱਕ ਚੁੱਕੇ ਹਨ। ਇਸ ਸਭ ਕਾਸੇ ਤੋਂ ਵੱਧ ਪੰਜਸ਼ੀਰ ਕੋਲ ਸਿਆਣੇ ਤੇ ਤਜਰਬੇਕਾਰ ਸਿਆਸਤਦਾਨ ਹਨ ਜਿਹੜੇ ਅਚਨਚੇਤ ਉਨਾਂ ਆਣ ਖੜਨ ਵਾਲਿਆਂ ਨਾਲ ਮਿਲ ਕੇ ਲੜਾਈ ਲੜਨ ਤੋਂ ਬਚਣਾ ਚਾਹੁਣਗੇ। ਖੇਤਰੀ ਮੁਲਕ ਅੰਤਰ-ਨਸਲੀ ਸਦਭਾਵਨਾ ਨੂੰ ਹੁਲਾਰਾ ਦੇਣ ਲਈ ਮਿਲ ਕੇ ਕੰਮ ਕਰ ਰਹੇ ਹਨ। ਭਾਰਤ ਨੂੰ ਵੀ ਇਸ ਕੰਮ ਵਿਚ ਸਾਥ ਦੇਣਾ ਚਾਹੀਦਾ ਹੈ।

## ਕਿਸਾਨਾਂ ਵਲੋਂ ਸੁਖਬੀਰ...

ਪ੍ਰੰਤੂ ਫਿਰ ਵੀ ਕਿਸਾਨ ਵਿਰੋਧ ਪ੍ਰਗਟਾਉਣ ਵਿੱਚ ਸਫ਼ਲ ਰਹੇ।

**ਕਿਸਾਨੀ ਭੇਸ ਵਿੱਚ ਸਮਾਜ ਵਿਰੋਧੀ ਅਨਸਰ ਸਰਗਰਮ : ਸੁਖਬੀਰ**

ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ ਕਿਸਾਨੀ ਦੇ ਭੇਸ ’ਚ ਕੇਂਦਰ ਤੇ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ ਨਾਲ ਸੂਬੇ ਵਿੱਚ ਸਮਾਜ ਵਿਰੋਧੀ ਤੱਤ ਸ਼ਾਂਤੀ ਭੰਗ ਕਰਨ ਲਈ ਸਰਗਰਮ ਹਨ ਤੇ ਪੰਜਾਬ ਪੁਲੀਸ ਸਿਰਫ਼ ਇਨਾਂ ਸ਼ਰਾਰਤੀ ਅਨਸਰਾਂ ਦੀ ਮਦਦ ਕਰ ਰਹੀ ਹੈ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਕਿਹਾ ਗਿਆ ਕਿ ਇਹ ਸ਼ਰਾਰਤੀ ਅਨਸਰ ਪੰਜਾਬ ਵਿੱਚ ਮੁੜ ਰਾਸ਼ਟਰਪਤੀ ਰਾਜ ਲਾਗੂ ਕਰਵਾਉਣਾ ਚਾਹੁੰਦੇ ਹਨ ਤੇ ਕਿਸਾਨਾਂ ਨੂੰ ਬਦਨਾਮ ਕਰਨਾ ਚਾਹੁੰਦੇ ਹਨ।

**ਕੋਰ ਕਮੇਟੀ ਨੇ ਕਿਹਾ ਕਿ ਇਹ ਸ਼ਰਾਰਤੀ ਅਨਸਰ**, ਜੋ ਕਿਸਾਨ ਬਣ ਕੇ ਸਾਹਮਣੇ ਆਏ ਹਨ, ਅਸਲ ਵਿੱਚ ਕੁਝ ਏਜੰਸੀਆਂ ਅਤੇ ਪੰਜਾਬ ਵਿਰੋਧੀ ਤਾਕਤਾਂ ਦੇ ਹੱਥਾਂ ਵਿੱਚ ਖੇਡ ਰਹੇ ਹਨ ਤੇ ਇਨਾਂ ਦਾ ਮਕਸਦ ਸਾਡੀ ਸ਼ਾਂਤੀਪੂਰਨ, ਪੰਜਾਬ ਪੱਖੀ ਤੇ ਕਿਸਾਨ ਪੱਖੀ ਸਿਆਸੀ ਗਤੀਵਿਧੀ ਵਿੱਚ ਵਿਘਨ ਪਾਉਣਾ ਹੈ। ਕੋਰ ਕਮੇਟੀ ਨੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਿਰਫ਼ ਭਾਜਪਾ ਦਾ ਵਿਰੋਧ ਕਰਨ ਦੇ ਦਿੱਤੇ ਬਿਆਨਾਂ ਦੀ ਸ਼ਲਾਘਾ ਕੀਤੀ। ਪਾਰਟੀ ਨੇ ਕਿਹਾ ਕਿ ਅਕਾਲੀ ਦਲ ਨੇ ਨਾ ਸਿਰਫ਼ ਸੰਸਦ ਵਿੱਚ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਵੋਟਾਂ ਪਾਈਆਂ, ਸਗੋਂ ਕੇਂਦਰੀ ਮੰਤਰੀ ਮੰਡਲ ਵੀ ਛੱਡ ਦਿੱਤਾ ਤੇ ਭਾਜਪਾ ਨਾਲ ਭਾਈਵਾਲੀ ਵੀ ਖਤਮ ਕਰ ਦਿੱਤੀ ਤੇ ਤਿੰਨ ਕਾਨੂੰਨਾਂ ਖ਼ਿਲਾਫ਼ ਰੋਸ ਪ੍ਰਗਟਾਇਆ।

## ਅਫਗਾਨ ਸ਼ਰਨਾਰਥੀਆਂ...

ਅਫ਼ਗਾਨਿਸਤਾਨ ਹਮਲੇ ਬਾਅਦ ਉਨਾਂ ਦੀ ਹਾਲਤ ਨਾਜ਼ੁਕ ਹੋਈ ਸੀ। ਉਨਾਂ ਨੂੰ ਸੋਵੀਅਤ ਯੂਨੀਅਨ ਦੀਆਂ ਫੌਜਾਂ ਦੇ ਵਾਪਸ ਜਾਣ ਨਾਲ ਆਸ ਬੱਝੀ ਸੀ ਕਿ ਉਨਾਂ ਦੀ ਹਾਲਤ ਬਿਹਤਰ ਹੋਏਗੀ ਪਰ ਅਫ਼ਗਨਾਨਿਸਤਾਨ ਵਿੱਚ ਸ਼ਾਂਤੀ ਨਹੀਂ ਆਈ। ਅਫ਼ਗਾਨਿਸਤਾਨ ਦੇ ਕਬੀਲਿਆਂ ਦੇ ਸਰਦਾਰਾਂ ਅਤੇ ਫਿਰ ਤਾਲਿਬਾਨ ਨੇ ਅਫ਼ਗਾਨਿਸਤਾਨ ਤਬਾਹ ਕਰ ਦਿੱਤਾ। ਅਮਰੀਕਾ ਅਤੇ ਨਾਟੋ ਦੇਸ਼ ਵੀ ਅਫ਼ਗਾਨੀਆਂ ਦੀ ਹਾਲਤ ਸੁਧਾਰਨ ਵਿੱਚ ਨਾਕਾਮਯਾਬ ਰਹੇ। ਉਨਾਂ ਦੀ ਨਾਕਾਮਯਾਬੀ ਕਾਰਨ ਤਾਲਿਬਾਨ ਮੁੜ ਅਫ਼ਗਾਨਿਸਤਾਨ ’ਤੇ ਕਾਬਜ਼ ਹੋ ਗਿਆ ਹੈ। ਅਫ਼ਗਾਨੀ ਸ਼ਰਨਾਰਥੀਆਂ ਦੀ ਹਾਲਤ ਤਰਸਯੋਗ ਹੈ। ਅਫ਼ਗਾਨਿਸਤਾਨ ਦੇ ਗੁਆਂਢੀ ਦੇਸ਼ ਪਾਕਿਸਤਾਨ, ਇਰਾਨ, ਉਜ਼ਬੇਕਿਸਤਾਨ ਦੀ ਵਿਤੀ ਹਾਲਤ ਠੀਕ ਨਹੀਂ ਹੈ। ਇਹੋ ਜਿਹੇ ਹਾਲਾਤ ਵਿੱਚ ਉਹ ਸ਼ਰਨਾਰਥੀਆਂ ਦਾ ਬੋਝ ਕਿਵੇਂ ਤੇ ਕਿੰਨਾ ਕੁ ਚੁੱਕ ਸਕਦੇ ਹਨ। ਸ਼ਰਨਾਰਥੀਆਂ ਦੀ ਭੀੜ ਦਾ ਅਸਰ ਉਹਨਾਂ ਮੁਲਕਾਂ ਦੀ ਆਰਥਿਕਤਾ ਉੱਤੇ ਵੀ ਪਵੇਗਾ।

ਅਫ਼ਗਾਨਿਸਤਾਨ ਵਿੱਚ ਜਿਸ ਕਿਸਮ ਦੇ ਹਾਲਾਤ ਬਣ ਰਹੇ ਹਨ, ਉਹ ਗ੍ਰਹਿ ਯੁੱਧ ਦਾ ਸੰਕੇਤ ਦਿੰਦੇ ਹਨ। ਅਫ਼ਗਾਨੀ ਤਾਲਿਬਾਨਾਂ ਦੀਆਂ ਕੱਟੜ ਨੀਤੀਆਂ ਨੂੰ ਉਦਾਰਵਾਦੀ ਅਫ਼ਗਾਨੀ ਪਸ਼ਤੂਨ ਪ੍ਰਵਾਨ ਨਹੀਂ ਕਰਦੇ। ਦੇਸ਼ ਦੇ ਵੱਖੋ-ਵੱਖਰੇ ਭਾਗਾਂ ਵਿੱਚ ਉਹਨਾਂ ਵੱਲੋਂ ਕਬਜ਼ਾਧਾਰੀ ਤਾਲਿਬਾਨਾਂ ਦੇ ਝੰਡੇ ਉਤਾਰ ਕੇ ਅਫ਼ਗਾਨਿਸਤਾਨ ਦੇ ਝੰਡੇ ਲਹਿਰਾਏ ਗਏ ਅਤੇ ਰੋਸ ਮਾਰਚ ਵੀ ਕੱਢੇ ਗਏ ਹਨ।

ਅਫ਼ਗਾਨਿਸਤਾਨ ਦੀਆਂ ਤਾਜਿਕ, ਹਜਾਰਾ ਅਤੇ ਉਜ਼ਬੇਕ ਜਾਤੀਆਂ ਕਿਸੇ ਵੀ ਕੀਮਤ ਉੱਤੇ ਤਾਲਿਬਾਨ ਦੇ ਉਸ ਕਿਸਮ ਦੇ ਰਾਜ ਨੂੰ ਪ੍ਰਵਾਨ ਨਹੀਂ ਕਰਨਗੇ ਜੋ ਕਿਸੇ ਵੇਲੇ ਮੁਲਾ ਉਮਰ ਦਾ ਤਾਲਿਬਾਨੀ ਰਾਜ ਸੀ। ਜਿੱਥੇ ਸਜ਼ਾਵਾਂ ਸਖ਼ਤ ਸਨ। ਸ਼ਰੇਆਮ ਲੋਕਾਂ ਨੂੰ ਕੋੜੇ ਮਾਰੇ ਜਾਂਦੇ ਸਨ। ਲੜਕੀਆਂ ਨੂੰ ਪੜਨ ਦੀ ਮਨਾਹੀ ਸੀ।

ਇਹੋ ਜਿਹੀਆਂ ਪ੍ਰਸਥਿਤੀਆਂ ਵਿੱਚ ਵਿਸ਼ਵ ਭਾਈਚਾਰੇ ਅਤੇ ਯੂ.ਐੱਨ.ਓ. ਨੂੰ ਵਿਸ਼ੇਸ਼ ਭੂਮਿਕਾ ਨਿਭਾਉਣ ਦੀ ਲੋੜ ਹੈ। ਅਫ਼ਗਾਨੀ ਸ਼ਰਨਾਰਥੀਆਂ ਦਾ ਤਤਕਾਲਿਕ ਹੱਲ ਇਹ ਹੀ ਹੈ ਕਿ ਉੱਥੇ ਸਰਬ ਸਾਂਝੀ ਅਫ਼ਗਾਨਿਸਤਾਨ ਸਰਕਾਰ ਬਣੇ। ਸਿਆਸੀ ਸਥਿਰਤਾ ਆਵੇ ਅਤੇ ਸ਼ਾਂਤੀ ਦਾ ਮਾਹੌਲ ਬਣੇ। ਨਹੀਂ ਤਾਂ ਅਫ਼ਗਾਨੀ ਸ਼ਰਨਾਰਥੀ, ਜੋ ਆਪਣਾ ਘਰ-ਬਾਰ ਛੱਡ ਚੁੱਕੇ ਹਨ, ਦਰ-ਦਰ ਦੀਆਂ ਠੋਕਰਾਂ ਖਾਂਦੇ ਰਹਿਣਗੇ।

## ਖੱਟਰ ਦਾ ਵਿਰੋਧ...

ਵਾਲੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

**ਜਾਮ ਹਟੇ**

ਪੰਜਾਬ ਭਰ ਵਿੱਚ 32 ਕਿਸਾਨ ਜਥੇਬੰਦੀਆਂ ਦੇ ਸੜਕਾਂ ਨੂੰ ਜਾਮ ਕਰਨ ਵਾਲਾ 2 ਘੰਟਿਆਂ ਦਾ ਅੰਦੋਲਨ ਸੁੱਖ ਸ਼ਾਂਤੀ ਨਾਲ ਸਮਾਪਤ ਹੋ ਗਿਆ। ਰਾਜ ਭਰ ਕੋਈ ਅਣ-ਸੁਖਾਵੀਂ ਘਟਨਾ ਨਾ ਵਾਪਰਨ ਦੀ ਜਾਣਕਾਰੀ ਇਕ ਉਚ ਪੁਲਿਸ ਅਧਿਕਾਰੀ ਨੇ ਦਿੱਤੀ। ਕਿਸਾਨ ਜਥੇਬੰਦੀਆਂ ਨੇ ਹਰਿਆਣਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਅੰਦੋਲਨ ਜਾਰੀ ਰੱਖਣ ਦਾ ਐਲਾਨ ਕੀਤਾ। ਸੰਯੁਕਤ ਕਿਸਾਨ ਮੋਰਚਾ ਵਲੋਂ ਦਿੱਤੇ ਗਏ ਦੋ ਘੰਟਿਆਂ ਦੇ ਸੜਕੀ ਜਾਮ ਦੇ ਸੱਦੇ ਤਹਿਤ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਪੰਜਾਬ ਵਿਚ ਦੁਪਹਿਰ 12 ਵਜੇ ਤੋਂ ਲੈ ਕੇ ਬਾਅਦ ਦੁਪਹਿਰ 2 ਵਜੇ ਤੱਕ ਸੜਕਾਂ ਜਾਮ ਕਰ ਦਿੱਤੀਆਂ ਸਨ। ਕਈ ਥਾਵਾਂ ’ਤੇ ਜਾਮ ਕਾਰਨ ਸਰਕਾਰੀ ਨੌਕਰੀਆਂ ਲਈ ਪਰਚੇ ਦੇਣ ਜਾਣ ਵਾਲਿਆਂ ਨੂੰ ਕਾਫ਼ੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਭਾਰਤੀ ਕਿਸਾਨ ਯੂਨੀਅਨ (ਚਢੂਨੀ) ਦੇ ਬੁਲਾਰੇ ਪ੍ਰਿੰਸ ਵੜੈਚ ਨੇ ਦੱਸਿਆ ਹੈ ਕਿ 11 ਕਿਸਾਨਾਂ ਨੂੰ ਹਰਿਆਣਾ ਪੁਲਿਸ ਨੇ ਛੱਡ ਦਿੱਤਾ ਹੈ ਅਤੇ ਸੂਬੇ ਵਿੱਚੋਂ ਸਾਰੇ ਜਾਮ ਹਟਾ ਦਿੱਤੇ ਗਏ ਹਨ।

## ਕੋਲੈਸਟਰੋਲ ਨੂੰ ਕੰਟਰੋਲ...

**ਸੰਤਰੇ ਦਾ ਜੂਸ**

ਸੰਤਰੇ ਦੇ ਜੂਸ ਵਿਚ ਵਿਟਾਮਿਨ ਸੀ ਹੁੰਦਾ ਹੈ। ਜੋ ਕੋਲੈਸਟਰੋਲ ਨੂੰ ਘਟਾਉਣ ’ਚ ਮਦਦਗਾਰ ਹੁੰਦਾ ਹੈ। ਰੋਜ਼ਾਨਾ ਤਿੰਨ ਗਿਲਾਸ ਸੰਤਰੇ ਦਾ ਜੂਸ ਪੀਣ ਨਾਲ ਵੀ ਫਾਇਦਾ ਹੁੰਦਾ ਹੈ।

ਲੌਕੀ ਦੇ ਜੂਸ ਦਾ ਕਰੋ ਸੇਵਨ

ਲੌਕੀ ਦਾ ਜੂਸ ਵੀ ਵਧਦੇ ਕੋਲੈਸਟਰੋਲ ਨੂੰ ਕੰਟਰੋਲ ਕਰਨ ਵਿਚ ਸਹਾਇਕ ਹੁੰਦਾ ਹੈ। ਰੋਜ਼ਾਨਾ ਇਕ ਕਪ ਲੌਕੀ ਦਾ ਜੂਸ ਪੀਣ ਨਾਲ ਕੋਲੈਸਟਰੋਲ ਕੰਟਰੋਲ ਕਰਨ ਵਿਚ ਮਦਦ ਮਿਲਦੀ ਹੈ।

**ਲਸਣ ਦਾ ਕਰੋ ਸੇਵਨ**

ਵਧਦੇ ਕੋਲੈਸਟਰੋਲ ਨੂੰ ਘੱਟ ਕਰਨ ਵਿਚ ਲਸਣ ਵੀ ਬੇਹੱਦ ਲਾਹੇਵੰਦ ਹੁੰਦਾ ਹੈ। ਇਸ ਕਰਕੇ ਰੋਜ਼ਾਨਾ ਲਸਣ ਦਾ ਸੇਵਨ ਕਰਨਾ ਚਾਹੀਦਾ ਹੈ।

## ਕਿਸਾਨਾਂ ਬਾਰੇ ਕੈਪਟਨ...

ਕੈਪਟਨ ਨੇ ਕਿਹਾ ਪੰਜਾਬ ਘੱਟੋ-ਘੱਟ ਸਮਰਥਨ ਮੁੱਲ ’ਤੇ ਕਣਕ, ਝੋਨੇ ਅਤੇ ਕਪਾਹ ਜਿਹੀਆਂ ਮੁੱਖ ਫਸਲਾਂ ਦੀ ਖਰੀਦ ਦੇ ਮਾਮਲੇ ਵਿੱਚ ਦੇਸ਼ ਦੀ ਅਗਵਾਈ ਕਰ ਰਿਹਾ ਹੈ। ਉਨਾਂ ਕਿਹਾ ਕਿ ਕਾਂਗਰਸ ਸਰਕਾਰ ਨੇ 2020-21 ਵਿੱਚ ਕਣਕ ਅਤੇ ਝੋਨੇ ਦੀ ਖਰੀਦ ’ਤੇ 62000 ਕਰੋੜ ਰੁਪਏ ਖਰਚ ਕੀਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਨੇ ਬਹੁਤ ਸਾਰੇ ਫੰਡ ਮੁਹੱਈਆ ਕਰਵਾਏ ਹਨ। ਉਨਾਂ ਕਿਹਾ ਕਿ ਮੱਕੀ ਲਈ ਇਹ ਪ੍ਰਤੀ ਹੈਕਟੇਅਰ 7390 ਰੁਪਏ ਅਤੇ 7697 ਰੁਪਏ ਪ੍ਰਤੀ ਕਿਸਾਨ ਦੇ ਹਿਸਾਬ ਨਾਲ ਕੰਮ ਕਰਦਾ ਹੈ। ਨਰਮੇ ਲਈ 4150 ਰੁਪਏ ਪ੍ਰਤੀ ਹੈਕਟੇਅਰ ਅਤੇ 4600 ਰੁਪਏ ਪ੍ਰਤੀ ਕਿਸਾਨ ਦੇ ਹਿਸਾਬ ਨਾਲ ਕੰਮ ਕਰਦਾ ਹੈ।

ਕੈਪਟਨ ਨੇ ਕਿਹਾ ਕਿ ਹਰਿਆਣਾ ਦੇ ਬਿਲਕੁਲ ਉਲਟ ਪੰਜਾਬ ਸਰਕਾਰ 72 ਘੰਟਿਆਂ ਦੇ ਅੰਦਰ-ਅੰਦਰ ਕਿਸਾਨ ਦੇ ਖਾਤਿਆਂ ਵਿੱਚ ਸਿੱਧਾ ਭੁਗਤਾਨ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਚੌਲ ਤਕਨਾਲੋਜੀ ਤਹਿਤ ਸਿੱਧੀ ਬਿਜਾਈ ਹੇਠ ਹਰਿਆਣਾ ਦੇ 1.00 ਲੱਖ ਹੈਕਟੇਅਰ ਦੇ ਮੁਕਾਬਲੇ ਪੰਜਾਬ ਵਿੱਚ 40 ਫ਼ੀਸਦੀ ਸਬਸਿਡੀ (ਜਾਂ 900 ਮਸ਼ੀਨਾਂ ’ਤੇ 16000 ਰੁਪਏ) ਨਾਲ ਮੌਜੂਦਾ ਸਮੇਂ ਡੀ.ਐਸ. ਆਰ. ਤਕਨਾਲੋਜੀ ਅਧੀਨ 6.01 ਲੱਖ ਹੈਕਟੇਅਰ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ 2500 ਰੁਪਏ ਪ੍ਰਤੀ ਏਕੜ ਪਰਾਲੀ ਪ੍ਰਬੰਧਨ ਲਈ ਦਿੰਦੀ ਹੈ ਜੋ ਕਿ ਵਿੱਤੀ ਸਾਲ 2020 ਵਿੱਚ 19.93 ਕਰੋੜ ਰੁਪਏ ਸੀ ਜਿਸ ਨਾਲ 31231 ਕਿਸਾਨਾਂ ਨੂੰ ਲਾਭ ਹੋਇਆ। ਤਾਂ ਇਸ ਸਮੇਂ ਦੌਰਾਨ ਹਰਿਆਣਾ ਸਰਕਾਰ ਨੇ ਪਰਾਲੀ ਪ੍ਰਬੰਧਨ ਲਈ ਅਸਲ ਵਿੱਚ ਕਿੰਨਾ ਖਰਚ ਕੀਤਾ ?’ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦਾ ਗੰਨੇ ਦਾ ਘੱਟੋ-ਘੱਟ ਸਮਰਥਨ ਮੁੱਲ ਹਰਿਆਣੇ ਦੇ ਬਰਾਬਰ ਨਹੀਂ ਹੈ ਬਲਕਿ ਇਸ ਤੋਂ ਜ਼ਿਆਦਾ ਹੈ।

## ਪੰਜਾਬ ਕਾਂਗਰਸ ਦੀ...

**ਪ੍ਰਨੀਤ ਕੌਰ ਵਲੋਂ ਸਿੱਧੂ ਦਾ ਵਿਰੋਧ**

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੋਧੀ ਗਤੀਵਿਧੀਆਂ ਦਾ ਗੰਭੀਰ ਨੋਟਿਸ ਲੈਂਦਿਆਂ ਲੋਕ ਸਭਾ ਮੈਂਬਰ ਪ੍ਰਨੀਤ ਕੌਰ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਅਜਿਹੀਆਂ ਹਾਸੋਹੀਣੀਆਂ ਗੱਲਾਂ ਨੂੰ ਛੱਡ ਕੇ ਪਾਰਟੀ ਵੱਲ ਧਿਆਨ ਦੇਣ।

ਉਨਾਂ ਕਿਹਾ ਕਿ ਪਾਰਟੀ ਨੇ ਭਰੋਸਾ ਕਰ ਕੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਵਰਗੀ ਵੱਡੀ ਜ਼ਿੰਮੇਵਾਰੀ ਉਨਾਂ ਨੂੰ ਸੌਂਪੀ ਹੈ ਪਰ ਸ੍ਰੀ ਸਿੱਧੂ ਸ਼ੁਰੂਆਤੀ ਦੌਰ ’ਚ ਹੀ ਅਸਲੀ ਟਰੈਕ ਤੋਂ ਲਾਂਭੇ ਹੋ ਰਹੇ ਹਨ।

## ਪੁਲਾੜ ਦਾ ਸੈਰ-ਸਪਾਟਾ

ਇਸ ਲਈ ਪੁਲਾੜ ਵਿੱਚ ਮਾਈਨਿੰਗ ਲਿਜਾ ਕੇ ਧਰਤੀ ਦੇ ਵਾਤਾਵਰਨ ਨੂੰ ਬਚਾਉਣ ਦੇ ਦਾਅਵਿਆਂ ਦਾ ਕੋਈ ਅਰਥ ਨਹੀਂ ਹੈ। ਦੁਨੀਆ ਭਰ ਦੇ ਵਿਗਿਆਨੀਆਂ ਅਤੇ ਵਾਤਾਵਰਨ ਦੇ ਮਾਹਰਾਂ ਦਾ ਕਹਿਣਾ ਹੈ ਕਿ ਧਰਤੀ ਦੇ ਵਾਤਾਵਰਨ ਨੂੰ ਬਚਾਉਣ ਲਈ ਫੌਰੀ ਐਕਸ਼ਨ ਲੈਣ ਦੀ ਲੋੜ ਹੈ। ਜੇ ਫੌਰੀ ਐਕਸ਼ਨ ਨਾ ਲਿਆ ਗਿਆ ਤਾਂ ਆਲਮੀ ਤਪਸ (ਗਲੋਬਲ ਵਾਰਮਿੰਗ) ਦਾ ਵਰਤਾਰਾ ਉਸ ਪੱਧਰ ਤੱਕ ਪਹੁੰਚ ਜਾਵੇਗਾ, ਜਿੱਥੋਂ ਵਾਪਸ ਪਰਤਣਾ ਮੁਸ਼ਕਿਲ ਹੋ ਜਾਏਗਾ। ਇਸ ਲਈ ਕੁੱਝ ਦਹਾਕਿਆਂ ਬਾਅਦ ਪੁਲਾੜ ਵਿੱਚ ਮਾਈਨਿੰਗ ਲਿਜਾ ਕੇ ਆਲਮੀ ਤਪਸ ਅਤੇ ਮੌਸਮਾਂ ਦੀ ਤਬਦੀਲੀ (ਕਲਾਈਮੇਟ ਚੇਂਜ) ਨੂੰ ਹੱਲ ਕਰਨ ਦੇ ਕੀਤੇ ਜਾ ਰਹੇ ਦਾਅਵਿਆਂ ਨਾਲ ਇਕ ਝੂਠੀ ਉਮੀਦ ਜਗਾਈ ਜਾ ਰਹੀ ਹੈ ਕਿ ਅਸੀਂ ਪੁਲਾੜ ਵਿੱਚ ਜਾ ਕੇ ਇਹ ਮਸਲੇ ਹੱਲ ਕਰ ਲਵਾਂਗੇ, ਅਤੇ ਸਾਨੂੰ ਧਰਤੀ 'ਤੇ ਕੋਈ ਐਕਸ਼ਨ ਲੈਣ ਦੀ ਲੋੜ ਨਹੀਂ ਹੈ। ਇਕ ਤਰਾਂ ਨਾਲ ਇਹ ਦਾਅਵੇ ਜੋ ਕੁੱਝ ਹੁਣ ਚੱਲ ਰਿਹਾ ਹੈ, ਉਸ ਨੂੰ ਤਿਵੇਂ ਦਾ ਤਿਵੇਂ ਚੱਲਦਾ ਰੱਖਣ ਦਾ ਸੁਨੇਹਾ ਦੇ ਰਹੇ ਹਨ, ਤਾਂਕਿ ਕਾਰਪੋਰੇਸ਼ਨਾਂ ਧਰਤੀ ਦੇ ਵਾਤਾਵਰਨ ਦਾ ਨੁਕਸਾਨ ਕਰਦਿਆਂ ਹੋਇਆਂ ਆਪਣਾ ਮੁਨਾਫਾ ਕਮਾਉਣ ਦਾ ਕੰਮ ਜਾਰੀ ਰੱਖ ਸਕਣ। ਸਭ ਤੋਂ ਵੱਡੀ ਗੱਲ ਇਹ ਹੈ ਕਿ ਪੁਲਾੜ ਵਿੱਚ ਮਾਈਨਿੰਗ ਕਰਨ ਬਾਰੇ ਯੋਜਨਾਵਾਂ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ, ਪੁਲਾੜ ਵਿੱਚਲੇ ਖਣਿਜ ਸ੍ਰੋਤਾਂ ਨੂੰ ਕੱਢਣ ਦੀਆਂ ਹੱਕਦਾਰ ਕਿਵੇਂ ਹਨ। ਸੰਨ 1967 ਵਿੱਚ ਯੂਨਾਈਟਿਡ ਨੇਸ਼ਨ ਦੀ ਅਗਵਾਈ ਵਿੱਚ ਪੁਲਾੜ ਬਾਰੇ ਇਕ ਸੰਧੀ ਹੋਈ ਸੀ ਜਿਸ ਨੂੰ ਆਊਟਰ ਸਪੇਸ ਟ੍ਰੀਟੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸੰਧੀ 'ਤੇ ਜਨਵਰੀ 1967 ਵਿੱਚ ਯੂ. ਕੇ., ਅਮਰੀਕਾ, ਸਾਬਕਾ ਸੋਵੀਅਤ ਯੂਨੀਅਨ ਅਤੇ 57 ਹੋਰ ਦੇਸਾਂ ਨੇ ਸਾਈਨ ਕੀਤੇ ਸਨ ਅਤੇ ਇਹ ਅਕਤੂਬਰ 1967 ਵਿੱਚ ਲਾਗੂ ਹੋਈ ਸੀ। ਇਸ ਸੰਧੀ ਵਿੱਚ ਇਹ ਕਿਹਾ ਗਿਆ ਹੈ ਕਿ ਇਕ ਤਾਂ ਕੋਈ ਵੀ ਦੇਸ਼ ਪੁਲਾੜ ਵਿੱਚ ਵੈਪਨਜ਼ ਆਫ ਮਾਸ ਡਿਸਟ੍ਰਕਸ਼ਨ (ਬਹੁਤ ਥੋੜੇ ਸਮੇਂ ਵਿੱਚ ਬਹੁਤ ਵੱਡੀ ਪੱਧਰ 'ਤੇ ਤਬਾਹੀ ਮਚਾ ਸਕਣ ਦੀ ਸਮਰੱਥਾ ਵਾਲੇ ਹਥਿਆਰ ਜਿਵੇਂ ਪ੍ਰਮਾਣੂ ਹਥਿਆਰ, ਰਸਾਇਣਕ ਹਥਿਆਰ, ਬਾਇਓਲੌਜੀਕਲ ਵੈਪਨਜ) ਨਹੀਂ ਰੱਖ ਸਕਦਾ। ਦੂਸਰਾ ਕੋਈ ਵੀ ਦੇਸ਼ ਪੁਲਾੜ ਦੇ ਕਿਸੇ ਵੀ ਹਿੱਸੇ 'ਤੇ ਆਪਣੀ ਪ੍ਰਭੂਸੱਤਾ (ਸੌਵਰਨਿਟੀ) ਦਾ ਐਲਾਨ ਨਹੀਂ ਕਰ ਸਕਦਾ। ਇਸ ਦਾ ਭਾਵ ਹੈ ਕਿ ਇਸ ਸੰਧੀ ਅਨੁਸਾਰ ਪੁਲਾੜ (ਸਪੇਸ) ਸਾਰੀ ਮਨੁੱਖਤਾ ਦੀ ਸਾਂਝੀ ਥਾਂ ਹੈ। ਜੇ ਪੁਲਾੜ ਸਾਰੀ ਮਨੁੱਖਤਾ ਦੀ ਸਾਂਝੀ ਥਾਂ ਹੈ ਤਾਂ ਕੁੱਝ ਕੁ ਕਾਰਪੋਰੇਸ਼ਨਾਂ ਪੁਲਾੜ ਦੇ ਖਣਿਜ ਪਦਾਰਥ ਨੂੰ ਕਿਵੇਂ ਕੱਢ ਸਕਦੀਆਂ ਹਨ? ਇਸ ਸਮੇਂ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਜਾਂ ਕਾਰਪੋਰੇਸ਼ਨਾਂ ਕੋਲ ਇਹ ਸਮਰੱਥਾ ਨਹੀਂ ਹੈ ਕਿ ਉਹ ਪੁਲਾੜ ਵਿੱਚ ਜਾ ਕੇ ਮਾਈਨਿੰਗ ਕਰ ਸਕਣ। ਪਰ ਹੋ ਸਕਦਾ ਹੈ ਕਿ ਭਵਿੱਖ ਵਿੱਚ ਕਿਸੇ ਸਮੇਂ ਉਹ ਪੁਲਾੜ ਵਿੱਚ ਮਾਈਨਿੰਗ ਕਰਨ ਦੇ ਕਾਬਲ ਹੋ ਜਾਣ। ਪਰ ਉਦੋਂ ਤੱਕ ਸ਼ਾਇਦ ਉਨਾਂ ਵੱਲੋਂ ਮਾਈਨਿੰਗ ਕਰਨ ਲਈ ਕੁੱਝ ਨਹੀਂ ਬਚੇਗਾ। ਇਸ ਲਈ ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਕੀ ਇਸ ਸਮੇਂ ਪੁਲਾੜ ਵਿੱਚ ਮਾਈਨਿੰਗ ਕਰਨ ਦੀਆਂ ਯੋਜਨਾਵਾਂ ਮੁੱਠੀ ਭਰ ਕਾਰਪੋਰੇਸ਼ਨਾਂ ਵਲੋਂ ਬਹੁਗਿਣਤੀ ਮਨੁੱਖਤਾ ਦੇ ਪੁਲਾੜ ਵਿਚਲੇ ਹੱਕਾਂ ਦੀ ਲੁੱਟ ਕਰਨ ਦੇ ਬਰਾਬਰ ਨਹੀਂ?

ਪਰ ਲੱਗਦਾ ਹੈ ਕਿ ਕਾਰਪੋਰੇਸ਼ਨਾਂ ਇਸ ਸੰਧੀ ਵਿਚਲੀਆਂ ਚੋਰ ਮੋਰੀਆਂ ਦਾ ਫਾਇਦਾ ਉਠਾ ਕੇ ਇਸ ਨੂੰ ਆਪਣੇ ਪੱਖ ਵਿੱਚ ਵਰਤਣ ਲਈ ਅਮਰੀਕਾ ਦੀ ਸਰਕਾਰ ਕੋਲ ਲੌਬੀ ਕਰ ਰਹੀਆਂ ਹਨ। ਉਦਾਹਰਨ ਲਈ ਇਹ ਆਊਟਰ ਸਪੇਸ ਸੰਧੀ ਇਹ ਗੱਲ ਤਾਂ ਕਹਿੰਦੀ ਹੈ ਕਿ ਕੋਈ ਵੀ ਦੇਸ ਪੁਲਾੜ ਦੇ ਕਿਸੇ ਹਿੱਸੇ 'ਤੇ ਆਪਣੀ ਪ੍ਰਭੂਸੱਤਾ ਨਹੀਂ ਜਤਾ ਸਕਦਾ, ਪਰ ਉੱਥੋਂ ਦੇ ਵਸੀਲਿਆਂ ਬਾਰੇ ਇਹ ਸਪੱਸ਼ਟ ਰੂਪ ਵਿੱਚ ਕੁੱਝ ਨਹੀਂ ਕਹਿੰਦੀ। ਇਸ ਅਸਪੱਸ਼ਟਤਾ ਦਾ ਫਾਇਦਾ ਉਠਾਉਂਦਿਆਂ ਅਮਰੀਕਾ ਨੇ ਸੰਨ 2015 ਵਿੱਚ ਕਮਰਸ਼ੀਅਲ ਸਪੇਸ ਲਾਂਚ ਕੰਪੈਟਿਟਿਵ ਐਕਟ ਆਫ 2015 ਪਾਸ ਕੀਤਾ। ਇਸ ਕਾਨੂੰਨ ਨੇ ਇਹ ਕਾਨੂੰਨੀ ਬਣਾ ਦਿੱਤਾ ਕਿ ਪ੍ਰਾਈਵੇਟ ਅਦਾਰਿਆਂ ਵੱਲੋਂ ਪੁਲਾੜ ਤੋਂ ਵਸੀਲੇ ਲਿਆਂਦੇ ਜਾ ਸਕਦੇ ਹਨ, ਅਤੇ ਇਸ ਨਾਲ 1967 ਦੀ ਆਊਟਰ ਸਪੇਸ ਟ੍ਰੀਟੀ ਦੀ ਉਲੰਘਣਾ ਨਹੀਂ ਹੁੰਦੀ। ਬੈਲਜੀਅਮ, ਰੂਸ, ਬਰਾਜੀਲ ਵਰਗੇ ਕਈ ਦੇਸਾਂ ਨੇ ਇਸ 'ਤੇ ਕੁੱਝ ਸਵਾਲ ਉਠਾਏ ਹਨ, ਪਰ ਇਸ ਕਾਨੂੰਨ ਨੇ ਇਨਾਂ ਕਾਰਪੋਰੇਸ਼ਨਾਂ ਵੱਲੋਂ ਪੁਲਾੜ ਵਿੱਚ ਮਾਈਨਿੰਗ ਆਦਿ ਕਰਨ ਲਈ ਰਾਹ ਖੋਲ ਦਿੱਤਾ ਹੈ। ਕੁੱਝ ਲੋਕ ਮੰਗ ਕਰ ਰਹੇ ਹਨ ਕਿ ਪੁਲਾੜ ਦੇ ਸਬੰਧ ਵਿੱਚ ਇਹ ਜੋ 'ਨਵਾਂ ਯੁੱਗ' ਸ਼ੁਰੂ ਹੋਇਆ ਹੈ, ਇਸ ਨੂੰ ਦੇਖਦਿਆਂ ਸਾਨੂੰ ਇੰਟਰਨੈਸ਼ਨਲ ਪੱਧਰ 'ਤੇ ਪੁਲਾੜ ਬਾਰੇ ਨਵੇਂ ਕਾਨੂੰਨ ਬਣਾਉਣ ਦੀ ਲੋੜ ਹੈ। ਪਰ ਕਾਰਪੋਰੇਸ਼ਨਾਂ ਦੇ ਨੁਮਾਇੰਦੇ ਇਹ ਕਹਿ ਰਹੇ ਹਨ ਕਿ ਇਸ ਦੀ ਲੋੜ ਨਹੀਂ। ਪੁਲਾੜ ਦੇ ਮਾਮਲਿਆਂ ਨਾਲ ਨਿਪਟਣ ਲਈ 1967 ਦੀ ਆਊਟਰ ਸਪੇਸ ਟ੍ਰੀਟੀ ਹੀ ਕਾਫੀ ਹੈ। ਉਹ ਇਹ ਇਸ ਲਈ ਕਹਿ ਰਹੇ ਹਨ, ਕਿਉਂਕਿ ਇਹ ਟ੍ਰੀਟੀ ਉਨਾਂ ਦੇ ਹੱਕ ਵਿੱਚ ਕੰਮ ਕਰਦੀ ਹੈ। ਜਿਹੜੀਆਂ ਚੀਜਾਂ ਬਾਰੇ ਇਹ ਟ੍ਰੀਟੀ ਸਪੱਸ਼ਟ ਰੂਪ ਵਿੱਚ ਕੁੱਝ ਨਹੀਂ ਕਹਿੰਦੀ, ਉਹ ਉਨਾਂ ਦੀ ਵਿਆਖਿਆ ਉਹ ਆਪਣੇ ਢੰਗ ਨਾਲ ਕਰ ਸਕਦੇ ਹਨ।

ਇਨਾਂ ਪੁਲਾੜ ਉਡਾਣਾਂ ਦੀ ਕਾਮਯਾਬੀ ਦੇ ਸਬੰਧ ਵਿੱਚ ਸੋਚਣ ਵਾਲੀ ਅਗਲੀ ਗੱਲ ਹੈ, ਪੁਲਾੜ ਵਿੱਚ ਬਸਤੀਆਂ ਵਸਾਉਣ ਦੀਆਂ ਯੋਜਨਾਵਾਂ। ਸਪੇਸ ਐਕਸ ਦੇ ਮਾਲਕ ਐਲਨ ਮਸਕ ਦੀ ਯੋਜਨਾ ਵਿੱਚ ਮੰਗਲ ਗ੍ਰਹਿ 'ਤੇ ਬਸਤੀ ਵਸਾਉਣਾ ਵੀ ਸ਼ਾਮਲ ਹੈ। ਉਸ ਦੀ ਸੋਚ ਹੈ ਕਿ ਧਰਤੀ ਤੀਜੀ ਸੰਸਾਰ ਜੰਗ ਜਾਂ ਇਸ ਤਰਾਂ ਦੇ ਕਿਸੇ ਹੋਰ ਕਾਰਨ ਕਰਕੇ ਖਤਮ ਹੋ ਸਕਦੀ ਹੈ। ਇਸ ਲਈ ਸਾਡੇ ਕੋਲ ਪਲੈਨ ਬੀ ਹੋਣੀ ਚਾਹੀਦੀ ਹੈ, ਜਿਸ ਅਧੀਨ ਕੁੱਝ ਲੋਕ ਧਰਤੀ ਤੋਂ ਦੂਰ ਪੁਲਾੜ ਵਿੱਚ ਬਸਤੀ ਵਿੱਚ ਰਹਿੰਦੇ ਹੋਣ ਤਾਂ ਕਿ ਧਰਤੀ ਦੇ ਖਾਤਮੇ ਕਾਰਨ ਸ਼ੁਰੂ ਹੋਣ ਵਾਲਾ 'ਅੰਧਕਾਰ ਦਾ ਯੁੱਗ (ਡਾਰਕ ਏਜਜ)' ਜ਼ਿਆਦਾ ਦੇਰ ਨਾ ਰਹਿ ਸਕੇ। ਉਸ ਨੇ ਇਹ ਗੱਲ ਸੰਨ 2018 ਵਿੱਚ ਇਕ ਪਬਲਿਕ ਸਮਾਗਮ ਵਿੱਚ ਬੋਲਦਿਆਂ ਇਸ ਤਰਾਂ ਕਹੀ ਸੀ, 'ਮੰਗਲ ਗ੍ਰਹਿ 'ਤੇ ਆਪਣੇ ਆਪ ਨੂੰ ਕਾਇਮ ਰੱਖ ਸਕਣ ਵਾਲਾ ਬੇਸ ਬਣਾਉਣਾ ਮਹੱਤਵਪੂਰਨ ਹੈ, ਕਿਉਂਕਿ ਮੰਗਲ ਗ੍ਰਹਿ ਧਰਤੀ ਤੋਂ ਕਾਫੀ ਦੂਰ ਹੈ, ਅਤੇ ਇਸ ਲਈ ਇਸ ਦੇ ਚੰਦ ਉਪਰਲੇ ਬੇਸ ਦੇ ਮੁਕਾਬਲੇ ਬਚਣ ਦੇ ਜ਼ਿਆਦਾ ਮੌਕੇ ਹਨ। ਜੇ ਤੀਜੀ ਸੰਸਾਰ ਜੰਗ ਲੱਗਦੀ ਹੈ ਤਾਂ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਕਿਸੇ ਹੋਰ ਥਾਂ 'ਤੇ ਮਨੁੱਖੀ ਸਭਿਅਤਾ ਦਾ ਗੁਜਾਰੇਯੋਗ ਬੀਜ ਮੌਜੂਦ ਹੋਵੇ, ਜਿਹੜਾ ਇਸ (ਮਨੁੱਖੀ ਸਭਿਅਤਾ) ਨੂੰ ਵਾਪਸ ਲਿਆ ਸਕੇ ਅਤੇ ਅੰਧਕਾਰ ਦੇ ਯੁੱਗ (ਡਾਰਕ ਏਜਜ) ਦੇ ਅਰਸੇ ਨੂੰ ਘੱਟ ਕਰ ਸਕੇ।'

ਮਸਕ ਦੇ ਇਸ ਬਿਆਨ 'ਤੇ ਪਹਿਲਾ ਸਵਾਲ ਤਾਂ ਇਹ ਉੱਠਦਾ ਹੈ ਕਿ 'ਮਨੁੱਖੀ ਸਭਿਅਤਾ ਦੇ ਗੁਜਾਰੇਯੋਗ ਬੀਜ' ਵਿੱਚ ਸ਼ਾਮਲ ਲੋਕ ਕੌਣ ਹੋਣਗੇ? ਕੀ ਉਹ ਦੁਨੀਆ ਦੇ ਆਮ ਲੋਕ ਹੋਣਗੇ ਜਾਂ ਅਰਬਾਂਪਤੀ ਅਤੇ ਖਰਬਾਂਪਤੀ। ਪੁਲਾੜ ਵਿੱਚ ਸੈਰ-ਸਪਾਟੇ ਲਈ ਜਾਣ ਵਾਸਤੇ ਉਪੋਕਤ ਦੱਸੀਆਂ ਟਿਕਟਾਂ ਦੀਆਂ ਕੀਮਤਾਂ ਨੂੰ ਦੇਖਦਿਆਂ ਤਾਂ ਇਹ ਹੀ ਕਿਹਾ ਜਾ ਸਕਦਾ ਹੈ ਕਿ ਉਹ ਅਰਬਾਂ-ਖਰਬਾਂ ਪਤੀ ਅਮੀਰ ਲੋਕ ਹੋਣਗੇ। ਇਸ ਬਾਰੇ ਦੂਸਰਾ ਸਵਾਲ ਇਹ ਹੈ ਕਿ ਸਮੁੱਚੀ ਮਨੁੱਖਤਾ ਦੀ ਸਾਂਝੀ ਮਲਕੀਅਤ ਪੁਲਾੜ ਵਿੱਚ ਇਹ ਬਸਤੀਆਂ ਵਸਾਉਣ ਦਾ ਹੱਕ ਇਨਾਂ ਅਮੀਰਾਂ ਅਤੇ ਕਾਰਪੋਰੇਸ਼ਨਾਂ ਨੂੰ ਕਿਸ ਨੇ ਦਿੱਤਾ ਹੈ? ਇਸ ਦੇ ਨਾਲ ਹੀ ਮਸਕ ਦੇ ਇਸ ਬਿਆਨ ਤੋਂ ਇਹ ਨਤੀਜਾ ਵੀ ਕੱਢਿਆ ਜਾ ਸਕਦਾ ਹੈ ਕਿ ਪੁਲਾੜ ਵਿੱਚ ਪਹੁੰਚਣ ਦੀ ਇਹ ਨਵੀਂ ਦੌੜ ਇਕ ਤਰਾਂ ਨਾਲ ਪੁਲਾੜ ਉੱਪਰ ਕਾਰਪੋਰੇਸ਼ਨਾਂ ਵੱਲੋਂ ਬਸਤੀਵਾਦੀ ਢੰਗ ਨਾਲ ਕਬਜਾ ਕਰਨ ਦੀ ਦੌੜ ਵੀ ਹੈ।

ਅਖੀਰ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਪੁਲਾੜ ਯਾਤਰਾ ਨਾਲ ਸਬੰਧਤ ਸ਼ੁਰੂ ਹੋਏ ਇਸ 'ਨਵੇਂ ਯੁੱਗ' ਦਾ ਮਕਸਦ ਸਿਰਫ ਅਮੀਰਾਂ ਲਈ ਸੈਰ-ਸਪਾਟਾ ਜਾਂ ਸ਼ੁਗਲ ਮੇਲਾ ਨਹੀਂ ਹੈ। ਸਗੋਂ ਇਹ ਯੁੱਗ ਸਮੁੱਚੀ ਮਨੁੱਖਤਾ ਦੀ ਸਾਂਝੀ ਮਲਕੀਅਤ ਉੱਪਰ ਨਿੱਜੀ ਕਾਰਪੋਰੇਸ਼ਨਾਂ ਦੇ ਕਬਜੇ ਲਈ ਰਸਤਾ ਖੋਲ ਰਿਹਾ ਹੈ। ਇਸ ਦੇ ਨਾਲ ਹੀ ਕਾਰਪੋਰੇਸ਼ਨਾਂ ਵੱਲੋਂ ਸ਼ੁਰੂ ਕੀਤੀ ਪੁਲਾੜ ਦੌੜ ਕਾਰਨ ਵਾਤਾਵਰਨ ਵਿੱਚ ਫੈਲਣ ਵਾਲੇ ਪ੍ਰਦੂਸ਼ਣ ਦੇ ਨਤੀਜੇ ਮਨੁੱਖਤਾ ਲਈ ਚੰਗੇ ਨਹੀਂ ਹੋਣਗੇ। ਇਸ ਲਈ ਆਮ ਲੋਕਾਂ ਵਲੋਂ ਪੁਲਾੜ ਯਾਤਰਾ ਨਾਲ ਸਬੰਧਤ ਇਸ 'ਨਵੇਂ ਯੁੱਗ' ਦੇ ਵੱਖ ਵੱਖ ਪਹਿਲੂਆਂ ਵੱਲ ਧਿਆਨ ਦੇਣਾ ਬਹੁਤ ਜਰੂਰੀ ਹੈ।

ਇਸ ਲੇਖ ਵਿੱਚ ਵਰਤੀ ਜਾਣਕਾਰੀ ਦੇ ਸ੍ਰੋਤਾਂ ਬਾਰੇ ਜਾਣਨ ਲਈ **www.sukhwanthundal.wordpress.com**'ਤੇ ਜਾਉ।

## 13.70 ਕਰੋੜ ਰੋਜ਼ਾਨਾ...

ਪੈਸੇ ਅਤੇ ਸਤਾ ਦੇ ਗੱਠਜੋੜ ਨੇ ਨਸ਼ਿਆਂ ਰਾਹੀਂ ਆਹਾਂ, ਹਉਕਿਆਂ, ਅੱਥਰੂਆਂ, ਕੀਰਨਿਆਂ ਅਤੇ ਬੇਵਸੀ ਦੀ ਜੋ ਹਾਲਤ ਪੰਜਾਬ ਵਿੱਚ ਪੈਦਾ ਕੀਤੀ ਹੈ, ਉਹ ਅਕਹਿ ਅਤੇ ਅਸਹਿ ਹੈ। ਨਸ਼ਿਆਂ ਕਾਰਨ ਓਵਰਡੋਜ਼ ਨਾਲ ਹੋ ਰਹੀਆਂ ਮੌਤਾਂ, ਨਸ਼ੇ ਦੀ ਤੋਟ ਨਾਲ ਮਰਨ ਵਾਲੀ ਜਵਾਨੀ, ਝਾੜੀਆਂ ਜਾਂ ਰੂੜੀਆਂ 'ਤੇ ਨੌਜਵਾਨਾਂ ਦੀਆਂ ਰੁਲਦੀਆਂ ਲਾਸ਼ਾਂ ਭਲਾ ਕਿਹੜੇ 'ਵਿਕਾਸ' ਦੀ ਤਸਵੀਰ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਮੌਤ ਦਾ ਫਰਮਾਨ ਵੰਡਣ ਵਾਲੇ ਵੱਡੇ ਤਸਕਰ ਪੁਲਿਸ ਦੀ ਪਕੜ ਤੋਂ ਬਾਹਰ ਹਨ ਅਤੇ ਸਥਿਤੀ ਇਸ ਤਰਾਂ ਦੀ ਬਣੀ ਹੋਈ ਹੈ:

ਕੁਝ ਸਮਾਂ ਪਹਿਲਾਂ ਅਟਾਰੀ ਵਿੱਚ 532 ਕਿਲੋਗ੍ਰਾਮ ਹੈਰੋਇਨ ਦੀ ਖੇਪ ਫੜੀ ਗਈ। ਇਸ ਸਬੰਧ ਵਿੱਚ ਦੋਹ ਥਾਣਿਆਂ ਦੇ ਐਸ.ਐਚ.ਓ. ਗ੍ਰਿਫਤਾਰ ਕੀਤੇ ਗਏ। ਇੱਕ ਥਾਣੇਦਾਰ ਨੇ ਤਾਂ ਪੁਲਿਸ ਹਿਰਾਸਤ ਵਿੱਚ ਹੀ ਖੁਦਕੁਸ਼ੀ ਕਰ ਲਈ ਅਤੇ ਦੂਜੇ ਮੁਲਜ਼ਮ ਦੀ ਜੇਲ ਵਿੱਚ ਮੌਤ ਹੋ ਗਈ। ਪੁਲਿਸ ਦੀ ਤਸਕਰਾਂ ਨਾਲ ਮਿਲੀ-ਭੁਗਤ ਅਤੇ ਉਨਾਂ ਦੇ ਜੋਟੀਦਾਰਾਂ ਦੀ ਨਿਸ਼ਾਨਦੇਹੀ 'ਤੇ ਤਾਂ ਭਾਵੇਂ ਪ੍ਰਸ਼ਨ ਚਿੰਨ ਲੱਗ ਗਿਆ ਪਰ ਇੱਕ ਗੱਲ ਤਾਂ ਸਪਸ਼ਟ ਹੋ ਗਈ ਕਿ ਜਦੋਂ ਬਾਗ ਦੇ ਰਖਵਾਲੇ ਹੀ ਬੇਈਮਾਨ ਹੋ ਜਾਣ, ਬਾਗ ਨੇ ਤਾਂ ਉਜੜਨਾ ਹੀ ਹੈ। ਐਦਾਂ ਹੀ 20-11-2019 ਨੂੰ ਐਸ.ਟੀ.ਐਫ. ਦੀ ਟੀਮ ਨੇ ਇੱਕ ਹੈੱਡ ਕੰਸਟੇਬਲ ਨੂੰ 51 ਗ੍ਰਾਮ ਹੈਰੋਇਨ ਅਤੇ 5 ਖਾਲੀ ਸਰਿੰਜਾਂ ਨਾਲ ਫੜਿਆ। ਸਿਆਸੀ ਸਰਪ੍ਰਸਤੀ ਹੇਠ ਸ਼ੰਭੂ ਬਾਰਡਰ ਦੇ ਨੇੜੇ, ਖੰਨਾ ਦੇ ਲਾਗੇ ਅਤੇ ਪਿੰਡ ਬਾਦਲ ਵਿੱਚ ਨਜਾਇਜ਼ ਸ਼ਰਾਬ ਦੀਆਂ ਫੈਕਟਰੀਆਂ ਵਿੱਚ ਲੱਖਾਂ ਲੀਟਰ ਸ਼ਰਾਬ ਫੜੀ ਜਾਣੀ ਅਤੇ ਫਿਰ ਕੇਸ ਅਣਪਛਾਤੇ ਵਿਅਕਤੀਆਂ 'ਤੇ ਪਾ ਦੇਣਾ ਲੋਕਤੰਤਰ ਦਾ ਘਾਣ ਹੀ ਹੈ। ਦੂਜੇ ਪਾਸੇ ਅੰਮ੍ਰਿਤਸਰ ਅਤੇ ਤਰਨਤਾਰਨ ਵਿੱਚ ਨਜਾਇਜ਼ ਜ਼ਹਿਰੀਲੀ ਸ਼ਰਾਬ ਨਾਲ 137 ਲੋਕਾਂ ਦੀ ਮੌਤ ਨਾਲ ਮਚੀ ਹਾਹਾਕਾਰ ਨੂੰ ਵੀ ਸਿਆਸੀ ਲਾਰਿਆਂ, ਵਾਅਦਿਆਂ ਅਤੇ ਮਾਇਆ-ਜਾਲ ਰਾਹੀਂ ਠੱਲ ਪਾਈ ਗਈ। ਰਾਣੋ ਪਿੰਡ ਦੇ ਸਰਪੰਚ ਦੀ ਨਸ਼ਿਆਂ ਰਾਹੀਂ ਕੀਤੀ ਅੰਨੀ ਕਮਾਈ ਨਾਲ ਉਸ ਦੇ ਵੱਡੇ ਕੱਦ ਵਾਲੇ ਸਿਆਸੀ ਲੋਕਾਂ ਅਤੇ ਅਧਿਕਾਰੀਆਂ ਨਾਲ ਯਾਰੀ ਚਰਚਾ ਦਾ ਵਿਸ਼ਾ ਰਹੀ ਹੈ। ਅੰਮ੍ਰਿਤਸਰ ਵਿੱਚ ਨਕਲੀ ਚਿੱਟਾ ਤਿਆਰ ਕਰਨ ਵਾਲੀ ਫੜੀ ਮਿਨੀ ਫੈਕਟਰੀ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਨਸ਼ਿਆਂ ਦਾ ਲੱਕ ਸਿਆਸੀ ਵਾਅਦਿਆਂ ਅਤੇ ਲਾਅਰਿਆਂ ਨਾਲ ਨਹੀਂ ਟੁੱਟਣਾ, ਲੱਕ ਟੁੱਟੇਗਾ ਲੋਕਾਂ ਦੇ ਏਕੇ ਨਾਲ।

ਜਾਂ ਫਿਰ ਉਹ ਸੋਚਦੀ ਕਿ ਮੇਰੇ ਮਾਂ ਪਿਓ ਜਦੋਂ ਇਸ ਰਿਸ਼ਤੇ ਤੋਂ ਖ਼ੁਸ਼ ਹਨ ਤਾਂ ਮੈਂ ਵੀ ਖ਼ੁਸ਼ ਹੀ ਰਹਾਂਗੀ। ਮੇਰੀ ਖ਼ੁਸ਼ੀ ਮੇਰੇ ਘਰਦਿਆਂ ਨਾਲ ਹੀ ਬੱਝੀ ਹੋਈ ਹੈ।

ਉਹ ਆਪਣੇ ਮਾਂ ਪਿਓ ਨੂੰ ਖ਼ੁਸ਼ ਵੇਖ ਕੇ ਖ਼ੁਸ਼ ਸੀ ਤੇ ਉਹਦੀ ਮਾਂ ਆਪਣੀ ਧੀ ਦੇ ਚਿਹਰੇ 'ਤੇ ਰੀਝਾਂ ਤੇ ਚਾਵਾਂ ਦੇ ਰੰਗ ਵੇਖ ਕੇ। ਗਲੀ ਗੁਆਂਢ ਵਿੱਚ ਵੀ ਬਹੁਤ ਚਾਅ ਕੀਤਾ ਗਿਆ ਕਿ ਚਲੋ ਧੀ ਧਿਆਣੀ ਆਪਣਾ ਘਰ ਸਾਂਭੇ। ਚਾਵਾਂ ਨਾਲ ਹਲਦੀ ਦੇ ਟਿੱਕੇ ਲਾ ਚਿੱਠੀ ਤੋਰੀ ਗਈ। ਸੁੱਖੀ ਸਾਂਦੀ ਵਿਆਹ ਦਾ ਦਿਨ ਆ ਗਿਆ। ਸਾਰੇ ਸ਼ਗਨ ਮਨਾਏ ਗਏ। ਉਹ ਚੂੜੇ ਤੇ ਮਹਿੰਦੀ ਨਾਲ ਗੱਲਾਂ ਕਰਦੀ ਕਲੀਰਿਆਂ ਨਾਲ ਸਾਂਝ ਪਾ, ਸੂਹੇ ਸੂਟ 'ਚ ਸਜੀ ਡੋਲੀ ਜਾ ਬੈਠੀ।

ਉਹ ਸਾਰੇ ਰਾਹ ਆਪਣੀ ਆਉਣ ਵਾਲੀ ਜ਼ਿੰਦਗੀ ਦੇ ਸੁਨਹਿਰੀ ਪਲਾਂ ਬਾਰੇ ਸੋਚਦੀ ਰਹੀ। ਗੱਡੀ 'ਚ ਬੈਠੀ ਉਹ ਆਪਣੇ ਆਪ ਗੱਲਾਂ ਕਰਦੀ ਰਹੀ ਕਿ ਹੁਣ ਤਾਂ ਮੇਰੇ ਘਰ ਦੇ ਸਾਰੇ ਖ਼ੁਸ਼ ਨੇ। ਹੁਣ ਕਦੇ ਮੇਰੀ ਮਾਂ ਨੂੰ ਮੇਰੀ ਚਾਚੀ ਦੀਆਂ ਦਿਲ ਚੀਰਵੀਆਂ ਗੱਲਾਂ ਨਹੀਂ ਸੁਣਨੀਆਂ ਪੈਣੀਆਂ। ਜਦੋਂ ਡੋਲੀ ਵਾਲੀ ਗੱਡੀ ਨੇ ਉਹਦੇ ਸਹੁਰੇ ਘਰ ਮੂਹਰੇ ਬਰੇਕ ਲਾਏ ਉਦੋਂ ਉਹਦੀ ਸੁਰਤ ਖੁੱਲੀ। ਸ਼ਗਨਾਂ ਨਾਲ ਉਹਨੂੰ ਡੋਲੀ 'ਚੋਂ ਬਾਹਰ ਕੱਢਿਆ ਗਿਆ। ਫਿਰ ਪਾਣੀ ਵਾਰ ਕੇ ਉਹਦੀ ਚਾਚੀ ਸੱਸ ਨੇ ਉਹਦਾ ਗ੍ਰਹਿ ਪ੍ਰਵੇਸ਼ ਕਰਵਾਇਆ। ਆਪਣੇ ਲਈ ਹੁੰਦੇ ਸ਼ਗਨਾਂ ਨੂੰ ਵੇਖ ਉਹ ਫੁੱਲੀ ਨਹੀਂ ਸੀ ਸਮਾ ਰਹੀ। ਪਰ ਉਹ ਆਪਣੇ ਸ਼ਗਨਾਂ ਦਾ ਸਾਮਾਨ ਦੇਖ ਕੇ ਉਦਾਸ ਵੀ ਹੋਈ ਕਿਉਂਕਿ ਉਹਨੂੰ ਸਿਲਕ ਦਾ ਸੂਟ ਤੇ ਤਿੱਲੇਦਾਰ ਜੁੱਤੀ ਵਰੀ ਵਿੱਚ ਕਿਧਰੇ ਨਜ਼ਰ ਨਹੀਂ ਆਏ।

ਦਿਨ ਬੀਤਣ ਲੱਗੇ। ਜ਼ਿੰਦਗੀ ਨਵੀਂਆਂ ਲੀਹਾਂ 'ਤੇ ਤੁਰ ਪਈ। ਇਉਂ ਦਸ ਸਾਲ ਬੀਤ ਗਏ। ਉਹ ਹਮੇਸ਼ਾ ਆਪਣੇ ਪਤੀ ਕੋਲ ਹਿਰਖ ਕਰਦੀ ਕਿ ਉਹਨੇ ਉਹਨੂੰ ਸ਼ਗਨਾਂ 'ਚ ਗੁਲਾਬੀ ਸਿਲਕ ਦਾ ਸੂਟ ਤੇ ਤਿੱਲੇਦਾਰ ਪੰਜਾਬੀ ਜੁੱਤੀ ਕਿਉਂ ਨਹੀਂ ਦਿੱਤੇ? ਸ਼ੁਰੂ ਸ਼ੁਰੂ 'ਚ ਤਾਂ ਉਹ ਹੱਸ ਕੇ ਸਾਰ ਦਿੰਦਾ ਸੀ ਤੇ ਹੁਣ ਕਈ ਕਈ ਵਾਰ ਤਾਂ ਖਿੱਝ ਕੇ ਆਖਦਾ, 'ਤੂੰ ਨੀ ਰੱਜਣਾ ਕਦੇ ਸੂਟਾਂ ਨਾਲ।' ਜਦੋਂ ਉਹ ਇੰਝ ਆਖਦਾ ਤਾਂ ਉਹ ਸੋਚੀ ਪੈ ਜਾਂਦੀ ਕਿ ਐਨੇ ਸਾਲਾਂ ਵਿੱਚ ਉਹਦੇ ਪਤੀ ਨੇ ਉਹਨੂੰ ਕਿੰਨੇ ਕੁ ਸੂਟ ਖਰੀਦ ਕੇ ਦਿੱਤੇ ਤੇ ਉਨਾਂ ਦੀ ਗਿਣਤੀ ਉਹ ਉਂਗਲਾਂ 'ਤੇ ਕਰ ਲੈਂਦੀ। ਉਹ ਤਾਂ ਹੁਣ ਤੱਕ ਤਕਰੀਬਨ ਆਏ ਗਏ ਕੱਪੜਿਆਂ ਜਾਂ ਫਿਰ ਆਪਣੇ ਪੇਕਿਆਂ ਤੋਂ ਕਿਸੇ ਤਿੱਥ ਤਿਓਹਾਰ 'ਤੇ ਮਿਲੇ ਕੱਪੜੇ ਹੀ ਹੰਢਾਉਂਦੀ ਆਈ ਸੀ।

ਇਨਾਂ ਦਸਾਂ ਸਾਲਾਂ ਵਿੱਚ ਉਹਨੂੰ ਸਿਲਕ ਦਾ ਸੂਟ ਤੇ ਤਿੱਲੇਦਾਰ ਜੁੱਤੀ ਨਾ ਜੁੜੀ। ਉਹ ਹਮੇਸ਼ਾ ਆਪਣੇ ਪਤੀ ਨੂੰ ਆਖਦੀ ਕਿ ਉਹਨੂੰ ਇਨਾਂ ਦੋ ਚੀਜ਼ਾਂ ਦੀ ਬੜੀ ਰੀਝ ਸੀ। ਉਹ ਪਤੀ ਦੀ ਖ਼ੁਸ਼ੀ 'ਚ ਖ਼ੁਸ਼ ਹੁੰਦੀ ਤੇ ਉਹਦੇ ਦੁੱਖ 'ਚ ਦੁਖੀ। ਪਤੀ ਦੇ ਕੱਬੇ ਸੁਭਾਅ ਨੂੰ ਹੱਸ ਕੇ ਜਰ ਲੈਂਦੀ। ਭਾਵੇਂ ਉਹ ਉਸ ਦੀ ਲਾਹ ਪਾਹ ਕਰਨ ਲੱਗਿਆਂ ਦੇਰ ਨਾ ਲਾਉਂਦਾ, ਪਰ ਉਹ ਹੱਸ ਕੇ ਸਾਰ ਦਿੰਦੀ। ਕਦੇ ਮੋੜਵਾਂ ਜਵਾਬ ਨਾ ਦਿੰਦੀ। ਪੇਕਿਆਂ 'ਚ ਵੀ ਪਿਓ ਦੇ ਗੁੱਸੇ ਤੋਂ ਡਰਦੀ ਸੀ ਕਿ ਉਹਨੇ ਵੀ ਪੇਕੇ ਵੜਨ ਨਹੀਂ ਦੇਣਾ। ਉਹਦਾ ਪਤੀ ਪਿੰਡੋਂ ਦੂਰ ਸ਼ਹਿਰ ਵਿੱਚ ਆਪਣੇ ਵੱਡੇ ਭਰਾ ਦੀ ਦੁਕਾਨ 'ਤੇ ਉਹਦਾ ਹੱਥ ਵਟਾਉਂਦਾ ਸੀ। ਭਰਾ ਮਹੀਨੇ ਦਾ ਰਾਸ਼ਨ ਪਾਣੀ ਦੇ ਦਿੰਦਾ ਤੇ ਘਰ ਦਾ ਮਾੜਾ ਮੋਟਾ ਹੋਰ ਖ਼ਰਚਾ। ਦੁੱਧ ਲਈ ਉਹਨੇ ਦੋ ਮੱਝਾਂ ਰੱਖੀਆਂ ਹੋਈਆਂ ਸਨ। ਘਰ ਦੁੱਧ ਵਰਤ ਕੇ ਬਚਦਾ ਦੁੱਧ ਡੇਅਰੀ ਪਾ ਦਿੰਦੀ। ਸਰਬਜੀਤ ਲਾਡਾਂ ਚਾਵਾਂ ਨਾਲ ਉਪਰੋ-ਥਲੀ ਹੋਏ ਦੋਵਾਂ ਬੱਚਿਆਂ ਨੂੰ ਪਾਲਣ ਲੱਗੀ। ਜਦੋਂ ਵਾਢੀ ਹੁੰਦੀ ਤਾਂ ਨਾ ਧੁੱਪ ਵੇਖਦੀ ਨਾ ਛਾਂ, ਖਾਣ ਜੋਗੇ ਦਾਣੇ ਇਕੱਠੇ ਕਰ ਲੈਂਦੀ। ਸੋਹਣੀ ਦਿਨ ਕਟੀ ਹੋ ਰਹੀ ਸੀ।

ਕਦੇ ਕਦਾਈਂ ਜੇਠ ਜੇਠਾਣੀ ਵੀ ਪਿੰਡ ਗੇੜਾ ਮਾਰ ਜਾਂਦੇ। ਜਦੋਂ ਉਹ ਪਿੰਡ ਆਉਂਦੇ ਤਾਂ ਸਰਬਜੀਤ ਦੇ ਚਾਅ ਸਾਂਭੇ ਨਾ ਜਾਂਦੇ। ਉਸ ਦਾ ਪਤੀ ਜ਼ਿਆਦਾਤਰ ਆਪਣੇ ਭਰਾ ਦੇ ਘਰ ਹੀ ਰਹਿੰਦਾ ਸੀ। ਉਹ ਹਫ਼ਤੇ ਕੁ ਬਾਅਦ ਪਿੰਡ ਸੌਦਾ ਪੱਤਾ ਦੇਣ ਆਉਂਦਾ ਤੇ ਇੱਕ ਅੱਧਾ ਦਿਨ ਘਰ ਗੁਜ਼ਾਰ ਕੇ ਚਲਿਆ ਜਾਂਦਾ। ਜੁਆਕ ਵੱਡੇ ਹੋ ਰਹੇ ਸਨ। ਸਿਆਣੇ ਕਹਿੰਦੇ ਹਨ, ਜਦੋਂ ਜੁਆਕ ਵੱਡੇ ਹੋਣ ਲੱਗਣ ਤਾਂ ਮਾਂ ਦੇ ਲਾਡ ਦੇ ਨਾਲ ਨਾਲ ਪਿਓ ਦੀ ਘੂਰ ਵੀ ਜ਼ਰੂਰੀ ਹੁੰਦੀ ਹੈ। ਵੇਖਿਆ ਜਾਵੇ ਤਾਂ ਸਰਬਜੀਤ ਜੁਆਕਾਂ ਨੂੰ ਇਕੱਲੀ ਹੀ ਪਾਲ ਰਹੀ ਸੀ, ਉਹ ਵੀ ਆਪਣੇ ਪਤੀ ਨੂੰ ਕਦੇ ਕੋਈ ਸ਼ਿਕਾਇਤ ਕੀਤਿਆਂ ਬਗੈਰ।

ਪਿਛਲੇ ਮਹੀਨੇ ਉਹਦਾ ਪਤੀ ਤੜਕੇ ਹੀ ਉਹਦੇ ਜੇਠ ਜੇਠਾਣੀ ਦੇ ਆਉਣ ਦਾ ਸੁਨੇਹਾ ਲੈ ਆਇਆ। ਉਨਾਂ ਦੇ ਘਰ ਆਉਣ ਦੀ ਗੱਲ ਸੁਣ ਸਰਬਜੀਤ ਨੂੰ ਚਾਅ ਚੜ ਗਿਆ ਕਿਉਂਕਿ ਉਹਦੀ ਜੇਠਾਣੀ ਕਿਸੇ ਖ਼ਾਸ ਮੌਕੇ 'ਤੇ ਹੀ ਪਿੰਡ ਆਉਂਦੀ ਸੀ। ਉਹ ਸੋਚਾਂ 'ਚ ਪੈ ਗਈ ਕਿ ਅਜਿਹਾ ਕਿਹੜਾ ਖ਼ਾਸ ਮੌਕਾ ਆਉਣ ਵਾਲਾ ਹੈ? ਫਿਰ ਅਚਨਚੇਤ ਉਹਦਾ ਧਿਆਨ ਰਸੋਈ ਵੱਲ ਦੌੜਿਆ ਤੇ ਉਹ ਆਪਣੇ ਪਤੀ ਨੂੰ ਸੌਦਿਆਂ ਬਾਰੇ ਪੁੱਛਣ ਲੱਗੀ ਕਿ ਇਸ ਵਾਰੀ ਖਾਲੀ ਹੱਥ ਹੀ ਆ ਗਏ? ਉਸ ਦਾ ਪਤੀ ਆਖਣ ਲੱਗਿਆ, 'ਵੀਰੇ ਨੇ ਹਾਲੇ ਪੈਸੇ ਨਈ ਦਿੱਤੇ। ਖਾਲੀ ਹੱਥ ਤੜਕੇ ਤੜਕੇ ਕਿਹੜੀ ਦੁਕਾਨ 'ਤੇ ਜਾ ਕੇ ਖੜ ਜਾਂਦਾ?' ਪਤੀ ਦੇ ਮੂੰਹੋਂ ਇਹ ਗੱਲਾਂ ਸੁਣ ਉਹ ਰਸੋਈ ਵੱਲ ਤੁਰ ਪਈ ਤੇ ਚਾਹ ਧਰਨ ਲੱਗੀ। ਜਦੋਂ ਚਾਹ ਪੱਤੀ ਵਾਲੇ ਡੱਬੇ 'ਚ ਹੱਥ ਮਾਰਿਆ ਤਾਂ ਖਾਲੀ ਵੇਖ ਝੱਟ ਆਪਣੀ ਗੁਆਂਢਣ ਹਰਨਾਮੋ ਦਾ ਬੂਹਾ ਜਾ ਖੜਕਾਇਆ। ਚਾਹ ਬਣਾਉਂਦਿਆਂ ਉਹ ਆਪਣੇ ਘਰ ਦੀ ਖਸਤਾ ਹਾਲਤ ਬਾਰੇ ਸੋਚਣ ਲੱਗੀ। ਉਹ ਸੋਚਣ ਲੱਗੀ ਕਿ 'ਮੇਰਾ ਪਤੀ ਤੇ ਜੇਠ ਇੱਕੋ ਪਿਓ ਦੇ ਪੁੱਤ ਹਨ, ਪਰ ਕਿੰਨਾ ਫ਼ਰਕ ਐ? ਭਾਵੇਂ ਮੇਰਾ ਪਤੀ ਮੇਰੇ ਜੇਠ ਕੋਲ ਦਿਨ ਰਾਤ ਕੰਮ ਕਰਦਾ ਹੈ, ਪਰ ਫੇਰ ਵੀ ਸਾਨੂੰ ਦੋ ਵਕਤ ਦੀ ਰੋਟੀ ਚੱਜ ਨਾਲ ਨਹੀਂ ਜੁੜਦੀ। ਚਲੋ ਕਰਮ ਆਪੋ ਆਪਣੇ'। ਫੇਰ ਸੋਚਿਆ ਬਈ ਅਗਲੇ ਨੂੰ ਵੀ ਸੋਚਣਾ ਚਾਹੀਦੈ ਕਿ ਸਭ ਦੇ ਢਿੱਡ ਲੱਗੇ ਨੇ ਤੇ ਢਿੱਡ ਰੋਟੀ ਮੰਗਦਾ...। ਫੇਰ ਅਚਨਚੇਤ ਉਹਦੀ ਸੋਚਾਂ ਦੀ ਤੰਦ ਜੇਠਾਣੀ ਨਾਲ ਜਾ ਜੁੜੀ ਕਿ ਨਾਂ ਵੀ ਰਾਣੀ ਤੇ ਉਂਝ ਵੀ ਰਾਣੀ। ਕਦੇ ਹਲਕਾ ਕੱਪੜਾ ਨਹੀਂ ਪਾਇਆ ਦੇਖਿਆ। ਨਿੱਤ ਨਵੇਂ ਤੋਂ ਨਵਾਂ ਕੱਪੜਾ ਹੰਢਾਉਂਦੀ ਹੈ। ਪਤੀ ਨੂੰ ਚਾਹ ਦਾ ਗਿਲਾਸ ਫੜਾ, ਰੋਟੀ ਨਾਲ ਨੂੰ ਕੀ ਧਰੇ? ਸੋਚਣ ਲੱਗੀ। ਅੱਜ ਤਾਂ ਘਰ 'ਚ ਦਾਲ ਵੀ ਨਹੀਂ। ਗ਼ਰੀਬ ਦਾ ਕੀ ਐ? ਉਹ ਤਾਂ ਅਚਾਰ ਨਾਲ ਵੀ ਰੋਟੀ ਦੀ ਬੁਰਕੀ ਖਾ ਲੈਂਦੈ। ਉਹ ਰਸੋਈ 'ਚ ਬਾਰੀ 'ਤੇ ਅਖ਼ਬਾਰ ਹੇਠਾਂ ਹੱਥ ਮਾਰ ਲੱਭਣ ਲੱਗੀ, ਜੇ ਕੋਈ ਰੁਪਿਆ ਲੱਭ ਜਾਵੇ। ਉਹ ਕਦੇ ਕਦਾਈਂ ਉੱਥੇ ਪੈਸਾ ਧੇਲਾ ਰੱਖ ਦਿੰਦੀ ਸੀ ਜਿਹੜਾ ਅੜਦੇ ਥੁੜਦੇ ਕੰਮ ਆ ਜਾਂਦਾ ਸੀ ਤੇ ਅੱਜ ਵੀ ਸਰ ਗਿਆ। ਬਾਰੀ ਤੋਂ ਪੰਜਾਹ ਰੁਪਏ ਦਾ ਨੋਟ ਚੁੱਕ ਉਹਨੇ ਆਪਣੇ ਪੁੱਤ ਕਰਮੇ ਨੂੰ ਹਾਕ ਮਾਰੀ ਕਿ ਹੱਟੀ ਤੋਂ ਜਾ ਕੇ ਪੰਜਾਹਾਂ ਦੀ ਮਾਂਹ ਦੀ ਦਾਲ ਲੈ ਆਵੇ ਤਾਂ ਜੋ ਜੇਠ ਜੇਠਾਣੀ ਲਈ ਦਾਲ ਚੁੱਲੇ 'ਤੇ ਧਰ ਦੇਵੇ।

ਇਸ ਵਾਰ ਸਰਬਜੀਤ ਦੀ ਜੇਠਾਣੀ ਪਿੰਡ ਆਈ ਤਾਂ ਉਹਨੂੰ ਵੇਖ ਕੇ ਸਰਬਜੀਤ ਨੂੰ ਆਪਣੀ ਪੁਰਾਣੀ ਅਧੂਰੀ ਸਹਿਕਦੀ ਰੀਝ ਚੇਤੇ ਆ ਗਈ। ਆਪਣੀ ਜੇਠਾਣੀ ਰਾਣੀ ਦੇ ਸਿਲਕ ਦਾ ਸੂਟ ਪਾਇਆ ਵੇਖ ਉਹਦੀ ਨਿਗਾਹ ਨਾਲ ਹੀ ਉਹਦੇ ਪੈਰਾਂ 'ਤੇ ਜਾ ਪਈ। ਉਹਦੇ ਪੰਜਾਬੀ ਤਿੱਲੇ ਦੀ ਕੱਢੀ ਜੁੱਤੀ ਖ਼ੂਬ ਜਚ ਰਹੀ ਸੀ। ਸਰਬਜੀਤ ਦੇ ਮਨ ਨੂੰ ਅਧੂਰੀ ਰੀਝ ਦੇ ਪਰਛਾਵੇਂ ਦੇ ਸੇਕ ਨੇ ਘੇਰ ਲਿਆ। ਉਹ ਆਪਣੇ ਪੈਰਾਂ ਵਿੱਚ ਪਾਈ ਹੋਈ ਘਸੀ, ਗੋਹੇ ਨਾਲ ਲਿਬੜੀ ਕੈਂਚੀ ਚੱਪਲ ਨੂੰ ਘੂਰਨ ਲੱਗੀ। ਉਹਦੀ ਜੇਠਾਣੀ ਅੱਜ ਆਪਣੀ ਧੀ ਦੇ ਪੱਕੇ ਹੋਏ ਸਾਕ ਦੀ ਖ਼ੁਸ਼ੀ ਸਾਂਝੀ ਕਰਨ ਆਈ ਸੀ। ਜਦੋਂ ਜੇਠਾਣੀ ਨੇ ਉਹਨੂੰ ਅਗਲੇ ਮਹੀਨੇ ਵਿਆਹ ਬਾਰੇ ਦੱਸਿਆ ਤਾਂ ਸਰਬਜੀਤ ਨੂੰ ਚਾਅ ਚੜ ਗਿਆ।

(ਚਲਦਾ...)

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**RANJIT SINGH**
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**